
ਸਤਿਗੁਰੂ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ ਅੰਦਰ ਦੇਖੋ।

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 32

November 13, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



16 ਨਵੰਬਰ ਲਈ ਰਾਸ਼ਟਰੀ ਪ੍ਰੈਸ ਦਿਵਸ ਸਬੰਧੀ ਕੁਲਦੀਪ ਚੰਦ, ਐਡਵੋਕੇਟ ਦਾ ਵਿਸ਼ੇਸ਼ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਦਿਹਾੜਾ 15, 16, 17 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੂਰਬ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ **ਲੱਖ-ਲੱਖ ਵਧਾਈਆਂ**।



**ਬੇ-ਏਰੀਆ ਵਲੇਹੋ ਦੀਆਂ ਸੰਗਤਾਂ ਵਲੋਂ ਗੁਰੂ ਵਾਲਮੀਕਿ ਜੀ ਦਾ ਪਵਿਤਰ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ।**
(ਰਿਪੋਰਟ ਅਤੇ ਤਸਵੀਰਾਂ ਲਈ ਦੇਖੋ ਸਫਾ 32, 33, 34)

# ਟਰੰਪ ਨੇ ਰੂਬੀਓ ਨੂੰ ਵਿਦੇਸ਼ ਮੰਤਰੀ ਅਤੇ ਮਾਈਕਲ ਵਾਲਟਜ਼ ਨੂੰ ਐੱਨਐੱਸਏ ਚੁਣਿਆ

## ਐਲਨ ਮਸਕ ਤੇ ਭਾਰਤੀ ਮੂਲ ਦੇ ਰਾਮਾਸਵਾਮੀ ਬਣੇ ਡੋਨਾਲਡ ਟਰੰਪ ਦੀ ਟੀਮ

**ਵਾਸ਼ਿੰਗਟਨ (ਬਿਊਰੋ)**– ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਲੋਰੀਡਾ ਦੇ ਸੈਨੇਟਰ ਮਾਰਕੋ ਰੂਬੀ ਨੂੰ ਵਿਦੇਸ਼ ਮੰਤਰੀ ਤੇ ਸੰਸਦ ਮੈਂਬਰ ਮਾਈਕਲ ਵਾਲਟਜ਼ ਨੂੰ ਕੌਮੀ ਸੁਰੱਖਿਆ ਸਲਾਹਕਾਰ ਦੀ ਜ਼ਿੰਮੇਵਾਰੀ ਸੰਭਾਲਣ ਲਈ ਕਿਹਾ ਹੈ। ਰੂਬੀ (53) ਨੂੰ ਭਾਰਤ ਦਾ ਦੋਸਤ ਮੰਨਿਆ ਜਾਂਦਾ ਹੈ। ਉਹ ਭਾਰਤ-ਅਮਰੀਕਾ ਸਬੰਧਾਂ ਦੇ ਹਮਾਇਤੀ ਰਹੇ ਹਨ। ਵਾਲਟਜ਼ (50) ਵੀ ਭਾਰਤ ਦੇ ਪੁਰਾਣੇ ਹਮਾਇਤੀ ਰਹੇ ਹਨ। ਟਰੰਪ ਨੇ ਰੂਬੀ ਨੂੰ ਵਿਦੇਸ਼ ਮੰਤਰੀ ਤੇ



ਵਾਲਟਜ਼ ਨੂੰ ਕੌਮੀ ਸੁਰੱਖਿਆ ਸਲਾਹਕਾਰ ਚੁਣ ਕੇ ਆਪਣੇ ਪ੍ਰਸ਼ਾਸਨ ਤਹਿਤ ਭਾਰਤ ਤੇ ਅਮਰੀਕਾ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਗਾਰੰਟੀ ਦਿੱਤੀ ਹੈ। ਇਸੇ ਤਰ੍ਹਾਂ ਟਰੰਪ ਨੇ ਸਾਬਕਾ ਪ੍ਰਤੀਨਿਧ ਲੀ ਜ਼ੈਲਡਿਨ ਨੂੰ ਵਾਤਾਵਰਣ ਰੱਖਿਆ ਏਜੰਸੀ (ਈਪੀਏ) ਦਾ ਮੁਖੀ ਨਿਯੁਕਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਸਿਆਸੀ ਸਲਾਹਕਾਰ ਸਟੀਫਨ ਮਿੱਲਰ ਨੂੰ ਆਪਣੇ ਨਵੇਂ ਪ੍ਰਸ਼ਾਸਨ 'ਚ ਨੀਤੀ ਮਾਮਲਿਆਂ ਦਾ ਉਪ ਮੁਖੀ ਨਿਯੁਕਤ ਕੀਤਾ ਹੈ।

ਕਈ ਵੱਡੇ ਅਹੁਦਿਆਂ 'ਤੇ ਨਿਯੁਕਤੀ ਤੋਂ ਬਾਅਦ ਡੋਨਾਲਡ ਟਰੰਪ ਨੇ ਟੇਸਲਾ ਦੇ ਮੁਖੀ ਐਲਨ ਮਸਕ ਅਤੇ ਕਰੋੜਪਤੀ ਉਦਯੋਗਪਤੀ ਤੋਂ ਸਿਆਸਤਦਾਨ ਬਣੇ ਵਿਵੇਕ ਰਾਮਾਸਵਾਮੀ ਨੂੰ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਹਨ। ਟਰੰਪ ਨੇ ਐਲਾਨ ਕੀਤਾ ਹੈ ਕਿ ਮਸਕ ਅਤੇ ਰਾਮਾਸਵਾਮੀ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ (ਡੀਓਜੀਈ) ਦੀ ਅਗਵਾਈ ਕਰਨਗੇ। ਟਰੰਪ ਨੇ ਸੋਸ਼ਲ ਮੀਡੀਆ 'ਤੇ ਇਹ ਜਾਣਕਾਰੀ ਦਿੱਤੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਨੇ ਇੱਕ



ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ - "ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮਹਾਨ ਐਲਨ ਮਸਕ, ਅਮਰੀਕੀ ਦੇਸ਼ਭਗਤ ਵਿਵੇਕ ਰਾਮਾਸਵਾਮੀ ਦੇ ਨਾਲ, ਸਰਕਾਰੀ ਕੁਸ਼ਲਤਾ ਵਿਭਾਗ ਨੂੰ ਸੰਭਾਲਣਗੇ, ਜੋ 'ਸੇਵ ਅਮਰੀਕਾ ਮੂਵਮੈਂਟ' ਲਈ ਬਹੁਤ ਮਹੱਤਵਪੂਰਨ ਹੈ। ਇਹ ਦੋ ਸ਼ਾਨਦਾਰ ਵਿਅਕਤੀ ਮੇਰੇ ਪ੍ਰਸ਼ਾਸਨ ਦੇ ਅੰਦਰ ਨੌਕਰਸ਼ਾਹੀ ਨੂੰ ਖਤਮ ਕਰਨ, ਫਾਲਤੂ ਖਰਚਿਆਂ ਨੂੰ ਘਟਾਉਣ, ਬੇਲੋੜੇ ਨਿਯਮਾਂ ਨੂੰ ਖਤਮ ਕਰਨ, ਅਤੇ ਸੰਘੀ ਏਜੰਸੀਆਂ ਨੂੰ ਸੁਧਾਰਨ ਲਈ ਕੰਮ ਕਰਨਗੇ।

# ਲੋਕ ਸਭਾ ਦੇ 10 ਸੂਬਿਆਂ ਵਿੱਚ ਜ਼ਿਮਨੀ ਚੋਣਾਂ ਲਈ ਵੋਟਿੰਗ ਹੋਈ

**ਨਵੀਂ ਦਿੱਲੀ (ਬਿਊਰੋ)**– ਦੇਸ਼ ਦੇ 10 ਸੂਬਿਆਂ ਦੀਆਂ 31 ਵਿਧਾਨ ਸਭਾ ਸੀਟਾਂ ਦੇ ਨਾਲ-ਨਾਲ ਕੇਰਲ ਦੇ ਵਾਇਨਾਡ ਲੋਕ ਸਭਾ ਹਲਕੇ ਲਈ ਜ਼ਿਮਨੀ ਚੋਣਾਂ ਲਈ ਵੋਟਿੰਗ ਹੋ ਚੁੱਕੀ ਹੈ, ਵਾਇਨਾਡ ਤੋਂ ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਚੋਣ ਮੈਦਾਨ 'ਚ ਹੈ। ਦਿਲਚਸਪ ਗੱਲ ਇਹ ਹੈ ਕਿ ਭਾਵੇਂ ਇਨ੍ਹਾਂ ਜ਼ਿਮਨੀ ਚੋਣਾਂ ਦਾ ਸਰਕਾਰਾਂ 'ਤੇ ਕੋਈ ਅਸਰ ਨਹੀਂ ਪਵੇਗਾ, ਪਰ ਇਨ੍ਹਾਂ ਨੂੰ



ਕਾਂਗਰਸ ਅਤੇ ਇੰਡੀਆ ਸਮੂਹ ਲਈ ਇੱਕ ਵੱਡੀ ਪ੍ਰੀਖਿਆ ਵਜੋਂ ਦੇਖਿਆ ਜਾ ਰਿਹਾ ਹੈ, ਜੋ ਹਾਲ ਹੀ ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਇੱਕਜੁੱਟ ਪ੍ਰਦਰਸ਼ਨ ਕਰਨ ਵਿੱਚ ਅਸਫ਼ਲ ਰਹੇ ਹਨ। ਵਾਇਨਾਡ ਦੇ ਨਾਲ-ਨਾਲ ਰਾਜਸਥਾਨ ਦੀਆਂ ਸੱਤ, ਪੱਛਮੀ ਬੰਗਾਲ ਦੀਆਂ ਛੇ, ਅਸਾਮ ਦੀਆਂ ਪੰਜ, ਬਿਹਾਰ ਦੀਆਂ ਚਾਰ, ਕਰਨਾਟਕ ਦੀਆਂ ਤਿੰਨ, ਮੱਧ ਪ੍ਰਦੇਸ਼ ਦੀਆਂ ਦੋ ਸੀਟਾਂ ਅਤੇ ਛੱਤੀਸਗੜ੍ਹ, ਗੁਜਰਾਤ, ਕੇਰਲਾ ਅਤੇ ਮੇਘਾਲਿਆ ਦੀ ਇੱਕ-ਇੱਕ ਸੀਟ 'ਤੇ ਵੀ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ 23 ਨਵੰਬਰ ਨੂੰ ਹੋਵੇਗੀ। ਹਾਲਾਂਕਿ ਸਿੱਕਮ ਦੀਆਂ ਦੋ ਸੀਟਾਂ ਸੋਰੇਂਗ-ਚਕੁੰਗ ਅਤੇ ਨਾਮਚੀ-ਸਿੰਘਿਥਾਂਗ ਲਈ ਵੀ ਪੋਲਿੰਗ ਤੈਅ ਸੀ, ਪਰ ਸਿੱਕਮ ਕ੍ਰਾਂਤੀਕਾਰੀ ਮੋਰਚਾ ਦੇ ਉਮੀਦਵਾਰ ਆਦਿਤਿਆ ਗੋਲੇ ਅਤੇ ਸਤੀਸ਼ ਚੰਦਰ ਰਾਏ ਨੂੰ ਉਨ੍ਹਾਂ ਦੇ ਵਿਰੋਧੀਆਂ ਦੇ ਹਟਣ ਤੋਂ ਬਾਅਦ ਪਹਿਲਾਂ ਹੀ ਨਿਰਵਿਰੋਧ ਐਲਾਨ ਦਿੱਤਾ ਗਿਆ ਹੈ।



### ਝਾਰਖੰਡ ਅਤੇ ਮਹਾਰਾਸਟਰ 'ਚ ਪੜਾਅਵਾਰ ਵੋਟਿੰਗ

ਝਾਰਖੰਡ ਦੀਆਂ 43 ਵਿਧਾਨ ਸਭਾ ਸੀਟਾਂ ਲਈ ਬੁੱਧਵਾਰ ਨੂੰ ਵੋਟਿੰਗ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਝਾਰਖੰਡ ਦੀਆਂ 43 ਵਿਧਾਨ ਸਭਾ ਹਲਕਿਆਂ ਵਿੱਚ ਬੁੱਧਵਾਰ ਨੂੰ ਸ਼ਾਮ 5 ਵਜੇ ਤੱਕ 60.28 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ। ਇਨ੍ਹਾਂ ਚੋਣਾਂ ਵਿਚ ਸਾਬਕਾ ਸੀਐਮ ਚੰਪਾਈ ਸੋਰੇਨ ਅਤੇ ਸਾਬਕਾ ਐਮਪੀ ਗੀਤਾ ਕੋਰਾ ਸਮੇਤ 683 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। 15 ਜ਼ਿਲ੍ਹਿਆਂ ਦੇ ਇਨ੍ਹਾਂ ਹਲਕਿਆਂ ਵਿੱਚ ਸਵੇਰੇ 7 ਵਜੇ ਦੇ ਕਰੀਬ ਪੋਲਿੰਗ ਸ਼ੁਰੂ ਹੋਈ ਅਤੇ ਸ਼ਾਮ 5 ਵਜੇ ਤੱਕ ਜਾਰੀ ਰਹੀ। ਹਾਲਾਂਕਿ 950 ਬੂਥਾਂ 'ਤੇ ਵੋਟਿੰਗ ਸ਼ਾਮ 4 ਵਜੇ ਖਤਮ ਹੋ ਗਏ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਭਾਜਪਾ ਮੁਖੀ ਜੇਪੀ ਨੱਡਾ ਸਮੇਤ ਚੋਟੀ ਦੇ ਭਾਜਪਾ ਆਗੂਆਂ ਨੇ ਇੱਥੇ ਕਈ ਰੈਲੀਆਂ ਕੀਤੀਆਂ।



















ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Sabha Pittsburg (CA) Program







**November 15-16-17, 2024,**

**Gurpurab Sri Guru Nanak dev Ji**

Guru Nanak Dev Ji was the founder of Sikhism and is the first of ten Sikh Gurus. Gurpurav will be celebrated in Gurdwara on Nov 15-16-17, 2024. Arambh Akhand Path Friday, Nov 15, 2024, and will conclude with Bhog on Sunday, Nov 17,2024. Sudhir family will be hosting the path and Langar sewa.

**November 22-23-24, 2024,**

**Akhand Path Sahib Sewa by Bhai Jagir Singh Family**

Bhai Jagir Singh ji is retiring from job and thanking Waheguru ji for all HIS blessing and praying for Future life. Arambh Akhand Path Friday, Nov 22, 2024, and conclude with Bhog on Sunday, Nov 24,2024

**December 8, 2024**

**Sukhmani Sahib Path Sewa by Laskar Family**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruS ravidasstemple.com



Chairman
Vinod Kumar Jakhu



President
Sunita Bangar



Gen. Secretary
Upinder Pal Ricky



Treasurer
Shinder Pal Narabut

# ਅਮਰੀਕੀ ਲੋਕਾਂ ਦੀ ਸੇਵਾ ਕਰਨ ਲਈ ਕਦੀ ਵੀ ਚੈਨ ਨਾਲ ਨਹੀਂ ਬੈਠਾਂਗਾ-ਜੇ ਡੀ ਵੈਂਸ

## ਉੱਪ ਰਾਸ਼ਟਰਪਤੀ ਵੱਲੋਂ ਆਪਣੀ ਭਾਰਤੀ ਮੂਲ ਦੀ ਪਤਨੀ , ਟਰੰਪ ਤੇ ਅਮਰੀਕੀ ਲੋਕਾਂ ਦਾ ਧੰਨਵਾਦ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ ਡੀ ਵੈਂਸ ਨੇ ਚੋਣਾਂ ਦੌਰਾਨ ਆਪਣੀ ਭਾਰਤੀ ਮੂਲ ਦੀ ਪਤਨੀ ਊਸ਼ਾ ਚਿਲੂਕੁਰੀ ਵੈਂਸ ਵੱਲੋਂ ਮਿਲੇ ਸਮਰਥਨ ਲਈ ਉਨਾਂ ਦਾ ਧੰਨਵਾਦ ਕੀਤਾ ਹੈ। ਉਨਾਂ ਨੇ ਐਕਸ ਉਪਰ ਪਾਏ ਇਕ ਸੁਨੇਹੇ ਵਿਚ ਕਿਹਾ ਹੈ ਕਿ ਮੈਂ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨਾਲ ਆਪਣੀ ਚੋਣ ਮਹਿੰਮ ਦੌਰਾਨ ਪਤਨੀ ਊਸ਼ਾ ਚਿਲੂਕੁਰੀ ਵੱਲੋਂ ਮਿਲੇ ਬੇਮਿਸਾਲ ਅਟੱਲ ਸਮਰਥਨ ਲਈ ਉਨਾਂ ਦਾ ਦਿਲੋਂ ਧੰਨਵਾਦੀ ਹਾਂ। ਉਨਾਂ ਕਿਹਾ 'ਮੇਰੀ ਜਿੱਤ ਸੰਭਵ ਬਣਾਉਣ ਲਈ ਮੇਰੀ ਸੁੰਦਰ ਪਤਨੀ ਦਾ ਧੰਨਵਾਦ'। ਉਨਾਂ ਨੇ ਉੱਪ ਰਾਸ਼ਟਰਪਤੀ ਵਜੋਂ ਦੇਸ਼ ਦੀ ਸੇਵਾ ਕਰਨ ਲਈ ਮੌਕਾ ਦੇਣ ਵਾਸਤੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵੀ ਧੰਨਵਾਦ ਕੀਤਾ ਹੈ। ਵੈਂਸ ਨੇ ਆਪਣੇ ਵਿਚ ਭਰੋਸਾ ਪ੍ਰਗਟਾਉਣ ਲਈ ਅਮਰੀਕੀ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਮੈਂ ਤੁਹਾਡੇ ਲਈ ਸੰਘਰਸ਼ ਕਰਨ ਵਾਸਤੇ ਕਦੀ ਵੀ ਚੈਨ ਨਾਲ ਨਹੀਂ ਬੈਠਾਂਗਾ। ਇਥੇ ਜ਼ਿਕਰਯੋਗ ਹੈ ਕਿ ਚੋਣ ਜਿੱਤਣ ਉਪਰੰਤ ਫਲੋਰਿਡਾ ਵਿਚ ਆਪਣੇ ਸੰਬੋਧਨ ਦੌਰਾਨ ਟਰੰਪ ਨੇ ਜੇ ਡੀ ਵੈਂਸ ਤੇ ਉਨਾਂ ਦੀ ਪਤਨੀ ਦੇ ਯੋਗਦਾਨ ਦੀ ਪ੍ਰਸੰਸਾ ਕੀਤੀ ਸੀ। ਉਨਾਂ ਨੇ ਮੰਚ ਤੋਂ ਪਹਿਲੀ ਵਾਰੀ ਜੇ ਡੀ ਵੈਂਸ ਦਾ ਹਵਾਲਾ ਉੱਪ ਰਾਸ਼ਟਰਪਤੀ ਵਜੋਂ ਦਿੱਤਾ, ਵੈਂਸ ਨੇ ਚੋਣ ਨਤੀਜਿਆਂ ਨੂੰ ਇਤਿਹਾਸਕ ਕਰਾਰ ਦਿੱਤਾ । ਉਨਾਂ ਕਿਹਾ ਕਿ ਇਹ ਨਤੀਜੇ ਅਮਰੀਕਾ ਦੇ ਇਤਿਹਾਸ ਵਿਚ ਰਾਜਸੀ ਵਾਪਸੀ ਦੀ ਸਭ ਤੋਂ ਵੱਡੀ ਮਿਸਾਲ ਹੈ। ਉਨਾਂ ਕਿਹਾ ਕਿ ਟਰੰਪ ਦੀ ਅਗਵਾਈ ਵਿਚ ਅਸੀਂ ਤੁਹਾਡੇ ਸੁਪਨਿਆਂ ਦੀ ਪੂਰਤੀ ਲਈ ਤੇ ਤੁਹਾਡੇ ਬੱਚਿਆਂ ਦੇ ਭਵਿੱਖ ਨੂੰ ਸੁਨਹਿਰਾ ਬਣਾਉਣ ਵਾਸਤੇ ਕੋਈ ਕਸਰ ਬਾਕੀ ਨਹੀਂ ਛਡਾਂਗੇ ਤੇ ਇਸ ਵਾਸਤੇ ਨਿਰੰਤਰ ਸੰਘਰਸ਼ ਕਰਾਂਗੇ।

# ਅਮਰੀਕੀ ਲੋਕੋ ਹੁਣ ਸ਼ਾਂਤ ਹੋ ਜਾਓ , ਕਿਸੇ ਨੇ ਕਿਥੇ ਵੋਟ ਪਾਈ ਇਸ ਦਾ ਕੋਈ ਮਤਲਬ ਨਹੀਂ- ਬਾਈਡਨ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਜੋ ਬਾਈਡਨ ਨੇ ਅਮਰੀਕੀ ਲੋਕਾਂ ਨੂੰ ਕਿਹਾ ਹੈ ਕਿ ਚੋਣਾਂ ਖਤਮ ਹੋ ਚੁੱਕੀਆਂ ਹਨ, ਹੁਣ ਸ਼ਾਂਤ ਹੋ ਜਾਵੋ ਤੇ ਇਕ ਦੂਸਰੇ ਪ੍ਰਤੀ ਸਾਰੇ ਗੁੱਸੇ ਗਿਲੇ ਭੁੱਲ ਜਾਵੋ। ਉਨਾਂ ਕਿਹਾ ਹੈ ਕਿ ਅਮਰੀਕੀ ਲੋਕ ਸ਼ਾਂਤਮਈ ਤੇ ਨਿਯਮਾਂ ਅਨੁਸਾਰ ਸੱਤਾ ਤਬਦੀਲੀ ਦੇ ਹੱਕਦਾਰ ਹਨ। ਉਨਾਂ ਕਿਹਾ ਕਿ ਕਿਸੇ ਨੇ ਕਿਹੜੀ ਪਾਰਟੀ ਜਾਂ ਉਮੀਦਵਾਰ ਨੂੰ ਵੋਟ ਪਾਈ ਇਸ ਦਾ ਕੋਈ ਮਤਲਬ ਨਹੀਂ ਹੈ, ਹੁਣ ਇਕ ਦੂਸਰੇ ਪ੍ਰਤੀ ਸਾਰੀ ਕੜਵਾਹਟ ਛੱਡ ਕੇ ਰਲ ਮਿਲ ਕੇ ਰਹਿਣ ਦਾ ਸਮਾਂ ਹੈ। ਉਨਾਂ ਕਿਹਾ 'ਬਰਿੰਗ ਡਾਊਨ ਦਾ ਟੈਮਰੇਚਰ' ਅਰਥਾਤ ਪਾਰਾ ਹੇਠਾਂ ਲੈ ਆਓ। ਰਾਸ਼ਟਰਪਤੀ ਦਾ ਇਹ ਬਿਆਨ ਰਿਪਬਲੀਕਨ ਪਾਰਟੀ ਦੀ ਚੋਣ ਮੁਹਿੰਮ ਦੇ ਸੰਚਾਲਕਾਂ ਵੱਲੋਂ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਤੇ ਰਾਸ਼ਟਰਪਤੀ ਬਾਈਡਨ ਵਿਚਾਲੇ ਹੋਈ ਫੋਨ ਉਪਰ ਗੱਲਬਾਤ ਤੋਂ ਬਾਅਦ ਆਇਆ ਹੈ। ਇਸ ਗੱਲਬਾਤ ਦੌਰਾਨ ਬਾਈਡਨ ਨੇ ਟਰੰਪ ਨੂੰ ਵਧਾਈ ਦਿੱਤੀ ਸੀ ਤੇ ਨਾਲ ਹੀ ਕਿਹਾ ਸੀ ਕਿ ਆਓ ਵਾਈਟ ਹਾਊਸ ਤੁਹਾਡੀ ਉਡੀਕ ਕਰ ਰਿਹਾ ਹੈ। ਚੋਣ ਮੁਹਿੰਮ ਦੇ ਬੁਲਾਰੇ ਸਟੀਵਨ ਚੇਉਂਗ ਨੇ ਕਿਹਾ ਹੈ ਕਿ ਬਾਈਡਨ ਨਾਲ ਅਗਲੀ ਮੀਟਿੰਗ ਬਾਰੇ ਟਰੰਪ ਤਿਆਰ ਹੈ ਤੇ ਇਹ ਮੀਟਿੰਗ ਬਹੁਤ ਛੇਤੀ ਹੋਵੇਗੀ। ਇਸ ਤੋਂ ਪਹਿਲਾਂ ਬਾਈਡਨ ਨੇ ਉਤਸ਼ਾਹਜਨਕ ਚੋਣ ਮੁਹਿੰਮ ਲਈ ਹੈਰਿਸ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਉਸ ਨੇ ਅੰਤ ਤੱਕ ਪੂਰੀ ਵਾਹ ਲਾਈ। ਬਾਈਡਨ ਨੇ ਕਿਹਾ ਹੈਰਿਸ ਤੇ ਉਸ ਦੀ ਸਮੁੱਚੀ ਟੀਮ ਨੂੰ ਆਪਣੀ ਚੋਣ ਮੁਹਿੰਮ ਉਪਰ ਮਾਣ ਹੋਣਾ ਚਾਹੀਦੀ ਹੈ।

# ਭਾਰਤੀ ਮੂਲ ਦੇ ਅਮਰੀਕੀ ਕਾਂਗਰਸ ਲਈ ਜਿੱਤੇ ਸਾਰੇ ਪੰਜ ਉਮੀਦਵਾਰ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹਾਲਾਂ ਕਿ ਰਾਸ਼ਟਰਪਤੀ ਚੋਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਕੋਲੋਂ ਚੋਣ ਹਾਰ ਗਏ ਹਨ ਪਰੰਤੂ ਭਾਰਤੀ ਮੂਲ ਦੇ ਬਹੁਤ ਸਾਰੇ ਡੈਮੋਕਰੈਟਿਕ ਆਗੂ ਅਮਰੀਕੀ ਕਾਂਗਰਸ (ਪ੍ਰਤੀਨਿੱਧ ਸਦਨ) ਲਈ ਮੁੜ ਚੋਣ ਜਿੱਤ ਗਏ ਹਨ। ਇਨਾਂ ਆਗੂਆਂ ਨੇ ਵੱਖ ਵੱਖ ਰਾਜਾਂ ਤੋਂ ਵੋਟਾਂ ਦੇ ਵੱਡੇ ਫਰਕ ਨਾਲ ਚੋਣ ਜਿੱਤ ਕੇ ਮੁੜ ਆਪਣੀ ਲੋਕਪ੍ਰਿਯਤਾ ਨੂੰ ਸਾਬਤ ਕੀਤਾ ਹੈ। ਅਮਰੀਕੀ ਕਾਂਗਰਸ ਦੇ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਇਨਾਂ ਆਗੂਆਂ ਵਿਚ ਸ਼੍ਰੀ ਥਾਨੇਦਾਰ, ਰਾਜਾ ਕ੍ਰਿਸ਼ਨਾਮੂਰਤੀ, ਪ੍ਰਾਮਿਲਾ ਜੈਯਾਪਾਲ, ਐਮੀ ਬੇਰਾ ਤੇ ਆਰ ਓ ਖੰਨਾ ਸ਼ਾਮਿਲ ਹਨ। ਸ਼੍ਰੀ ਥਾਨੇਦਾਰ ਮਿਸ਼ੀਗਨ ਦੇ 13 ਵੇਂ ਕਾਂਗਰਸ ਡਿਸਟ੍ਰਿਕਟ ਤੋਂ 62।8% ਵੋਟਾਂ ਲੈ ਕੇ ਚੋਣ ਜਿੱਤੇ ਹਨ। ਸ਼੍ਰੀ ਥਾਨੇਦਾਰ ਦੀ ਰਿਪਬਲੀਕਨ ਉਮੀਦਵਾਰ ਮਾਰਟੈਲ ਬਿਵਿੰਗਜ ਉਪਰ ਲਗਾਤਾਰ ਇਹ ਦੂਸਰੀ ਜਿੱਤ ਹੈ। ਇਸ ਤੋਂ ਪਹਿਲਾਂ 2022 ਵਿਚ ਥਾਨੇਦਾਰ ਨੇ ਬਿਵਿੰਗਜ ਨੂੰ 71% ਵੋਟਾਂ ਲੈ ਕੇ ਹਰਾਇਆ ਸੀ। ਰਾਜਾ ਕ੍ਰਿਸ਼ਨਾਮੂਰਤੀ ਨੇ ਇਲੀਨੋਇਸ ਦੇ 8 ਵੇਂ ਡਿਸਟ੍ਰਿਕਟ ਤੋਂ ਲਗਾਤਾਰ ਪੰਜਵੀਂ ਵਾਰ ਚੋਣ ਜਿੱਤੀ ਹੈ। ਉਨਾਂ ਨੇ ਅਮਰੀਕੀ ਮੱਤਦਾਤਾ ਦਾ ਧੰਨਵਾਦ ਕਰਦਿਆਂ ਸਮਾਜਿਕ ਸੁਰੱਖਿਆ, ਡਾਕਟਰੀ ਇਲਾਜ਼ , ਔਰਤਾਂ ਦੇ ਜਣੇਪਾ ਅਧਿਕਾਰਾਂ ਤੇ ਗੰਨ ਸੁਰੱਖਿਆ ਸਬੰਧੀ ਕਦਮ ਚੁੱਕਣ ਪ੍ਰਤੀ ਮੁੜ ਵਚਨਬੱਧਤਾ ਦੁਹਰਾਈ ਹੈ। ਪ੍ਰਾਮਿਲਾ ਜੈਯਾਪਾਲ ਜੋ ਵਾਸ਼ਿੰਗਟਨ ਦੇ 7 ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ ਦੂਸਰੀ ਵਾਰ 85% ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ। ਐਮੀ ਬੇਰਾ ਜੋ ਕੈਲੀਫੋਰਨੀਆ ਦੇ 6 ਵੇਂ ਕਾਂਗਰਸ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ, ਨੇ 57.5% ਵੋਟਾਂ ਹਾਸਲ ਕਰਕੇ ਮੁੜ ਚੋਣ ਜਿੱਤ ਲਈ ਹੈ। ਉਨਾਂ ਨੇ ਰਿਪਬਲੀਕਨ ਉਮੀਦਵਾਰ ਕ੍ਰਿਸਟਾਈਨ ਬਿਸ਼ ਨੂੰ ਹਰਾਇਆ। ਬਿਸ਼ ਨੂੰ 42।5% ਵੋਟਾਂ ਮਿਲੀਆਂ। ਉਹ ਪਹਿਲੀ ਵਾਰ 2013 ਵਿਚ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਸਨ। ਆਰ ਓ ਖੰਨਾ ਨੇ ਕੈਲੀਫੋਰਨੀਆ ਦੇ 17 ਵੇਂ ਡਿਸਟ੍ਰਿਕਟ ਤੋਂ 65.9% ਵੋਟਾਂ ਨਾਲ ਜਿੱਤ ਹਾਸਲ ਕਰਕੇ ਮੁੜ ਆਪਣਾ ਦਬਦਬਾ ਕਾਇਮ ਰਖਿਆ ਹੈ। ਉਨਾਂ ਨੇ ਰਿਪਬਲੀਕਨ ਉਮੀਦਵਾਰ ਅਨੀਤਾ ਚੇਨ ਨੂੰ ਹਰਾਇਆ ਜਿਨਾਂ ਨੂੰ 34.1% ਵੋਟਾਂ ਮਿਲੀਆਂ।




# ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਲਈ 763 ਸ਼ਰਧਾਲੂਆਂ ਦਾ ਜਥਾ ਵੀਰਵਾਰ ਨੂੰ ਪਾਕਿਸਤਾਨ ਲਈ ਹੋਵੇਗਾ ਰਵਾਨਾ

**ਅੰਮ੍ਰਿਤਸਰ–** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮਨਾਉਣ ਲਈ ਜਾਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਵੀਜ਼ਾ ਲੱਗੇ ਹੋਏ ਪਾਸਪੋਰਟ ਅੱਜ ਵੰਡੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਲਈ 763 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ, ਜੋ ਕਿ ਭਲਕੇ 14 ਨਵੰਬਰ ਨੂੰ ਪਾਕਿਸਤਾਨ ਲਈ ਰਵਾਨਾ ਹੋਣਗੇ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ।

ਪਾਸਪੋਰਟ ਵੰਡਣ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ 2244 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ



ਗਏ ਸਨ, ਜਿਨ੍ਹਾਂ ਵਿੱਚੋਂ ਸਫ਼ਾਰਤਖ਼ਾਨੇ ਨੇ 763 ਸ਼ਰਧਾਲੂਆਂ ਨੂੰ ਵੀਜ਼ਾ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ 1481 ਸ਼ਰਧਾਲੂਆਂ ਨੂੰ ਦੂਤਾਵਾਸ ਨੇ ਵੀਜ਼ਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਸ਼ਰਧਾਲੂਆਂ ਦੇ ਵੱਡੀ ਗਿਣਤੀ ਵਿਚ ਵੀਜ਼ੇ ਰੱਦ ਕਰਨਾ ਮੰਦਭਾਗਾ ਹੈ। ਉਨ੍ਹਾਂ ਦੱਸਿਆ ਕਿ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਨਾਮ ਸਿੰਘ ਜੱਸਲ ਕਰ ਰਹੇ ਹਨ, ਜਦਕਿ ਜਥੇ ਦੇ ਡਿਪਟੀ ਲੀਡਰ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਸ਼ਰਨਜੀਤ ਕੌਰ ਅਤੇ ਜਨਰਲ ਪ੍ਰਬੰਧਕ ਵਜੋਂ ਇੰਚਾਰਜ ਪਲਵਿੰਦਰ ਸਿੰਘ ਤੇ ਗੁਰਮੀਤ ਸਿੰਘ ਜਾਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸੁਪਰਡੈਂਟ ਨਿਸ਼ਾਨ ਸਿੰਘ ਅਤੇ ਇੰਚਾਰਜ ਯਾਤਰਾ ਸਪਲਵਿੰਦਰ ਸਿੰਘ ਵੀ ਮੌਜੂਦ ਸਨ।

# ਗੜ੍ਹੀ ਨੇ ਬਸਪਾ ਦੇ ਸੂਬਾਈ ਇੰਚਾਰਜ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ

**ਜਲੰਧਰ–** ਬਹੁਜਨ ਸਮਾਜ ਪਾਰਟੀ ਦੀ ਹਾਈਕਮਾਨ ਵੱਲੋਂ ਪਾਰਟੀ ਵਿੱਚੋਂ ਕੱਢੇ ਸਾਬਕਾ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਹਨ। ਬੈਨੀਵਾਲ, ਬਸਪਾ ਦੇ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਦਿੱਲੀ, ਚੰਡੀਗੜ੍ਹ ਦੇ ਵੀ ਕੇਂਦਰੀ ਸੂਬਾ ਇੰਚਾਰਜ ਹਨ, ਜਿਨ੍ਹਾਂ ਉੱਤੇ ਗੜ੍ਹੀ ਨੇ ਭ੍ਰਿਸ਼ਟਾਚਾਰ ਅਤੇ ਪਾਰਟੀ ਫੰਡਾਂ ਵਿੱਚ ਗ਼ਬਨ ਕਰ ਕੇ ਮੋਟੀਆਂ ਜਾਇਦਾਦਾਂ ਬਣਾਉਣ ਅਤੇ ਮਹਿੰਗੀਆਂ ਕਾਰਾਂ ਖ਼ਰੀਦਣ ਦੇ ਦੋਸ਼ ਲਾਏ ਹਨ। ਗੜ੍ਹੀ ਨੂੰ 5 ਨਵੰਬਰ ਨੂੰ ਅਨੁਸ਼ਾਸਨਹੀਣਤਾ ਦਾ ਦੋਸ਼ ਲਾ ਕੇ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀ ਥਾਂ ਸਾਬਕਾ ਸੂਬਾ ਪ੍ਰਧਾਨ ਤੇ ਰਾਜ ਸਭਾ ਦੇ ਸਾਬਕਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੂੰ ਬਸਪਾ ਦਾ ਸੂਬਾਈ ਪ੍ਰਧਾਨ ਬਣਾ ਦਿੱਤਾ ਗਿਆ ਸੀ। ਗੜ੍ਹੀ ਨੇ ਬੈਨੀਵਾਲ ਉੱਤੇ ਦੋਸ਼ ਲਾਉਂਦਿਆਂ ਮੰਗਲਵਾਰ ਨੂੰ ਆਪਣੇ ਵੈਰੀਫਾਈਡ ‘ਐਕਸ’ ਖਾਤੇ ਤੋਂ ਪੋਸਟ ਸਾਂਝੀ ਕੀਤੀ ਹੈ। ਹਿੰਦੀ ਵਿੱਚ ਲਿਖੀ ਇਸ ਪੋਸਟ ਵਿੱਚ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ, ਕੌਮੀ ਕੋਆਰਡੀਨੇਟਰ ਅਕਾਸ਼ ਆਨੰਦ, ਕੇਂਦਰੀ ਆਗੂਆਂ ਸਤੀਸ਼ ਮਿਸ਼ਰਾ, ਰਾਮਜੀ ਗੌਤਮ ਨੂੰ ਵੀ ਟੈਗ ਕੀਤਾ ਗਿਆ ਹੈ।



ਗੜ੍ਹੀ ਨੇ ਕਿਹਾ ਕਿ ਉਹ ਪਿਛਲੇ 25 ਸਾਲਾਂ ਤੋਂ ਬਹੁਜਨ ਅੰਦੋਲਨ ਨਾਲ ਜੁੜੇ ਹੋਏ ਹਨ ਅਤੇ ਪਾਰਟੀ ਦੇ ਬਾਨੀ ‘ਸਾਹਿਬ ਕਾਂਸ਼ੀ ਰਾਮ ਵੱਲੋਂ ਦਿੱਤੀਆਂ ਕਦਰਾਂ-ਕੀਮਤਾਂ’ ਤਹਿਤ ਕੰਮ ਕਰ ਰਹੇ ਹਨ ਪਰ ਉਨ੍ਹਾਂ ਵਰਗੇ ਜੁਝਾਰੂ ਆਗੂਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਣਾ ਬੇਹੱਦ ਦੁਖਦਾਈ ਹੈ।

### ਰਣਧੀਰ ਬੈਨੀਵਾਲ ਨੇ ਦੋਸ਼ ਨਕਾਰੇ

ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਿਆ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਪਾਰਟੀ ਵਿੱਚ ਅਨੁਸ਼ਾਸ਼ਨਹੀਣਤਾਂ ਦੇ ਦੋਸ਼ਾਂ ਤਹਿਤ ਗੜ੍ਹੀ ਨੂੰ ਪਾਰਟੀ ਵਿੱਚੋਂ ਕੱਢਿਆ ਜਾ ਚੁੱਕਾ ਹੈ ਤਾਂ ਉਹ ਅਜਿਹੇ ਦੋਸ਼ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਵੀ ਜਾਇਦਾਦਾਂ ਬਣਾਈਆਂ ਹਨ ਉਹ ਮਿਹਨਤ ਕਰ ਕੇ ਬਣਾਈਆਂ ਹਨ। ਬੈਨੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਚਾਰ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਹਲਕਿਆਂ ਵਿੱਚ ਚੋਣਾਂ ਲੜਨ ਲਈ ਬਸਪਾ ਦੀ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਨੇ ਹਰੀ ਝੰਡੀ ਦੇ ਦਿੱਤੀ ਸੀ ਪਰ ਸੂਬੇ ਦੇ ਪ੍ਰਧਾਨ ਹੁੰਦਿਆਂ ਹੋਏ ਵੀ ਉਨ੍ਹਾਂ ਨੂੰ ਚਾਰ ਉਮੀਦਵਾਰ ਨਹੀਂ ਲੱਭੇ। ਬੈਨੀਵਾਲ ਨੇ ਗੜ੍ਹੀ ਵੱਲੋਂ ਲਾਏ ਦੋਸ਼ਾਂ ਨੂੰ ਮੂਲੋਂ ਰੱਦ ਕਰਦਿਆ ਕਿਹਾ ਕਿ ਉਹ ਇਸ ਬਾਰੇ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦੇ।

# ਹਰਿਆਣਾ ਸਰਕਾਰ ਵੱਲੋਂ ਐਸਸੀ-ਐਸਟੀ ‘ਕੋਟੇ ਅੰਦਰ ਕੋਟਾ’ ਸਿਸਟਮ ਲਾਗੂ

ਚੰਡੀਗੜ੍ਹ– ਹਰਿਆਣਾ ਦੀ 15ਵੀਂ ਵਿਧਾਨ ਸਭਾ ਦੇ ਪਹਿਲੇ ਸੈਸ਼ਨ ਦੇ ਪਹਿਲੇ ਹੀ ਦਿਨ ਹਰਿਆਣਾ ਸਰਕਾਰ ਨੇ ਸੂਬੇ ਵਿੱਚ ਐਸਸੀ-ਐਸਟੀ ਕੋਟੇ ਵਿਚ ਉਪ-ਵਰਗੀਕਰਨ ਭਾਵ ‘ਕੋਟੇ ਅੰਦਰ ਕੋਟਾ’ ਸਿਸਮਟ ਲਾਗੂ ਕਰ ਦਿੱਤਾ ਹੈ। ਇਸ ਗੱਲ ਦਾ ਪ੍ਰਗਟਾਵਾ ਹਰਿਆਣਾ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੀਤਾ ਹੈ। ਸੈਣੀ ਨੇ ਕਿਹਾ ਕਿ ਇਹ ਸਿਸਟਮ ਅੱਜ ਤੋਂ ਹੀ ਪੂਰੇ ਸੂਬੇ ਵਿੱਚ ਲਾਗੂ ਹੋਵੇਗਾ।



ਦੱਸਣਯੋਗ ਹੈ ਕਿ ਮੁੱਖ ਮੰਤਰੀ ਸੈਣੀ ਨੇ ਸੂਬੇ ਵਿਚ ਤੀਜੀ ਵਾਰ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ 18 ਅਕਤੂਬਰ ਨੂੰ ਸੱਦੀ ਆਪਣੀ ਪਹਿਲੀ ਕੈਬਨਿਟ ਮੀਟਿੰਗ ਵਿੱਚ ਐਸਸੀ-ਐਸਟੀ ‘ਕੋਟੇ ਅੰਦਰ ਕੋਟੇ’ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਇਸ ਤੋਂ ਪਹਿਲਾਂ ਸੈਸ਼ਨ ਦੀ ਸ਼ੁਰੂਆਤ ਵਿੱਚ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਹਿਲਾ ਕਰਮਚਾਰੀਆਂ ਨੂੰ ਸਹੂਲਤ ਦੇਣ ਲਈ ਜਲਦ ਹੀ ਗਰੁੱਪ ‘ਸੀ’ ਤੇ ‘ਡੀ’ ਦੀ ਮਹਿਲਾ ਕਰਮਚਾਰੀਆਂ ਨੂੰ ਉਨ੍ਹਾਂ ਦੇ ਪਸੰਦੀਦਾ ਜ਼ਿਲ੍ਹਿਆਂ ਵਿੱਚ ਤਾਇਨਾਤ ਕਰਨ ਦੀ ਨੀਤੀ ਤਿਆਰ ਕੀਤੀ ਜਾਵੇਗੀ। ਇਸ ਤੋਂ ਇਲਾਵਾ ਰਾਤ ਨੂੰ ਡਿਊਟੀ ਦੇਣ ਵਾਲੀਆਂ ਸਾਰੀਆਂ ਮਹਿਲਾਵਾਂ ਨੂੰ ਸੁਰੱਖਿਅਤ ਟਰਾਂਸ-ਪੋਰਟ ਸਹੂਲਤ ਵੀ ਮੁਹੱਈਆ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਂਗਣਵਾੜੀ ਕਰਮਚਾਰੀਆਂ ਦੇ ਭੱਤੇ ਵਿੱਚ 750 ਰੁਪਏ ਤੇ ਸਹਾਇਕਾ ਦੇ ਭੱਤੇ ਵਿੱਚ 400 ਰੁਪਏ ਮਹੀਨੇ ਦਾ ਵਾਧਾ ਕੀਤਾ ਜਾਵੇਗਾ।

ਰਾਜਪਾਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਦੇ ਸਾਰੇ ਕੌਮੀ ਤੇ ਰਾਜ ਮਾਰਗਾਂ ’ਤੇ ਹਰ 60 ਕਿਲੋਮੀਟਰ ਉੱਤੇ ਇੱਕ ਟਰੌਮਾ ਸੈਂਟਰ ਸਥਾਪਤ ਕੀਤਾ ਜਾਵੇਗਾ। ਇਸ ਤੋਂ ਇਲਾਵਾ 100 ਬੈੱਡਾਂ ਵਾਲੇ ਸਿਵਲ ਹਸਪਤਾਲਾਂ ਨੂੰ 200 ਬੈੱਡ ਅਤੇ 200 ਬੈੱਡਾਂ ਵਾਲੇ ਸਿਵਲ ਹਸਪਤਾਲ ਨੂੰ 300 ਬੈੱਡ ਵਾਲੇ ਹਸਪਤਾਲਾਂ ਵਿੱਚ ਅਪਗ੍ਰੇਡ ਕੀਤਾ ਜਾਵੇਗਾ। ਮੈਡੀਕਲ ਕਾਲਜਾਂ ਵਿੱਚ ਸੀਟਾਂ ਦੀ ਗਿਣਤੀ ਵਧਾ ਕੇ 3500 ਕਰੇਗੀ ਅਤੇ ਹਰ ਜ਼ਿਲ੍ਹੇ ਦੇ ਸਿਵਲ ਹਸਪਤਾਲ ਵਿੱਚ ਆਈਸੀਯੂ ਦਾ ਨਿਰਮਾਣ ਕੀਤਾ ਜਾਵੇਗਾ। ਸ੍ਰੀ ਦੱਤਾਤ੍ਰੇਅ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਾਧਨ ਮੁਹੱਈਆਂ ਕਰਵਾਉਣ ਲਈ, ਸੂਬੇ ਨੂੰ ਤਕਨੀਕੀ ਤੌਰ ’ਤੇ ਮਜ਼ਬੂਤ ਕਰਨ, ਸਿੱਖਿਆ, ਸਿਹਤ ਦੇ ਖੇਤਰ ਵਿੱਚ ਕੰਮ ਕੀਤਾ ਜਾਵੇਗਾ। ਸੈਸ਼ਨ ਦੀ ਸ਼ੁਰੂਆਤ ਵਿੱਚ ਵਿਧਾਇਕਾਂ ਨੇ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਪਤਵੰਤਿਆਂ ਦੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



# ਪਿੰਡ ਬੀਂਬੜ ਦੀ ਪੰਚਾਇਤ ਸਰਬਸੰਮਤੀ ਨਾਲ ਚੁਣੇ ਜਾਣ ਤੇ ਖ਼ੂਨਦਾਨ ਕੈਂਪ ਲਗਾਇਆ ਅਤੇ ਧਾਰਮਿਕ ਸਮਾਗਮ ਕਰਵਾਇਆ



**ਸੰਗਰੂਰ –** ਨੇੜਲੇ ਪਿੰਡ ਬੀਂਬੜ੍ਹ, ਬਲਾਕ ਭਵਾਨੀਗੜ੍ਹ ਦੇ ਸਮੂਹ ਨਗਰ ਨਿਵਾਸੀਆਂ ਨੇ ਪੂਰੀ ਦੀ ਪੂਰੀ ਪੰਚਾਇਤ ਸਰਬਸੰਮਤੀ ਨਾਲ ਚੁਣ ਕੇ ਇੱਕ ਇਤਿਹਾਸ ਰਚ ਦਿੱਤਾ ਹੈ। ਲੋਕਤੰਤਰ ਦੇ 75 ਸਾਲਾਂ ਦੇ ਇਤਿਹਾਸ ਵਿੱਚ ਇਸ ਪਿੰਡ ਦੀ ਪਹਿਲੀ ਵਾਰ ਸਰਬ ਸੰਮਤੀ ਨਾਲ ਚੁਣੀ ਪੰਚਾਇਤ ਦੀ ਇਲਾਕੇ ਵਿੱਚ ਖ਼ੂਬ ਚਰਚਾ ਹੈ। ਪਾਰਟੀਬਾਜੀ ਅਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਨਗਰ ਨਿਵਾਸੀਆਂ ਨੇ ਵਿਰੋਧਾਭਾਸ ਨੂੰ ਤਿਲਾਂਜਲੀ ਦੇ ਕੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਇਸ ਸਬੰਧੀ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਤਹਿਤ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਵਾਹਿਗੁਰੂ ਜੀ ਦੇ ਸ਼ੁਕਰਾਨੇ ਅਰਦਾਸ ਕੀਤੀ ਗਈ ਅਤੇ ਮਾਨਵਤਾ ਦੀ ਸੇਵਾ ਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਪੜ੍ਹੇ ਲਿਖੇ ਅਤੇ ਨੌਜਵਾਨ ਸਰਪੰਚ ਗੁਰਪ੍ਰੀਤ ਸਿੰਘ ਪੁੱਤਰ ਹਰਨੇਕ ਸਿੰਘ ਨੇ ਪਿੰਡ ਦੇ ਤਰੱਕੀ ਲਈ ਅਹਿਦ ਲਿਆ। ਪਿੰਡ ਦੇ ਸੱਤ ਵਾਰਡਾਂ ਚੋਂ ਸਰਬ ਸੰਮਤੀ ਨਾਲ ਲੜੀ ਵਾਰ ਚੁਣੇ ਪੰਚਾਇਤ ਮੈਂਬਰ ਜਸਵੀਰ ਕੌਰ ਪਤਨੀ ਗੋਲਡੀ ਸਿੰਘ, ਕਸ਼ਮੀਰ ਰਾਮ ਪੁੱਤਰ ਲਾਲੀ ਰਾਮ, ਪਰਮਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ, ਗੁਰਮੁਖ ਸਿੰਘ ਪੁੱਤਰ ਗੁਰਦਾਸ ਸਿੰਘ, ਪਰਗਟ ਸਿੰਘ ਫੌਜੀ ਪੁੱਤਰ ਨਿਸ਼ਾਨ ਸਿੰਘ, ਅਮਰੀਕ ਰਾਮ ਪੁੱਤਰ ਮੇਵਾ ਰਾਮ ਅਤੇ ਸਿਮਰਨਜੀਤ ਕੌਰ ਪਤਨੀ ਧਰਮਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇੰਜੀ ਸਤਨਾਮ ਸਿੰਘ ਮੱਟੂ ਐਸ ਡੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਬਲਵਿੰਦਰ ਸਿੰਘ ਸੰਧੂ ਏ ਐਸ ਆਈ ਪੰਜਾਬ ਪੁਲਿਸ, ਦਿਲਬਾਗ ਸਿੰਘ ਰਿਟਾਇਰ ਸੂਬੇਦਾਰ, ਨਵਦੀਪ ਸਿੰਘ ਸੰਧੂ, ਬਲਕਾਰ ਸਿੰਘ ਸੰਧੂ, ਨਿਰਮਲ ਸਿੰਘ ਸੰਧੂ ਸਾਬਕਾ ਚੇਅਰਮੈਨ ਵੇਰਕਾ, ਜਗਰੌਸਨ ਸਿੰਘ, ਜਸਵਿੰਦਰ ਸਿੰਘ, ਸਾਲੂ ਰਾਮ ਅਤੇ ਕਾਲਾ ਸਿੰਘ ਸਾਬਕਾ ਸਰਪੰਚ ਆਦਿ ਨੂੰ ਇਸ ਕਾਰਜ ਲਈ ਕੀਤੇ ਯਤਨਾਂ ਚ ਕਾਮਯਾਬੀ ਮਿਲਣ ਤੇ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਮੌਕੇ ਸੰਬੋਧਿਤ ਹੁੰਦਿਆਂ ਨਗਰ ਨਿਵਾਸੀਆਂ ਅਤੇ ਨੌਜਵਾਨਾਂ ਨੇ ਪਿੰਡ ਵਿੱਚ ਇੱਕ ਸ਼ਮਸ਼ਾਨ ਘਾਟ ਬਣਾਉਣ ਦਾ ਅਹਿਦ ਲਿਆ।ਇਸ ਸਮੇਂ ਫ਼ਕੀਰ ਸਿੰਘ ਸਰਪੰਚ ਬੀਂਬੜੀ, ਸਰਪੰਚ ਫੁੰਮਣਵਾਲ,ਬਲਾਕ ਸੰਮਤੀ ਮੈਂਬਰ ਆਦਿ ਨੂੰ ਵੀ ਨਵੀਂ ਪੰਚਾਇਤ ਵੱਲੋਂ ਸਲਮਾਨ ਦਿੱਤਾ ਗਿਆ। ਇਸ ਸਮੇਂ 'ਖ਼ੂਨਦਾਨ ਜੀਵਨ ਦਾਨ' ਤਹਿਤ ਉਡਾਨ ਫਾਉਂਡੇਸ਼ਨ ਦੇ ਸਹਿਯੋਗ ਨਾਲ ਮਾਨਵ ਸੇਵਾ ਨਾਭਾ ਵੱਲੋਂ ਖ਼ੂਨਦਾਨ ਕੈਂਪ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪਿੰਡ ਦੇ ਨੌਜਵਾਨਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਦੋ ਦਰਜਨ ਤੋਂ ਜ਼ਿਆਦਾ ਵਿਆਕਤੀਆਂ ਨੇ ਖ਼ੂਨਦਾਨ ਕੀਤਾ। ਇਸ ਸਮੇਂ ਚਾਹ, ਪਕੌੜਿਆਂ ਅਤੇ ਮਠਿਆਈ ਦਾ ਲੰਗਰ ਵੀ ਖ਼ੂਬ ਵਰਤਿਆ।

# ਭਾਰਤ ਦੇ 51ਵੇਂ ਚੀਫ਼ ਜਸਟਿਸ ਬਣੇ ਜਸਟਿਸ ਸੰਜੀਵ ਖੰਨਾ

**ਨਵੀਂ ਦਿੱਲੀ–** ਜਸਟਿਸ ਸੰਜੀਵ ਖੰਨਾ ਨੇ ਅੱਜ (11 ਨਵੰਬਰ) ਦੇਸ਼ ਦੇ 51ਵੇਂ ਸੀਜੇਆਈ ਵਜੋਂ ਸਹੁੰ ਚੁੱਕੀ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਉਨ੍ਹਾਂ ਨੂੰ ਸਹੁੰ ਚੁਕਾਈ। ਸੰਜੀਵ ਖੰਨਾ ਨੇ ਰਾਸ਼ਟਰਪਤੀ ਭਵਨ ਦੇ ਅਸ਼ੋਕ ਹਾਲ ਵਿੱਚ ਸਹੁੰ ਚੁੱਕੀ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਪਤਵੰਤੇ ਹਾਜ਼ਰ ਸਨ। ਜਸਟਿਸ ਸੰਜੀਵ ਖੰਨਾ ਦਿੱਲੀ ਦੇ ਵਸਨੀਕ ਹਨ ਅਤੇ ਉਨ੍ਹਾਂ ਨੇ ਆਪਣੀ ਸਾਰੀ ਪੜ੍ਹਾਈ ਦਿੱਲੀ ਤੋਂ ਹੀ ਕੀਤੀ ਹੈ। ਉਨ੍ਹਾਂ ਦਾ ਜਨਮ 14 ਮਈ 1960 ਨੂੰ ਹੋਇਆ ਸੀ। ਉਸ ਦੇ ਪਿਤਾ ਜਸਟਿਸ ਦੇਸ ਰਾਜ ਖੰਨਾ ਸਨ, ਜੋ ਦਿੱਲੀ ਹਾਈ ਕੋਰਟ ਦੇ ਜੱਜ ਵਜੋਂ ਸੇਵਾਮੁਕਤ ਹੋਏ ਸਨ। 1983 ਵਿੱਚ, ਉਹ ਦਿੱਲੀ ਬਾਰ ਕੌਂਸਲ ਵਿੱਚ ਇੱਕ ਵਕੀਲ ਵਜੋਂ ਭਰਤੀ ਹੋਇਆ। ਸ਼ੁਰੂ ਵਿੱਚ ਤੀਸ ਹਜ਼ਾਰੀ ਕੰਪਲੈਕਸ, ਦਿੱਲੀ ਵਿਖੇ ਜ਼ਿਲ੍ਹਾ ਅਦਾਲਤਾਂ ਵਿੱਚ ਅਭਿਆਸ ਕੀਤਾ ਅਤੇ ਬਾਅਦ ਵਿੱਚ ਦਿੱਲੀ ਹਾਈ ਕੋਰਟ ਅਤੇ ਸੰਵਿਧਾਨਕ ਕਾਨੂੰਨ, ਸਿੱਧੇ ਟੈਕਸ, ਸਾਲਸੀ ਵਰਗੇ ਵਿਭਿੰਨ ਖੇਤਰਾਂ ਵਿੱਚ ਟ੍ਰਿਬਿਊਨਲਾਂ ਵਿੱਚ ਅਭਿਆਸ ਕੀਤਾ। ਉਸ ਕੋਲ ਵਪਾਰਕ ਕਾਨੂੰਨ, ਕੰਪਨੀ ਕਾਨੂੰਨ, ਭੂਮੀ ਕਾਨੂੰਨ, ਵਾਤਾਵਰਣ ਕਾਨੂੰਨ ਅਤੇ ਮੈਡੀਕਲ ਲਾ-ਪਰਵਾਹੀ ਕਾਨੂੰਨਾਂ 'ਤੇ ਸ਼ਾਨਦਾਰ ਕਮਾਂਡ ਹੈ। ਜਸਟਿਸ ਸੰਜੀਵ ਖੰਨਾ 13 ਮਈ 2025 ਤੱਕ ਸੀਜੇਆਈ ਦੇ ਅਹੁਦੇ 'ਤੇ ਬਣੇ ਰਹਿਣਗੇ।

ਉਸਨੂੰ 18 ਜਨਵਰੀ, 2019 ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਕੰਮ ਕੀਤਾ। ਉਹ 17 ਜੂਨ 2023 ਤੋਂ 25 ਦਸੰਬਰ 2023 ਤੱਕ ਸੁਪਰੀਮ ਕੋਰਟ ਕਾਨੂੰਨੀ ਸੇਵਾਵਾਂ ਕਮੇਟੀ ਦੇ ਚੇਅਰਮੈਨ ਦੇ ਅਹੁਦੇ 'ਤੇ ਰਹੇ। ਉਹ ਵਰਤਮਾਨ ਵਿੱਚ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਅਤੇ ਨੈਸ਼ਨਲ ਜੁਡੀਸ਼ੀਅਲ ਅਕੈਡਮੀ, ਭੋਪਾਲ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਵੀ ਹਨ। ਸੰਜੀਵ ਖੰਨਾ 13 ਮਈ 2025 ਤੱਕ ਸੀਜੇਆਈ ਦਾ ਅਹੁਦਾ ਸੰਭਾਲਣਗੇ।

ਨ੍ਹਾਂ ਦਾ ਜਨਮ 14 ਮਈ 1960 ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਜਸਟਿਸ ਦੇਸ ਰਾਜ ਖੰਨਾ ਸਨ, ਜੋ ਦਿੱਲੀ ਹਾਈ ਕੋਰਟ ਦੇ ਜੱਜ ਵਜੋਂ ਸੇਵਾਮੁਕਤ ਹੋਏ ਸਨ। ਜਸਟਿਸ ਸੰਜੀਵ ਖੰਨਾ ਦੀ ਮਾਂ ਸਰੋਜ ਖੰਨਾ ਦਿੱਲੀ ਯੂਨੀਵਰਸਿਟੀ ਦੇ ਲੇਡੀ ਸ਼੍ਰੀ ਰਾਮ ਕਾਲਜ ਵਿੱਚ ਹਿੰਦੀ ਦੀ ਲੈਕਚਰਾਰ ਸੀ। ਜਸਟਿਸ ਸੰਜੀਵ ਖੰਨਾ ਨੇ ਆਪਣੀ ਸਕੂਲੀ ਪੜ੍ਹਾਈ ਮਾਡਰਨ ਸਕੂਲ, ਨਵੀਂ ਦਿੱਲੀ ਤੋਂ ਕੀਤੀ ਅਤੇ 1977 ਵਿੱਚ



ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ। ਸਕੂਲ ਦੀ ਪੜ੍ਹਾਈ ਤੋਂ ਬਾਅਦ, ਉਸਨੇ ਕੈਂਪਸ ਲਾਅ ਸੈਂਟਰਇਨਕਮ ਟੈਕਸ ਵਿਭਾਗ ਦੇ ਸੀਨੀਅਰ ਸਥਾਈ ਵਕੀਲ ਵਜੋਂ ਉਨ੍ਹਾਂ ਦਾ ਸਭ ਤੋਂ ਲੰਬਾ ਕਾਰਜਕਾਲ ਸੀ। 2004 ਵਿੱਚ ਉਨ੍ਹਾਂ ਨੂੰ ਦਿੱਲੀ ਲਈ ਸਟੈਂਡਿੰਗ ਕਾਉਂਸਲ (ਸਿਵਲ) ਵਜੋਂ ਨਿਯੁਕਤ ਕੀਤਾ ਗਿਆ ਸੀ। ਉਹ ਦਿੱਲੀ ਹਾਈ ਕੋਰਟ ਵਿੱਚ ਵਧੀਕ ਸਰਕਾਰੀ ਵਕੀਲ ਅਤੇ ਐਮੀਕਸ ਕਿਊਰੀ ਦੇ ਰੂਪ ਵਿੱਚ ਕਈ ਅਪਰਾਧਿਕ ਮਾਮਲਿਆਂ ਵਿੱਚ ਪੇਸ਼ ਹੋਏ ਅਤੇ ਬਹਿਸ ਵੀ ਕੀਤੀ।

### 2005 ਵਿੱਚ ਦਿੱਲੀ ਹਾਈ ਕੋਰਟ ਵਿੱਚ ਤਰੱਕੀ ਹੋਈ

ਉਨ੍ਹਾਂ ਨੂੰ 2005 ਵਿੱਚ ਦਿੱਲੀ ਹਾਈ ਕੋਰਟ ਦੇ ਵਧੀਕ ਜੱਜ ਵਜੋਂ ਤਰੱਕੀ ਦਿੱਤੀ ਗਈ ਸੀ ਅਤੇ 2006 ਵਿੱਚ ਸਥਾਈ ਜੱਜ ਬਣਾਇਆ ਗਿਆ ਸੀ। ਦਿੱਲੀ ਹਾਈ ਕੋਰਟ ਦੇ ਜੱਜ ਹੋਣ ਦੇ ਨਾਲ, ਉਹ ਦਿੱਲੀ ਜੁਡੀਸ਼ੀਅਲ ਅਕੈਡਮੀ, ਕੇਂਦਰੀ ਅਤੇ ਜ਼ਿਲ੍ਹਾ ਅਦਾਲਤੀ ਸਾਲਸੀ ਕੇਂਦਰ, ਦਿੱਲੀ ਅੰਤਰਰਾਸ਼ਟਰੀ ਆਰਬਿਟਰੇਸ਼ਨ ਦੇ ਪ੍ਰਧਾਨ/ਜੱਜ ਦੇ ਅਹੁਦੇ 'ਤੇ ਵੀ ਰਹੇ। ਉਨ੍ਹਾਂ ਨੂੰ 2019 ਵਿੱਚ ਸੁਪਰੀਮ ਕੋਰਟ ਵਿੱਚ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੂੰ 18 ਜਨਵਰੀ, 2019 ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਜੱਜ ਵਜੋਂ ਉੱਚਾ ਕੀਤਾ ਗਿਆ ਸੀ। ਉਹ 17 ਜੂਨ 2023 ਤੋਂ 25 ਦਸੰਬਰ 2023 ਤੱਕ ਸੁਪਰੀਮ ਕੋਰਟ ਕਾਨੂੰਨੀ ਸੇਵਾਵਾਂ ਕਮੇਟੀ ਦੇ ਚੇਅਰਮੈਨ ਦੇ ਅਹੁਦੇ 'ਤੇ ਰਹੇ। ਉਹ ਵਰਤਮਾਨ ਵਿੱਚ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਅਤੇ ਨੈਸ਼ਨਲ ਜੁਡੀਸ਼ੀਅਲ ਅਕੈਡਮੀ, ਭੋਪਾਲ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਵੀ ਹਨ। ਸੰਜੀਵ ਖੰਨਾ 13 ਮਈ 2025 ਤੱਕ ਸੀਜੇਆਈ ਦਾ ਅਹੁਦਾ ਸੰਭਾਲਣਗੇ। ਜਸਟਿਸ ਖੰਨਾ ਕਈ ਵੱਡੇ ਫੈਸਲਿਆਂ ਵਿੱਚ ਸ਼ਾਮਲ ਸਨ। ਜਸਟਿਸ ਸੰਜੀਵ ਖੰਨਾ ਨੇ ਜਨਵਰੀ 2019 ਵਿੱਚ ਆਪਣੀ ਨਿਯੁਕਤੀ ਤੋਂ ਬਾਅਦ ਭਾਰਤ ਦੀ ਸੁਪਰੀਮ ਕੋਰਟ ਵਿੱਚ ਕਈ ਮਹੱਤਵਪੂਰਨ ਫੈਸਲੇ ਦਿੱਤੇ ਹਨ। ਇਸ ਵਿੱਚ ਤੜਫਓਠ ਵੈਰੀਫਿਕੇਸ਼ਨ, ਇਲੈਕਟੋਰਲ ਬਾਂਡ ਸਕੀਮ, ਧਾਰਾ 370 ਨੂੰ ਹਟਾਉਣ ਦਾ ਮਾਮਲਾ, ਧਾਰਾ 142 ਦੇ ਤਹਿਤ ਤਲਾਕ ਦਾ ਮਾਮਲਾ, ਅਰਵਿੰਦ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦਾ ਮਾਮਲਾ ਅਤੇ ਆਰਟੀਆਈ ਦਾ ਫੈਸਲਾ ਸ਼ਾਮਲ ਹੈ।, ਫੈਕਲਟੀ ਆਫ਼ ਲਾਅ, ਦਿੱਲੀ ਯੂਨੀਵਰਸਿਟੀ ਤੋਂ ਆਪਣੀ ਕਾਨੂੰਨ ਦੀ ਪੜ੍ਹਾਈ ਪੂਰੀ ਕੀਤੀ।

### ਕਈ ਵੱਡੇ ਕਾਨੂੰਨਾਂ 'ਤੇ ਮਜ਼ਬੂਤ ਪਕੜ

ਸੰਜੀਵ ਖੰਨਾ ਨੇ 1983 ਵਿੱਚ ਦਿੱਲੀ ਬਾਰ ਕੌਂਸਲ ਵਿੱਚ ਇੱਕ ਵਕੀਲ ਵਜੋਂ ਨਾਮ ਦਰਜ ਕਰਵਾਇਆ। ਸ਼ੁਰੂ ਵਿੱਚ ਤੀਸ ਹਜ਼ਾਰੀ ਕੰਪਲੈਕਸ, ਦਿੱਲੀ ਵਿਖੇ ਜ਼ਿਲ੍ਹਾ ਅਦਾਲਤਾਂ ਵਿੱਚ ਅਭਿਆਸ ਕੀਤਾ ਅਤੇ ਬਾਅਦ ਵਿੱਚ ਦਿੱਲੀ ਹਾਈ ਕੋਰਟ ਅਤੇ ਸੰਵਿਧਾਨਕ ਕਾਨੂੰਨ, ਸਿੱਧੇ ਟੈਕਸ, ਸਾਲਸੀ ਵਰਗੇ ਵਿਭਿੰਨ ਖੇਤਰਾਂ ਵਿੱਚ ਟ੍ਰਿਬਿਊਨਲਾਂ ਵਿੱਚ ਅਭਿਆਸ ਕੀਤਾ। ਉਨ੍ਹਾਂ ਕੋਲ ਵਪਾਰਕ ਕਾਨੂੰਨ, ਕੰਪਨੀ ਕਾਨੂੰਨ, ਭੂਮੀ ਕਾਨੂੰਨ, ਵਾਤਾਵਰਣ ਕਾਨੂੰਨ ਅਤੇ ਮੈਡੀਕਲ ਲਾਪਰਵਾਹੀ ਕਾਨੂੰਨਾਂ 'ਤੇ ਸ਼ਾਨਦਾਰ ਕਮਾਂਡ ਹੈ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES
WASH, LUBE, BRAKES

Call: 530-824-5134

LUCAS OIL LUCAS INJECTOR CLEANER $28.99


Call: 650-642-0697

3525 Highway 99, West Corning, CA 96021
Across the Street from TA Truck Stop

ਦੇਸ਼ ਦੁਆਬਾ

# ਇਕ ਦੇਸ਼ ਦੀ ਮਹਾਨਤਾ ਇਸਦੇ ਲੀਡਰ ’ਤੇ ਨਿਰਭਰ ਕਰਦੀ ਹੈ

ਆਪਣੇ ਦੇਸ਼ ਨੂੰ ਵਿਸ਼ਾਲ ਰੂਪ ਵਿਚ ਸੁਧਾਰਨ ਅਤੇ ਇਸ ਨੂੰ ਦੁਬਾਰਾ ਮਹਾਨ ਬਣਾਉਣ ਲਈ, ਇਕ ਵਧੀਆ ਨੇਤਾ ਚੁਣ ਕੇ ਸ਼ੁਰੂਆਤ ਕਰੋ। ਮੀਡੀਆ ਜਾਂ ਕਿਸੇ ਦੇ ਥਾਪੜੇ ਦੁਆਰਾ ਚਮਕਾਏ ਗਏ ਲੋਕਾਂ ਨੂੰ ਨਾ ਚੁਣੋ , ਬਲਕਿ ਉਨ੍ਹਾਂ ਦੀ ਚੋਣ ਕਰੋ ਜੋ ਉਹ ਨਹੀਂ ਚੁਣਦੇ। ਉਨ੍ਹਾਂ ਲੋਕਾਂ ਵਿਚੋਂ ਇਕ ਨੇਤਾ ਚੁਣੋ ਜੋ ਦਿਲ ਤੋਂ ਕੰਮ ਲਈ ਪ੍ਰੇਰਿਤ ਹੋਵੇ, ਇਕ ਮਨੁੱਖ ਜਿਹੜਾ ਸੜਕ ’ਤੇ ਜਾਂਦੇ ਆਮ ਆਦਮੀ ਨੂੰ ਪਛਾਣਦਾ ਹੈ ਅਤੇ ਸਮਝਦਾ ਹੈ ਕਿ ਦੇਸ਼ ਨੂੰ ਹਰ ਪੱਧਰ ’ਤੇ ਕਿਸ ਚੀਜ਼ ਦੀ ਜ਼ਰੂਰਤ ਹੈ। ਕਿਸੇ ਅਜਿਹੇ ਨੇਤਾ ਨੂੰ ਨਾ ਚੁਣੋ ਜੋ ਸਿਰਫ ਪੈਸੇ ਨਾਲ ਚੱਲਣ ਵਾਲਾ ਹੋਵੇ ਅਤੇ ਉਹ ਕਿਸੇ ਜਰੂਰਤ ਨੂੰ ਨਾ ਸਮਝੇ ਜਾਂ ਆਮ ਆਦਮੀ ਨੂੰ ਨਾਂ ਪਛਾਣੇ ਪਰ ਸਿਰਫ ਕਾਰਪੋਰੇਸ਼ਨਾਂ ਦੀ ਹਰ ਪੱਧਰ ਤੇ ਜ਼ਰੂਰਤ ਨੂੰ ਪੂਰਾ ਕਰੇ। ਇੱਕ ਸ਼ਾਂਤੀ ਦਾ ਪੁੰਜ ਚੁਣੋ ਜੋ ਜੋੜਦਾ ਹੋਵੇ, ਨਾ ਕਿ ਵੰਡੀਆ ਪਾਉਂਦਾ ਹੋਵੇ।। ਇੱਕ ਸਭਿਆਚਾਰਕ ਨੇਤਾ ਜੋ ਕਿ ਕਲਾ ਅਤੇ ਬੋਲਣ ਦੀ ਸੱਚੀ ਆਜ਼ਾਦੀ ਦਾ ਸਮਰਥਨ ਕਰੇ, ਸੈਂਸਰਸ਼ਿਪ ਨਹੀਂ। ਇਕ ਅਜਿਹਾ ਆਗੂ ਚੁਣੋ ਜੋ ਨਾ ਸਿਰਫ ਬੈਂਕਾਂ ਅਤੇ ਏਅਰਲਾਈਨਾਂ ਨੂੰ ਸੁਰੱਖਿਆ ਦੇਵੇ, ਬਲਕਿ ਪਰਿਵਾਰਾਂ ਨੂੰ ਉਨ੍ਹਾਂ ਦੇ ਘਰ ਗੁਆਉਣ ਜਾਂ ਨੌਕਰੀਆਂ ਲਈ ਹੋਰ ਦੇਸ਼ਾਂ ਵਿੱਚ ਜਾਣ ਤੋਂ ਬਚਾਵੇ। ਇੱਕ ਅਜਿਹਾ ਆਗੂ ਚੁਣੋ ਜੋ ਸਕੂਲਾਂ ਨੂੰ ਫੰਡ ਦੇਵੇਗਾ, ਵਿਦਿਆ ਉੱਤੇ ਖਰਚਿਆਂ ਨੂੰ ਸੀਮਿਤ ਨਹੀਂ ਕਰੇਗਾ। ਇੱਕ ਨੇਤਾ ਚੁਣੋ ਜੋ ਜੰਗ ਦੇ ਬਾਰੇ ਵਿੱਚ ਕੂਟਨੀਤੀ ਦੀ ਚੋਣ ਕਰਦਾ ਹੈ ਅਤੇ ਵਿਦੇਸ਼ੀ ਸੰਬੰਧਾਂ ਵਿਚ ਜਾਨ ਪਾਉਣ ਵਾਲਾ ਇਮਾਨਦਾਰ ਜ਼ਰੀਆ ਹੋਵੇ। ਇੱਕ ਇਮਾਨਦਾਰ ਆਗੂ ਜੋ ਉਹ ਆਪਣੀ ਸਹੀ ਗੱਲ ਰੱਖਦਾ ਹੈ ਅਤੇ ਆਪਣੇ ਲੋਕਾਂ ਨਾਲ ਝੂਠ ਨਹੀਂ ਬੋਲਦਾ। ਇਕ ਅਜਿਹਾ ਨੇਤਾ ਚੁਣੋ ਜੋ ਮਜ਼ਬੂਤ , ਭਰੋਸੇਮੰਦ ਪਰ ਬਨਿਮਰ ਹੋਵੇ ਅਤੇ ਸੂਝਵਾਨ, ਪਰ ਚਾਪਲੂਸ ਤੇ ਠੱਗ ਨਾ ਹੋਵੇ । ਇੱਕ ਅਜਿਹਾ ਨੇਤਾ ਜਿਹੜਾ ਨਸਲਵਾਦ ਨੂੰ ਨਹੀਂ, ਵਿਭਿੰਨਤਾ ਨੂੰ ਉਤਸ਼ਾਹਿਤ ਕਰਦਾ ਹੈ। ਨੇਤਾ ਜਿਹੜਾ ਕਿਸਾਨੀ, ਅਧਿਆਪਕ, ਡਾਕਟਰ ਅਤੇ ਵਾਤਾਵਰਣ ਦੀਆਂ ਜਰੂਰਤਾਂ ਨੂੰ ਸਮਝਦਾ ਹੋਵੇ ਨਾ ਕਿ ਸਿਰਫ ਸ਼ਾਹੂਕਾਰ, ਤੇਲ ਦਾ ਕੰਮ ਕਰਨ ਵਾਲੇ, ਹਥਿਆਰ ਬਣਾਉਣ ਵਾਲੇ, ਜਾਂ ਬੀਮਾ ਅਤੇ ਫਾਰਮਾਸਿਉਟੀਕਲ ਲਾਬਿਸਟ ਦਾ ਪੱਖ ਪੂਰੇ। ਇਕ ਅਜਿਹਾ ਆਗੂ ਚੁਣੋ ਜੋ ਤੁਹਾਡੇ ਦੇਸ਼ ਵਿਚ ਨੌਕਰੀਆਂ ਪੈਦਾ ਕਰੇ ਅਤੇ ਕੰਪਨੀਆਂ ਨੂੰ ਸਿਰਫ ਉਨ੍ਹਾਂ ਦੇ ਦਾਇਰੇ ਵਿੱਚ ਰਹਿਣ ਦੀ ਪੇਸ਼ਕਸ਼ ਕਰੇ ਨਾਂ ਕਿ ਰਾਸ਼ਟਰੀ ਰੁਜ਼ਗਾਰ ਸੰਕਟ ਹੋਣ ਤੇ ਕਾਰਪੋਰੇਸ਼ਨਾਂ ਨੂੰ ਸਸਤੀ ਕਿਰਤ ਲਈ ਨੌਕਰੀਆਂ ਆਉਟਸੋਰਸ ਕਰਨ ਦੀ ਆਗਿਆ ਦਿੰਦਾ ਹੋਵੇ। ਇੱਕ ਅਜਿਹਾ ਨੇਤਾ ਚੁਣੋ ਜੋ ਪੁਲਾਂ ਦੀ ਉਸਾਰੀ ਵਿੱਚ ਨਿਵੇਸ਼ ਕਰੇਗਾ, ਨਾ ਕਿ ਦੀਵਾਰਾਂ ਲਈ, ਕਿਤਾਬਾਂ ਲਈ ਹਥਿਆਰ ਲਈ ਨਹੀਂ, ਭ੍ਰਿਸ਼ਟਾਚਾਰ ਦੀ ਥਾਂ ਨੈਤਿਕਤਾ, ਅਗਿਆਨਤਾ ਦੀ ਜਗ੍ਹਾ ਬੌਧਿਕਤਾ ਅਤੇ ਸਿਆਣਪ, ਨਾ ਡਰ ਅਤੇ ਦਹਿਸ਼ਤ, ਹਫੜਾ-ਦਫੜੀ ਨਾਲੋਂ ਸ਼ਾਂਤੀ ਨੂੰ ਪਹਿਲ ਦੇਵੇ। ਇਸਦੇ ਨਾਲ ਹੀ ਪਿਆਰ ਕਰੇ ਨਫ਼ਰਤ ਨਹੀਂ, ਪਰਿਵਰਤਨ ਪਰ ਅਲੱਗ ਨਹੀਂ,ਸਹਿਣਸ਼ੀਲਤਾ ਕਰੇ ਵਿਤਕਰਾ ਨਹੀਂ, ਨਿਰਪੱਖਤਾ ਕਰੇ ਪਖੰਡ ਨਹੀਂ, ਚਰਿੱਤਰ ਵਾਲਾ ਹੋਵੇ ਅਪਵਿੱਤਰ ਨਹੀਂ, ਪਾਰਦਰਸ਼ਤਾ ਦਿਖਾਵੇ ਗੁਪਤਤਾ ਨਹੀਂ ਅਤੇ ਨਿਆਂ ਕਰੇ ਕੁਧਰਮ ਨਹੀਂ । ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇੱਕ ਮਹਾਨ ਨੇਤਾ ਨੂੰ ਪਹਿਲਾਂ ਬਹੁਤੇ ਰਾਸ਼ਟਰੀ ਕਾਰਪੋਰੇਸ਼ਨਾਂ ਦੀ ਨਹੀਂ, ਲੋਕਾਂ ਦੇ ਭਲੇ ਦੀ ਸੇਵਾ ਕਰਨੀ ਚਾਹੀਦੀ ਹੈ। ਮਨੁੱਖੀ ਜੀਵਨ ਨੂੰ ਕਦੇ ਵੀ ਮੁਦਰਾ ਲਾਭ ਲਈ ਕੁਰਬਾਨ ਨਹੀਂ ਕੀਤਾ ਜਾਣਾ ਚਾਹੀਦਾ ਇਸ ਵਿੱਚ ਕੋਈ ਅਪਵਾਦ ਨਹੀਂ ਹੈ। ਇਸ ਤੋਂ ਇਲਾਵਾ, ਇਕ ਨੇਤਾ ਹਮੇਸ਼ਾਂ ਆਲੋਚਨਾ ਕਰਨ ਲਈ ਖੁੱਲਾ ਹੋਣਾ ਚਾਹੀਦਾ ਹੈ, ਮਤਭੇਦਾਂ ਨੂੰ ਚੁੱਪ ਕਰਾਉਣ ਲਈ ਨਹੀਂ। ਕੋਈ ਵੀ ਆਗੂ ਜਿਹੜਾ ਲੋਕਾਂ ਦੀ ਆਲੋਚਨਾ ਨੂੰ ਬਰਦਾਸ਼ਤ ਨਹੀਂ ਕਰਦਾ ਹੈ, ਆਪਣੇ ਗੰਦੇ ਹੱਥਾਂ ਨਾਲ ਭਾਰੀ ਰੌਸ਼ਨੀ ਦੇ ਸਾਮ੍ਹਣੇ ਆਉਣ ਤੋਂ ਡਰਦਾ ਹੈ ਅਤੇ ਅਜਿਹਾ ਆਗੂ ਹੀ ਖ਼ਤਰਨਾਕ ਹੈ, ਕਿਉਂਕਿ ਉਹ ਸਿਰਫ ਹਨੇਰੇ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ। ਸਿਰਫ ਇੱਕ ਨੇਤਾ ਜੋ ਭ੍ਰਿਸ਼ਟਾਚਾਰ ਤੋਂ ਮੁਕਤ ਹੈ ਪੜਤਾਲ ਦਾ ਸਵਾਗਤ ਕਰਦਾ ਹੈ, ਕਿਉਂਕਿ ਪੜਤਾਲ ਇੱਕ ਚੰਗੇ ਨੇਤਾ ਨੂੰ ਵਧੀਆ ਲੀਡਰ ਬਣਨ ਦੀ ਆਗਿਆ ਦਿੰਦੀ ਹੈ। ਅੰਤ ਵਿੱਚ, ਇੱਕ ਅਜਿਹਾ ਨੇਤਾ ਚੁਣੋ ਜੋ ਨਾਗਰਿਕਾਂ ਨੂੰ ਮਾਣ ਦਿਵਾਏਗਾ। ਉਹ ਜੋ ਲੋਕਾਂ ਦੇ ਦਿਲਾਂ ਨੂੰ ਰੋਸ਼ਨ ਕਰੇਗਾ, ਤਾਂ ਜੋ ਕਿਸੇ ਕੌਮ ਦੇ ਬੇਟੇ ਅਤੇ ਧੀਆਂ ਆਪਣੇ ਨੇਤਾ ਦੀ ਮਹਾਨਤਾ ਦਾ ਅਨੁਮਾਨ ਲਗਾਉਣ ਦੀ ਕੋਸ਼ਿਸ਼ ਕਰਨ। ਇੱਕ ਰਾਸ਼ਟਰ ਸੱਚਮੁੱਚ ਉਦੋਂ ਮਹਾਨ ਹੋਵੇਗਾ, ਜਦੋਂ ਇੱਕ ਲੀਡਰ ਭਵਿੱਖ ਦੇ ਨੇਤਾ, ਫੈਸਲਾ ਲੈਣ ਵਾਲੇ ਅਤੇ ਸ਼ਾਂਤੀ ਨਿਰਮਾਤਾ ਬਣਨ ਦੇ ਯੋਗ ਨਾਗਰਿਕਾਂ ਨੂੰ ਪ੍ਰੇਰਿਤ ਅਤੇ ਪੈਦਾ ਕਰਦਾ ਹੈ ਅਤੇ ਇਸ ਸਮੇਂ ਵਿਚ, ਇਕ ਮਹਾਨ ਨੇਤਾ ਬਹੁਤ ਬਹਾਦਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਲੀਡਰਸ਼ਿਪ ਨੂੰ ਰਿਸ਼ਵਤ ਦੀ ਬਜਾਏ ਸਿਰਫ ਉਨ੍ਹਾਂ ਦੀ ਜ਼ਮੀਰ ਦੁਆਰਾ ਚਲਾਇਆ ਜਾਣਾ ਚਾਹੀਦਾ ਹੈ।



**ਲੇਖਕ- ਸੂਜ਼ੀ, ਅਮਰੀਕਾ** (Suzy, Author, USA)
**ਪੰਜਾਬੀ ’ਚ ਉਲੱਥਾ - ਗੁਰਿੰਦਰਜੀਤ ਸਿੰਘ ’ਨੀਟਾ ਮਾਛੀਕੇ’**

# ਗੁਰੂ ਨਾਨਕ ਦਾ ਸਮਾਜਵਾਦ

ਪੰਜਾਬ ਵਾਸੀਆਂ ਦੀ ਇਹ ਵੱਡੀ ਖੁਸ਼ਕਿਸਮਤੀ ਹੈ ਜਿੰਨਾਂ ਨੂੰ ਕੁਦਰਤ ਨੇ ਗੁਰੂ ਨਾਨਕ ਵਰਗਾ ਮਹਾਨ ਰਹਿਬਰ ਦਿੱਤਾ । ਜਿੰਹਨਾਂ ਦੀ ਰਹਿਨੁਮਾਈ ਸਦਕਾ ਝੁਲਸੀ ਅਤੇ ਮਧੋਲੀ ਜਾ ਚੁੱਕੀ ਮਾਨਵਤਾ ਦੇ ਚਿਹਰੇ ਤੇ ਉਮਾਹ ਅਤੇ ਖੇੜਾ ਉਮੜ ਆਇਆ। ਨਾ ਕੇਵਲ ਧਾਰਮਕ ਸਗੋਂ ਸਮਾਜਕ ਅਤੇ ਰਾਜਸੀ ਪਖੋਂ ਵੀ ਮਨੁੱਖਤਾ ਨੂੰ ਮਜ਼ਬੂਤ ਬਣਾਉਣ ਲਈ ਗੁਰੂ ਜੀ ਨੇ ਆਪਣਾ ਸਮੁੱਚਾ ਜੀਵਨ ਅਰਪਣ ਕਰ ਦਿੱਤਾ। ਉਹਨਾਂ ਦੇ ਆਦਰਸ਼ਾਂ ਦੀ ਅਗਵਾਈ ਵਿਚ ਕੁੱਝ ਮਨੁੱਖ ਬਰਾਬਰਤਾ, ਸਮਾਨਤਾ ਅਤੇ ਭਾਈਚਾਰੇ ਵਾਲਾ ਸਮਾਜਵਾਦ ਲਿਆਉਣ ਲਈ ਯਤਨਸ਼ੀਲ ਹਨ ਗੁਰੂ ਨਾਨਕ ਨੇ ਅੱਜ ਤੋਂ 550 ਸਾਲ ਪਹਿਲਾਂ ਸਮਾਜ ਦੀ ਕਾਣੀ ਵੰਡ, ਆਰਥਕ ਨਾ ਬਰਾਬਰੀ ਅਤੇ ਫਿਰਕੂ ਵੰਡ ਵਿਤਕਰਿਆਂ ਦੀ ਜੋਰਦਾਰ ਨਿਖੇਧੀ ਕੀਤੀ। ਉਹਨਾਂ ਨੇ ਬਰਾਬਰੀ, ਇਨਸਾਨੀ ਹਮਦਰਦੀ, ਸਾਂਝੀਵਾਲਤਾ ਅਤੇ ਹਰ ਇਕ ਲਈ ਕਿਰਤ ਕਰਕੇ ਵੰਡ ਛਕਣ ਦਾ ਨਾਅਰਾ ਬੁਲੰਦ ਕਰਕੇ ਸਮਾਜਵਾਦ ਦੀ ਨੀਂਹ ਰੱਖੀ ।



ਬੇਸ਼ੱਕ ਮਾਰਕਸ, ਲੈਨਿਨ, ਸਟਾਲਿਨ ਆਦਿ ਨੇ ਸਮਾਜਵਾਦ ਲਿਆਉਣ ਲਈ ਜਦੋ- ਜਹਿਦ ਕੀਤੀ ਪਰ ਲੈਨਿਨ ਦਾ ਸਮਾਜਵਾਦੀ ਚੋਗਾ ਚੀਨ ਵਾਲਿਆਂ ਦੇ ਰਾਸ ਨਹੀਂ ਆਇਆ ਅਤੇ ਚੀਨ ਵਾਲਿਆਂ ਨੇ ਜਿਸ ਤਰ੍ਹਾਂ ਦਾ ਸਮਾਜਵਾਦ ਉਸਾਰਿਆ ਹੈ ਉਹ ਤੌਰ ਤਰੀਕੇ ਭਾਰਤ ਵਿਚ ਆਕੇ ਖੁੰਢੇ ਅਤੇ ਘਸੇ ਹੋਏ ਪ੍ਰਤੀਤ ਹੁੰਦੇ ਹਨ। ਰੂਸ ਅਤੇ ਚੀਨ ਨੇ ਆਪਣੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਤੋੜ ਕੇ ਚੂਰ ਚੂਰ ਕਰ ਦਿੱਤਾ । ਪਰ ਗੁਰੂ ਨਾਨਕ ਨੇ ਆਪਣੇ ਦੀਰਘ ਅਨੁਭਵ ਦੁਆਰਾ ਜਾਂਚ ਕੇ ਪਰੰਪਰਾ ਦਾ ਸਨਮਾਨ ਕਰਦਿਆਂ ਐਸੀ ਸਮਾਜਵਾਦੀ ਸੇਧ ਬਖਸ਼ੀ ਕਿ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਵੀ ਖਤਮ ਹੋਣੋਂ ਬਚਾ ਲਿਆ।

ਗੁਰੂ ਜੀ ਨੇ ਧਨ, ਦੌਲਤ, ਜਾਇਦਾਦ ਅਤੇ ਹੁਕਮ ਹਾਸਲ ਕਰਨ ਲਈ ਹਰ ਇਕ ਨੂੰ ਧਰਮ ਦੀ ਕਿਰਤ ਕਰਕੇ ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਉਪਦੇਸ਼ ਬੜੇ ਪਿਆਰ ਨਾਲ ਦਿੱਤਾ ।

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।
(ਗੁਰੂ ਗਰੰਥ ਸਾਹਿਬ ਅੰਗ1245)

ਅਜੋਕੇ ਆਗੂਆਂ ਦਾ ਸਮਾਜਵਾਦ ਨਾਅਰੇਬਾਜ਼ੀ ਤਕ ਹੀ ਸੀਮਤ ਹੈ ਪਰ ਗੁਰੂ ਜੀ ਨੇ ਆਪਣੇ ਅਮਲੀ ਜੀਵਨ ਵਿਚ ਪੇਸ਼ ਕੀਤਾ। ਕਿਸੇ ਦਾ ਹਕ ਮਾਰਨ ਧਨ ਦੌਲਤ ਦੀ ਖਾਤਰ ਪਾਪ ਕਰਕੇ ਅਮੀਰ ਬਣਨ ਦੀ ਹਵਸ ਤੇ ਦੁਨਿਆਵੀ ਸੁੱਖਾਂ ਦੀ ਪਰਾਪਤੀ ਲਈ ਕੀਤੀ ਜਾਂਦੀ ਲੁੱਟ ਖਸੁੱਟ ਦੀ ਉਹਨਾਂ ਨੇ ਰਜ ਕੇ ਨਿਖੇਧੀ ਕੀਤੀ। ਉਹਨਾਂ ਨੇ ਮਾਇਆ ਦੀ ਖਾਤਰ ਧਰਮ ਈਮਾਨ ਵੇਚਣ ਵਾਲੇ ਮਾਇਆਧਾਰੀਆਂ ਨੂੰ ਝੰਜੋੜਿਆ

ਇਸ ਜਰੁ ਕਾਰਣਿ ਘਣੀ ਵਿਗੁਤੀ
ਇਸ ਜਰ ਘਣੀ ਖੁਆਈ।।
ਪਾਪਾਂ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ।।
(ਆਸਾ ਮ:1 ਗੁਰੂ ਗ੍ਰੰਥ ਸਾਹਿਬ ਜੀ ਅੰਗ417)


ਲਾਲ ਸਿੰਘ ਸੁਲਹਾਣੀ
91-98721-55120

ਜਾਤਪਾਤ, ਛੂਤ ਛਾਤ, ਉਚ ਨੀਚ, ਫਿਰਕਾਪ੍ਰਸਤੀ ਸਮਾਜਵਾਦ ਦੇ ਰਾਹ ਵਿਚ ਬੜੀ ਵੱਡੀ ਰੁਕਾਵਟ ਹੈ। ਮਕਖਖਬਜ਼ਹਬਾਂ ਤੇ ਵੇਦਾਂ ਦੇ ਵਖਰੇਵੇਂ ਮਾਨਵ ਏਕਤਾ ਲਈ ਬੰਧਨ ਹਨ।ਇਹਨਾਂ ਦਾ ਜਕੜਿਆ ਮਨੁੱਖ ਮਾਨਵ ਹਿੱਤ ਤੇ ਇਨਸਾਨੀ ਹਮਦਰਦੀ ਤੋਂ ਦੂਰ ਚਲਾ ਜਾਂਦਾ ਹੈ ।ਜਾਤੀ ਉਚਤਾ ਅਤੇ ਫਿਰਕੂ ਵਿਤਕਰੇ ਮਨੁੱਖ ਨੂੰ ਮਨੁੱਖ ਦਾ ਵੈਰੀ ਬਣਾਕੇ ਇਨਸਾਨੀਅਤ ਤੋਂ ਕੋਹਾਂ ਦੂਰ ਲਿਜਾ ਕੇ ਪਥਰ ਦਿਲ ਜਾਲਮ ਤੇ ਨਿਰਦਈ ਬਣਾ ਦਿੰਦੇ ਹਨ। ਗੁਰੂ ਜੀ ਨੇ ਸਭੇ ਸਾਂਝੀਵਾਲ ਰਸਾਇਣ ਏਕ ਪਿਤਾ ਏਕਸ ਕੇ ਹਮ ਬਾਰਿਕ ਅਤੇ ਸਭਨਾ ਜੀਆ ਕਾ ਇਕ ਦਾਤਾ ਕਹਿ ਕੇ ਮਨੁੱਖਤਾ ਨੂ ਇਕ ਲੜੀ ਵਿਚ ਪਰੋਣ ਦਾ ਉਪਰਾਲਾ ਕੀਤਾ । ਮਨੁੱਖੀ ਬਰਾਬਰੀ ਅਤੇ ਤਰੱਕੀ ਦੇ ਇਕੋ ਜਿਹੇ ਮੌਕੇ ਹਰ ਇਕ ਨੂੰ ਦੇਣ ਲਈ ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਬੜੀ ਜਰੂਰੀ ਹੈ। ਇਸ ਲਈ ਉਹਨਾਂ ਨੇ ਫਕੜ ਜਾਤੀ ਫਕੜ ਨਾਉ ਕਹਿ ਕੇ ਜਾਤ ਪਾਤ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਸਦੀਆਂ ਤੋ ਲਤਾੜੇ ਤੇ ਦੁਰਕਾਰੇ ਜਾਂਦੇ ਮਨੁੱਖਾਂ ਨੂੰ ਪਿਆਰ ਕਲਾਵੇ ਚ ਲੈ ਕੇ ਆਪਣੇ ਮਾਨਵਤਾ ਵਾਦੀ ਹੋਣ ਦਾ ਸਬੂਤ ਦਿੱਤਾ । ਉਹਨਾਂ ਨੇ -

ਨੀਚਾਂ ਅੰਦਰਿ ਨੀਚ ਜਾਤਿ
ਨੀਚੀ ਹੂੰ ਅਤਿ ਨੀਚੁ ।।
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ।।
ਜਿੱਥੇ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ।।
(ਸਿਰੀ ਰਾਗੁ ਮਹਲਾ 1 ਗੁਰੂ ਗ੍ਰੰਥ ਸਾਹਿਬ ਅੰਗ 15)

ਕਹਿਕੇ ਅਖੌਤੀ ਉੱਚ ਜਾਤੀ ਖੱਤਰੀ ਹੋਣ ਦੇ ਬਾਵਜੂਦ ਮਰਦਾਨੇ ਮਰਾਸੀ ਲਾਲੋ ਤਰਖਾਣ ਅਤੇ ਕੌਡੇ ਭਲੀ ਆਦਿ ਵਰਗੇ ਦਲਿਤ ਨੂੰ ਸਾਥੀ ਤੇ ਭਾਈ ਬਣਾਕੇ ਉਹਨਾਂ ਨੂੰ ਸਮਾਜਕ ਬਰਾਬਰੀ ਲਈ ਲਾਮਬੰਦ ਕਰਨਾ ਗੁਰੂ ਜੀ ਦੇ ਸਮਾਜਵਾਦੀ ਦ੍ਰਿਸ਼ਟੀ ਕੋਣ ਦੀ ਸਰਬੋਤਮ ਮਿਸਾਲ ਹੈ। ਉਸ ਸਮੇਂ ਦੇ ਇਤਿਹਾਸ ਵਿਚ ਉਹਨਾ ਦਾ ਇਹ ਕਦਮ ਫਿਰਕੂ ਅਗ ਤੇ ਜਾਤ ਅਭਿਮਾਨ ਵਿਚ ਗਰਸੇ ਲੋਕਾਂ ਸਾਹਮਣੇ ਬਗਾਵਤ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ। ਗੁਰੂ ਨਾਨਕ ਨੇ ਗਰੀਬਾਂ ਦਲਿਤਾਂ ਕਿਰਤੀਆਂ ਕਾਮਿਆਂ ਮਿਹਨਤਕਸ਼ਾਂ ਮਜ਼ਦੂਰਾਂ ਨੂ ਪਿਆਰ ਕਲਾਵੇ ਚ ਲੈਕੇ ਕਿਰਤੀ ਗੁਲਸ਼ਨ ਨੂ ਖੇੜਾ ਪਰਦਾਨ ਕੀਤਾ ਤੇ ਜਗੀਰਦਾਰਾਂ ਤੇ ਰਜਵਾੜਿਆਂ ਦੀਆਂ ਨੀਹਾਂ ਹਿਲਾ ਕੇ ਰੱਖ ਦਿਤੀਆਂ। ਉਹਨਾਂ ਨੇ ਭਾਈ ਲਾਲੋ ਦੀ ਕਿਰਤ ਨੂੰ ਵਡਿਆ ਕੇ ਵੱਢੀਖੋਰਾਂ, ਵਿਹਲੜਾਂ ਅਤੇ ਮੁਨਾਫਾਖੋਰਾਂ ਦੀ

ਰਾਜੇ ਸ਼ੀਂਹ ਮੁਕਦਮ ਕੁਤੇ।।
ਜਾਇ ਜਾਗਾਇਨ ਬੈਠੇ ਸੁਤੇ।।

ਕਹਿ ਕੇ ਜੋਰਦਾਰ ਸ਼ਬਦਾਂ ਚ ਨਿਖੇਧੀ ਕੀਤੀ ਅਤੇ ਹਰਾਮ ਦੀ ਖਾਣ ਤੋਂ ਨਕਾਰਾਤਮਿਕ ਢੰਗ ਨਾਲ ਸਖਤ ਸ਼ਬਦ ਚ ਵਰਜਿਆ-

ਹਕੁ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।।
ਗੁਰੁ ਪੀਰੁ ਹਾਮਾ ਤਾਂ ਭਰੇ
ਜਾ ਮੁਰਦਾਰ ਨ ਖਾਇ।।
(ਮ:1 ਗੁਰੂ ਗ੍ਰੰਥ ਸਾਹਿਬ ਜੀ ਅੰਗ 141)

ਸਮਾਜਵਾਦ ਇਸਤਰੀ ਮਰਦ ਲਈ ਇੱਕੋ ਜਿਹੇ ਮੌਕੇ ਪਰਦਾਨ ਕਰਦਾ ਹੈ ਅਤੇ ਦੋਹਾਂ ਲਈ ਬਰਾਬਰੀ ਦੀ ਹਾਮੀ ਭਰਦਾ ਹੈ। ਗੁਰੂ ਨਾਨਕ ਤੋਂ ਪਹਿਲਾਂ ਵਿਹੜੇ ਦਾ ਸ਼ਿੰਗਾਰ ਮਰਦ ਦਾ ਇਮਾਨ ਮਾਨਵ ਪਨੀਰੀ ਦੀ ਰੱਖਿਅਕ ਤੇ ਅਰਧ ਸਰੀਰੀ ਮੋਗਾ ਦੁਆਰਾ ਇਸਤਰੀ ਦੀ ਰਜ ਕੇ ਨਿੰਦਾ ਕੀਤੀ ਜਾਂਦੀ ਸੀ।

ਢੋਲ ਗਵਾਰ ਸ਼ੂਦਰ ਪਸ਼ੂ ਨਾਰੀ ।
ਇਹ ਸਭ ਤਾੜਨਾ ਕੇ ਅਧਿਕਾਰੀ।
(ਤੁਲਸੀ ਦਾਸ )

ਤੇ ਇਸਤਰੀ ਨੂੰ ਸ਼ੂਦਰ ਕਹਿਣ ਵਾਲੇ ਲੋਕਾਂ ਦਾ ਬੋਲਬਾਲਾ ਸੀ। ਮੱਛੀ ਮੱਖੀ ਇਸਤਰੀ ਤਿੰਨੇ ਜਾਤ ਕੁਜਾਤ ਪੈਰ ਦੀ ਜੁੱਤੀ ਤੇ ਪਾਪ ਜੋਨੀ ਕਹਿਕੇ ਇਸਰਤੀ ਦੀ ਨਿੰਦਾ ਕੀਤੀ ਜਾਂਦੀ ਸੀ। ਔਰਤ ਨੂੰ ਹੋਣੀ ਅਬਲਾ ਭੰਡਾਰ ਨੀਵੀਂ ਤੇ ਨਖਿਧ ਕਹਿ ਕੇ ਮਿਲਿਆ ਕੁਚਲਿਆ ਤੇ ਭੰਡਿਆ ਜਾਂਦਾ ਸੀ । ਮਾਨਵ ਇਸ਼ਕ ਵਿਚ ਸਰਸ਼ਾਰ ਗੁਰੂ ਜੀ ਨੇ-

ਮ :1 ਭੰਡਿ ਜੰਮੀਐ ਭੰਡਿ ਨਿਮੀਐ
ਭੰਡਿ ਮੰਗਣੀ ਵੀਆਹੁ।।
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡ ਭਾਲੀਐ
ਭੰਡਿ ਹੋਵੈ ਬੰਧਾਨੁ।।
ਸੋ ਕਿਉਂ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।।
(ਆਸਾ ਦੀ ਵਾਰ ਗੁਰੂ ਗ੍ਰੰਥ ਸਾਹਿਬ ਅੰਗ473)

ਕਹਿਕੇ ਔਰਤ ਨੂੰ ਨਖਿਧ ਤੇ ਨੀਵੀਂ ਆਖਣ ਵਾਲੇ ਅਖੌਤੀ ਧਰਮ ਤੇ ਸਮਾਜ ਦੇ ਠੇਕੇਦਾਰਾਂ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਅਤੇ ਇਸਤਰੀ ਨੂੰ ਮਰਦ ਦੇ ਬਰਾਬਰ ਖੜ੍ਹੇ ਕਰਨ ਦਾ ਮਹਾਨ ਪਰ ਉਪਕਾਰ ਕੀਤਾ ।

ਗੁਰੂ ਜੀ ਨੇ ਜਾਤ ਪਾਤ, ਨਸਲੀ ਵੰਡ ਵਿਤਕਰੇ, ਮਜ਼ਬੀ ਪੱਖਪਾਤ ਅਤੇ ਧੜੇਬੰਦੀਆਂ ਵਿਰੁੱਧ ਜੋਰ ਦਾਰ ਸੰਘਰਸ਼ ਕੀਤਾ। ਊਚ ਨੀਚ ਤੇ ਛੂਤ ਛਾਤ ਦੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਬਿਮਾਰੀ ਦਾ ਸੁਯੋਗ ਵੈਦ ਬਾਬੇ ਨਾਨਕ ਨੇ "ਸੰਗਤ ਤੇ ਪੰਗਤ" ਤੇ ਗੁਰਭਾਈ ਦਾ ਪਵਿੱਤਰ ਰਿਸ਼ਤਾ ਸਿਰਜ ਕੇ ਇਲਾਜ ਕੀਤਾ। ਉਹਨਾਂ ਨੇ "ਸਾ ਜਾਤ ਸਾ ਪਤਿ ਹੈ, ਜੇਵੇਹੇ ਕਰਮ ਕਮਾਇ" ਕਹਿਕੇ ਜਾਤ ਅਭਿਮਾਨੀਆਂ ਦਾ ਹੰਕਾਰ ਤੋੜਿਆ ਅਤੇ ਮਨੁੱਖਤਾ ਨੂੰ ਪਰੇਮ ਸੂਤਰ ਵਿਚ ਪਰੋਣ ਦਾ ਮਹਾਨ ਉਪਰਾਲਾ ਕੀਤਾ।

ਗੁਰੂ ਜੀ ਨੇ ਸਮਕਾਲੀ ਜੀਵਨ ਦੀ ਉਸਾਰੂ ਆਲੋਚਨਾ ਕੀਤੀ। ਮਾਨਵ ਪ੍ਰੇਮ ਅਤੇ ਮਨੁੱਖੀ ਹਮਦਰਦੀ ਲਈ ਸੁਚੱਜੀ ਆਧੁਨਿਕ ਤੇ ਵਿਗਿਆਨਕ ਸੇਧ ਦੇਕੇ ਗੁਰੂ ਨਾਨਕ ਨੇ "ਗਾਡੀ ਰਾਹ ਚਲਾਇਆ" ਤੇ ਸਮਾਜਵਾਦ ਦੀ ਨੀਂਹ ਰੱਖੀ।

ਗੁਰੂ ਨਾਨਕ ਨੇ ਗੁਰੂ ਰਵਿਦਾਸ ਦੇ ਚਿਤਵੇ ਬੇਗਮਪੁਰੇ ਦੀ ਸਿਰਜਣਾ ਲਈ ਮਹੌਲ ਤਿਆਰ ਕੀਤਾ। ਉਹਨਾਂ ਨੇ "ਸ਼ੀਂਹ ਤੇ ਬਘਿਆੜ ਬਿਰਤੀ ਦੇ ਹੁਕਮਰਾਨਾਂ ਨੂੰ ਨਕਾਰ ਦਿਆਂ ਉਹਨਾਂ ਨੂੰ ਬਦਲ ਕੇ ਮਾਨਵ ਪਰੇਮ ਵਿਚ ਸਰਸ਼ਾਰ ਰਾਜੇ ਹੀ ਤਖਤ ਤੇ ਬੈਠਣ ਦੇ ਲਾਇਕ ਹੋਣ ਵਾਲੀ ਮਾਨਵੀ ਸੋਚ ਦਾ ਬੁਲੰਦ ਬਾਂਗ ਇਜ਼ਹਾਰ ਕੀਤਾ। ਗੁਰੂ ਨਾਨਕ ਦੀ ਪੰਜਵੀਂ ਜੋਤ ਨੇ "ਸਭ ਸੁਖਾਲੀ ਵੁਠੀਆਂ ਇਹ ਹੋਆ ਹਲੇਮੀ ਰਾਜ ਜੀਉ" ਕਹਿ ਕੇ ਇਸ ਮਾਨਵਤਾ ਵਾਦੀ ਵਿਚਾਰ ਧਾਰਾ ਨੂੰ ਅਗੇਰੇ ਤੋਰਿਆ।

ਤਾਂ ਹੀ ਦਸਵੇਂ ਨਾਨਕ ਸਾਹਿਬ ਇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਤੇ ਗਰੀਬ ਗੁਰਬਿਆਂ ਨੂੰ "ਸਰਦਾਰ ਤੇ ਪਾਤਸ਼ਾਹ" ਬਣਾਉਣ ਵਾਲੇ ਸੰਕਲਪ ਦੀ ਪੂਰਤੀ ਲਈ ਆਪਣਾ ਸਰਬੰਸ ਤਕ ਦਾਅ ਤੇ ਲਾ ਦਿੱਤਾ।

ਵੀਹਵੀਂ ਸਦੀ ਦੇ ਮਹਾਨ ਵਿਚਾਰਵਾਨ ਤੇ ਮਾਨਵਵਾਦੀ ਚਿੰਤਕ ਭਾਰਤੀ ਸੰਵਿਧਾਨ ਦੇ ਸਿਰਜਕ ਤੇ ਆਧੁਨਿਕ ਭਾਰਤ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਵਲੋਂ ਗੁਰੂ ਨਾਨਕ ਦੇ ਸੁਪਨਿਆਂ ਦਾ ਸਮਤਾ ਸਮਾਨਤਾ ਭਾਈਚਾਰੇ ਤੇ ਮਨੁੱਖੀ ਆਜ਼ਾਦੀਆਂ ਵਾਲਾ ਸਮਾਜ ਸਿਰਜਣ ਲਈ ਸੰਵਿਧਾਨਕ ਉਪਰਾਲਾ ਕੀਤਾ ਗਿਆ ਜੋ ਅਜੇ ਤੱਕ ਸਾਕਾਰ ਨਹੀਂ ਹੋ ਸਕਿਆ । ਜਿਸਨੂੰ ਸਾਕਾਰ ਕਰਨ ਲਈ ਸਾਂਝੇ ਯਤਨ ਤੇ ਜ਼ੋਰਦਾਰ ਸੰਘਰਸ਼ ਦੀ ਸਖਤ ਲੋੜ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੁਰੂ ਘਰ ਸ੍ਰੀ ਗੁਰੂ ਰਵਿਦਾਸ ਸਭਾ ਉਨਟਾਰੀਓ ਟੋਰਾਂਟੋ ਵਲੋਂ ਸੰਤ ਪ੍ਰਦੀਪ ਦਾਸ ਕਠਾਰ ਵਾਲਿਆਂ ਦਾ ਕੀਤਾ ਗਿਆ ਸਨਮਾਨ

**ਵੈਨਕੂਵਰ (ਕੁਲਦੀਪ ਚੁੰਬਰ)**– ਗੁਰੂ ਘਰ ਸ੍ਰੀ ਗੁਰੂ ਰਵਿਦਾਸ ਸਭਾ ਓੱਨਟਾਰੀਓ ਟੋਰਾਂਟੋ ਕਨੇਡਾ ਵਲੋਂ ਹਾਲ ਹੀ ਵਿੱਚ ਥੋੜੇ ਸਮੇਂ ਲਈ ਕੈਨੇਡਾ ਦੀ ਧਰਤੀ ਤੇ ਗੁਰੂ ਰਵਿਦਾਸ ਬਾਣੀ, ਮਿਸ਼ਨ ਪ੍ਰਚਾਰ ਲਈ ਪੁੱਜੇ ਸੰਤ ਪ੍ਰਦੀਪ ਦਾਸ ਕਠਾਰ ਵਾਲਿਆਂ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਤੌਰ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਕਿਹਾ ਕਿ ਮਹਾਂਪੁਰਸ਼ਾਂ ਦਾ ਸਨਮਾਨ ਸਤਿਕਾਰ ਕਰਨਾ ਸਾਡਾ ਮੁੱਢਲਾ ਫਰਜ਼ ਹੈ ਜੋ ਸਮਾਜ ਨੂੰ ਸਤਿਗੁਰਾਂ ਦੇ ਮਹਾਨ ਉਪਦੇਸ਼ਾਂ ਬਾਣੀ ਅਤੇ ਉਹਨਾਂ ਦੀ ਕ੍ਰਾਂਤੀਕਾਰੀ ਸੋਚ ਨਾਲ ਜੋੜ ਰਹੇ ਹਨ ।ਇਸ ਮੌਕੇ ਸੰਤ ਪ੍ਰਦੀਪ ਦਾਸ ਜੀ ਕਠਾਰ ਵਾਲੇ ਮਹਾਂਪੁਰਸ਼ਾਂ ਨੇ ਆਪਣੇ ਬਚਨ ਕਰਦਿਆਂ ਕਿਹਾ ਕਿ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਸਤਿਗੁਰੂ ਹਰੀ ਦਾਸ ਉਦਾਸੀਨ ਆਸ਼ਰਮ ਕਠਾਰ ਢੇਹਪੁਰ ਕੂਪੁਰ ਗੁਰੂ ਘਰ ਤੋਂ ਉਹ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਕਠਾਰ ਵਾਲਿਆਂ ਦੇ ਅਸ਼ੀਰਵਾਦ ਨਾਲ



ਕਨੇਡਾ ਦੀਆਂ ਸੰਗਤਾਂ ਦੇ ਦਰਸ਼ਨ ਕਰ ਰਹੇ ਹਨ ਅਤੇ ਉਹਨਾਂ ਦੇ ਮਨ ਵਿੱਚ ਬੜੀ ਖੁਸ਼ੀ ਤੇ ਚਾਅ ਹੈ ਕਿ ਸੰਗਤਾਂ ਇੱਥੇ ਮਹਾਂਪੁਰਸ਼ਾਂ ਦੀ ਬਾਣੀ ਦੇ ਨੇਕ ਉਪਦੇਸ਼ਾਂ ਨਾਲ ਜੁੜ ਕੇ ਆਪਣਾ ਜੀਵਨ ਸਫਲਾ ਕਰ ਰਹੀਆਂ ਹਨ ਅਤੇ ਦਿਨ ਰਾਤ ਆਪਣੀ ਮਿਹਨਤ ਕਰਕੇ ਗੁਰੂ ਪਾਤਸ਼ਾਹ ਦੇ ਦੱਸੇ ਦਸਾਂ ਨੌਹਾਂ ਦੀ ਕਿਰਤ ਕਮਾਈ ਵੀ ਕਰਕੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਹਨ। ਉਹਨਾਂ ਮਹਾਂਪੁਰਸ਼ਾਂ ਦਾ ਸਤਿਕਾਰ ਕਰਨ ਲਈ ਪ੍ਰਬੰਧਕ ਕਮੇਟੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ । ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਦੇ ਕੇ ਉਹਨਾਂ ਦਾ ਸਨਮਾਨ ਸਤਿਕਾਰ ਕੀਤਾ। ਉਹਨਾਂ ਨੇ ਇਸ ਮੌਕੇ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਅਤੇ ਧੰਨ ਧੰਨ ਸ਼੍ਰੋਮਣੀ ਰਹਿਬਰ ਸਤਿਗੁਰੂ ਨਾਮਦੇਵ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਵੀ ਸਮੂਹ ਸੰਗਤਾਂ ਨੂੰ ਮੁਬਾਰਕਾਂ ਦਿੱਤੀਆਂ । ਗੁਰੂ ਘਰ ਦੀ ਸਭਾ ਦੇ ਬੁਲਾਰੇ ਕੁਲਦੀਪ ਕੈਲੇ ਵਲੋਂ ਮਹਾਂਪੁਰਸ਼ਾਂ ਦਾ ਇੱਥੇ ਪੁੱਜਣ ਤੇ ਧੰਨਵਾਦ ਕੀਤਾ ਗਿਆ।

# ਦੱਖਣੀ ਕੈਲੀਫੋਰਨੀਆ ਵਿਚ ਜੰਗਲ ਨੂੰ ਲੱਗੀ ਅੱਗ ਨਾਲ ਕਈ ਘਰ ਤੇ ਹੋਰ ਇਮਾਰਤਾਂ ਤਬਾਹ, ਹਜਾਰਾਂ ਲੋਕ ਘਰ ਛੱਡ ਕੇ ਭੱਜੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਦੱਖਣੀ ਕੈਲੀਫੋਰਨੀਆ ਵਿਚ ਜੰਗਲ ਨੂੰ ਲੱਗੀ ਅੱਗ ਨਾਲ ਅਨੇਕਾਂ ਘਰ ਤੇ ਹੋਰ ਇਮਾਰਤਾਂ ਸੜ ਜਾਣ ਤੇ ਲੋਕਾਂ ਵੱਲੋਂ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ ਦੀ ਖਬਰ ਹੈ। ਜੰਗਲੀ ਅੱਗ ਬੁਝਾਉਣ ਸਬੰਧੀ ਰਾਜ ਦੀ ਏਜੰਸੀ ਕਾਲ ਫਾਇਰ ਅਨੁਸਾਰ ਤੇਜ਼ ਹਵਾਵਾਂ ਕਾਰਨ ਅੱਗ ਤੇਜੀ ਨਾਲ ਫੈਲ ਗਈ ਹੈ ਤੇ ਖੇਤਰ ਵਿਚ ਰਹਿ-ਦੇ 10000 ਤੋਂ ਵਧ ਲੋਕ ਆਪਣਾ ਘਰ ਬਾਰ ਛੱਡ ਕੇ ਹੋਰ ਥਾਵਾਂ 'ਤੇ ਜਾਣ ਲਈ ਮਜਬੂਰ ਹੋ ਗਏ ਹਨ। ਏਜੰਸੀ ਅਨੁਸਾਰ ਅੱਗ ਜੋ ਵੈਂਟੂਰਾ ਕਾਉਂਟੀ ਵਿਚ ਲਾਸ ਏਂਜਲਸ ਦੇ ਦੱਖਣ ਪੱਛਮੀ ਖੇਤਰ ਤੋਂ ਸ਼ੁਰੂ ਹੋਈ ਤੇ ਬਹੁਤ ਤੇਜੀ ਨਾਲ ਭਾਂਬੜ ਵਿਚ ਬਦਲ ਗਈ। ਹੁਣ ਤੱਕ 20000 ਏਕੜ ਤੋਂ ਵਧ ਰਕਬਾ ਸੜ ਚੁੱਕਾ ਹੈ। ਅਜੇ ਤੱਕ ਅੱਗ ਨੂੰ ਅੱਗੇ ਵਧਣ ਤੋਂ ਰੋਕਿਆ ਨਹੀਂ ਜਾ ਸਕਿਆ ਤੇ ਅੱਗ ਬੁਝਾਊ ਅਮਲਾ ਅੱਗ ਉਪਰ ਕਾਬੂ ਪਾਉਣ ਲਈ ਪੂਰੀ ਵਾਹ ਲਾ ਰਿਹਾ ਹੈ। ਏਜੰਸੀ ਅਧਿਕਾਰੀਆਂ ਨੇ ਕਿਹਾ ਹੈ ਕਿ ਅੱਗ ਫੈਲ ਜਾਣ ਕਾਰਨ ਹੋਰ ਖੇਤਰ ਵਿਚੋਂ ਵੀ ਲੋਕਾਂ ਨੂੰ ਸੁਰੱਖਿਅਤ



ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ। ਵੈਂਟੂਰਾ ਕਾਊਂਟੀ ਫਾਇਰ ਕੈਪਟਨ ਟਰੈਵਰ ਜੌਹਨਸਨ ਅਨੁਸਾਰ ਅੱਗ ਨਾਲ ਪ੍ਰਭਾਵਿਤ ਹੋਣ ਵਾਲੇ ਖੇਤਰ ਨੂੰ 12 ਜ਼ੋਨਾਂ ਵਿਚ ਵੰਡਿਆ ਗਿਆ ਹੈ ਜਿਨਾਂ ਵਿਚੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਹੈ। ਉਨਾਂ ਕਿਹਾ ਕਿ ਸਾਂਟਾ ਪਾਉਲਾ ਸ਼ਹਿਰ ਨੇੜੇ ਉੱਤਰ ਪੂਰਬੀ ਹਿੱਸੇ ਵਿੱਚ ਅੱਗ 'ਤੇ ਕਾਬੂ ਪਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ 20000 ਤੋਂ ਵਧ ਏਕੜ ਜੰਗਲ ਸੜ ਚੁੱਕਾ ਹੈ ਤੇ ਅੱਗ ਨੇ 6000 ਏਕੜ ਤੋਂ ਵਧ ਹੋਰ ਰਕਬਾ ਆਪਣੀ ਲਪੇਟ ਵਿਚ ਲੈ ਲਿਆ ਹੈ। ਉਨਾਂ ਹੋਰ ਕਿਹਾ ਕਿ ਅੱਗ ਨਾਲ ਹੋਏ ਨੁਕਸਾਨ ਦਾ ਅਨੁਮਾਨ ਲਾਉਣ ਅਜੇ ਅਸੰਭਵ ਹੈ। ਫਾਇਰ ਵਿਭਾਗ ਦੇ ਮੁੱਖੀ ਡਸਟਿਨ ਗਾਰਡਨਰ ਨੇ ਵੀਰਵਾਰ ਸਵੇਰੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅੱਗ ਲੱਗੀ ਨੂੰ 26 ਘੰਟੇ ਹੋ ਚੁੱਕੇ ਹਨ ਤੇ ਅੱਗ ਬਹੁਤ ਖਤਰਨਾਕ ਬਣ ਚੁੱਕੀ ਹੈ। ਉਨਾਂ ਕਿਹਾ ਕਿ ਰਾਜ ਭਰ ਦੇ ਘੱਟੋ ਘੱਟ 800 ਮੁਲਾਜ਼ਮ ਅੱਗ ਉਪਰ ਕਾਬੂ ਪਾਉਣ ਦਾ ਯਤਨ ਕਰ ਰਹੇ ਹਨ ਤੇ ਹੋਰ ਕਾਮਿਆਂ ਨੂੰ ਵੀ ਭੇਜਿਆ ਜਾ ਰਿਹਾ ਹੈ। ਅੱਗ ਬੁਝਾਉਣ ਲਈ ਜਹਾਜ਼ਾਂ ਤੇ ਹੈਲੀਕਾਪਟਰਾਂ ਦੀ ਵੀ ਮੱਦਦ ਲਈ ਜਾ ਰਹੀ ਹੈ।

# ਅਮਰੀਕਾ ਵਿਚ ਉਡਾਨ ਭਰਨ ਵੇਲੇ ਇਕ ਛੋਟਾ ਜਹਾਜ਼ ਤਬਾਹ, ਪਾਇਲਟ ਸਮੇਤ ਸਾਰੇ 5 ਵਿਅਕਤੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਐਰੀਜ਼ੋਨਾ ਦੇ ਇਕ ਹਵਾਈ ਅੱਡੇ ਤੋਂ ਉਡਾਨ ਭਰਨ ਵੇਲੇ ਧਾਤ ਦੀ ਵਾੜ ਤੇ ਇਕ ਕਾਰ ਨਾਲ ਟਕਰਾ ਕੇ ਇਕ ਛੋਟੇ ਜਹਾਜ਼ ਦੇ ਤਬਾਹ ਹੋ ਜਾਣ ਦੀ ਖਬਰ ਹੈ। ਨੈਸ਼ਨਲ ਟਰਾਂਸਪੋਰਟ ਸੇਫਟੀ ਬੋਰਡ ਅਨੁਸਾਰ ਇਹ ਹਾਦਸਾ ਫੋਨਿਕਸ ਦੇ ਪੂਰਬ ਵਿਚ ਤਕਰੀਬਨ 25 ਮੀਲ ਦੂਰ ਮੈਸਾ ਸ਼ਹਿਰ ਦੇ ਫਾਲਕੋਨ ਫੀਲਡ ਏਅਰਪੋਰਟ 'ਤੇ ਵਾਪਰਿਆ। ਜ਼ਮੀਨ 'ਤੇ ਡਿੱਗਣ ਉਪਰੰਤ ਜਹਾਜ਼ ਨੂੰ ਅੱਗ ਲੱਗ ਗਈ। ਮੈਸਾ ਫਾਇਰ ਐਂਡ ਮੈਡੀਕਲ ਡਿਪਾਰਟਮੈਂਟ ਦੇ ਬੁਲਾਰੇ ਮੈਰੀਸਾ ਰਾਮਿਰੇਜ਼ ਰਾਮੋਸ ਅਨੁਸਾਰ ਜਹਾਜ਼ ਵਿਚ ਸਵਾਰ ਪਾਇਲਟ ਸਮੇਤ ਸਾਰੇ 5 ਵਿਅਕਤੀਆਂ ਦੀ ਮੌਤ ਹੋ ਗਈ ਜਿਨਾਂ ਵਿਚ ਇਕ ਬੱਚਾ ਵੀ ਸ਼ਾਮਿਲ ਹੈ। ਮੈਸਾ ਪੁਲਿਸ ਵਿਭਾਗ ਨੇ 4 ਵਿਅਕਤੀਆਂ ਦੇ ਮੌਕੇ ਉਪਰ ਹੀ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ ਜਿਨਾਂ ਵਿਚ ਸਪੈਂਸਰ ਲਿੰਡਾਹੀ (43), ਰਸਟਿਨ ਰੈਂਡਾਲ (48), ਡਰੀਊ ਕਿੰਬਾਲ (44) ਤੇ ਗ੍ਰਾਹਾਮ ਕਿੰਬਾਲ (12) ਸ਼ਾਮਿਲ ਹਨ। ਪੁਲਿਸ ਦਾ ਕਹਿਣਾ ਹੈ ਕਿ ਪੰਜਵੇਂ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੁਲਾਰੇ ਨੇ ਕਿਹਾ ਹੈ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਹਾਦਸੇ ਵਿਚ ਕਾਰ ਦੇ ਡਰਾਈਵਰ ਦੀ ਵੀ ਮੌਤ ਹੋ ਗਈ ਹੈ ਜਿਸ ਦੀ ਪਛਾਣ ਨਹੀਂ ਹੋ ਸਕੀ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਕੈਬਨਿਟ ਮੰਤਰੀ ਡਾਕਟਰ ਰਵਜੋਤ ਸਿੰਘ ਵੱਲੋਂ ਸਰੀਰ ਦਾਨ ਲਈ ਪ੍ਰਣ ਕਰਨ ਵਾਲੇ ਮਹਿੰਦਰ ਸਿੰਘ ਆਲੋਵਾਲ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਆਲੋਵਾਲ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਦਾਰ ਮਹਿੰਦਰ ਸਿੰਘ ਸਰਕਲ ਇੰਚਾਰਜ ਸ਼ਾਮਚੁਰਾਸੀ ਵੱਲੋਂ ਆਪਣੀ ਮੌਤ ਉਪਰੰਤ ਮਾਨਵਤਾ ਦੀ ਸੇਵਾ ਹਿੱਤ ਡਾਕਟਰੀ ਸਿੱਖਿਆ ਖੋਜ ਲਈ ਆਪਣਾ ਸਰੀਰ ਦਾਨ ਕਰਨ ਦਾ ਐਲਾਨ ਕੀਤਾ। ਇਸ ਮਹਾਨ ਸੇਵਾ ਲਈ ਡਾਕਟਰ ਰਵਜੋਤ ਸਿੰਘ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਸਰਦਾਰ ਮਹਿੰਦਰ ਸਿੰਘ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਕਿਹਾ ਕਿ ਮਾਨਵਤਾ ਦੀ ਸੇਵਾ ਲਈ ਖ਼ੂਨ ਦਾਨ, ਨੇਤਰ ਦਾਨ ਅਤੇ ਸ਼ਰੀਰ ਦਾਨ ਕਰਨ ਵਾਲੀਆਂ ਸ਼ਖ਼ਸੀਅਤਾਂ ਵਧਾਈ ਦੀਆਂ ਪਾਤਰ ਹਨ। ਉਨ੍ਹਾਂ ਕਿਹਾ ਕਿ ਦੁੱਖੀ ਲੋਕਾਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਭਰਨ ਲਈ ਕਾਰਜ ਕਰਨੇ ਬਹੁਤ ਹੀ ਨੇਕ ਅਤੇ ਪਰਉਪਕਾਰੀ ਕਾਰਜ ਹੈ। ਉਨ੍ਹਾਂ ਨੇਤਰ ਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਭਰਭੂਰ ਸ਼ਲਾਘਾ ਕੀਤੀ ਅਤੇ ਕਿਹਾ ਇਸ ਸਮਾਜ ਸੇਵੀ ਸੰਸਥਾ ਦੇ ਹੁਸ਼ਿਆਰਪੁਰ ਦਾ ਨਾਮ ਦੇਸ਼ ਭਰ ਵਿੱਚ



ਰੋਸ਼ਨ ਕੀਤਾ ਹੈ।

ਇਸ ਮੌਕੇ ਤੇ ਨੇਤਰ ਦਾਨ ਐਸੋਸੀਏਸ਼ਨ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਕਿਹਾ ਕਿ ਨੇਤਰ ਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਪਿਛਲੇ 25 ਸਾਲਾਂ ਤੋਂ ਮਾਨਵਤਾ ਦੀ ਸੇਵਾ ਕਰ ਰਹੀ ਹੈ ਅਤੇ ਹਜ਼ਾਰਾਂ ਹੀ ਲੋਕ ਇਸ ਮਹਾਨ ਸੇਵਾ ਨਾਲ ਜੁੜ ਚੁੱਕੇ ਹਨ। ਉਨ੍ਹਾਂ ਕਿਹਾ ਨੇਤਰਦਾਨ ਐਸੋਸੀਏਸ਼ਨ ਕਿ ਸਾਡਾ ਮੁੱਖ ਉਦੇਸ਼ ਦੇਸ਼ ਨੂੰ ਨੇਤਰਹੀਣਤਾ ਤੋਂ ਮੁਕਤ ਕਰਨਾ ਹੈ ਤਾਂ ਕਿ ਹਰ ਪੁਤਲੀ ਦੀ ਖਰਾਬੀ ਕਾਰਨ ਹੋਏ ਨੇਤਰਹੀਣ ਦੀ ਜ਼ਿੰਦਗੀ ਨੂੰ ਰੋਸ਼ਨ ਕੀਤਾ ਜਾ ਸਕੇ। ਇਸ ਮੌਕੇ ਹਰਪ੍ਰੀਤ ਸਿੰਘ ਧਾਮੀ, ਗੁਰਪ੍ਰੀਤ ਸਿੰਘ, ਐਸ ਪੀ ਸ਼ਰਮਾ ਅਤੇ ਸਰਵਨ ਸਿੰਘ ਨੇ ਵੀ ਸ਼ਰੀਰ ਦਾਨ ਦਾ ਪ੍ਰਣ ਕਰਨ ਵਾਲੇ ਨੂੰ ਇਸ ਸੇਵਾ ਕਾਰਜ ਲਈ ਮੁਬਾਰਕਬਾਦ ਦਿੱਤੀ ਅਤੇ ਦੱਸਿਆ ਕਿ ਨੇਤਰ ਦਾਨ ਅਤੇ ਸ਼ਰੀਰ ਦਾਨ ਸਬੰਧੀ ਵਧੇਰੇ ਜਾਣਕਾਰੀ ਲਈ ਨੇਤਰ ਦਾਨ ਕੇਂਦਰ, ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਪਹੁੰਚ ਕੇ ਲਈ ਜਾ ਸਕਦੀ ਹੈ।

# ਗੁਰਜੋਤ ਸਮਰਾ ਨੇ 8ਵੀਂ ਵਾਰ ਪੂਰੀ ਮੈਰਾਥਨ ਦੌੜ ਕੇ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਜ਼ਿੰਦਗੀ ਤਾਂ ਵੈਸੇ ਹੀ ਦੌੜ ਦਾ ਨਾਂਅ ਹੈ, ਪਰ ਇਹ ਬਹੁਤਿਆਂ ਦੀ ਆਪਣੇ ਤੱਕ ਹੀ ਸੀਮਤ ਰਹਿ ਜਾਂਦੀ ਹੈ। ਵਿਦੇਸ਼ੀ ਮੁਲਕਾਂ ਦੇ ਸਮਾਜਿਕ ਕਾਰਜਾਂ ਦੇ ਵਿਚ ਲੋਕਾਂ ਦੀ ਸ਼ਮੂਲੀਅਤ ਕਰਵਾ ਕੇ ਜਿੱਥੇ ਉਨ੍ਹਾਂ ਨੂੰ ਤੰਦਰੁਸਤੀ ਦਾ ਪਾਠ ਪੜ੍ਹਾ ਦਿੱਤਾ ਜਾਂਦਾ ਹੈ, ਉਥੇ ਉਨ੍ਹਾਂ ਕੋਲੋਂ ਲੋੜਵੰਦਾਂ ਦੀ ਸਹਾਇਤਾ ਲਈ ਫੰਡ ਵੀ ਇਕੱਠਾ ਕਰਕੇ ਉਨ੍ਹਾਂ ਦੇ ਦਾਨਮੁਖੀ ਮਨ ਨੂੰ ਸਹਿਜ ਕਰ ਲਿਆ ਜਾਂਦਾ ਹੈ। ਮੈਰਾਥਨ ਦੌੜ ਕਰਾਉਣਾ ਇਸਦਾ ਹੀ ਇਕ ਰੂਪ ਹੈ। ਬੀਤੇ ਦਿਨੀਂ ਔਕਲੈਂਡ ਸਿਟੀ ਦੇ ਵਿਚ ਮੈਰਾਥਨ ਦੌੜ 'ਰਨ ਦੀ ਸਿਟੀ' ਦਾ ਆਯੋਜਿਨ ਹੋਇਆ। ਪੰਜਾਬੀਆਂ ਨੂੰ ਇਸ ਗੱਲ ਦੀ ਭਰਪੂਰ ਖੁਸ਼ੀ ਹੋਵੇਗੀ ਕਿ ਪੰਜਾਬੀ ਨੌਜਵਾਨ ਗੁਰਜੋਤ ਸਮਰਾ (41) ਨੇ ਇਸ ਵਾਰ ਫਿਰ ਇਸ ਵਿਚ ਭਾਗ ਲੈ ਕੇ ਜਿੱਥੇ ਪੂਰੀ ਮੈਰਾਥਨ ਦੌੜ (42।2 ਕਿਲੋਮੀਟਰ) ਪੂਰੀ ਕੀਤੀ। ਉਸਨੇ ਔਕਲੈਂਡ ਦੌੜ ਦੇ ਵਿਚ ਛੇਵੀਂ ਵਾਰ ਸ਼ਮੂਲੀਅਤ ਕਰਕੇ ਆਪਣੀਆਂ ਪੂਰੀਆਂ ਮੈਰਾਥਨ ਦੌੜਾਂ ਦੀ ਗਿਣਤੀ 8 ਕਰ ਲਈ। ਗੁਰਜੋਤ ਸਮਰਾ ਨੇ ਪੂਰੀ ਲਗਨ, ਅਭਿਆਸ ਅਤੇ ਸਵੈ-ਅਨੁਸ਼ਾਸਨ ਦੀ ਸ਼ਕਤੀ ਦਾ ਗੁਣ ਅੰਦਰ ਸਮੋਦਿਆਂ ਮੈਰਾਥਨ ਨੂੰ ਆਪਣੇ ਜੀਵਨ ਦਾ ਕੇਂਦਰੀ ਹਿੱਸਾ ਬਣਾਇਆ ਹੋਇਆ ਹੈ। ਉਸਦੀ ਨਿਰੰਤਰ ਭਾਗੀਦਾਰੀ ਨਾ ਸਿਰਫ ਇਸ ਦੌੜ ਲਈ ਉਸਦੇ ਜਨੂੰਨ ਨੂੰ ਪ੍ਰਗਟਾਉਂਦੀ ਹੈ ਬਲਕਿ ਆਪਣੇ ਆਪ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕਰ ਰਹੇ ਦੂਜੇ ਨੌਜਵਾਨਾਂ ਲਈ ਪ੍ਰੇਰਣਾ ਵਜੋਂ ਵੀ ਕੰਮ ਕਰਦੀ ਹੈ। ਉਨ੍ਹਾਂ ਤਜ਼ਰਬਾ ਸਾਂਝਾ ਕਰਦਿਆਂ ਕਿਹਾ ਕਿ "ਮੈਂ ਹਮੇਸ਼ਾ ਦੂਜਿਆਂ ਨੂੰ ਇਸ ਪ੍ਰਤੀ ਉਤਸ਼ਾਹਿਤ ਕਰਦਾ ਰਹਿੰਦਾ ਹਾਂ। ਮੈਰਾਥਨ ਦੌੜਨਾ ਸਿਰਫ਼ ਦੌੜ ਨੂੰ ਪੂਰਾ ਕਰਨ ਬਾਰੇ ਨਹੀਂ ਹੈ, ਇਹ ਤੁਹਾਡੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਅਤੇ ਇਹ ਦੇਖਣ ਬਾਰੇ ਹੈ ਕਿ ਤੁਸੀਂ ਕੀ ਪ੍ਰਾਪਤ ਕਰ ਸਕਦੇ ਹੋ।"




ਵਰਨਣਯੋਗ ਹੈ ਕਿ ਗੁਰਜੋਤ ਸਮਰਾ ਨੇ 2015 ਦੇ ਵਿਚ ਮੈਰਾਥਨ ਵਿਚ ਭਾਗ ਲੈਣਾ ਸ਼ੁਰੂ ਕੀਤਾ ਸੀ ਅਤੇ ਲਗਾਤਾਰ ਕਿਤੇ ਵੀ ਮੈਰਾਥਨ ਹੋਵੇ ਉਹ ਜਾਣ ਦਾ ਇਛੁੱਕ ਰਹਿੰਦਾ ਹੈ। ਹੁਣ ਤੱਕ ਉਹ 6 ਫੁੱਲ ਮੈਰਾਥਨ ਦੌੜਾਂ ਔਕਲੈਂਡ, 1 ਟਾਇਪੂ, 1 ਹਮਿਲਟਨ, 1 ਅਰਧ ਮੈਰਾਥਨ ਕਲਿਵਡਨ, 1 ਅਰਧ ਮੈਰਾਥਨ ਮਾਰਾਟਾਈ ਅਤੇ 1 ਅਰਧ ਮੈਰਾਥਨ ਟਾਇਪੂ ਵਿਖੇ ਪੂਰੀ ਕਰ ਚੁੱਕੇ ਹਨ। ਸ਼ਾਬਾਸ਼! ਗੁਰਜੋਤ ਸਮਰਾ ਜੀ, ਇਸੇ ਤਰ੍ਹਾਂ ਪ੍ਰੇਰਨਾ ਸ੍ਰੋਤ ਬਣਦੇ ਰਹੋ।

# 'ਬੁਲਡੋਜ਼ਰ ਐਕਸ਼ਨ' ਬਾਰੇ ਸੁਪਰੀਮ ਕੋਰਟ ਸਖ਼ਤ; ਬਿਨਾਂ ਸੁਣਵਾਈ ਜਾਇਦਾਦ ਢਾਹੁਣ ਨੂੰ ਗੈਰਸੰਵਿਧਾਨਕ ਦੱਸਿਆ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ 'ਬੁਲਡੋਜ਼ਰ ਨਿਆਂ' ਉੱਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਜਾਇਦਾਦਾਂ ਢਾਹੁਣ ਬਾਰੇ ਪੂਰੇ ਦੇਸ਼ ਵਿਚ ਲਾਗੂ ਹੋਣ ਵਾਲੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਸਰਬਉੱਚ ਕੋਰਟ ਨੇ ਕਿਹਾ ਕਿ ਕਾਰਜਪਾਲਿਕਾ ਦੇ ਅਧਿਕਾਰੀ ਜੱਜ ਨਹੀਂ ਬਣ ਸਕਦੇ, ਮੁਲਜ਼ਮ ਨੂੰ ਦੋਸ਼ੀ ਕਰਾਰ ਨਹੀਂ ਦੇ ਸਕਦੇ ਤੇ ਉਸ ਦਾ ਘਰ ਨਹੀਂ ਢਾਹ ਸਕਦੇ। ਸੁਪਰੀਮ ਕੋਰਟ ਨੇ ਕਿਹਾ ਕਿ ਪੀੜਤਾਂ ਜਾਇਦਾਦ/ਸੰਪਤੀ ਢਾਹੁਣ ਸਬੰਧੀ ਹੁਕਮਾਂ ਨੂੰ ਢੁੱਕਵੇਂ ਮੰਚ 'ਤੇ ਚੁਣੌਤੀ ਦੇਣ ਲਈ ਸਮਾਂ ਦੇਣਾ ਬਣਦਾ ਹੈ। ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 142 ਅਧੀਨ ਮਿਲੀਆਂ ਆਪਣੀਆਂ ਅਸਧਾਰਨ ਤਾਕਤਾਂ ਦੀ ਵਰਤੋਂ ਕਰਦੇ ਹੋਏ ਕਈ ਹੁਕਮ ਪਾਸ ਕੀਤੇ। ਉਂਝ ਸਰਬਉਚ ਕੋਰਟ ਨੇ ਨਾਲ ਹੀ ਸਪਸ਼ਟ ਕਰ ਦਿੱਤਾ ਕਿ ਇਹ ਜਨਤਕ ਥਾਵਾਂ 'ਤੇ ਅਣਅਧਿਕਾਰਤ ਢਾਂਚੇ 'ਤੇ ਲਾਗੂ ਨਹੀਂ ਹੋਣਗੇ।

ਜਸਟਿਸ ਬੀਆਰ ਗਵਈ ਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਕਿਹਾ ਕਿ ਲੋਕਾਂ ਦੇ ਘਰ ਸਿਰਫ਼ ਇਸ ਲਈ ਢਾਹ ਦਿੱਤੇ ਜਾਣ ਕਿ ਉਹ ਮੁਲਜ਼ਮ ਜਾਂ ਦੋਸ਼ੀ ਹਨ, ਤਾਂ ਇਹ ਪੂਰੀ ਤਰ੍ਹਾਂ ਗੈਰਸੰਵਿਧਾਨਕ ਹੋਵੇਗਾ। ਜਸਟਿਸ ਗਵਈ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਔਰਤਾਂ ਤੇ ਬੱਚੇ ਰਾਤ ਭਰ ਸੜਕਾਂ 'ਤੇ ਰਹਿਣ, ਇਹ ਕੋਈ ਚੰਗੀ ਗੱਲ ਨਹੀਂ ਹੈ। ਬੈਂਚ ਨੇ ਹੁਕਮ ਦਿੱਤਾ ਕਿ 'ਕਾਰਨ ਦੱਸੋ' ਨੋਟਿਸ ਦਿੱਤੇ ਬਗੈਰ ਕਿਸੇ ਤਰ੍ਹਾਂ ਦੀ ਭੰਨਤੋੜ ਨਾ ਕੀਤੀ ਜਾਵੇ ਤੇ ਨੋਟਿਸ ਜਾਰੀ ਕੀਤੇ ਜਾਣ ਦੇ 15 ਦਿਨਾਂ ਅੰਦਰ ਵੀ ਕਿਸੇ ਤਰ੍ਹਾਂ ਦੀ ਭੰਨਤੋੜ ਨਾ ਕੀਤੀ ਜਾਵੇ। ਬੈਂਚ ਨੇ ਕਿਹਾ ਕਿ ਜਾਇਦਾਦ/ਸੰਪਤੀ ਢਾਹੁਣ ਦੀ ਕਾਰਵਾਈ ਦੀ ਵੀਡੀਓਗ੍ਰਾਫ਼ੀ ਕਰਵਾਈ ਜਾਵੇ।

HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# 22% ਪੰਜਾਬੀ ਬੱਚਿਆਂ ਨੇ 78% ਨੂੰ ਆਖਿਆ 'ਆਓ ਪੰਜਾਬੀ ਵੀ ਸਿੱਖੀਏ'

## ਕੂਕ ਸਮਾਚਾਰ ਤੋਂ ਮੈਡਮ ਕੁਲਵੰਤ ਕੌਰ, ਰੇਡੀਓ ਸਪਾਈਸ ਤੋਂ ਸ. ਪਰਮਿੰਦਰ ਸਿੰਘ ਅਤੇ ਪੰਜਾਬ ਤੋਂ ਓਤੀਆਰੋਆ ਚੈਨਲ ਤੋਂ ਸ. ਹਰਜੋਤ ਸਿੰਘ ਪਹੁੰਚੇ

ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਦੇ ਵਿਚ 'ਪੰਜਵਾਂ ਪੰਜਾਬੀ ਭਾਸ਼ਾ' ਭਾਵੇਂ 7 ਦਿਨਾਂ ਦੇ ਜਸ਼ਨਾਂ ਨੂੰ ਦਰਸਾਉਂਦਾ ਹੈ, ਪਰ ਜਸ਼ਨ ਤਿੰਨ ਹਫਤਿਆਂ ਤੱਕ ਕਿਤੇ ਨਾ ਕਿਤੇ ਜਾਰੀ ਰਹਿਣੇ ਹਨ ਜੋ ਕਿ ਇਸ ਵੇਲੇ ਪੰਜਾਬ ਵਿਚ ਚੱਲ ਰਹੇ 'ਪੰਜਾਬੀ ਮਹੀਨੇ' ਦੇ ਨਾਲ ਆਪਣੀ ਸ਼ਮੂਲੀਅਤ ਦਾ ਪ੍ਰਤੀਕ ਹਨ। ਬੀਤੇ ਕੱਲ੍ਹ ਟਾਕਾਨੀਨੀ ਸਕੂਲ ਰੋਡ ਉਤੇ ਸਥਿੱਤ 'ਟਾਕਾਨੀਨੀ ਪ੍ਰਾਇਮਰੀ ਸਕੂਲ' 'ਚ 5ਵਾਂ ਪੰਜਾਬੀ ਭਾਸ਼ਾ ਹਫ਼ਤਾ ਮਨਾਇਆ ਗਿਆ। ਪੰਜਾਬੀ ਭਾਸ਼ਾ ਹਫ਼ਤੇ ਦਾ ਪ੍ਰੋਗਰਾਮ ਪੂਰੇ ਸਕੂਲ ਦੀ ਬਾਲ ਸਭਾ ਦੇ ਸਾਹਮਣੇ ਰੱਖਿਆ ਗਿਆ ਅਤੇ ਵੱਡੀ ਗਿਣਤੀ 'ਚ ਮਾਪੇ ਵੀ ਆਪਣੇ ਰਵਾਇਤੀ ਪਹਿਰਾਵੇ ਨਾਲ ਆਏ। ਪੰਜਾਬੀ ਭਾਸ਼ਾ ਹਫ਼ਤੇ ਲਈ ਪੇਸ਼ਕਾਰੀਆਂ ਦੇਣ ਵਾਲੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਰਵਾਇਤੀ ਕੱਪੜੇ ਪਾਏ ਹੋਏ ਸਨ। ਉਨ੍ਹਾਂ ਨੇ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਗਿੱਧਾ, ਭੰਗੜਾ, ਭਾਸ਼ਣ ਅਤੇ ਲੋਕ ਗੀਤ ਪੇਸ਼ ਕੀਤੇ। ਖਾਸ ਗੱਲ ਇਹ ਸੀ ਕਿ ਸਕੂਲ ਦੇ ਇਕ ਵਿਦਿਆਰਥੀ ਨੇ ਸਟੇਜ ਆਪ ਸੰਭਾਲੀ ਅਤੇ ਪੰਜਾਬੀ ਸਭਿਆਚਾਰ ਦਾ ਬਾਖੂਬੀ ਪ੍ਰਚਾਰ ਕੀਤਾ। ਸਰਦਾਰਨੀ ਅਮਨਦੀਪ ਕੌਰ ਵਿਰਕ (ਟਾਕਾਨੀਨੀ ਪ੍ਰਾਇਮਰੀ ਸਕੂਲ ਵਿੱਚ ਪਾਠਕ੍ਰਮ ਆਗੂ ਅਤੇ ਟੀਮ ਲੀਡਰ) ਨੇ ਪੰਜਾਬੀ ਮੀਡੀਆ ਨੂੰ ਜਾਣਕਾਰੀ ਦਿੱਤੀ ਕਿ ਸਕੂਲ 'ਚ 22 ਫੀਸਦੀ ਵਿਦਿਆਰਥੀ ਪੰਜਾਬੀ ਬੋਲਣ ਵਾਲੇ ਪਿਛੋਕੜ ਦੇ ਹਨ। ਪੰਜਾਬੀ ਭਾਸ਼ਾ ਹਫ਼ਤਾ ਇਸ ਸਕੂਲ ਵਿਖੇ ਮਨਾਇਆ ਜਾਣਾ ਇੰਝ ਹੈ ਜਿਵੇਂ ਸਕੂਲ ਦੇ 78% ਬੱਚਿਆਂ ਨੂੰ 22% ਨੇ ਆਖ ਦਿੱਤਾ ਹੋਵੇ ਕਿ 'ਆ ਪੰਜਾਬੀ ਸਿਖੀਏ'। ਕੂਕ ਪੰਜਾਬੀ ਸਮਾਚਾਰ ਵੱਲੋਂ ਤਿਆਰ ਕੀਵੀ ਪੰਜਾਬੀ ਵਰਣਮਾਲਾ ਕੈਲੰਡਰ ਵੰਡਿਆ ਗਿਆ, ਪੰਜਾਬੀ ਅੱਖਰਾਂ ਵਾਲਾ ਫ਼ੋਟੋ ਫਰੇਮ ਬੂਥ' ਤੋਹਫ਼ੇ ਵਜੋਂ ਪੇਸ਼ ਕੀਤਾ, ਜਿਸ ਦੀ ਅਧਿਆਪਕਾਵਾਂ ਬਹੁਤ ਤਾਰੀਫ ਕੀਤੀ। ਪੰਜਾਬੀ ਭਾਸ਼ਾ ਦੀ ਟੀਮ ਕੂਕ ਪੰਜਾਬੀ ਸਮਾਚਾਰ ਤੋਂ ਕੁਲਵੰਤ ਕੌਰ, ਇੰਦਰਜੀਤ ਕੌਰ, ਰੇਡੀ ਸਪਾਈਸ ਤੋਂ ਸ। ਪਰਮਿੰਦਰ ਸਿੰਘ ਪਾਪਾਟੋਏ-ਟੋਏ, ਹਰਜੋਤ ਸਿੰਘ ਪੰਜਾਬ ਤੋਂ ਤੀਆਰੋਆ ਅਤੇ ਪੰਜਾਬੀ ਹੈਰਲਡ (ਹਰਜਿੰਦਰ ਸਿੰਘ ਬਸਿਆਲਾ ਜੋ ਇਸ ਵੇਲੇ ਇੰਡੀਆ ਹਨ) ਨੇ ਸਕੂਲ 'ਚ ਪੰਜਵੇਂ ਪੰਜਾਬੀ ਭਾਸ਼ਾ ਹਫ਼ਤੇ ਮਨਾਉਣ ਦਾ ਮੌਕਾ ਪ੍ਰਦਾਨ ਕਰਨ ਲਈ ਸਮੂਹ ਸਕੂਲ ਸਟਾਫ਼ ਅਤੇ ਪ੍ਰਿੰਸੀਪਲ ਨੇ ਧੰਨਵਾਦ ਕੀਤਾ। ਇਸਦੇ ਨਾਲ ਹੀ ਬੱਚਿਆਂ, ਉਨ੍ਹਾਂ ਦੇ ਮਾਪਿਆਂ ਨੂੰ ਵੀ ਸਲਾਹਿਆ ਗਿਆ।






# ਪਾਪਾਟੋਏਟੋਏ ਡਮਿਨੋਜ਼ ਪੀਜ਼ਾ ਸਟੋਰ ਉਤੇ ਲੱਗ ਗਏ ਪੰਜਾਬੀ ਵਿਚ ਸਾਈਨ ਬੋਰਡ

ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਦੇ ਵਿਚ 'ਪੰਜਵਾਂ ਪੰਜਾਬੀ ਭਾਸ਼ਾ ਹਫ਼ਤਾ' (01 ਨਵੰਬਰ ਤੋਂ 07 ਨਵੰਬਰ 2024 ਤੱਕ) ਜਾਰੀ ਹੈ। ਇਸ ਸਬੰਧ ਦੇ ਵਿਚ ਜਿੱਥੇ ਕਈ ਤਰ੍ਹਾਂ ਦੇ ਸਮਾਗਮ ਹੋ ਰਹੇ ਹਨ, ਉਥੇ ਬੇਨਤੀ ਕੀਤੀ ਗਈ ਸੀ ਕਿ ਜੇਕਰ ਆਪਣੇ ਪੰਜਾਬੀ ਕਾਰੋਬਾਰੀ ਭਰਾ-ਭੈਣ ਆਪਣੇ ਬਿਜ਼ਨਸ ਉਤੇ ਲੱਗੇ ਬੋਰਡ ਨੂੰ ਪੰਜਾਬੀ ਦੇ ਵਿਚ ਵੀ ਲਿਖਵਾ ਸਕਣ। ਅਜਿਹਾ ਹੀ ਇਕ ਸਲਾਹੁਣਯੋਗ ਕਾਰਜ ਕੀਤਾ ਹੈ ਵੀਰ ਹਰਿੰਦਰ ਸਿੰਘ ਮਾਨ, ਪਿੰਡ ਰਈਆ ਖੁਰਦ ਜ਼ਿਲ੍ਹਾ ਅੰਮ੍ਰਿਤਸਰ ਵਾਲਿਆਂ ਨੇ। 2002 ਦੇ ਵਿਚ ਉਹ ਨਿਊਜ਼ੀਲੈਂਡ ਆਏ ਅਤੇ 2012 ਤੋਂ ਡਮਿਨੋਜ਼ ਪੀਜਾ ਸਟੋਰ ਦੇ ਬਿਜ਼ਨਸ ਵਿਚ ਹਨ। ਆਪਣੇ ਆਪਣੇ ਵੀਰ ਦਵਿੰਦਰ ਸਿੰਘ ਦੇ ਨਾਲ ਉਹ ਸਯੰਕੁਤ ਪਰਿਵਾਰ ਵਿਚ ਅੱਗੇ ਵਧ ਰਹੇ ਹਨ। ਇਸ ਵੇਲੇ ਇਹ ਚਾਰ ਸਟੋਰਾਂ ਦੇ ਮਾਲਕ ਹਨ ਅਤੇ ਪੰਜਾਬੀਆਂ ਦੀ ਰਾਜਧਾਨੀ ਪਾਪਾਟੋਏਟੋਏ ਵਾਲੇ ਡਮਿਨੋਜ਼ ਪੀਜਾ ਸਟੋਰ ਉਤੇ ਉਨ੍ਹਾਂ ਨੇ ਪੰਜਾਬੀ ਵਿਚ ਬੋਰਡ ਲਗਾ ਕੇ ਇਸ ਨੂੰ 5ਵੇਂ ਪੰਜਾਬੀ ਭਾਸ਼ਾ ਹਫ਼ਤੇ ਨੂੰ ਸਮਰਪਿਤ ਕੀਤਾ ਹੈ। ਇਹ ਸਟੋਰ 16 ਸੇਂਟ ਜੌਰਜ਼ ਸਟ੍ਰੀਟ ਪਾਪਾਟੋਏਟੋਏ ਉਤੇ ਸਥਿਤ ਹੈ। ਇਨ੍ਹਾਂ ਦੇ ਦਰਜਨਾਂ ਕਰਮਚਾਰੀਆਂ ਵਾਲੇ ਇਨ੍ਹਾਂ ਚਾਰਾਂ ਸਟੋਰਾਂ ਉਤੇ ਰੋਜ਼ਾਨਾ ਸੈਂਕੜੇ ਲੋਕ ਪੀਜੇ ਵਾਸਤੇ ਪਹੁੰਚਦੇ ਹਨ। ਪਾਪਾਟੋਏਟੋਏ ਸਟੋਰ ਉਤੇ ਪਹੁੰਚਣ ਵਾਲੇ ਜਰੂਰ ਪੰਜਾਬੀ ਦੇ ਵਿਚ ਬੋਰਡ ਵੇਖ ਕੇ ਦਿਲੋਂ ਖੁਸ਼ ਹੋਣਗੇ ਅਤੇ




ਅਪਣੱਤ ਮਹਿਸੂਸ ਕਰਨਗੇ। ਸਾਈਨ ਬੋਰਡ ਦੇ ਥੱਲੇ ਕੁਝ ਸਵਾਗਤੀ ਸ਼ਬਦ ਵੀ ਪੰਜਾਬੀ ਸਿਖਾਉਣ ਦੇ ਉਦੇਸ਼ ਨਾਲ ਲਿਖੇ ਗਏ ਹਨ ਅਤੇ 'ਜੀ ਆਇਆਂ ਨੂੰ' ਆਖਿਆ ਗਿਆ ਹੈ।

ਇਸ ਸਬੰਧੀ ਸ. ਹਰਿੰਦਰ ਸਿੰਘ ਮਾਨ ਹੋਰਾਂ ਨੇ ਕਿਹਾ ਕਿ ''ਜਿਵੇਂ ਹਰ ਕੋਈ ਜਾਣਦਾ ਹੈ ਕਿ 'ਪੰਜਾਬੀ ਹੈਰਲਡ ਅਖਬਾਰ', 'ਰੇਡੀ ਸਪਾਈਸ', 'ਕੂਕ ਸਮਾਚਾਰ', 'ਡੇਲੀ ਖਬਰ' ਅਤੇ ਹੋਰ ਅਦਾਰਿਆਂ ਦੇ ਸਹਿਯੋਗ ਨਾਲ ਪੰਜਵਾਂ ਪੰਜਾਬੀ ਭਾਸ਼ਾ ਹਫ਼ਤਾ ਮਨਾਇਆ ਜਾ ਰਿਹਾ ਹੈ, ਮੈਂ ਇਸ ਜਸ਼ਨ ਨੂੰ ਆਪਣੀ ਮਾਂ ਬੋਲੀ ਪੰਜਾਬੀ ਪ੍ਰਤੀ ਸਨਮਾਨ ਪੈਦਾ ਕਰਨ ਦਾ ਵਧੀਆ ਮੌਕਾ ਮੰਨਦਾ ਹਾਂ। ਮੈਨੂੰ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਣ-ਲਿਖਾਉਣ ਵਾਲੇ ਕਿਸੇ ਵੀ ਪੰਜਾਬੀ ਸਕੂਲ ਜਾਂ ਸੰਸਥਾ ਦਾ ਸਮਰਥਨ ਕਰਨ ਵਿੱਚ ਹਮੇਸ਼ਾ ਖੁਸ਼ੀ ਹੋਵੇਗੀ। ਜੇਕਰ ਕੋਈ ਸਕੂਲ ਜਾਂ ਸੰਸਥਾ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਲਗਵਾ ਰਹੀ ਹੈ ਤਾਂ ਉਹ ਮੇਰੇ ਨਾਲ 021 309 980 'ਤੇ ਸੰਪਰਕ ਕਰ ਸਕਦੇ ਹਨ।- ਤੁਹਾਡਾ ਧੰਨਵਾਦ!-ਹਰਿੰਦਰ ਮਾਨ।''




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਲੋਕਾਂ ਖਿਲਾਫ਼ ਜੰਗ ਨੂੰ ਲੋਕ ਹੀ ਹਰਾ ਸਕਦੇ ਨੇ: ਅਰੁੰਧਤੀ ਰਾਏ, ਲੋਕਾਂ ਦੀ ਆਵਾਜ਼ ਬਣਨ ਹੀ ਮੀਡੀਆ ਦਾ ਫਰਜ਼ ਹੁੰਦੈ: ਪ੍ਰਬੀਰ

## ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਲਹਿਰਾਇਆ ਗ਼ਦਰੀ ਝੰਡਾ, ਝੰਡੇ ਦੇ ਗੀਤ ਨੇ ਗੱਡੇ ਝੰਡੇ

**ਜਲੰਧਰ–** ਮੇਲਿਆਂ ਦੀ ਧਰਤੀ ਪੰਜਾਬ ਦੇ ਸ਼ਹਿਰ ਜਲੰਧਰ ਲੱਗਿਆ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਦੇਵ ਅਰਸ਼ੀ ਵੱਲੋਂ ਗ਼ਦਰੀ ਪਾਰਟੀ ਦਾ ਝੰਡਾ ਲਹਿਰਾਉਣ ਨਾਲ ਤੀਜੇ ਅਤੇ ਆਖ਼ਰੀ ਦਿਨ 'ਚ ਸ਼ਾਮਲ ਹੋਇਆ। ਹਰਦੇਵ ਅਰਸ਼ੀ ਹੋਰਾਂ ਵੱਲੋਂ ਝੰਡਾ ਲਹਿਰਾਏ ਜਾਣ ਮੌਕੇ ਉਹਨਾਂ ਨਾਲ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਮੇਲੇ 'ਚ ਪੁੱਜੇ ਸਮੂਹ ਕਮੇਟੀ ਮੈਂਬਰ ਸ਼ਾਮਲ ਸਨ।



ਇਸ ਮੌਕੇ ਸਾਮਰਾਜਵਾਦ-ਮੁਰਦਾਬਾਦ! ਫ਼ਿਰਕੂ ਫਾਸ਼ੀ ਹੱਲਾ ਮੁਰਦਾਬਾਦ! ਗ਼ਦਰੀ ਬਾਬਿਆਂ ਦਾ ਪੈਗ਼ਾਮ, ਜਾਰੀ ਰੱਖਣਾ ਹੈ ਸੰਗਰਾਮ! ਨਾਅਰੇ ਗੂੰਜਦੇ ਰਹੇ। ਗ਼ਦਰੀ ਝੰਡੇ 'ਤੇ ਫੁੱਲਾਂ ਦੀ ਵਰਖਾ ਹੁੰਦੀ ਰਹੀ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੀ ਆਇਆਂ ਨੂੰ ਸ਼ਬਦ ਕਹਿੰਦੇ ਹੋਏ ਕਿਹਾ ਕਿ ਦੇਸ਼ ਭਗਤ ਯਾਦਗਾਰ ਲੋਕਾਂ ਦਾ ਹੈ। ਇਹ ਮੇਲਾ ਵੀ ਲੋਕਾਂ ਦੁਆਰਾ ਲੋਕਾਂ ਲਈ ਹੈ। ਉਹਨਾਂ ਕਿਹਾ ਕਿ ਮੇਲਾ ਹਰ ਸਾਲ ਨਵੀਆਂ ਪਿਰਤਾਂ ਪਾ ਰਿਹਾ ਹੈ।

ਕਮੇਟੀ ਮੈਂਬਰ ਹਰਦੇਵ ਅਰਸ਼ੀ ਨੇ ਗ਼ਦਰ ਪਾਰਟੀ ਦੇ ਮੂਲ ਪ੍ਰੋਗਰਾਮ, ਉਦੇਸ਼ਾਂ ਅਤੇ ਅਧੂਰੇ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਹੀ ਅੱਜ ਦਾ ਮੇਲਾ ਕਾਰਪੋਰੇਟ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਜੂਝਦੀਆਂ ਲੋਕ ਲਹਿਰਾਂ ਨੂੰ ਸਮਰਪਤ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸਾਮਰਾਜ ਅਤੇ ਫ਼ਿਰਕਾਪ੍ਰਸਤੀ ਵਿਰੋਧੀ ਸਾਰੀਆਂ ਜਮਹੂਰੀ ਤਾਕਤਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਗ਼ਦਰੀ ਦੇਸ਼ ਭਗਤਾਂ ਦਾ ਪ੍ਰੋਗਰਾਮ ਅੱਜ ਹੋਰ ਵੀ ਪ੍ਰਸੰਗਕ ਹੈ। ਉਹਨਾਂ ਕਿਹਾ ਕਿ ਦਿਨੋ-ਦਿਨ ਤੇਜ਼ ਹੋ ਰਿਹਾ ਆਰਥਕ ਅਤੇ ਫ਼ਿਰਕੂ ਫਾਸ਼ੀ ਹੱਲਾ ਸਾਡਾ ਧਿਆਨ ਖਿੱਚਦਾ ਹੈ। ਸਾਨੂੰ ਜਾਗਣ ਦੀ ਲੋੜ ਹੈ।

33ਵੇਂ ਮੇਲੇ 'ਤੇ ਅਮੋਲਕ ਸਿੰਘ ਦਾ ਲਿਖਿਆ, ਸੱਤਪਾਲ ਬੰਗਾ (ਪਟਿਆਲਾ) ਦਾ ਨਿਰਦੇਸ਼ਤ ਕੀਤਾ ਝੰਡੇ ਦਾ ਗੀਤ ਸੰਗੀਤ ਓਪੇਰਾ,'ਮੇਲਾ ਕੀ ਕਹਿੰਦੈ' ਕੋਈ 100 ਕਲਾਕਾਰਾਂ ਨੇ ਜਦੋਂ ਪੇਸ਼ ਕੀਤਾ ਤਾਂ ਇੱਕ ਵਾਰ ਤਾਂ ਸਮਾਂ ਬੰਨ੍ਹ ਦਿੱਤਾ। ਪੌਣਾ ਘੰਟਾ ਲੋਕ, ਟਿਕਟਿਕੀ ਲਗਾ ਕੇ ਦੇਖਦੇ ਅਤੇ ਵਾਰ-ਵਾਰ ਤਾੜੀਆਂ ਗੁੰਜਾਉਂਦੇ ਰਹੇ।

ਇਸ ਸੈਸ਼ਨ ਦੇ ਮੰਚ ਸੰਚਾਲਕ ਅਤੇ ਝੰਡੇ ਦੇ ਗੀਤ ਦੇ ਲੇਖਕ ਅਮੋਲਕ ਸਿੰਘ ਨੇ ਵਰਕਸ਼ਾਪ ਵਿੱਚ ਸ਼ਾਮਲ ਕਲਾਕਾਰ ਮੁੰਡੇ-ਕੁੜੀਆਂ ਦੀ ਮਿਹਨਤ ਅਤੇ ਪਰਿਵਾਰਾਂ ਦੇ ਸਾਥ ਦੀ ਤਾਰੀਫ਼ ਕਰਦਿਆਂ ਉਹਨਾਂ ਦੀ ਉਹਨਾਂ ਦੇ ਪਰਿਵਾਰਾਂ ਦੀ ਭੂਮਿਕਾ ਦਾ ਸਨਮਾਨ ਕੀਤਾ।

ਵਿਸ਼ਵ ਪ੍ਰਸਿੱਧ ਵਿਦਵਾਨ, ਅਰੁੰਧਤੀ ਰਾਏ ਨੇ ਆਪਣੀ ਤਕਰੀਰ ਦੀ ਸ਼ੁਰੂਆਤ ਪੰਜਾਬ ਦੀ ਸੰਘਰਸ਼ਸ਼ੀਲ ਧਰਤੀ ਨੂੰ ਸਲਾਮ ਕਰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਕਿਸਾਨ ਅੰਦੋਲਨ ਹੋਵੇ ਚਾਹੇ ਮੇਰੇ ਉਪਰ ਯੂ.ਏ.ਪੀ.ਏ. ਲਗਾ ਕੇ ਜੇਲ੍ਹ ਸੁੱਟਣ ਦੇ ਯਤਨ ਨੂੰ ਨਾਕਾਮ ਕਰਨ ਲਈ ਵੀ ਪੰਜਾਬ ਦੀ ਆਵਾਜ਼ ਲਾ-ਮਿਸਾਲ ਭੂਮਿਕਾ ਨਿਭਾਈ।



ਉਹਨਾਂ ਕਿਹਾ ਕਿ ਅੱਜ ਪੇਸ਼ ਹੋਇਆ ਗੀਤ ਨਾਟ ਓਪੇਰਾ 'ਝੰਡੇ ਦੇ ਗੀਤ' ਨੇ ਮੈਨੂੰ ਐਨਾ ਪ੍ਰਭਾਵਿਤ ਕੀਤਾ ਕਿ ਮੈਂ ਸਾਰਾ ਸਮਾਂ ਰੋਂਦੀ ਅਤੇ ਸੋਚਦੀ ਰਹੀ ਕਿ ਫ਼ਲਸਤੀਨ ਬਾਰੇ ਹਰੇਕ ਕੋਈ ਆਵਾਜ਼ ਨਹੀਂ ਉਠਾਉਂਦਾ, ਜਿਵੇਂ ਗੀਤ ਵਿੱਚ ਬੁਲੰਦ ਆਵਾਜ਼ ਉਠਾਈ ਗਈ।

ਅਰੁੰਧਤੀ ਨੇ ਕਿਹਾ ਕਿ ਸਾਡੇ ਮੁਲਕ ਦੇ ਇਕੋ ਵੇਲੇ ਦੋ ਤਾਲ਼ੇ ਖੋਲ੍ਹੇ ਗਏ। ਇੱਕ ਬਾਬਰੀ ਮਸਜਦ ਦਾ ਅਤੇ ਦੂਜਾ ਸਾਮਰਾਜੀ ਬਹੁ-ਕੌਮੀ ਕੰਪਨੀ ਲਈ ਆਰਥਕ ਲੁੱਟ ਕਰਨ ਦੀਆਂ ਖੁੱਲ੍ਹਾਂ ਦਾ।

ਉਹਨਾਂ ਜ਼ੋਰ ਦੇ ਕੇ ਕਿਹਾ ਕਿ ਫ਼ਿਰਕੂ ਫਾਸ਼ੀ ਹੱਲਾ ਫੇਰ ਹੀ ਕਾਮਯਾਬ ਹੁੰਦਾ ਹੈ ਜਦੋਂ ਲੋਕ-ਦੋਖੀ ਤਾਕਤਾਂ ਲੋਕਾਂ ਨੂੰ ਗੁੰਮਰਾਹ ਕਰਕੇ ਮੂਲਵਾਦੀ ਤਾਕਤਾਂ ਉਸ ਜੰਗ ਵਿੱਚ ਲਹਿੱਸੇਦਾਰ ਬਣਾਉਣ ਲੱਗ ਜਾਂਦੀਆਂ ਹਨ।

ਮੇਲੇ ਦੇ ਦੂਸਰੇ ਮੁੱਖ ਵਕਤਾ ਡਾ. ਪ੍ਰਬੀਰ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਾਡੇ ਮੀਡਿਆ ਨਿਊਜ਼ ਕਲਿੱਕ ਦੀ ਆਵਾਜ਼ ਬੰਦ ਕਰਨ ਦੀ ਇਸ ਕਰਕੇ ਕੋਸ਼ਿਸ਼ ਕੀਤੀ ਗਈ ਕਿਉਂਕਿ ਉਹ ਲੋਕਾਂ ਦੀ ਆਵਾਜ਼ ਬਣਨ ਲਈ ਹਮੇਸ਼ਾਂ ਹੀ ਸੁਹਿਰਦ ਰਿਹਾ ਹੈ। ਸਥਾਪਤੀ ਨੂੰ ਅਕਸਰ ਹੀ ਇਹ ਭੁਲੇਖਾ ਹੁੰਦਾ ਹੈ ਕਿ ਮੀਡਿਆ ਉਹੀ ਕਹੇ ਜੋ ਉਨ੍ਹਾਂ ਨੂੰ ਪ੍ਰਵਾਨ ਹੁੰਦਾ ਹੈ ਪਰ ਇੰਜ ਨਹੀਂ ਹੁੰਦਾ ਹੈ। ਮੈਂ ਪਹਿਲਾਂ ਐਮਰਜੈਂਸੀ ਦੌਰ ਵਿੱਚ ਵੀ ਹਕੂਮਤੀ ਹੱਲੇ ਦਾ ਸ਼ਿਕਾਰ ਹੋਇਆ ਤੇ ਹੁਣ ਵਾਲੀ ਹਕੂਮਤ ਨੇ ਵੀ ਮੇਰੀ ਕਲਮ ਨੂੰ ਨਿਸ਼ਾਨਾ ਬਣਾਇਆ। ਇਹ ਵਰਤਾਰਾ ਦਰਸਾਉਂਦਾ ਹੈ ਕਿ ਮੋਦੀ ਹਕੂਮਤ ਦਾ ਬਦਲ ਕੋਈ ਵੀ ਹਾਕਮ ਜਮਾਤੀ ਗਠਜੋੜ ਨਹੀਂ ਸਿਰਫ਼ ਲੋਕ ਹੀ ਇਸ ਦਾ ਬਦਲ ਹੋ ਸਕਦੇ ਹਨ।

ਇਸ ਸੈਸ਼ਨ 'ਚ ਖਾਲਸਾ ਸਕੂਲ ਗੜ੍ਹਦੀਵਾਲ ਦੇ ਗੁਰਪਿੰਦਰ ਸਿੰਘ ਅਤੇ ਸਾਥੀਆਂ ਤੋਂ ਇਲਾਵਾ ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ) ਨੇ ਗੀਤਾਂ ਦਾ ਰੰਗ ਭਰਿਆ। ਸ਼ਾਮ 4 ਵਜੇ ਹੋਈ ਵਿਚਾਰ-ਚਰਚਾ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿੱਚ ਖੇਤੀ, ਪਾਣੀ ਅਤੇ ਵਾਤਾਵਰਣ ਸੰਕਟ ਉਪਰ ਕਮੇਟੀ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਵਿਚਾਰ-ਚਰਚਾ ਦੀ ਸ਼ੁਰੂਆਤ ਕੁਲਦੀਪ ਵਾਲੀਆ ਦੀ ਕਵਿਤਾ ਨਾਲ ਹੋਈ। ਇਸ ਵਿਚਾਰ-ਚਰਚਾ ਵਿੱਚ ਕਮੇਟੀ ਮੈਂਬਰ ਜਗਰੂਪ, ਕੁਲਵੰਤ ਸਿੰਘ ਸੰਧੂ, ਸੀਤਲ ਸਿੰਘ ਸੰਘਾ, ਰਮਿੰਦਰ ਪਟਿਆਲਾ, ਵਿਜੈ ਬੰਬੇਲੀ ਅਤੇ ਡਾ. ਪਰਮਿੰਦਰ ਸ਼ਾਮਲ ਸਨ। ਇਨ੍ਹਾਂ ਚਿੰਤਕਾਂ ਨੇ ਪੰਜਾਬ ਦੇ ਡੂੰਘੇ ਹੁੰਦੇ ਜਾ ਰਹੇ ਕਿਸਾਨੀ ਦੇ ਸੰਕਟ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਚੜ੍ਹੀ ਸਰਕਾਰ ਦੇ ਨਾਹ-ਪੱਖੀ ਰਵੱਈਏ 'ਤੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਇਸ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੀ ਲੋੜ ਤੋਂ ਜ਼ਿਆਦਾ ਹੋ ਰਹੀ ਖਪਤ ਲਈ ਸਰਕਾਰ ਦੇ ਨਹਿਰੀ ਪਾਣੀ ਨਾ ਮੁਹੱਈਆ ਕਰਾਉਣ ਨੂੰ ਕਿਸਾਨੀ ਨੂੰ ਬਦਨਾਮ ਕਰਨ ਵਾਲੀ ਸਾਜ਼ਿਸ਼ ਦਾ ਹਿੱਸਾ ਦੱਸਿਆ। ਜ਼ਹਿਰੀਲੀ ਹੁੰਦਾ ਜਾ ਰਹੀ ਮਿੱਟੀ ਤੋਂ ਇਨਸਾਨੀ ਸਿਹਤ 'ਤੇ ਪੈਂਦੇ ਅਤਿਅੰਤ ਬੁਰੇ ਪ੍ਰਭਾਵ ਨੂੰ ਉਭਾਰਦਿਆਂ ਉਨ੍ਹਾਂ ਨੇ ਵਾਤਾਵਰਨ ਦੀ ਸੰਭਾਲ ਲਈ ਜ਼ਿੰਮੇਵਾਰ ਸੰਸਥਾਵਾਂ ਨੂੰ ਵਧੇਰੇ ਸੰਵੇਦਨਸ਼ੀਲ ਲਈ ਹੋਣ ਲਈ ਤਕੀਦ ਕੀਤੀ। ਸਮਾਗਮ ਦੇ ਅੰਤ ਵਿੱਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਸਭ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੇ ਭੂਮਿਕਾ ਪ੍ਰੋ. ਗੋਪਾਲ ਬੁਟਰ ਨੇ ਅਦਾ ਕੀਤੀ।

# ਸਰਹੱਦਾ ਦੇ ਨਾਲ ਲਗਦੇ ਪਿੰਡਾਂ ਦੀਆਂ ਜੋ ਸਮੱਸਿਆਵਾਂ ਸਾਹਮਣੇ ਆਈਆਂ ਹਨ ਪਹਿਲ ਦੇ ਅਧਾਰ ਤੇ ਉਨ੍ਹਾਂ ਨੂੰ ਕੀਤਾ ਜਾਵੇਗਾ ਹੱਲ: ਗਵਰਨਰ ਪੰਜਾਬ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਹਿੰਦ ਪਾਕ ਸਰਹੱਦ ਦੇ ਨਾਲ ਲਗਦੇ ਖੇਤਰ ਬਮਿਆਲ ਵਿਖੇ ਮਹਾਰਾਣਾ ਪ੍ਰਤਾਪ ਸੀਨੀਅਰ ਸੈਕੰਡਰੀ ਆਦਰਸ ਵਿਦਿਆਲਿਆ ਮਨਵਾਲ ਮੰਗਵਾਲ ਵਿਖੇ ਵੀ।ਡੀ।ਸੀਜ (ਵਿਲਜ ਡਿਫੈਂਸ ਕਮੇਟੀਆਂ) ਦਾ ਇੱਕ ਵਿਸ਼ੇਸ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਤੇ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕੇ ਸਿਵਾ ਪ੍ਰਸਾਦ ਵਧੀਕ ਮੁੱਖ ਸਕੱਤਰ ਪੰਜਾਬ, ਸ੍ਰੀ ਵੀ.ਕੇ. ਮੀਨਾ ਪ੍ਰਿੰਸੀਪਲ ਸਕੱਤਰ ਪੰਜਾਬ, ਸ੍ਰੀ ਨੀਲ ਕੰਠ ਅਵਧ ਪ੍ਰਭਾਰੀ ਸਕੱਤਰ ਪਠਾਨਕੋਟ, ਪ੍ਰਦੀਪ ਸੱਭਰਵਾਲ ਡਵੀਜਨਲ ਕਮਿਸਨਰ ਜਲੰਧਰ, ਅਨਿਲ ਚੋਹਾਣ ਸੈਕੰਡ ਇੰਨ ਕਮਾਂਡ ਸੀਮਾ ਸੁਰੱਖਿਆ ਬਲ, ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ ਅਤੇ ਹੋਰ ਵਿਸ਼ੇਸ ਮਹਿਮਾਨ ਵੀ ਹਾਜ਼ਰ ਸਨ।




ਜਿਕਰਯੋਗ ਹੈ ਕਿ ਅੱਜ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਜਿਲ੍ਹਾ ਪਠਾਨਕੋਟ ਵਿੱਚ ਹਿੰਦ ਪਾਕ ਸਰਹੱਦ ਦੇ ਨਾਲ ਲਗਦੇ ਪਿੰਡਾਂ ਵਿੱਚ ਵੀ.ਡੀ.ਸੀ. ਨਾਲ ਵਿਸ਼ੇਸ ਮੀਟਿੰਗ ਕਰਨ ਪਹੁੰਚੇ ਸਨ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਹਿੰਦ ਪਾਕ ਸਰਹੱਦ ਦਾ ਦੌਰਾ ਵੀ ਕੀਤਾ ਗਿਆ। ਵੀ.ਡੀ.ਸੀ. ਨਾਲ ਮੀਟਿੰਗ ਕਰਦਿਆਂ ਉਨ੍ਹਾਂ ਵੀ.ਡੀ.ਸੀ. ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਪੰਜਾਬ ਪੁਲਿਸ ਵੱਲੋਂ ਐਸ. .ਜੀ. ਅਤੇ ਕਿਊ.ਆਰ.ਟੀ. ਵੱਲੋਂ ਲਗਾਈਆਂ ਪਰਦਰਸਨੀਆਂ, ਬਾਗਬਾਨੀ ਵਿਭਾਗ, 121 ਬਟਾਲੀਅਨ ਬੀ.ਐਸ.ਐਫ. ਵੱਲੋਂ ਲਗਾਈਆਂ ਪ੍ਰਦਰਸ਼ਨੀਆਂ, ਸੈਲਫ ਹੈਲਪ ਗਰੁਪ ਅਤੇ ਖੇਤੀ ਬਾੜੀ ਵਿਭਾਗ ਵੱਲੋਂ ਲਗਾਈਆਂ ਪ੍ਰਦਰਸ਼ਨੀਆਂ ਦਾ ਜਾਇਜ਼ ਵੀ ਲਿਆ ।

ਸਮਾਰੋਹ ਦਾ ਅਰੰਭ ਰਾਰਾਸ਼ਟਰੀ ਗਾਣ ਨਾਲ ਕੀਤਾ ਗਿਆ, ਜਿਲ੍ਹਾ ਪ੍ਰਸਾਸਨ ਵੱਲੋਂ ਮੁੱਖ ਮਹਿਮਾਨ ਦਾ ਪਠਾਨਕੋਟ ਪਹੁੰਚਣ ਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਡਿਪਟੀ ਕਮਿਸਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ ਵੱਲੋਂ ਮੁੱਖ ਮਹਿਮਾਨ ਦਾ ਵਿਸ਼ੇਸ ਤੌਰ ਤੇ ਸਵਾਗਤ ਕੀਤਾ ਗਿਆ। ਸ. ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਬਣਾਈਆਂ ਗਈਆਂ ਗ੍ਰਾਮੀਣ ਸੁਰੱਖਿਆ ਸਮਿਤੀਆਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਤੇ ਰੋਸਨੀ ਪਾਈ। ਇਸ ਮੌਕੇ ਤੇ ਸੰਬੋਧਤ ਕਰਦਿਆਂ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆਂ ਨੇ ਕਿਹਾ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅੰਦਰ ਹਿੰਦ ਪਾਕ ਸਰਹੱਦ ਦੇ ਨਾਲ ਲਗਦੇ ਪਿੰਡਾਂ ਦਾ ਦੌਰਾ ਕਰ ਰਹੇ ਹਨ ਅਤੇ ਵੀ.ਡੀ.ਸੀਜ ਨਾਲ ਮੀਟਿੰਗਾਂ ਕਰ ਰਹੇ ਹਨ ਅਤੇ ਅੱਜ ਪਠਾਨਕੋਟ ਵਿਖੇ ਪਹੁੰਚਣ ਤੇ ਲੱਗਾ ਕਿ ਗ੍ਰਾਮੀਣ ਸੁਰੱਖਿਆ ਸਮਿਤੀਆਂ ਦੇ ਮੈਂਬਰ ਅਪਣੇ ਕਾਰਜਾਂ ਨੂੰ ਲੈ ਕੇ ਕਾਫੀ ਸਚੇਤ ਹਨ। ਇਸ ਮੌਕੇ ਤੇ ਉਨ੍ਹਾਂ ਵੀ.ਡੀ.ਸੀ. ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ ਜੋ ਜਲਦੀ ਹੱਲ ਹੋ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਕੀਤਾ ਜਾਵੇਗਾ, ਜੋ ਵੱਡੇ ਪ੍ਰੋਜੈਕਟ ਲਗਾਉਂਣ ਦੀ ਗੱਲ ਹੈ ਇਸ ਦੀ ਤਜਵੀਜ ਬਣਾ ਕੇ ਸਰਕਾਰ ਨੂੰ ਭੇਜੀ ਜਾਵੇਗੀ ਮਨਜ਼ੂਰੀ ਮਿਲਣ ਤੇ ਕੰਮ ਸੁਰੂ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਕਿਸੇ ਵੀ ਕਾਰਜ ਨੂੰ ਉਸ ਸਮੇਂ ਤੱਕ ਪੂਰਾ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਜਨਤਾ ਅਪਣਾ ਪੂਰਨ ਸਹਿਯੋਗ ਨਹੀਂ ਦਿੰਦੀ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਨ ਦਾ ਉਦੇਸ਼ ਵੀ ਇਹ ਹੀ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣ ਉਨ੍ਹਾਂ ਨੂੰ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਉਦੇਸ ਹੈ ਜਨਤਾਂ ਦੀਆਂ ਸਮੱਸਿਆਵਾਂ ਨੂੰ ਸਮਝਨਾਂ। ਉਨ੍ਹਾਂ ਕਿਹਾ ਕਿ ਉਨ੍ਹਾਂ ਤੋਂ ਪਹਿਲਾਂ ਤਤਕਾਲੀਨ ਗਵਰਨਰ ਪੰਜਾਬ ਵੱਲੋਂ ਬਹੁਤ ਵਧੀਆ ਵਿਵਸਥਾ ਕੀਤੀ ਗਈ ਹੈ ਅਤੇ ਵੀ।ਡੀ।ਸੀ। ਅਪਣੇ ਫਰਜਾਂ ਅਤੇ ਅਧਿਕਾਰਾਂ ਦੇ ਪ੍ਰਤੀ ਪੂਰੀ ਤਰ੍ਹਾਂ ਦੇ ਨਾਲ ਜਾਗਰੂਕ ਹਨ।

ਉਨ੍ਹਾਂ ਕਿ ਇਸ ਸਮੇਂ ਸਰਹੱਦੀ ਜਿਲ੍ਹਿਆਂ ਵਿੱਚ ਕਰੀਬ 5 ਹਜ਼ਾਰ ਤੋਂ ਜਿਆਦ ਵੀ.ਡੀ.ਸੀ. ਹਨ ਅਤੇ ਇਸ ਤੋਂ ਵੀ ਵਧੀਆ ਗੱਲ ਇਹ ਹੈ ਕਿ ਜਿਆਦਾਤਰ ਵੀ.ਡੀ.ਸੀਜ ਸਾਬਕਾ ਸੈਨਿਕ ਹਨ ਅਤੇ ਕਿਸੇ ਨਾ ਕਿਸੇ ਤਰ੍ਹਾਂ ਨਾਲ ਪਹਿਲਾਂ ਵੀ ਦੇਸ ਪ੍ਰਤੀ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਬਾਰਡਰ ਰੋਡ ਦੀ ਵਿਵਸਥਾ ਵੀ ਜਲਦੀ ਠੀਕ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਲੋਕਾਂ ਵਿੱਚ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਆਏ ਹਨ। ਉਨ੍ਹਾ ਇਸ ਮੋਕੇ ਤੇ ਹਰੇਕ ਵੀ.ਡੀ.ਸੀ. ਨੂੰ ਮੋਕਾ ਦਿੰਦਿਆਂ ਕਿਹਾ ਕਿ ਕੋਈ ਵੀ ਅਪਣੀ ਗੱਲ ਰੱਖ ਸਕਦਾ ਹੈ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਪੰਜਾਬ ਅੰਦਰ ਬਸਪਾ ਨੂੰ ਮਜ਼ਬੂਤ ਤੇ ਸਾਸ਼ਕ ਧਿਰ ਬਣਾਉਣ ਲਈ ਜ਼ਿੰਦਗੀ ਦੇ ਆਖਰੀ ਸਾਹ ਤੱਕ ਕੰਮ ਕਰਾਂਗਾ - ਅਵਤਾਰ ਸਿੰਘ ਕਰੀਮਪੁਰੀ

## ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਦਾ ਫ਼ਗਵਾੜਾ ਪਹੁੰਚਣ 'ਤੇ ਵਰਕਰਾਂ ਕੀਤਾ ਗਰਮਜੋਸ਼ੀ ਨਾਲ ਸਵਾਗਤ

**ਫਗਵਾੜਾ (ਬੀ. ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਮੁੜ ਪ੍ਰਧਾਨ ਬਣੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜਸਭਾ ਦਾ ਫਗਵਾੜਾ ਰੈਸਟ ਹਾਊਸ ਪਹੁੰਚਣ 'ਤੇ ਵਿਧਾਨ ਸਭਾ ਹਲਕਾ ਫਗਵਾੜਾ ਦੀ ਸਮੁੱਚੀ ਟੀਮ ਵਲੋਂ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ ਦੀ ਅਗਵਾਈ ਹੇਠ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ, ਹਲਕਾ ਇੰਚਾਰਜ ਤੇ ਮੈਂਬਰ ਸੂਬਾ ਕਮੇਟੀ ਲੇਖਰਾਜ ਜਮਾਲਪੁਰ, ਪਰਵੀਨ ਬੰਗਾ ਸੂਬਾ ਜਨਰਲ ਸਕੱਤਰ, ਐਡਵੋਕੇਟ ਕੁਲਦੀਪ ਭੱਟੀ, ਇੰਜ. ਪ੍ਰਦੀਪ ਮੱਲ, ਸੁਰਿੰਦਰ ਢੰਡਾ ਨੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਦਾ ਭਰਵਾਂ ਸਵਾਗਤ ਕਰਦਿਆਂ ਸ੍ਰ ਕਰੀਮਪੁਰੀ ਨੂੰ ਮੁੜ ਪੰਜਾਬ ਪ੍ਰਧਾਨ ਬਣਾਉਣ 'ਤੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਪਾਰਟੀ ਹਾਈਕਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਕਤ ਆਗੂਆਂ ਨੇ ਕਿਹਾ ਸ੍ਰ ਅਵਤਾਰ ਸਿੰਘ ਕਰੀਮਪੁਰੀ ਦੇ ਪ੍ਰਧਾਨ ਬਨਣ ਨਾਲ ਬਸਪਾ ਪੰਜਾਬ ਅੰਦਰ ਮਜ਼ਬੂਤ ਧਿਰ ਬਣ ਕੇ ਉਭਰੇਗੀ। ਇਸ



ਮੌਕੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਅਤੇ ਪਾਰਟੀ ਹਾਈਕਮਾਨ ਅਤੇ ਫਗਵਾੜਾ ਟੀਮ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਿਆ ਕਿਹਾ ਕਿ ਪਾਰਟੀ 'ਚ ਹਰ ਵਰਕਰ ਅਤੇ ਅਹੁਦੇਦਾਰ ਨੂੰ ਮਾਣ ਸਨਮਾਨ ਮਿਲੇਗਾ। ਕਰੀਮਪੁਰੀ ਨੇ ਕਿਹਾ ਕਿ ਪੰਜਾਬ ਅੰਦਰ ਬਸਪਾ ਨੂੰ ਮਜ਼ਬੂਤ ਤੇ ਸਾਸ਼ਕ ਧਿਰ ਬਣਾਉਣ ਲਈ ਜ਼ਿੰਦਗੀ



ਦੇ ਆਖਰੀ ਸਾਹ ਤੱਕ ਕੰਮ ਕਰਾਂਗਾ ਅਤੇ ਬਸਪਾ ਦੀ ਵਿਚਾਰਧਾਰਾ ਨੂੰ ਪੰਜਾਬ ਦੇ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚਾਉਣ ਲਈ ਤੇਜੀ ਨਾਲ ਲੈਕੇ ਜਾਇਆ ਜਾਵੇਗਾ। ਉਨ੍ਹਾ ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਆਪਸੀ ਤਾਲਮੇਲ ਹਲਕੇ ਬਾਬਾ ਸਾਹਿਬ ਅਤੇ ਸਾਹਿਬ ਕਾਸ਼ੀ ਰਾਮ ਦੇ ਅੰਦੋਲਨ ਨੂੰ ਮੰਜ਼ਿਲ ਤੱਕ ਪਹੁੰਚਾਉਣ ਲਈ ਹਲਕੇ ਅੰਦਰ ਬਸਪਾ ਨੂੰ ਜੇਤੂ ਬਣਾਉਣ ਲਈ ਅੱਜ ਤੋਂ ਪਿੰਡਾਂ ਤੇ ਸ਼ਹਿਰ ਦੇ ਮੁਹੱਲਿਆਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਜਾਵੇ। ਇਸ ਮੌਕੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਮਿਸ਼ਨਰੀ ਗੀਤ ਪੇਸ਼ ਕਰਕੇ ਬਾਬਾ ਸਾਹਿਬ ਅਤੇ ਸਾਹਿਬ ਕਾਸ਼ੀ ਰਾਮ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਹੋਕਾ ਦਿੱਤਾ।

ਇਸ ਮੌਕੇ ਹਰਭਜਨ ਖਲਵਾੜਾ, ਅਮਰਜੀਤ ਖੁੱਤਣ, ਪਰਮਜੀਤ ਖਲਵਾੜਾ, ਸੁਰਜੀਤ ਭੁੱਲਾਰਾਈ, ਬੰਟੀ ਮੋਰੋਵਾਲੀਆ, ਪਰਮਿੰਦਰ ਬੋਧ, ਬਲਵਿੰਦਰ ਬੋਧ, ਸਰਪੰਚ ਪ੍ਰਸ਼ੋਤਮ ਵਾਹਦ, ਹਰਭਜ ਕਲੇਰ ਸਾਬਕਾ ਸਰਪੰਚ, ਨਿਰਮਲ ਸਿੰਘ ਮਲਕਪੁਰ, ਲਹਿੰਬਰ ਬਲਾਲੋਂ, ਸਰਿੰਦਰ ਨੰਗਲ,ਰਤਨ ਕੈਲੇ, ਧਰਮਵੀਰ ਬੋਧ, ਹਰਮੇਸ਼ ਕਾਲਾ ਪੰਚ, ਪ੍ਰਦੀਪ ਅੰਬੇਡਕਰੀ, ਰਾਜ ਅੰਬੇਡਕਰੀ, ਸੁਰਜੀਤ ਰਿਹਾਣਾ ਜੱਟਾਂ ਇਲਾਵਾ ਹੋਰ ਵੀ ਵਰਕਰ ਤੇ ਸਮਰਥਕ ਹਾਜ਼ਰ ਸਨ।

# ਕੈਬਿਨਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਸਵਾਮੀ ਗੁਰਦੀਪ ਗਿਰੀ ਦੀ ਮੌਜੂਦਗੀ ਵਿੱਚ ਮਾਤਾ ਸਵਿਤਰੀ ਬਾਈ ਫੂਲੇ ਲਾਇਬ੍ਰੇਰੀ 'ਚ ਯਾਦਗਾਰ ਸਮਾਰੋਹ

**ਪਠਾਨਕੋਟ–** ਡਾ. ਬੀ.ਆਰ. ਅੰਬੇਡਕਰ ਚੇਤਨਾ ਮੰਚ ਤਾਰਾਗੜ੍ਹ ਨੇ ਪਿੰਡ ਬਕਨੌਰ ਵਿੱਚ ਮਾਤਾ ਸਵਿਤਰੀ ਬਾਈ ਫੂਲੇ ਦੇ ਨਾਂ 'ਤੇ ਬਣਾਈ ਗਈ ਪਬਲਿਕ ਲਾਇਬ੍ਰੇਰੀ ਦਾ ਇੱਕ ਯਾਦਗਾਰ ਸਮਾਰੋਹ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਮੱਖ ਉਦੇਸ਼ ਬੱਚਿਆਂ ਨੂੰ ਸਿੱਖਿਆ ਅਤੇ ਪੜ੍ਹਾਈ ਵਿੱਚ ਹੋਰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਸੀ। ਸਮਾਰੋਹ ਵਿੱਚ ਪੰਜਾਬ ਦੇ ਕੈਬਿਨਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਬੱਚਿਆਂ ਨੂੰ ਸਿੱਖਿਆ ਦੀ ਮਹੱਤਾ ਦੱਸਣ ਵਾਲੇ ਆਪਣੇ ਵਿਚਾਰ ਸਾਂਜੇ ਕੀਤੇ।

ਇਸ ਮੌਕੇ ਤੇ ਡੇਰਾ ਸਵਾਮੀ ਜਗਤ ਗਿਰੀ ਪਠਾਨਕੋਟ ਅਤੇ ਮਹਾਰਾਜ ਸਵਾਮੀ ਗੁਰਦੀਪ ਗਿਰੀ ਜੀ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਸਨ, ਜਿਨ੍ਹਾਂ ਨੇ ਬੱਚਿਆਂ ਨੂੰ ਆਪਣੀ ਸ਼ੁਭਕਾਮਨਾਵਾਂ ਨਾਲ ਨਵਾਜਿਆ। ਚੇਤਨਾ ਮੰਚ ਦੇ ਪ੍ਰਧਾਨ ਪਵਨ ਕੁਮਾਰ ਫੌਜੀ, ਰਾਜਾ ਬਕਨੋਰ, ਡਾ। ਇੰਦਰਜੀਤ ਰਾਣਾ ਅਤੇ ਹੋਰ ਮੈਂਬਰ ਵੀ ਇਸ ਸਮਾਰੋਹ ਦਾ ਹਿੱਸਾ ਬਣੇ।

ਸਮਾਰੋਹ ਮੌਕੇ ਕੈਬਿਨਟ ਮੰਤਰੀ ਨੇ ਮੰਚ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਹ ਹਰੇਕ ਸਾਲ ਬੱਚਿਆਂ ਲਈ ਪ੍ਰਤਿਯੋਗੀ ਪ੍ਰੀਖਿਆਵਾਂ ਦਾ ਆਯੋਜਨ ਕਰਦੇ ਹਨ।



ਇਹਨਾਂ ਪ੍ਰੀਖਿਆਵਾਂ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਮੰਤਰੀ ਨੇ ਕਿਹਾ ਕਿ ਲਾਇਬ੍ਰੇਰੀ ਪ੍ਰਬੰਧਕਾਂ ਦੀ ਮੰਗ 'ਤੇ ਆਡੀਟੋਰੀਅਮ ਦੀ ਰਚਨਾ ਲਈ ਫੰਡ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਭਵਿੱਖ ਵਿੱਚ ਇਸ ਸਥਾਨ ਤੇ ਬੁੱਕ ਫੇਅਰ ਵੀ ਆਯੋਜਿਤ ਕੀਤੀ ਜਾਵੇਗੀ, ਤਾਂ ਜੋ ਲੋਕ ਕਿਤਾਬਾਂ ਦੀ ਮਹੱਤਤਾ ਨੂੰ ਸਮਝਣ।

ਉਨ੍ਹਾਂ ਕਿਹਾ ਕਿ ਸਿੱਖਿਆ ਸਾਨੂੰ ਇੱਕ ਚੰਗਾ ਇਨਸਾਨ ਬਣਾਉਂਦੀ ਹੈ ਅਤੇ ਸਿੱਖਿਆ ਪ੍ਰਾਪਤ ਕਰਨਾ ਸਭ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਜੀ ਦੇ ਉਪਰਾਲਿਆਂ ਸਦਕਾ ਅੱਜ ਆਸੀਂ ਇਸ ਮੁਕਾਮ ਤੇ ਹਾਂ।

ਉਨ੍ਹਾਂ ਕਿਹਾ ਕਿ ਜਿਸ ਘਰ ਅੰਦਰ ਕਿਤਾਬ ਅਤੇ ਬੇਟੀ ਹੁੰਦੀ ਹੈ ਉਹ ਘਰ ਅਨੁਸਾਸਨ ਵਿੱਚ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਪਣੇ ਬੱਚਿਆਂ ਨੂੰ ਕਿਤਾਬਾਂ ਪੜਨ ਦੇ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੋਕੇ ਤੇ ਮੰਚ ਵੱਲੋਂ ਕੈਬਨਿਟ ਮੰਤਰੀ ਪੰਜਾਬ ਨੂੰ ਵੀ ਯਾਂਦਗਾਰ ਚਿਨ੍ਹ ਅਤੇ ਦੋਸਾਲਾ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਵੱਲੋਂ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਤਹਿਤ ਉਨ੍ਹਾਂ ਪਿੰਡਾਂ ਦੇ ਪ੍ਰਬੰਧਕਾਂ ਨੂੰ ਪਿੰਡਾਂ ਵਿੱਚ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਰਾਤ ਸਮੇਂ ਠੀਕਰੀ ਪਹਿਰਾ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਪਿੰਡਾਂ ਵਿਚ ਰਾਤ ਸਮੇਂ ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤਾ ਗਿਆ ਹੈ।

ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦੂਦ ਅੰਦਰ ਵੱਡੀਆਂ-ਛੋਟੀਆਂ ਨਹਿਰਾਂ, ਚੋਅ ਦੇ ਬੰਨ੍ਹ ਅਤੇ ਦਰਿਆ ਬਿਆਸ ਦੇ ਕੰਢੇ ਬਣੇ ਧੁੱਸੀ ਬੰਨ੍ਹ ਵਿਚ ਕਿਸੇ ਵੀ ਵਿਅਕਤੀ ਵਲੋਂ ਡੰਗਰਾਂ ਨੂੰ ਪਾਣੀ ਪਿਲਾਉਣ ਜਾਂ ਨਹਾਉਣ 'ਤੇ ਮੁਕੰਮਲ ਪਾਬੰਦੀ ਲਾਈ ਹੈ। ਇਸੇ ਤਰ੍ਹਾਂ ਜ਼ਿਲੇ ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ 'ਤੇ ਜਾਂ ਜਨਤਕ ਥਾਵਾਂ 'ਤੇ ਚੁਰਾਉਣ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ।



ਇਕ ਹੋਰ ਹੁਕਮ ਜਾਰੀ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਮਿਲਟਰੀ ਵਰਦੀ ਅਤੇ ਉਲਿਵ ਹਰੇ ਰੰਗ (ਮਿਲਟਰੀ ਰੰਗ) ਦੀਆਂ ਜੀਪਾਂ, ਮੋਟਰ ਸਾਈਕਲਾਂ, ਮੋਟਰ ਗੱਡੀਆਂ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਮਿਲਟਰੀ ਅਧਿਕਾਰੀਆਂ 'ਤੇ ਲਾਗੂ ਨਹੀਂ ਹੋਵ-ਗਾ। ਇਸੇ ਤਰ੍ਹਾਂ ਆਰਮਡ ਫੋਰਸਿਸ/ਪੰਜਾਬ ਪੁਲਿਸ/ਬੀ।ਐਸ।ਐਫ ਅਤੇ ਮਿਲ-ਟਰੀ ਰੰਗ ਦੀ ਵਰਦੀ ਦੀ ਵਰਤੋਂ ਅਣ-ਅਧਿਕਾਰਤ (ਬਾਲਗ ਵਿਅਕਤੀ) ਵੱਲੋਂ ਨਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਵਰਦੀਆਂ ਨੂੰ ਅਣ-ਅਧਿਕਾਰਤ ਵਿਅਕਤੀਆਂ ਨੂੰ ਵੇਚਣ ਅਤੇ ਖਰੀਦ ਕਰਨ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਹੁਕਮ ਆਰਮਡ ਫੋਰਸਿਸ/ਪੰਜਾਬ ਪੁਲਿਸ/ਬੀ.ਐਸ.ਐਫ/ਮਿਲਟਰੀ ਅਧਿਕਾਰੀਆਂ 'ਤੇ ਲਾਗੂ ਨਹੀ। ਹੋਵੇਗਾ।

ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹੇ ਵਿਚ ਗਰਮੀਆਂ ਨੂੰ ਸ਼ਾਮ 6 ਵਜੇ ਤੋਂ ਸਵੇਰੇ 6 ਵਜੇ ਤੱਕ ਅਤੇ ਸਰਦੀਆਂ ਨੂੰ ਸ਼ਾਮ 5 ਵਜੇ ਤੋਂ ਸਵੇਰੇ 7 ਵਜੇ ਤੱਕ ਗਊ ਵੰਸ਼ ਦੀ ਢੋਆ-ਢੁਆਈ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕਰਨ ਦੇ ਨਾਲ-ਨਾਲ ਜਿਨ੍ਹਾਂ ਲੋਕਾਂ ਨੇ ਗਊ ਵੰਸ਼ ਰੱਖੇ ਹੋਏ ਹਨ, ਉਨ੍ਹਾਂ ਨੂੰ ਪਸ਼ੂ ਪਾਲਣ ਵਿਭਾਗ ਪਾਸ ਰਜਿਸਟਰਡ ਕਰਾਉਣ ਦੇ ਆਦੇਸ਼ ਵੀ ਦਿੱਤੇ ਗਏ ਹਨ। ਉਪਰੋਕਤ ਸਾਰੇ ਹੁਕਮ 8 ਜਨਵਰੀ 2025 ਤੱਕ ਲਾਗੂ ਰਹਿਣਗੇ।



ਕਿ ਂ ਭੁੱਲਦੇ ਹੋ ਮਹਿੰਗਿ ਯਾਰੋ! ਜ਼ਿੰਦਗੀ ਕਰੜਾ ਇਮਤਿਹਾਨ ਹੈ। ਹਿੰਮਤ ਦੀ ਬਾਰੀਕ ਲੀਕ ਇੱਕ, ਹਾਰ ਤੇ ਜਿੱਤ ਦੇ ਦਰਮਿਆਨ ਹੈ। ਰੀਸ ਬਰੀਸੀ ਮਰ ਚੱਲੇ ਹੋ ਨਕਲਚੀ , ਕਮਅਕਲੇ ਬੰਦਿ , ਹਰ ਬੰਦੇ ਦਾ ਵੱਖਰਾ ਪਰਚਾ, ਜੋ ਸਮਝੇ ਹੀ ਇਨਸਾਨ ਹੈ। –ਗੁਰਭਜਨ ਗਿੱਲ



ਰਾਤ ਬੜਾ ਬੇਚੈਨ ਰਿਹਾਂ ਮੈਂ, ਮੋਈ ਮਾਂ ਨੂੰ ਚੇਤੇ ਕਰਕੇ। ਸੁਪਨਾ ਟੁੱਟਿਆ, ਜਾਗਣ ਮਗਰੋਂ, ਖੁੱਲ੍ਹ ਕੇ ਰੋਇਆ, ਅੱਖੀਆਂ ਭਰ ਕੇ। ਸਦਾ ਸਿਊਂਤੇ ਰਿਸ਼ਤੇ ਨਾਤੇ, ਮਾਰ ਤਰੋਪੇ ਰਹੀ ਜੋੜਦੀ ਆਪ ਕਦੇ ਵੀ ਸੀ ਨਾ ਕੀਤੀ, ਟੁੱਟਦੀ ਜੁੜਦੀ ਰਹੀ ਮਰ ਮਰ ਕੇ। – ਗੁਰਭਜਨ ਗਿੱਲ



ਦਿਲ ਦੀ ਬਗੀਚੜੀ 'ਚ ਅੱਜ ਮੇਰਾ ਯਾਰ ਆਇਆ। ਸੱਜਰੀ ਸਵੇਰ ਜੇਹੀਏ, ਰੱਜ ਕੇ ਪਿਆਰ ਆਇਆ। ਪੌਣ ਖੁਸ਼ਬੋਈ ਲੈ ਕੇ ਵੇਖ ਮੇਰੇ ਦਵਾਰ ਆਈ, ਤੱਕ ਮੇਰੇ ਨੈਣਾਂ ਵਿਚ ਕਿੰਨਾ ਹੈ ਨਿਖ਼ਾਰ ਆਇਆ। –ਗੁਰਭਜਨ ਗਿੱਲ

## ਨਾਨਕ ਦਾ ਸਿੱਖ

ਉਸਦੇ ਦੱਸੇ ਰਸਤੇ ਜਾਵਾਂ
ਬਾਣੀ ਦੇ ਸੰਗ ਮਨ ਰੁਸਨਾਵਾਂ
ਨਾਨਕ ਦੇ ਜੋ ਬੋਲ ਪੁਗਾਵਾਂ
ਤਦ ਨਾਨਕ ਦਾ ਸਿੱਖ ਕਹਾਵਾਂ
ਨਾਨਕ ਦਾ ਫਿਰ ..

ਵਹਿਮਾਂ ਭਰਮਾਂ ਨੂੰ ਜੇ ਭੁੱਲਾਂ
ਤਰ ਜਾਵਣ ਫਿਰ ਮੇਰੀਆਂ ਕੁੱਲਾਂ
ਨ੍ਹੇਰੇ ਜੋ ਇਸ ਜੱਗ ਕਰੇ ਨੇ
ਬਾਣੀ ਦੇ ਸੰਗ ਦੂਰ ਭਜਾਵਾਂ।
ਤਦ ਨਾਨਕ ਦਾ ..

ਕੁਦਰਤ ਦੇ ਵਿੱਚ ਵੇਖਾਂ ਰੱਬ ਨੂੰ
ਮੱਥਾ ਟੇਕਾਂ ਬਾਕੀ ਸਭ ਨੂੰ
ਝੂਠ ਅਡੰਬਰ ਭੁੱਲਕੇ ਸਾਰੇ
ਜੀਵਨ ਏਦਾਂ ਸਫ਼ਲ ਬਣਾਵਾਂ।
ਤਦ ਨਾਨਕ ਦਾ ..

ਵੰਡ ਛਕਾਂ ਮੈਂ ਜੋ ਵੀ ਮਿਲਦਾ
ਹਰ ਦੁੱਖ ਮਿਟਜੂ ਮੇਰੇ ਦਿਲਦਾ
ਮਿਹਨਤ ਦਾ ਮੁੱਲ ਦੇਵਾਂ ਸਭ ਨੂੰ
ਹੱਕ ਕਿਸੇ ਦਾ ਨਾ ਮੈਂ ਖਾਵਾਂ।
ਤਦ ਨਾਨਕ ਦਾ ..

ਦੋਹੀਂ ਹੱਥੀਂ ਕਿਰਤ ਕਰਾਂ ਮੈਂ
ਘਰ ਫਿਰ ਮਿਹਨਤ ਨਾਲ ਭਰਾਂ ਮੈਂ
ਜੋ ਵੀ ਦਾਤਾਂ ਮਿਲੀਆਂ ਜੱਗ ਤੇ
ਉਸ ਦਾਤੇ ਦਾ ਸ਼ੁਕਰ ਮਨਾਵਾਂ।
ਤਦ ਨਾਨਕ ਦਾ ..

ਜਾਤ ਪਾਤ ਦਾ ਭੇਦ ਕਰਾਂ ਨਾ
ਐਸੇ ਕੋਈ ਖੇਦ ਕਰਾਂ ਨਾ
ਇੱਕੋ ਨੂਰ ਚੋਂ ਉਪਜੇ ਮੰਨਕੇ
ਹਰ ਬੰਦੇ ਨੂੰ ਗਲ ਨਾਲ ਲਾਵਾਂ।
ਤਦ ਨਾਨਕ ਦਾ ..

ਬਾਬੇ ਨਾਨਕ ਸੀ ਸਮਝਾਇਆ
ਛੋਟਾ ਵੱਡਾ ਔਰਤ ਜਾਇਆ
ਜੱਗ ਜਨਣੀ ਦੀ ਕਦਰ ਕਰਾਂ ਮੈਂ
ਉਸ ਦੇ ਅੱਗੇ ਸੀਸ ਨਿਵਾਵਾਂ।
ਤਦ ਨਾਨਕ ਦਾ ..

**–ਹਰਦੀਪ ਬਿਰਦੀ**
**90416–00900**

# ਗੁਰਪੁਰਬ ਮੌਕੇ ਗਾਇਕ ਗੁਰਕ੍ਰਿਪਾਲ ਸੂਰਾਂਪੁਰੀ ਦਾ ਗੀਤ 'ਬਾਬੇ ਨਾਨਕ ਦਾ ਲੰਗਰ' ਰਿਲੀਜ਼




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਪ੍ਰਸਿੱਧ ਗਾਇਕ ਗੁਰਕ੍ਰਿਪਾਲ ਸੂਰਾਂਪੁਰੀ ਦੀ ਗੀਤ 'ਬਾਬੇ ਨਾਨਕ ਦਾ ਲੰਗਰ' ਰਿਲੀਜ਼ ਕੀਤਾ ਗਿਆ ਹੈ। ਗੀਤ ਦੇ ਬੋਲ ਬਾ-ਕਮਾਲ ਦੇ ਹਨ ਗੀਤ ਦੀ ਆਰੰਭਤਾ ਰਸ੍ਹੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਮੁੱਖ ਸਿਧਾਂਤ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਤੋਂ ਸ਼ੁਰੂ ਕੀਤੀ ਗਈ ਹੈ। ਬੋਲ ਹਨ "ਦਸਾਂ ਨੁਹਾਂ ਦੀ ਕਰਨੀ, ਬਾਬਾ ਕਿਰਤ ਸਿਖਾ ਗਿਆ ਏ, ਤੇਰਾ-ਤੇਰਾ ਤੋਲ ਕੇ ਸਾਰੀ ਗੱਲ ਸਮਝਾ ਗਿਆ ਏ, ਪਿਰਤ ਪਾ ਗਿਆ ਐਸੀ, ਮੋਢੀ ਬਣ ਗਿਆ ਲੀਹਾਂ ਦਾ, ਬਾਬੇ ਨਾਨਕ ਦਾ ਲੰਗਰ, ਅੱਜ ਵੀ ਚਲਦਾ ਵੀਹਾਂ ਦਾ।"

ਇਸ ਗੀਤ ਦੀ ਹਿਰਦਾਮੁਖੀ ਰਵਾਨਗੀ ਇਸ ਤਰ੍ਹਾਂ ਹੈ ਕਿ ਯਥਾਰਵਾਦੀ ਅਤੇ ਸ਼ਰਧਾਵਾਨ ਇਨਸਾਨ ਆਪ ਮੁਹਾਰੇ ਗੀਤ ਦੇ ਬੋਲਾਂ ਨੂੰ ਤੁਰੰਤ ਅੰਦਰ ਸਮਾ ਕੇ ਆਤਮਿਕ ਠੰਡਕ ਮਹਿਸੂਸ ਕਰਨ ਲਗਦਾ ਹੈ। ਗੀਤ ਦੇ ਬੋਲ ਪ੍ਰਸਿੱਧ ਗਾਇਕ ਰਛਪਾਲ ਪਾਲੀ ਨੇ ਲਿਖੇ ਹਨ ਅਤੇ ਮਿਊਜ਼ਕ ਸੋਹੀ ਮਿਊਜ਼ਕ ਵੱਲੋਂ ਹੈ। ਵੀਡੀ ਦਾ ਫਿਲਮਾਂਕਣ ਜਸਵਿੰਦਰ ਸੋਹੀ ਅਤੇ ਜਦਕਿ ਅਰਸ਼ ਹੋਰਾਂ ਨੇ ਤਸਵੀਰਾਂ ਦੀ ਦਿਖ ਨੂੰ ਹੋਰ ਨਿਖਾਰਿਆ ਹੈ। ਗੀਤ ਦੇ ਬਾਕੀ ਅੰਤਰਿਆਂ ਵਿਚ ਗੁਰੂ ਸਾਹਿਬਾਂ ਦੀਆਂ ਸਿਖਿਆਵਾਂ ਅਤੇ ਜੀਵਨ-ਜਾਚ ਨੂੰ ਬਾਖੂਬੀ ਦਰਸਾਇਆ ਗਿਆ ਹੈ। ਗੀਤ 'ਸੋਹੀ ਮਿਊਜ਼ਕ' ਦੇ ਯੂ-ਟਿਊਬ ਚੈਨਲ (Sohi Music) ਉਤੇ ਵੇਖਿਆ ਸੁਣਿਆ ਜਾ ਸਕਦਾ ਹੈ। ਸੱਚਮੁੱਚ ਅਜਿਹੇ ਗੀਤ ਉਦੋਂ ਹੀ ਗਾਏ ਅਤੇ ਲਿਖੇ ਜਾਂਦੇ ਹਨ ਜਦੋਂ ਗੁਰੂ ਦੀ ਕ੍ਰਿਪਾ ਦਸਤਕ ਦਿੰਦੀ ਹੈ। ਗਾਇਕ ਗੁਰਕ੍ਰਿਪਾਲ ਸੂਰਾਪੁਰੀ ਹੋਰਾਂ ਨੂੰ ਇਸ ਸ਼ਾਨਦਾਰ ਧਾਰਮਿਕ ਗੀਤ ਲਈ ਵਧਾਈਆਂ! ਅਤੇ ਆਸ ਕਰਦੇ ਹਾਂ ਕਿ ਅਜਿਹੇ ਹੋਰ ਗੀਤ ਵੀ ਆਉਂਦੇ ਰਹਿਣਗੇ।

# ਕਾਬਲੀਅਤ: ਇੰਡੀਅਨ ਡਾਕਟਰ-ਜਰਮਨੀ 'ਚ ਲੈਕਚਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** 'ਫਰੈਂਕਫਰਟਰ ਬੈਰਿਆਟ੍ਰਿਕ ਸਰਜਰੀ ਕਾਂਗਰਸ: ਗਿਆਨ ਅਤੇ ਸਬੰਧ' ਦੇ ਵਿਚ ਇਕ ਅੰਤਰਰਾਸ਼ਟਰੀ ਮੀਟਿੰਗ ਬੀਤੇ ਦਿਨੀਂ ਜਰਮਨੀ ਵਿਖੇ ਹੋਈ। ਇਹ ਬੈਰਿਆਟ੍ਰਿਕ ਸਰਜਰੀ ਕਾਂਗਰਸ ਦੇ ਰੂਪ ਵਿੱਚ ਮਸ਼ਹੂਰ ਹੈ। ਇਹ ਸਮਾਗਮ ਡਾ। ਰੁਡੋਲਫ ਵੀਨਰ ਅਤੇ ਡਾ. ਸਿਲਵੀਆ ਵੀਨਰ ਵੱਲੋਂ ਆਯੋਜਿਤ ਕੀਤਾ ਗਿਆ ਸੀ, ਅਤੇ ਇਸ ਵਿੱਚ ਦੁਨੀਆ ਭਰ ਦੇ 500 ਤੋਂ ਵੱਧ ਪ੍ਰਤਿਨਿਧੀਆਂ ਨੇ ਹਿੱਸਾ ਲਿਆ।



ਇੰਡੀਆ ਖਾਸ ਕਰ ਜਲੰਧਰ ਵਾਲਿਆਂ ਨੂੰ ਇਸ ਗੱਲ ਦਾ ਮਾਣ ਹੋਏਗਾ ਕਿ 'ਜੰਮੂ ਹਸਪਤਾਲ' ਕਪੂਰਥਲਾ ਰੋਡ, ਜਲੰਧਰ ਦੇ ਮੁਖੀ ਡਾ। ਗੁਰਵਿੰਦਰ ਸਿੰਘ ਜੰਮੂ (ਐਮ. ਐਸ.) ਇਸ ਤਿੰਨ ਦਿਨਾਂ ਮੀਟਿੰਗ ਦਾ ਹਿੱਸਾ ਬਣੇ।

ਡਾ. ਗੁਰਵਿੰਦਰ ਸਿੰਘ ਜੰਮੂ, ਜੋ ਕਿ ਫੈਕਲਟੀ ਮੈਂਬਰ ਵਜੋਂ ਸਨਮਾਨਿਤ ਸਨ, ਨੂੰ ਇਸ ਕਾਂਗਰਸ ਵਿੱਚ ਵਿਸ਼ੇਸ਼ ਤੌਰ 'ਤੇ ਬੁਲਾਇਆ ਗਿਆ। ਡਾ. ਗੁਰਵਿੰਦਰ ਸਿੰਘ ਜੰਮੂ ਨੇ ਦੋ ਮਹੱਤਵਪੂਰਣ ਖੋਜ ਲੈਕਚਰ ਪੇਸ਼ ਕੀਤੇ। ਪਹਿਲੇ ਲੈਕਚਰ ਵਿੱਚ, ਉਹਨਾਂ ਨੇ ਬੈਰਿਆਟ੍ਰਿਕ ਸਰਜਰੀ ਵਿੱਚ ਢੁਕਵੇਂ ਪ੍ਰਬੰਧਨ ਦੀਆਂ ਰਣਨੀਤੀਆਂ ਦੇ ਮੱਦੇਨਜ਼ਰ ਤਤਕਾਲ ਪੈਰੀ-ਆਪਰੇਟਿਵ ਮੈਮੋਰੀ ਅਤੇ ਪੋਸਟ- ਪਰੇਟਿਵ ਗੁੰਝਲਾਂ ਬਾਰੇ ਗੱਲ ਕੀਤੀ। ਦੂਜੇ ਲੈਕਚਰ ਵਿੱਚ, ਉਹਨਾਂ ਨੇ ਫੇਲ ਹੋਏ ਲੈਪਾਰੋਸਕੋਪਿਕ ਸਲੀਵ ਗੈਸਟਰੈਕਟਮੀ ਨੂੰ ਮਿਨੀ ਗੈਸਟ੍ਰਿਕ ਬਾਈਪਾਸ/ ਏ ਜੀ ਬੀ ਵਿੱਚ ਬਦਲਣ ਦੇ ਕਾਰਨਾਂ ਅਤੇ ਸਫਲ ਨਤੀਜੇ ਪ੍ਰਾਪਤ ਕਰਨ ਦੇ ਤਰੀਕਿਆਂ ਤੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਲੈਕਚਰਾਂ ਤੋਂ ਇਲਾਵਾ, ਦੁਨੀਆ ਭਰ ਦੇ ਸਹਿਯੋਗੀਆਂ ਅਤੇ ਦੋਸਤਾਂ ਨਾਲ ਉਨ੍ਹਾਂ ਦਾ ਮਿਲਣਾ, ਗਿਆਨ ਦੀ ਸਾਂਝ ਪੈਦਾ ਕਰਨਾ ਅਤੇ ਬੈਰਿਆਟ੍ਰਿਕ ਸਰਜਰੀ ਦੇ ਪ੍ਰਮੁੱਖ ਮਾਹਿਰਾਂ ਦੇ ਨਾਲ ਸੰਬੰਧ ਮਜ਼ਬੂਤ ਕਰਨ ਦਾ ਮੌਕਾ ਬਹੁਤ ਵਧੀਆ ਸੀ। ਡਾ. ਗੁਰਵਿੰਦਰ ਸਿੰਘ ਨੇ ਆਪਣੇ ਹੋਸਟਾਂ ਡਾ. ਰੁਡੋਲਫ ਵੀਨਰ ਅਤੇ ਡਾ. ਸਿਲਵੀਆ ਵੀਨਰ ਦੇ ਗਰਮਜੋਸ਼ੀ ਭਰੀ ਮਹਿਮਾਨ ਨਿਵਾਜ਼ੀ, ਸਤਿਕਾਰ ਅਤੇ ਕੁਝ ਹੋਰ ਸਿੱਖਣ ਦੇ ਅਨੁਭਵ ਲਈ ਧੰਨਵਾਦ ਕੀਤਾ। ਡਾ. ਜੰਮੂ ਦੇ ਜਰਮਨੀ ਜਾ ਕੇ ਖੋਜ ਪੱਤਰ ਪੇਸ਼ ਕਰਨਾ ਭਾਰਤੀ ਡਾਕਟਰਾਂ ਦੀ ਕਾਬਲੀਅਤ ਨੂੰ ਦਰਸਾਉਂਦਾ ਹੈ ਅਤੇ ਜਲੰਧਰ ਸ਼ਹਿਰ ਨੂੰ ਡਾ. ਗੁਰਵਿੰਦਰ ਸਿੰਘ ਜੰਮੂ ਹੋਰਾਂ 'ਤੇ ਮਾਣ ਹੋਵੇਗਾ।

# ਗੁਰਬਖ਼ਸ਼ ਸਿੰਘ ਸਿੱਧੂ ਨੇ ਗੋਲਡ ਕੋਸਟ, ਕੁਈਨਜ਼ਲੈਂਡ, ਆਸਟ੍ਰੇਲੀਆ ਖੇਡਾਂ ਵਿੱਚ ਗੋਲਡ ਮੈਡਲ ਜਿੱਤੇ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਨਿਵਾਸੀ ਗੁਰਬਖ਼ਸ਼ ਸਿੰਘ ਸਿੱਧੂ ਅਕਸਰ ਸੀਨੀਅਰ ਖੇਡਾਂ ਵਿੱਚ ਹਿੱਸਾ ਲੈਕੇ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਨੂੰ



ਮਾਣ ਦਿਵਾਉਂਦੇ ਰਹਿੰਦੇ ਨੇ। ਅੱਜ ਕੱਲ ਉਹ 13ਵੀਆਂ ਪੈਨ ਪੈਸੀਫਿਕ ਮਾਸਟਰਜ਼ ਗੇਮਸ, 2024 ਵਿੱਚ ਹਿੱਸਾ ਲੈਣ ਲਈ ਆਸਟਰੇਲੀਆ ਗਏ ਹੋਏ ਹਨ। ਜਿੱਥੇ ਉਹਨਾਂ 8, 9 ਅਤੇ 10 ਨਵੰਬਰ ਨੂੰ ਕੁਈਨਜ਼ਲੈਂਡ ਸਪੋਰਟਸ ਐਂਡ ਐਥਲੈਟਿਕਸ ਕੰਪਲੈਕਸ ਵਿੱਚ ਟ੍ਰੈਕ ਅਤੇ ਫੀਲਡ ਮੁਕਾਬਲਿਆਂ ਵਿੱਚ ਹਿੱਸਾ ਲਿਆ। ਉਹਨਾਂ ਹੈਮਰ ਥਰੋਅ ਵਿੱਚ ਗੋਲਡ ਮੈਡਲ, ਵੇਟ ਥਰੋਅ ਵਿੱਚ ਗੋਲਡ ਮੈਡਲ, ਜੈਵਲਿਨ ਥਰੋਅ ਵਿੱਚ ਗੋਲਡ ਮੈਡਲ ਅਤੇ ਥਰੋਅ ਪੈਂਟਾਥਲੋਨ ਵਿੱਚ ਗੋਲਡ ਮੈਡਲ ਜਿੱਤਿਆ। ਸ਼ਾਟ ਪੁਟ ਵਿੱਚ ਵੀ ਕਾਂਸੀ ਦਾ ਤਗਮਾ ਜਿੱਤਿਆ।

ਸਾਰੇ ਟ੍ਰੈਕ ਅਤੇ ਫੀਲਡ ਈਵੈਂਟਸ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਬਹੁਤ ਸਾਰੇ ਅਥਲੀਟ ਪੁਰਸ਼ ਔਰਤਾਂ ਨੇ ਭਾਗ ਲਿਆ। ਅਥਲੀਟ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਫਿਜੀ ਟਾਪੂ ਅਤੇ ਹੋਰ ਕਈ ਦੇਸ਼ਾਂ ਤੋਂ ਆਏ ਸਨ। 35 ਖੇਡ ਮੁਕਾਬਲਿਆਂ ਵਿੱਚ 40 ਦੇਸ਼ਾਂ ਨੇ ਹਿੱਸਾ ਲਿਆ। ਇਹ ਖੇਡਾਂ ਹਰ ਦੂਜੇ ਸਾਲ ਹੁੰਦੀਆਂ ਹਨ। ਇਸ ਤੋਂ ਪਹਿਲਾਂ ਉਹਨਾਂ ਨੇਵਾਡਾ ਅਤੇ ਹੰਟਸਮੈਨ ਸੀਨੀਅਰ ਗੇਮਜ਼ ਸੇਂਟ ਜੌਰਜ਼ ਯੂਟਾ ਤੋ ਵੀ ਮੈਡਲ ਜਿੱਤੇ ਸਨ।

# ਦੇਸ਼ ਭਗਤ ਯੂਨੀਵਰਸਿਟੀ ਵਿੱਚ ਕਰਵਾਏ ਗਏ ਰਾਜ ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲੇ

**ਮੰਡੀ ਗੋਬਿੰਦਗੜ–** ਦੇਸ਼ ਭਗਤ ਯੂਨੀਵਰਸਿਟੀ ਵਿੱਚ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐਸ.ਸੀ.ਈ.ਆਰ.ਟੀ.), ਪੰਜਾਬ ਵੱਲੋਂ ਰਾਜ-ਪੱਧਰੀ ਰੋਲ ਪਲੇਅ ਅਤੇ ਲੋਕ ਨਾਚ ਮੁਕਾਬਲੇ ਕਰਵਾਏ ਗਏ। ਇਹ ਸਮਾਗਮ ਐਸ.ਸੀ.ਈ.ਆਰ.ਟੀ. ਦੇ ਨੈਸ਼ਨਲ ਪਾਪੁਲੇਸ਼ਨ ਐਜੂਕੇਸ਼ਨ ਪ੍ਰੋਜੈਕਟ ਤਹਿਤ ਕਰਵਾਇਆ ਗਿਆ ਜਿਸ ਵਿੱਚ ਰਾਜ ਭਰ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ।



ਦੇਸ਼ ਭਗਤ ਯੂਨੀਵਰਸਿਟੀ ਦੇ ਸ੍ਰੀ ਹਰਿਗੋਬਿੰਦ ਹਾਲ ਅਤੇ ਮਹਾਪ੍ਰਗਯਾ ਹਾਲ ਵਿੱਚ ਕਰਵਾਏ ਗਏ ਇਨ੍ਹਾਂ ਮੁਕਾਬਲਿਆਂ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਇਕੱਠਾ ਕੀਤਾ ਗਿਆ, ਜਿਨ੍ਹਾਂ ਨੇ ਰੋਲ-ਪਲੇ ਗਤੀਵਿਧੀਆਂ ਅਤੇ ਰਵਾਇਤੀ ਪੰਜਾਬੀ ਲੋਕ ਨਾਚਾਂ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।

ਇਸ ਮੌਕੇ ਐਸ.ਸੀ.ਈ.ਆਰ.ਟੀ. ਪੰਜਾਬ ਦੀ ਡਾਇਰੈਕਟਰ ਅਮਨਿੰਦਰ ਕੌਰ ਬਰਾੜ (ਪੀਸੀਐਸ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ ਤਜਿੰਦਰ ਕੌਰ ਨੇ ਫੁਲਕਾਰੀ ਅਤੇ ਡੀਬੀਯੂ ਪਲੇਕ ਦੇ ਕੇ ਸਨਮਾਨਿਤ ਕੀਤਾ।

ਸਮਾਗਮ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ। ਜ਼ੋਰਾ ਸਿੰਘ ਨੇ ਕਿਹਾ ਕਿ ਇਹ ਮੁਕਾਬਲਾ ਪਲੇਟਫਾਰਮ ਪ੍ਰਦਾਨ ਕਰਕੇ ਪੰਜਾਬ ਦੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਸਰਕਾਰ ਦੀ ਵਚਨਬੱਧਤਾ ਦਾ ਸਬੂਤ ਹੈ ਜਿੱਥੇ ਉਹ ਆਪਣੇ ਆਪ ਨੂੰ ਪ੍ਰਗਟ ਕਰਕੇ ਆਪਣੇ ਵਿਰਸੇ ਨਾਲ ਜੁੜ ਸਕਦੇ ਹਨ।

ਸਮਾਗਮ ਦੀ ਸਮਾਪਤੀ ਮੌਕੇ ਡੀ.ਬੀ.ਯੂ. ਦੇ ਵਾਈਸ ਪ੍ਰੈਜ਼ੀਡੈਂਟ ਡਾ। ਹਰਸ਼ ਸਦਾਵਰਤੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਭਾਗੀਦਾਰਾਂ ਨੂੰ ਦੇਸ਼ ਭਗਤ ਯੂਨੀਵਰਸਿਟੀ ਦੇ ਇਤਿਹਾਸ ਅਤੇ ਵੱਖ ਵੱਖ ਪ੍ਰੋਗਰਾਮਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ.ਸੀ.ਈ.ਆਰ.ਟੀ. ਦੇ ਸਹਾਇਕ ਡਾਇਰੈਕਟਰ ਡਾ ਬੂਟਾ ਸਿੰਘ, ਡੀ.ਬੀ.ਯੂ. ਦੇ ਐਜੂਕੇਸ਼ਨ ਵਿਭਾਗ ਦੀ ਡਾਇਰੈਕਟਰ ਡਾ ਪ੍ਰੀਸ਼ਅਸ, ਡਾ. ਸੁਰਜੀਤ ਪਥੇਜਾ, ਡਾਇਰੈਕਟਰ ਪਰਫਾਰਮਿੰਗ ਆਰਟਸ ਐਂਡ ਮੀਡੀਆ, ਅਸਿਸਟੈਂਟ ਪ੍ਰੋਫੈਸਰ ਰਾਜਵਿੰਦਰ ਕੌਰ ਆਦਿ ਹਾਜਰ ਸਨ।

# ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਸਾਇਲੰਸਰ ਨਾਲ ਪਟਾਖੇ ਵਜਾਉਣ 'ਤੇ ਪੂਰਨ ਪਾਬੰਦੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਅਤੇ ਆਮ ਨਾਗਰਿਕਾਂ ਦੀ ਸਿਹਤ ਦੀ ਸੁਰੱਖਿਆ ਦੇ ਲਈ ਦੋਪਹੀਆ ਵਾਹਨਾਂ ਦੇ ਸਾਇਲੰਸਰ ਬਦਲਣ ਅਤੇ ਸਾਇਲੰਸਰ ਨਾਲ ਪਟਾਖੇ ਵਜਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਸਾਇਲੰਸਰ ਬਦਲਣ ਵਾਲੇ ਦੁਕਾਨਦਾਰਾਂ/ਮਕੈਨਿਕਾਂ ਅਤੇ ਸਾਇਲੰਸਰ ਨਾਲ ਪਟਾਖੇ ਵਜਾਉਣ ਵਾਲੇ ਵਾਹਨ 'ਤੇ ਵੀ ਲਾਗੂ ਹੋਣਗੇ। ਇਨ੍ਹਾਂ ਹੁਕਮਾਂ ਨੂੰ ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ ਲਾਗੂ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਜਾਰੀ ਹੁਕਮਾਂ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਮਾਜ ਵਿਰੋਧੀ ਸ਼ਰਾਰਤੀ ਅਨਸਰਾਂ ਵੱਲੋਂ ਦੋਪਹੀਆ ਵਾਹਨ (ਖਾਸ ਕਰਕੇ ਬੁਲਟ ਮੋਟਰ ਸਾਈਕਲ) ਦੇ ਸਾਇਲੰਸਰ ਬਦਲਵਾ ਕੇ ਸਾਇਲੰਸਰ ਨਾਲ ਪਟਾਖੇ ਵਜਾਏ ਜਾਂਦੇ ਹਨ। ਇਨ੍ਹਾਂ ਪਟਾਖਿਆਂ ਦੀ ਆਵਾਜ਼ ਆਮ ਸੁਣਨ ਦੀ ਸਮਰਥਾ ਤੋਂ ਵੱਧ ਹੋਣ ਕਰਕੇ ਸ਼ੋਰ ਪ੍ਰਦੂਸ਼ਣ ਵਿਚ ਵਾਧਾ ਹੋਣ ਦੇ ਨਾਲ-ਨਾਲ ਆਮ ਲੋਕਾਂ, ਬਜ਼ੁਰਗਾਂ ਅਤੇ ਬੱਚਿਆਂ ਦੇ ਕੰਨਾਂ ਦੀਆਂ ਨਸਾਂ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ। ਪਟਾਖੇ ਦੀ ਆਵਾਜ਼ ਰਾਤ ਸਮੇਂ ਸੌਂ ਰਹੇ ਲੋਕਾਂ ਨੂੰ ਅਚਾਨਕ ਡਰਾ ਦਿੰਦੀ ਹੈ, ਜਿਸ ਕਰਕੇ ਮਾਨਸਿਕ ਤਣਾਅ ਵੱਧਦਾ ਹੈ। ਇਸ ਤੋਂ ਇਲਾਵਾ ਸਾਇਲੰਸਰ ਨਾਲ ਵਜਾਏ ਜਾਂਦੇ ਪਟਾਖੇ ਦੀ ਤਿੱਖੀ ਅਤੇ ਉੱਚੀ ਆਵਾਜ਼ ਕਾਰਨ ਦਿਲ ਦੇ ਮਰੀਜ਼ਾਂ ਦਾ ਜਾਨੀ-ਮਾਲੀ ਨੁਕਸਾਨ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ। ਇਹ ਹੁਕਮ 27 ਦਸੰਬਰ 2024 ਤੱਕ ਜਾਰੀ ਰਹਿਣਗੇ।

# ਬਖਲੌਰ ਦੇ ਪ੍ਰਾਇਮਰੀ ਸਕੂਲ ਵਿਚ 146 ਬੱਚੇ ਸਿਰਫ ਦੋ ਅਧਿਆਪਕਾਂ ਦੇ ਹਵਾਲੇ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਬਲਾਕ ਔੜ ਦੇ ਪਿੰਡ ਬਖਲੌਰ ਦੀ ਸਮੁੱਚੀ ਗ੍ਰਾਮ ਪੰਚਾਇਤ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪਹੁੰਚ ਕੇ ਅਧਿਆਪਕ ਤੇ ਸਕੂਲੀ ਬੱਚਿਆਂ ਨਾਲ ਗੱਲਬਾਤ ਕੀਤੀ ਤੇ ਅਧਿਆਪਕ ਸਾਹਿਬਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਗੱਲਬਾਤ ਕਰਦਿਆ ਸਰਪੰਚ ਠੇਕੇਦਾਰ ਪੁੰਨੂ ਰਾਮ ਤੇ ਪੰਚਾਇਤ ਮੈਂਬਰਾਂ ਨੇ ਦੱਸਿਆ ਕਿ ਬੱਚਿਆਂ ਦਾ ਸਿਖਿਅਤ ਹੋਣਾ ਪ੍ਰਾਇਮਰੀ ਸਿੱਖਿਆ ਤੇ ਆਧਾਰਤ ਹੁੰਦਾ ਹੈ ਅਗਰ ਪ੍ਰਾਇਮਰੀ ਸਿੱਖਿਆ ਚੰਗੀ ਮਿਲ ਜਾਵੇ ਤਾਂ ਬੱਚੇ ਭਵਿੱਖ ਵਿੱਚ ਕਾਮਯਾਬ ਹੋ ਜਾਂਦੇ ਹਨ ਦੇਖਿਆ ਜਾਵੇ ਤਾਂ ਸਰਕਾਰ ਸਿੱਖਿਆ ਪ੍ਰਤੀ ਆਪਣੀ ਜਿੰਮੇਵਾਰੀ ਅਦਾ ਨਹੀ ਕਰ ਰਹੀ ਉਨਾਂ ਦੱਸਿਆ ਕਿ ਸਾਡੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ 146 ਬੱਚੇ ਪੜਾਈ ਰਹੇ ਹਨ ਪਰ ਅਫਸੋਸ ਕਿ 146 ਬੱਚਿਆਂ ਨੂੰ ਸਿਰਫ ਦੋ ਅਧਿਆਪਕ ਪੜਾਈ ਕਰਵਾ ਰਹੇ ਕਈ ਵਾਰ ਤਾਂ ਇਕ ਅਧਿਆਪਕ ਨੂੰ ਦਫਤਰ ਦੇ ਕੰਮਾਂ ਵਿੱਚ ਬਾਹਰ ਜਾਣਾ ਪੈ ਜਾਂਦਾ ਹੈ ਤੇ ਅਧਿਆਪਕ 146ਬੱਚਿਆ ਨੂੰ ਸੰਭਾਲਣ ਲਈ ਮਜਬੂਰ ਹੋ ਜਾਂਦਾ ਹੈ।

ਉਨਾਂ ਦੱਸਿਆ ਕਿ ਬੱਚਿਆ ਦੇ ਭਵਿੱਖ ਨੂੰ ਦੇਖਦੇ ਹੋਏ ਪਿੰਡ ਵਾਸੀਆ ਨੇ ਦੋ ਲੜਕੀਆਂ ਨੂੰ ਕੋਲੋ ਪੈਸੇ ਦੇਕੇ ਪੜਾਈ ਕਰਵਾ ਰਹੇ ਹਨ ਇਕ ਲੜਕੀ ਨੂੰ ਅਧਿਆਪਕ ਆਪਣੇ ਕੋਲੋ ਪੈਸੇ ਦਿੰਦੇ ਹਨ ਸਰਕਾਰੀ ਸਕੂਲਾਂ ਚ ਅਧਿਆਪਕਾਂ ਦੀ ਕਮੀ ਚਿੰਤਾ ਵਿਸ਼ਾ ਬਣ ਗਈ ਉਨਾਂ ਸੂਬਾ ਸਰਕਾਰ ਤੋਂ ਪੁਰ ਜੋਰ ਮੰਗ ਕੀਤੀ ਕਿ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਭੇਜੇ ਜਾਣ ਇਸ ਮੌਕੇ ਪੰਚ ਰਜਿੰਦਰ ਪਾਲ, ਅਸ਼ੋਕ ਕੁਮਾਰ, ਹੰਸ ਰਾਜ, ਗੁਰਦਾਸ ਸਿੰਘ, ਜਨਕ ਰਾਜ, ਸੰਜੀਵ ਕੁਮਾਰ ਪੰਚ, ਦੇਵ ਰਾਮ, ਬੋਧ ਰਾਜ, ਅਮਰੀਕ ਸਿੰਘ ਆਦਿ ਹਾਜ਼ਰ ਸਨ।

*****

# ਭਾਈ ਗੁਰਵਿੰਦਰ ਸਿੰਘ ਦਾ ਰਾਗੀ ਜਥਾ ਆਸਟਰੇਲੀਆ ਪੁੱਜਾ



**ਸਿਡਨੀ, (ਬਿਊਰੋ)–** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਦੇ ਹਜ਼ੂਰੀ ਰਾਗੀ ਭਾਈ ਗੁਰਵਿਦਰ ਸਿੰਘ ਆਪਣੇ ਰਾਗੀ ਜਥੇ ਦੇ ਸਾਥੀਆਂ ਭਾਈ ਸੁਖਜੀਤ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਨਾਲ ਆਪਣੀ ਧਾਰਮਿਕ ਫੇਰੀ ਦੌਰਾਨ ਆਸਟਰੇਲੀਆ ਦੌਰੇ ਦੌਰਾਨ ਸਿਡਨੀ ਪਹੁੰਚੇ ਹਨ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਭਾਈ ਸੁਖਜੀਤ ਸਿੰਘ ਨੇ ਦੱਸਿਆ ਕਿ ਸਿਡਨੀ ਦੇ ਬੈਲਕਟੂਨ ਇਲਾਕੇ ’ਚ ਸਥਿਤ ਗੁ: ਸ਼ਹੀਦ ਬਾਬਾ ਦੀਪ ਸਿੰਘ ਜੀ ਵਿਖੇ ਗੁਰਦੁਆਰੇ ਦੇ ਪ੍ਰਧਾਨ ਭਾਈ ਜਸਬੀਰ ਸਿੰਘ ਅਤੇ ਬਾਕੀ ਪ੍ਰਬੰਧਕਾਂ ਦੇ ਸਹਿਯੋਗ ਨਾਲ ਉਹ ਅਗਲੇ ਕੁਝ ਹਫ਼ਤਿਆਂ ਤੀਕ ਕੀਰਤਨ ਦੀ ਸੇਵਾ ਨਿਭਾਉਣਗੇ।

# ਜਦੋਂ ਮਰਿਆ ਸਹਾ ਦੌੜ ਭੱਜਿਆ

ਉਦੋਂ ਦੇ ਬਚਪਨ ਦੀਆਂ ਮਨ ਨੂੰ ਖੁਸ਼ੀ ਦੇਣ ਵਾਲੀਆਂ ਘਟਨਾਵਾਂ ਅੱਜ ਬੜੇ ਹੀ ਅਚੰਭੇ ਵਾਲੀਆਂ ਲਗਦੀਆਂ ਹਨ। ਮਾੜੀ ਸੰਗਤ ਦੇ ਵੀ ਇਨ੍ਹਾਂ ਦਿਨਾਂ ਵਿੱਚ ਕਈ ਰੰਗ ਦੇਖੇ ।ਇਥੇ ਇੱਕ ਅਲਾਮਤ ਦਾ ਜ਼ਿਕਰ ਕਰਦਾ ਹਾਂ ਜਦੋਂ ਛੋਟੇ ਹੁੰਦੇ ਆਪਣੇ ਸਕੂਲੀ ਸਾਥੀਆਂ ਦੀ ਜੁੰਡਲੀ ਨਾਲ ਛੁੱਟੀ ਤੋਂ ਬਾਦ ਖੇਤਾਂ ਵਿੱਚ ਤਿੱਤਰ, ਬਟੇਰੇ, ਸਹੇ ਦਾ ਸ਼ਿਕਾਰ ਕਰਨ ਚਲੇ ਜਾਂਦੇ ਸੀ ।ਹੁਣ ਤਾਂ ਸ਼ਿਕਾਰ ਕਰਨ, ਜੀਵ ਹੱਤਿਆ ਆਦਿ ਉੱਪਰ ਪਾਬੰਦੀ ਸਰਕਾਰ ਨੇ ਲਾਈ ਹੋਈ ਹੈ । ਇਨ੍ਹਾਂ ਕੇਸਾਂ ਵਿੱਚ ਸ਼ਜਾ ਦੀ ਵਿਵਸਥਾ ਕੀਤੀ ਹੋਈ ਹੈ ਜਿਵੇਂ ਕਿ ਸਲਮਾਨ ਖਾਨ ਹਿਰਨ ਦੇ ਸ਼ਿਕਾਰ ਕਰਨ ਤੇ ਸ਼ਜਾ ਭੁਗਤ ਚੁੱਕਾ ਹੈ ।ਪਰ ਇਹ ਗੱਲ ਪੰਜ ਦਹਾਕਿਆਂ ਤੋਂ ਵੀ ਪਹਿਲਾਂ ਦੀ ਹੈ, ਉਸ ਸਮੇਂ ਅਜਿਹੀ ਕੋਈ ਗੱਲ ਨਹੀਂ ਸੀ ਇਹ ਗੱਲ ਗਰਮੀ ਦੀ ਰੁੱਤ ਦੀ ਹੈ ਜਦੋਂ ਵੈਸੇ ਹੀ ਗਰਮੀ ਦੇ ਦਿਨਾਂ 'ਚ ਚਪਲਾਂ ਪਾ ਕੇ ਕਰਚਿਆਂ ਤੋਂ ਲੰਘਣਾ, ਕਈ ਵਾਰੀ ਤਿੱਖੇ ਕੰਡੇ ਰਬੜ ਦੀਆਂ ਘੱਸੀਆਂ ਚਪਲਾਂ ਵਿੱਚੋਂ ਪੈਰ ਨੂੰ ਵੀ ਲੱਗਦੇ। ਉਂਝ ਪੈਰਾਂ 'ਚ ਕੰਡੇ ਲੱਗਣਾ ਆਮ ਹੀ ਵਰਤਾਰਾ ਸੀ ਕਿਉਂ ਕਿ ਰਸਤੇ ਵਿੱਚ ਕੰਡਿਆਂ ਵਾਲੀ ਥਾਵਾਂ ਤੋਂ ਲੰਘਣਾ ਤੇ ਬੇਰੀਆਂ ਤੋਂ ਬੇਰ ਝਾੜਨੇ ਤੇ ਖਾਣੇ ਵਧੀਆ ਲਗਦਾ ਹੁੰਦਾ ਸੀ । ਪੁੰਗਰ ਰਹੇ ਕਮਾਦ ਦੇ ਖੇਤਾਂ, ਬਰਸੀਮ, ਚਾਰੇ ਆਦਿ ਦੇ ਖੇਤਾਂ ਵਿੱਚ ਜਾਲ ਲਾ ਕੇ, ਪਿਛਾਂਹ ਤੋਂ ਇੱਕ ਲੰਬੀ ਰੱਸੀ ਦੋ ਜਣੇ ਫੜ੍ਹ ਕੇ ਖੇਤ ਉੱਪਰੋਂ ਫਸਲ ਨੂੰ ਹਿਲਾਉਂਦੇ ਜਾਲ ਵੱਲ ਨੂੰ ਜਾਂਦੇ ਅਤੇ ਬਾਕੀ ਸਾਈਡ ਜਾਂ ਜਾਲ੍ਹ ਦੇ ਨੇੜੇ ਡੰਡੇ ਲੈ ਕੇ ਖੜ੍ਹ ਜਾਂਦੇ ਤਾਂ ਕਿ ਜਾਲ੍ਹ 'ਚ ਫਸੇ ਸਿਕਾਰ ਨੂੰ ਫੜ੍ਹ ਜਾਂ ਮਾਰ ਲਿਆ ਜਾਵੇ। ਇਸ ਜੁੰਡਲੀ ਦਾ ਮੋਢੀ ਸਿੰਗਾਰਾ ਸਿੰਘ ਮਹਿਰਾ ਸੀ ਜਿਨ੍ਹਾਂ ਦੇ ਪਰਿਵਾਰ ਇਹ ਕੰਮ ਕਰਦੇ ਸੀ ਅਤੇ ਉਨ੍ਹਾਂ ਕੋਲ ਸ਼ਿਕਾਰ ਕਰਨ ਦਾ ਸਾਮਾਨ ਹੁੰਦਾ ਸੀ। ਇੱਕ ਦਿਨ ਅਸੀਂ ਸਾਰਾ ਸਮਾਨ ਲੈਕੇ ਸਿੱਖਰ ਦੁਪਿਹਰੇ ਸ਼ਿਕਾਰ ਕਰਨ ਚਲੇ ਗਏ। ਭਾਰੇ ਵਾਲੇ ਪਹੇ ਵੱਲ ਚਲ ਪਏ ਇੱਕ ਦੋ ਖੇਤਾਂ 'ਚ ਜਾਲ੍ਹ ਲਾਇਆ ਤਿੱਤਰ, ਬਟੇਰੇ ਜਾਲ੍ਹ 'ਚ ਫੱਸਣ ਤੋਂ ਪਹਿਲਾਂ ਹੀ ਉੱਡ ਜਾਂਦੇ । ਅੰਬ ਵਾਲੇ ਖੂਹ ਦੇ ਨਾਲ ਕਾਲੀਆਂ ਦੇ ਛੋਟੇ ਜਿਹੇ ਖੇਤ ਵਿੱਚ ਲੱਕ-ਲੱਕ ਜਿੰਨਾ ਕਮਾਦ ਖੜ੍ਹਾ ਸੀ । ਡੰਡੇ ਹੱਥਾਂ 'ਚ ਲੈ ਕੇ ਖੇਤ 'ਚ ਹੋਲੀ ਹੋਲੀ ਸਹੇ ਦੀ ਤਾਕ 'ਚ ਚਲ ਪਏ । ਸੰਪੂਰਨ ਨੇ ਕਮਾਦ ਦੀਆਂ ਜੜ੍ਹਾਂ 'ਚ ਸੁੱਤੇ ਪਏ ਸਹੇ ਦੇ ਡੰਡਾ ਮਾਰਿਆ ਤੇ ਚੁੱਕ ਕੇ ਮਰਿਆ ਸਮਝ ਕੇ ਥੈਲੇ ਵਿੱਚ ਪਾ ਦਿੱਤਾ ਜੋ ਕਿ ਦਹਿਲਿਆ ਹੋਇਆ ਬੱਚਾ ਹੀ ਲੱਗਦਾ ਸੀ ।ਅੱਗੇ ਹੋਰ ਸਹੇ ਦੀ ਤਾਕ 'ਚ ਥੈਲੇ ਨੂੰ ਖੇਤ 'ਚ ਰੱਖ ਕੇ ਅਗਾਂਹ ਹੀ ਵੱਧੇ ਤਾਂ ਦੇਖਿਆ ਕਿ ਉਹ ਤਾਂ ਪੂਰਾ ਸਹਾ ਸੀ ਜੋ ਕਿ ਨਾਲ ਦੇ ਖਾਲੀ ਖੇਤ 'ਚੋਂ ਦੌੜਦਾ ਹੋਇਆ ਪਹਾ ਪਾਰ ਕਰੇ ਦੂਜੇ ਪਾਰ ਖੇਤਾਂ ਵਿੱਚ ਚਲਾ ਗਿਆ ।ਹੁਣ ਸੋਚਦਾ ਹਾਂ ਕਿ ਚਲੋ ਚੰਗਾ ਹੋਇਆ ਸੀ ਉਸ ਜੀਵ ਦੀ ਜ਼ਿੰਦਗੀ ਬਚ ਗਈ । ਇਸ ਤਰ੍ਹਾਂ ਅਸੀਂ ਖਾਲੀ ਹੱਥ ਘਰਾਂ ਨੂੰ ਵਾਪਸ ਆ ਗਏ । ਮੈਂ ਇਸ ਟੋਲੀ ਵਿੱਚ ਕਈ ਵਾਰ ਜਾਂਦਾ ਰਿਹਾ ਸਿਰਫ ਉਨ੍ਹਾਂ ਵਿੱਚੋਂ ਮੈਂ ਹੀ ਮੈਟ੍ਰਿਕ ਪਾਸ ਕਰਕੇ ਉਚੇਰੀ ਪੜ੍ਹਾਈ ਕਰ ਸਕਿਆ। ਬਾਕੀ ਦੇ ਕਈ ਅੰਡਰ ਮਿਡਲ ਅਤੇ ਮੈਟ੍ਰਿਕ ਹੀ ਰਹਿ ਗਏ ਜਿਨ੍ਹਾਂ 'ਚੋਂ ਕਈ ਰੱਬ ਨੂੰ ਪਿਆਰੇ ਵੀ ਹੋ ਗਏ ਹਨ, ਨਸ਼ੇ ਤਾਂ ਉਹ ਤਕਰੀਬਨ ਉਹ ਸਾਰੇ ਖਾਂਦੇ ਸੀ, ਜੋ ਇਸ ਸਮੇਂ ਹਨ ਉਹ ਵੀ ਕੋਈ ਨਾ ਕੋਈ ਨਸ਼ੇ ਕਰਦੇ ਹਨ। ਇੱਕ ਸਾਥੀ ਦਾ ਤਾਂ ਨਸ਼ਿਆਂ ਨਾਲ ਬੁਰਾ ਹਾਲ ਹੈ ਕਪੜੇ ਪਾਉਣ, ਸਰੀਰ ਦੀ ਸਫਾਈ ਆਦਿ ਦਾ ਉਸ ਨੂੰ ਕੋਈ ਖਿਆਲ ਨਹੀਂ, ਜੋ ਜਾਇਦਾਦ ਮਾੜੀ ਮੋਟੀ ਸੀ ਉਹ ਵੇਚ ਵੱਟ ਕੇ ਖਾ ਲਈ ਭਾਵੇਂ ਪਿੰਡ 'ਚ ਇਸ ਪਰਿਵਾਰ ਦਾ ਕਿਸੇ ਸਮੇਂ ਨਾਂ ਸੀ ।ਪਰ ਮੈਂ ਕਿਸੇ ਜਮਾਤ ਵਿੱਚੋਂ ਕਦੇ ਵੀ ਫੇਲ੍ਹ ਤਾਂ ਕੀ ਹੋਣਾ ਸੀ ਸਗੋਂ ਜਮਾਤ 'ਚ ਟਾਪਰਾਂ 'ਚ ਹੀ ਹੁੰਦਾ ਸੀ।

ਮੈਨੂੰ ਖੁਦ ਸਮਝ ਨਹੀਂ ਆਉਂਦੀ ਕਿ ਮੈਂ ਇਨ੍ਹਾਂ ਸਾਥੀਆਂ 'ਚੋਂ ਕਿਸੇ ਵੀ ਅਲਾਮਤ ਨੂੰ ਪ੍ਰਵਾਨ ਕਿਉਂ ਨਹੀਂ ਕੀਤਾ ਹਾਲਾਂ ਕਿ ਮੇਰੇ ਮਾਪੇ ਅਨਪੜ੍ਹ ਸੀ ਉਨ੍ਹਾਂ ਨੇ ਵੀ ਮੈਨੂੰ ਪੜ੍ਹਾਈ ਤੋਂ ਹਟਾ ਕੇ ਕੰਮ 'ਚ ਲਾ ਲੈਣਾ ਸੀ ।ਇਸੇ ਤਰ੍ਹਾਂ ਹੀ ਸਕੂਲੀ ਸਮੇਂ ਪੜ੍ਹਦੇ ਹੋਏ ਬੜੇ ਹੀ ਮਾੜੇ ਸਮੇਂ ਨੂੰ ਛੂਹ ਕੇ ਵੀ ਬਚ ਜਾਣਾ ਅਤੇ ਚੰਗੀ ਸੋਚ ਨੂੰ ਹੀ ਅਪਣਾ ਕੇ ਸਮਾਜ ਵਿੱਚ ਵਿਚਰਨ ਦੀ ਸਮਰੱਥਾ ਵਾਹਿਗੁਰੂ ਜੀ ਦੀ ਆਪਾਰ ਬਖਸਿਸ਼ ਸਦਕਾ ਹੀ ਹੋਈ ਹੋਈ।

**ਮੇਜਰ ਸਿੰਘ ਨਾਭਾ**

# ਸਾਲਾਨਾ ਸਮਾਗਮ ’ਚ ਆਕਾਸ਼ਵਾਣੀ/ ਦੂਰਦਰਸ਼ਨ ਦੀਆਂ ਪ੍ਰਮੁੱਖ ਸਖਸ਼ੀਅਤਾਂ ਸਨਮਾਨਿਤ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ )–**ਰੇਡੀ ਤੇ ਦੂਰਦਰਸ਼ਨ ਨੇ ਲੰਬੇ ਅਰਸੇ ਤੋਂ ਸੂਚਨਾ, ਗਿਆਨ ਅਤੇ ਮਨੋਰੰਜਨ ਨਾਲ ਸਾਂਝ ਬਣਾ ਕੇ ਦੇਸ਼ ਦੇ ਸਰਬਪੱਖੀ ਵਿਕਾਸ ਅਤੇ ਸੱਭਿਆਚਾਰਕ ਖੇਤਰ ਵਿਚ ਅਹਿਮ ਭੂਮਿਕਾ ਨਿਭਾਈ ਹੈ। ਰੇਡੀ ਦੇ ਵੱਖ-ਵੱਖ ਵਰਗਾਂ ਲਈ ਪਰੋਸੇ ਪ੍ਰੋਗਰਾਮਾਂ ਨੇ ਹਰੇ, ਨੀਲੇ ਅਤੇ ਕਈ ਇਨਕਲਾਬਾਂ ਦੇ ਕਰਿਸ਼ਮੇ ਕਰਕੇ ਲੋਕ ਚੇਤਨਾ ਪੈਦਾ ਕੀਤੀ ਹੈ। ਕੇਂਦਰ ਸਰਕਾਰ ਨੂੰ ਰੇਡੀ ਤੇ ਦੂਰਦਰਸ਼ਨ ਦਾ ਘੇਰਾ ਸੀਮਤ ਕਰਨ ਦੀ ਜਗ੍ਹਾ ਸਟਾਫ ਸਮੇਤ ਹੋਰ ਵਿਸਥਾਰ ਕਰਨਾ ਚਾਹੀਦਾ ਹੈ। ਇਹ ਵਿਚਾਰ ਪੰਜਾਬ ਚੇਤਨਾ ਮੰਚ ਦੇ ਜਨਰਲ ਸਕੱਤਰ ਅਤੇ ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਦਰਸ਼ਕ ਸਰੋਤਾ ਸੰਘ ਵਲੋਂ ਕਰਵਾਏ ਗਏ ਸਾਲਾਨਾ ਸਮਾਗਮ ਵਿਚ ਬੋਲਦਿਆਂ ਪ੍ਰਗਟ ਕੀਤੇ। ਇਸ ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਗੁਰਮੀਤ ਖ਼ਾਨਪੁਰੀ, ਜਗਦੀਸ਼ਪਾਲ ਮਹਿਤਾ, ਅਵਤਾਰ ਸਿੰਘ ਬਸੀਆਂ, ਮ ਗੌਰੀ ਦੱਤ ਸ਼ਰਮਾ, ਸ਼ਿਸ਼ੂ ਸ਼ਰਮਾ ਸ਼ਾਂਤਲ, ਜਸਵੀਰ ਸਿੰਘ, ਦਵਿੰਦਰ ਮਹਿੰਦਰੂ, ਇਮਤਿਆਜ਼, ਗੁਰਵਿੰਦਰ ਸਿੰਘ ਅਤੇ ਕੁਲਦੀਪ ਸਿੰਘ ਚੌਹਾਨ ਸ਼ੁਸ਼ੋਭਿਤ ਹੋਏ। ਇਸ ਮੌਕੇ ਤੇ ਆਕਾਸ਼ਵਾਣੀ ਜਲੰਧਰ ਦੀ ਸੀਨੀਅਰ ਐਨਾਊਂਸਰ ਸੁਖਜੀਤ ਕੌਰ, ਮੋਨਿਕਾ ਦੱਤ ਅਤੇ ਦਵਿੰਦਰ ਮਹਿੰਦਰੂ ਨੇ ਆਕਾਸ਼ਵਾਣੀ ਜਲੰਧਰ ਦੇ ਭੈਣਾਂ ਦੇ ਪ੍ਰੋਗਰਾਮ ਦੀ ਸਟੇਜ ਪੇਸ਼ਕਾਰੀ, ਗੁਰਮੀਤ ਖ਼ਾਨਪੁਰੀ ਵਲੋਂ ਆਕਾਸ਼ਵਾਣੀ ਜਲੰਧਰ ਦੇ ਕਲਾਕਾਰਾਂ ਦੀਆਂ ਆਵਾਜ਼ਾਂ ਦਾ ਪ੍ਰੋਗਰਾਮ ‘ਮੇਰੀ ਆਵਾਜ਼ ਸੁਣੋ’, ਸਰਕਾਰੀ ਸਕੂਲ ਲਾਂਬੜਾ/ਬੀਰਮਪੁਰ ਵਲੋਂ ਸੱਭਿਆਚਾਰਕ ਪ੍ਰੋਗਰਾਮ, ਗੀਤ ਤੇ ਕਵਿਤਾ ਪਾਠ ਅਤੇ ਆਕਾਸ਼ਵਾਣੀ ਜਲੰਧਰ ਦੇ ਐਂਕਰਾਂ ਵਲੋ ਪੇਸ਼ ਕੀਤਾ ਗਏ ਸਮੂਹਿਕ ਨ੍ਰਿਤ ਨਾਲ ਹਾਲ ਗੂੰਜ ਉੱਠਿਆ। ਇਸ ਦਰਮਿਆਨ ਆਕਾਸ਼ਵਾਣੀ ਜਲੰਧਰ ਦੀਆਂ ਨਾਮਵਰ ਸਖਸ਼ੀਅਤਾਂ ਸੁਖਜੀਤ, ਮੋਨਿਕਾ ਮਹਿਤਾ, ਪੂਜਾ ਹਾਂਡਾ, ਸੁਖਦੀਪ, ਤੀਰਥ ਸਿੰਘ ਢਿੱਲੋਂ, ਕਮਲੇਸ਼, ਦੀਪਾਲੀ, ਸੋਨੀਆ ਸੈਣੀ, ਆਸ਼ਾ ਕੱਸ਼ਯਪ, ਗੁਰਵਿੰਦਰ ਸੰਧੂ, ਮੋਨਿਕਾ ਦੱਤ, ਸੰਜੀਵ, ਨਵਜੋਤ ਸਿੱਧੂ, ਕਮਲਪ੍ਰੀਤ, ਰੁਪਿੰਦਰ, ਸਵਿਤਾ, ਪਾਰਸ, ਅਰੁਣ, ਕਮਲ ਸ਼ਰਮਾ, ਪੂਜਾ ਟੁਹਾਣੀ, ਗਨੀਸ਼ਾ, ਆਸ਼ਾ, ਰਜਨੀ, ਰਚਨਾ, ਨਵਜੋਤ ਤੇ ਕਈ ਹੋਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਗਰੁੱਪ ਦੇ ਬਾਨੀ ਪ੍ਰਧਾਨ ਸੁਖਪਾਲ ਸਿੰਘ ਢਿੱਲੋਂ ਨੂੰ ਸਮਰਪਿਤ ਸਮਾਗਮ ਵਿਚ ਉਨ੍ਹਾਂ ਨੂੰ ਸ਼ਰਧਾ ਸੁਮਨ ਭੇਟ ਕਰਕੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਟੇਜ ਸਕੱਤਰ ਦੀ ਸੇਵਾ ਦੂਰਦਰਸ਼ਨ ਜਲੰਧਰ ਦੀ ਐਂਕਰ ਕਮਲਪ੍ਰੀਤ ਤੇ ਮੋਹਣ ਲਾਲ ਨੇ ਨਿਭਾਈ। ਇਸ ਮੌਕੇ ਹੋਰਨ੍ਹਾਂ ਤੋਂ ਇਲਾਵਾ ਗੁਰਦੀਪ ਸਿੰਘ ਜ਼ੀਰਾ, ਜਤਿੰਦਰ ਭਾਸਕਰ, ਪੈਰੀ ਢਿੱਲੋਂ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

# ਬੇ.ਗਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਫੜੇਗੀ ਸਪੇਨ ਦੇ ਹੜ੍ਹ ਪੀੜਤਾਂ ਦੀ ਬਾਂਹ

**ਫਗਵਾੜਾ (ਬੀ.ਕੇ. ਰੱਤੂ)–** ਬੇਗਮਪੁਰਾ ਏਡ ਇੰਟਰਨੈਸ਼ਨਲ 15 ਨਵੰਬਰ ਨੂੰ ਜਾਵੇਗੀ ਸਪੇਨ ਹੜ੍ਹ ਪੀੜਤਾ ਦੀ ਮੰਦਦ ਵਾਸਤੇ ਜੇ ਕੋਈ ਵੀਰ ਯੌਰਪ ਦੀ ਕਿਸੇ ਵੀ ਕੰਟਰੀ ਵਿਚੋਂ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਨਾਲ ਸਪੇਨ ਦੀ ਧਰਤੀ ਤੇ ਜਾ ਕੇ ਸੇਵਾ ਕਰਨੀ ਚਹੁੰਦਾ ਹੋਵੇ ਤਾ ਸਾਡੇ ਨਾਲ ਸਪੰਰਕ ਕਰ ਸਕਦਾ ਹੈ ਤਾਂ ਜੋ ਸੰਸਥਾ ਵੱਲੋਂ ਜਾਣ ਵਾਲੇ ਵੀਰਾਂ ਦਾ ਜਾਣ ਅਤੇ ਉੱਥੇ ਰਹਿਣ ਦਾ ਇੰਤਜ਼ਾਮ ਕੀਤਾ ਜਾ ਸਕੇ।



ਇਸ ਸੇਵਾ 'ਤੇ ਜਾਣ ਵਾਲੇ ਵੀਰ ਕਿਹੜੀ ਕੰਟਰੀ ਵਿੱਚੋਂ ਜਾਣਾ ਚਹੁੰਦੇ ਹਨ ਉਹ ਆਪਣੀ ਉੱਥੋਂ ਦੀ ਰੈਜੀਡੈਂਸ ਕਾਰਡ ਅਤੇ ਪਾਸਪੋਰਟ ਦੀ ਫੋਟੋ ਕਾਪੀ ਸੰਸਥਾ ਦੇ ਮੋਬਾਇਲ ਫੋਨ ਨੰਬਰ ਜਾ ਐਡਰੈਸ ਮੇਲ ਤੇ ਭੇਜ ਸਕਦੇ ਹਨ ਤਾਂ ਜੋ ਉਹਨਾਂ ਦੀ ਸਿੱਧੀ ਆਉਣ ਜਾਣ ਦੀ ਟਿਕਟ ਉਹਨਾਂ ਦੀ ਹੀ ਕੰਟਰੀ ਤੋਂ ਬਣਾਕੇ ਭੇਜ ਸਕਈਏ। ਬੇਗਮਪੁਰਾ ਏਡ ਇੰਟਰਨੈਸ਼ਨਲ ਦੇ ਮੁੱਖੀ ਭਾਈ ਰਾਮ ਸਿੰਘ ਮੈਂਗੜਾ ਨੇ ਦੱਸਿਆ ਕਿ ਜਾਣਕਾਰੀ ਮੁਤਾਬਕ ਦੱਸਦੇ ਹਨ ਪਹਾੜਾਂ ਦੇ ਉੱਪਰੋਂ ਬੱਦਲਾਂ ਦੇ ਫਟ ਜਾਣ ਕਾਰਨ ਇੱਕ ਬਹੁਤ ਵੱਡਾ ਤੁਫ਼ਾਨ ਆਇਆ ਜਿਹਨਾਂ ਵੀ ਮਿੱਟੀ ਘੱਟਾ ਸੀ ਸਾਰਾ ਲੋਕਾਂ ਦੇ ਘਰਾਂ ਵਿੱਚ ਚਲਾ ਗਿਆ।

ਉਸ ਨਾਲ ਕਾਫੀ ਮਾਲੀ ਤੇ ਜਾਨੀ ਨੁਕਸਾਨ ਹੋਇਆ। ਉਨ੍ਹਾ ਕਿਹਾ ਕਿ ਤੁਹਾਨੂੰ ਦੱਸ ਦੇਈਏ ਕੇ ਪਿਛਲੇ ਦਿਨੀ ਸਪੇਨ ਦੀ ਧਰਤੀ ਉੱਪਰ ਕੁਦਰਤ ਦਾ ਇਕ ਬਹੁਤ ਵੱਡਾ ਕਹਿਰ ਵਾਪਰਿਆ ਚੋਵੀ ਘੰਟੇ ਬਾਰਸ਼ ਹੋਣ ਦੇ ਕਾਰਣ ਪਿੰਡਾ ਦੇ ਪਿੰਡ ਹੜ੍ਹ ਦੀ ਲਪੇਟ ਵਿੱਚ ਆ ਗਏ ਸਨ।

## ਕੰਮੀਆਂ ਦੇ ਵੇਹੜੇ

ਹਕੂਮਤਾਂ ਦੇ ਘਰਾਟਾਂ ਚ ਪਿਸਦੇ
ਕੰਮੀਆਂ ਦੀ ਮਿਹਨਤ
ਹੁਣ ਅਜਾਈਂ ਨਹੀਂ ਜਾਏਗੀ
ਇਕ ਨਾ ਇਕ ਦਿਨ
ਉਹ ਅਜਾਦੀ ਦੀ ਹਵਾ
ਬੁੱਲ੍ਹਾ ਬਣ ਕੰਮੀਆਂ ਦੇ ਵੇਹੜੇ
ਦੀਵੇ ਦੀ ਲੋਅ ਬਣ ਆਏਗੀ

ਪ੍ਰਾਚੀਨ ਕਾਲ ਤੋ ਵਰਤਮਾਨ ਤੱਕ
ਟੁੱਕ ਖ਼ਾਤਰ ਝੂਜਦੇ ਆ ਰਹੇ
ਇੰਨਾ ਕੰਮੀਆਂ ਦੀ ਅਵਾਜ ਨੂੰ
ਹੁਣ ਹਕੂਮਤ ਨਹੀਂ ਦਬਾਏਗੀ
ਉਹ ਅਜਾਦੀ ਦੀ ਹਵਾ
ਬੁੱਲ੍ਹਾ ਬਣ ਕੰਮੀਆਂ ਦੇ ਵੇਹੜੇ
ਦੀਵੇ ਦੀ ਲੋਅ ਬਣ ਆਏਗੀ

ਮੱਤ ਨੂੰ ਸੁਮੱਤ ਮਿਲ ਗਈ
ਹੁਣ ਉਹ ਪਿਛਲਗੂ ਬਣ ਨਹੀਂ
ਸਗੋਂ ਆਗਾਹੂੰ ਬਣ ਵਿਚਰਨਗੇ
ਤੇ ਉਨ੍ਹਾਂ ਦੀ ਕਾਬਲੀਅਤ
ਇਕ ਵੱਖਰਾ ਰੰਗ ਲਿਆਏਗੀ
ਉਹ ਅਜਾਦੀ ਦੀ ਹਵਾ
ਬੁੱਲ੍ਹਾ ਬਣ ਕੰਮੀਆਂ ਦੇ ਵੇਹੜੇ
ਦੀਵੇ ਦੀ ਲੋਅ ਬਣ ਆਏਗੀ

ਜਗੀਰਦਾਰਾਂ ਦਾ ਗੋਹਾ ਕੂੜਾ ਸੁੱਟ
ਹੁਣ ਉਹਨਾਂ ਦਾ ਕਾਮਾ ਨਹੀਂ
ਅਫ਼ਸਰ ਬਣ ਹੁਕਮ ਚਲਾਏਗਾ
ਬੱਚਿਆਂ ਨੂੰ ਤਾਲੀਮ ਦੁਆ
ਜਿੰਦ ਸੁੱਖ ਦੀ ਜਿੰਦ ਹੰਢਾਏਗੀ
ਉਹ ਅਜਾਦੀ ਦੀ ਹਵਾ
ਬੁੱਲ੍ਹਾ ਬਣ ਕੰਮੀਆਂ ਦੇ ਵੇਹੜੇ
ਦੀਵੇ ਦੀ ਲੋਅ ਬਣ ਆਏਗੀ

ਖੰਨੇ ਲਿਖਤ ਨਾਲ ਬਦਲ ਤਕਦੀਰ
ਤਕਦੀਰ, ਤਕਦੀਰ ਟਕਰਾਏਗੀ
ਕਰ ਖ਼ਤਮ ਪਾੜਾ ਨਿੱਕੇ ਵੱਡੇ ਦਾ
ਬਰਾਬਰ ਦਾ ਹੱਕ ਤੇ ਇਨਸਾਫ਼
ਸ਼ਾਇਰ ਦੀ ਕਲਮ ਦਵਾਏਗੀ
ਉਹ ਅਜਾਦੀ ਦੀ ਹਵਾ
ਬੁੱਲ੍ਹਾ ਬਣ ਕਮੀਆਂ ਦੇ ਵੇਹੜੇ
ਦੀਵੇ ਦੀ ਲੋਅ ਬਣ ਆਏਗੀ

**ਅਜੀਤ ਖੰਨਾ (ਲੈਕਚਰਾਰ)**
**91-85448-54669**



# ਹੈਪੀ ਵੈਟਰਨਜ਼ ਡੇਅ (Happy Veterans Day)

ਪੁਰਖਿਆਂ ਵਲੋਂ ਸਮਾਜ ਦੇ ਚੰਗੇ ਭਵਿੱਖ ਲਈ ਕੀਤੇ ਸੰਘਰਸ਼ ਅਤੇ ਕੁਰਬਾਨੀਆਂ ਨੂੰ ਜਿਊਂਦੀਆਂ ਕੌਮਾਂ ਸਦਾ ਯਾਦ ਕਰਦੀਆਂ ਹਨ।

ਅਮਰੀਕਾ ਸੰਘ ਦੇ ਵਸਨੀਕ (Citzens of Uinted States Ameirca) ਨਵੰਬਰ 11 ਨੂੰ ਯੁੱਧਾਂ ‘ਚ ਸ਼ਹੀਦ ਹੋਏ ਫ਼ੌਜੀਆਂ ਨੂੰ ਯਾਦ ਕਰਦੇ ਹਨ। ਯਾਦ ਰਹੇ, ਪਹਿਲਾ ਮਹਾ-ਯੁੱਧ (First World War) 11 ਨਵੰਬਰ 1918 ਨੂੰ ਸਵੇਰੇ 11 ਵਜੇ , 11 ਘੰਟੇ, 11 ਦਿਨ ਅਤੇ 11 ਮਹੀਨਿਆਂ ਬਾਅਦ ਮੁੱਕਿਆ ਸੀ। ਜਿਸ ਵਿੱਚ ਹਜ਼ਾਰਾਂ ਅਮਰੀਕਨ ਫੌਜੀ ਸ਼ਹੀਦ ਹੋਏ ਲੱਖਾਂ ਬੇਦੋਸ਼ਿਆਂ ਦਾ ਖ਼ੂਨ ਡੁੱਲਿਆ ਸੀ। ਇਸ ਹੀ ਤਰ੍ਹਾਂ ਵੱਖ ਦੇਸ਼ਾਂ ਵਲੋਂ ਵੀ ਆਪਣੇ ਦੇਸ਼ ਹਿੱਤ ਲਈ ਕੁਰਬਾਨ ਹੋਏ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਯਾਦ ਕੀਤਾ ਜਾਂਦਾ ਹੈ। ਸਨਮਾਨ ਅਤੇ ਸ਼ਰਧਾਂਜਲੀ ਸਮਾਗਮ ਕੀਤੇ ਜਾਂਦੇ ਹਨ।

“ਸ਼ਹੀਦ ਮੌਕੇ ਦੇ ਨਿਜ਼ਾਮ ਦੇ ਗਵਾਹ ਹੁੰਦੇ ਹਨ!”

Martyrs are the witnesses of the System..! “



**Manmohan Pooni (New York)**

## ਦੇਸ਼ ਦਾ ਪਿਆਰ

ਵੱਢੀ ਜਾਂਦੇ ਨੇ ਜੰਗਲ , ਪਈ ਸਾਹਾਂ ਨੂੰ ਮਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।
ਚਿਮਨੀਆਂ ਦਾ ਧੂੰਆਂ ਤਾਂ, ਹੋਇਆ ਬੇਸੁਮਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਜਿੱਥੇ ਦਿਲ ਕਰਦਾ ਏ, ਛੱਤੀ ਜਾਂਦੇ ਨੇ ਕੋਠੀਆਂ,
ਜਿੱਥੋਂ ਪਾਣੀ ਵਗਦਾ ਏ, ਉਹ ਰਾਹਾਂ ਰੋਕੀਆਂ ।
ਸੁੱਟ ਪਾਣੀਆਂ ‘ਚ’ ਗੰਦ, ਕਰਦੇ ਇਨਕਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਸਨਅਤਾਂ ਦੀ ਗੋਦ ਚੋਂ, ਗੰਦ ਬੜਾ ਵਹਿ ਰਿਹਾ,
ਕੋਈ ਨਾ ਸੁਧਾਰ ਲਈ, ਇਨ੍ਹਾਂ ਨੂੰ ਕਹਿ ਰਿਹਾ ।
ਖੇਤਾਂ ਦੀ ਰਹਿੰਦ ਖੂੰਦ, ਸਾੜਣ ਦਾ ਮਲਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਪਾਣੀਆਂ ਦੀ ਬਰਬਾਦੀ, ਗੁਲ ਹੋਰ ਖਿੜਾਏਗੀ,
ਵਕਤ ਨੇੜੇ ਆ ਰਿਹਾ, ਬੂੰਦ ਤਰਸਾਏਗੀ ।
ਪਹਾੜਾਂ, ਖਾਣਾਂ ‘ਚ’ ਲੁੱਟ, ਕਹਿੰਦੇ ਅਧਿਕਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਨਸ਼ੇ, ਹਥਿਆਰਾਂ ਪਿੱਛੇ, ਲਾਈ ਲੋਕਾਂ ਨੇ ਦੌੜ ਹੈ,
ਵਿਆਹ, ਸਮਾਗਮਾਂ ‘ਚ’, ਪਿਆ ਡੀਜ਼ੇ ਸ਼ੋਰ ਹੈ।
ਕਹਿਣ ਇਹ ਤਰੱਕੀ, ਵੱਖਰਾ ਹੀ ਮਿਆਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ।

ਸਪਰੇਆਂ, ਖਾਦਾਂ ਕੀਤਾ, ਪਾਣੀ ਤੇ ਹਵਾ ਗੰਧਲਾ,
ਕਰੂਪ ਹੋਈ ਧਰਤੀ, ਸਾਹ ਮਿਲੇ ਕੰਗਲਾ ।
ਗਰੀਬ, ਅਮੀਰ ਲਈ, ਹਵਾ ਤਾਂ ਇਕਸਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਕੋਲਾ, ਸੋਨਾ ਖਾਣਾਂ ਵੇਚੇ, ਕਾਰਪੋਰੇਟਾਂ ਹੱਥ ਨੇ,
ਇਨ੍ਹਾਂ ਤਾਂ ਉਜਾੜੇ ਲੋਕ, ਰਹੇ ਜ਼ਮੀਂ ਹੜੱਪ ਨੇ ।
ਕੋਈ ਪੁੱਛੇ ਨਾ ਇਨ੍ਹਾਂ ਨੂੰ, ਵਾਧੂ ਅਖਤਿਆਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਰਸੋਈ ਤਾਂ ਸ਼ਹਿਰਾਂ ‘ਚ’, ਵੇਖਣ ਨੂੰ ਰਹਿ ਗਈ,
ਮੈਕਡੋਨਲ, ਸੱਬਵੇਅ, ਆ ਦਰ ਬਹਿ ਗਈ।
ਇਹ ਖਾਣਿਆਂ ਨੇ ਕੀਤੀ, ਸਿਹਤ ਅਵਾਜ਼ਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਹਰ ਥਾਂ ਆ ਕੇ ਗ਼ਲਬਾ, ਕਾਰਪੋਰੇਟਾਂ ਪਾ ਲਿਆ,
ਸਾਰੀ ਧਰਤੀ, ਅਕਾਸ਼, ਇਨ੍ਹਾਂ ਹੱਥਿਆ ਲਿਆ।
ਸਰਕਾਰ ਹੱਥ ਖਾਲੀ, ਲੋਕ ਹੋਏ ਬੇਕਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਚੁਣੀ ਹੋਈ ਸੱਤਾ ਹੁਣ, ਅਮੀਰਾਂ ਲਈ ਫਲਦੀ,
ਸਭ ਅਦਾਰੇ ਵੇਚ ਕੇ, ਇਸ਼ਾਰੇ ਲੈ ਚੱਲਦੀ ।
ਕੰਮ ਦਿੱਤੇ ਸਭ ਠੇਕੇ, ਪ੍ਰਧਾਨ ਠੇਕੇਦਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਕੁਦਰਤ ਦੀ ਤਬਾਹੀ, ਵਧਦੀ ਹੁਣ ਜਾ ਰਹੀ,
ਜੀਵਨ ਦੀਆਂ ਔਕੜਾਂ, ਤਾਂ ਰੋਜ਼ ਵਧਾ ਰਹੀ ।
ਤਕੜਿਆਂ ਪਾਈ ਲੁੱਟ, ਧੰਨ ਦੀ ਭਰਮਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।

ਰਲ ਕਰੋ ਹੀਲਾ ਤਾਂ ਹੀ, ਜ਼ਿੰਦਗੀ ਨੂੰ ਬਚਾ ਗੇ,
ਜੇ ਰਹੇ ਚੁੱਪ ਤਾਂ ਹੋਰ, ਤਾਣੀ ਉਲਝਾ ਗੇ ।
ਗੁਲਾਮੀ ਨਹੀਂ ਸਹਿਣੀ , ਸਾਡੇ ਤਾਂ ਸੰਸਕਾਰ ਹੈ,
ਮੁੱਕਿਆ ਕਿ ਂ ਦਿਲ ਚੋਂ, ਦੇਸ਼ ਦਾ ਪਿਆਰ ਹੈ ।



**– ਰਬਿੰਦਰ ਸ਼ਰਮਾ**
**91-98146-67682**

# ਐੱਨਆਰਆਈ ਦੌਲਤਾ ਬਾਲੀ ਦਾ ਅੰਬੇਡਕਰ ਭਵਨ ਵਿਖੇ ਕੀਤਾ ਗਿਆ ਸਵਾਗਤ






**ਜਲੰਧਰ–** ਇੱਕ ਸਮਰਪਿਤ ਅੰਬੇਡਕਰਵਾਦੀ ਅਤੇ ਬੋਧੀ ਮਿਸ਼ਨਰੀ ਲੇਖਕ ਐੱਨਆਰਆਈ ਸ਼੍ਰੀ ਦੌਲਤਾ ਬਾਲੀ ਬਰਮਿੰਘਮ ਯੂਕੇ ਨੇ ਆਪਣੀ ਪਤਨੀ ਸ਼੍ਰੀਮਤੀ ਬਲਬੀਰ ਬਾਲੀ ਅਤੇ ਇੱਕ ਨਜ਼ਦੀਕੀ ਰਿਸ਼ਤੇਦਾਰ ਸ਼੍ਰੀਮਤੀ ਪ੍ਰੋਮਿਲਾ ਦੇ ਨਾਲ ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਅੰਬੇਡਕਰ ਭਵਨ ਦਾ ਦੌਰਾ ਕੀਤਾ। ਅੰਬੇਡਕਰ ਭਵਨ ਟਰੱਸਟ ਦੇ ਟਰੱਸਟੀ ਬਲਦੇਵ ਰਾਜ ਭਾਰਦਵਾਜ, ਮਹਿੰਦਰ ਸੰਧੂ ਅਤੇ ਕੇਅਰ ਟੇਕਰ ਸ਼੍ਰੀ ਨਿਰਮਲ ਬਿਨਜੀ ਨੇ ਉਨ੍ਹਾਂ ਦਾ ਸਵਾਗਤ ਕੀਤਾ। ਦੌਲਤਾ ਬਾਲੀ ਨੇ ਹਾਲ ਹੀ ਵਿੱਚ 'ਬੁੱਧ ਧੰਮ ਯੂਕੇ ਟੂਰ 2024' ਦੇ ਬੈਨਰ ਹੇਠ ਲਖਨਊ, ਸ਼ਰਾਵਸਤੀ, ਲੁੰਬਨੀ, ਕੁਸ਼ੀਨਗਰ, ਵੈਸ਼ਾਲੀ, ਪਟਨਾ, ਰਾਜਗੀਰ, ਨਾਲੰਦਾ, ਬੋਧਗਯਾ, ਵਾਰਾਣਸੀ, ਸਾਰਨਾਥ, ਚੇਤਿਆ ਭੂਮੀ ਅਤੇ ਦੀਕਸ਼ਾਭੂਮੀ ਵਿਖੇ ਬੋਧੀ ਸਥਾਨਾਂ ਦਾ ਦੌਰਾ ਪੂਰਾ ਕੀਤਾ। 'ਬੁੱਧ ਧੰਮ ਯੂਕੇ ਟੂਰ 2024 ਗਰੁੱਪ' ਵਿੱਚ ਬਿਸ਼ਨ ਦਾਸ ਬੈਂਸ, ਦਵਿੰਦਰ ਚੰਦਨ, ਦੇਵੀ ਰਾਣੀ, ਜਰਨੈਲ ਸਿੰਘ ਸੁਮਨ, ਚਰਨ ਕੁਮਾਰੀ ਸੁਮਨ, ਬਲਵਿੰਦਰ ਝੱਮਟ, ਹਰਬੰਸ ਬਿਰਦੀ, ਦੇਵ ਰਾਜ, ਹਰਵਿਲਾਸ ਬੰਗੜ, ਦੌਲਤਾ ਬਾਲੀ, ਸ਼੍ਰੀਮਤੀ ਬਲਬੀਰ ਬਾਲੀ ਅਤੇ ਹੋਰ ਬਹੁਤ ਸਾਰੇ ਉਪਾਸ਼ਕ ਸ਼ਾਮਲ ਸਨ। ਦੌਲਤਾ ਬਾਲੀ ਨੇ ਇਸੇ ਸਾਲ ਜੁਲਾਈ 2024 ਵਿੱਚ ਸ਼੍ਰੀ ਐਲ।ਆਰ। ਬਾਲੀ ਉੱਤੇ ਇੱਕ ਕਿਤਾਬ "ਅੰਬੇਡਕਰ ਮਿਸ਼ਨ ਦੇ ਬਾਗ ਦਾ ਮਾਲੀ: ਸ਼੍ਰੀ ਲਾਹੌਰੀ ਰਾਮ ਬਾਲੀ" ਸਿਰਲੇਖ ਹੇਠ ਪ੍ਰਕਾਸ਼ਿਤ ਕੀਤੀ। ਅੰਬੇਡਕਰ ਭਵਨ ਵਿਖੇ ਦੌਲਤਾ ਬਾਲੀ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਬਲਬੀਰ ਬਾਲੀ ਦਾ ਸਵਾਗਤ ਕਰਨ ਮੌਕੇ ਮਹਿੰਦਰ ਸੱਲਣ (ਕਨੇਡਾ), ਚੌਧਰੀ ਹਰੀ ਰਾਮ ਐਸਡੀ, ਸਨੀ ਥਾਪਰ ਅਤੇ ਪ੍ਰੋਫੈਸਰ ਅਰਿੰਦਰ ਸਿੰਘ ਹਾਜ਼ਰ ਸਨ।

# ਸ਼੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਬੈਂਕਾਕ ਥਾਈਲੈਂਡ ਵਿਚ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

**ਵੈਨਕੂਵਰ (ਕੁਲਦੀਪ ਚੁੰਬਰ)** ਸ਼੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਬੈਂਕਾਕ ਥਾਈਲੈਂਡ ਪ੍ਰਬੰਧਕ ਕਮੇਟੀ, ਸਮੂਹ ਸਿੱਖ ਸੰਗਤ, ਵਲੋਂ ਪੰਜ



ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਛੋਟੇ ਬੱਚਿਆਂ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ । ਉਨਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ । ਓਥੇ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਹੱਥ ਵਿੱਚ ਕੇਸਰੀ ਨਿਸ਼ਾਨ ਸਾਹਿਬ ਦੇ ਝੰਡੇ ਲਹਿਰਾ ਕੇ ਬੋਲੇ ਸੋ ਨਿਹਾਲ ਸੱਤ ਸ਼੍ਰੀ ਅਕਾਲ ਦੇ ਜੈਕਾਰੇ ਨਾਲ ਗੁਰਦਆਰਾ ਸਾਹਿਬ ਦੀ ਪਰਿਕ੍ਰਮਾ ਕਰਕੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ। ਇਸ ਮੌਕੇ ਗੁਰੂਘਰ ਦੇ ਸੇਵਾਦਾਰ ਸਰਦਾਰ ਰਾਜਪਾਲ ਸਿੰਘ ਸੇਠੀ ,ਬੀਬੀ ਹਰਪ੍ਰੀਤ ਕੌਰ, ਬੀਬੀ ਕਿਰਨਜੀਤ ਕੌਰ ਖੁਰਾਨਾ,ਸਰਦਾਰ ਸਤਵਿੰਦਰ ਸਿੰਘ, ਬੀਬੀ ਚਿਤਰਬੀਰ ਕੌਰ,ਭਵਨੀਤ ਕੌਰ, ਸੋਨਾ ਕੌਰ, ਪ੍ਰਬੰਧਕ ਕਮੇਟੀ ਮੈਂਬਰ ਅਤੇ ਭਾਰੀ ਗਿਣਤੀ ਵਿੱਚ ਸਿੱਖ ਸੰਗਤ ਹਾਜ਼ਰ ਸਨ । ਇਸ ਮੌਕੇ ਸੇਵਾਦਾਰਾਂ ਵਲੋ ਤਰ੍ਹਾਂ ਤਰ੍ਹਾਂ ਦੇ ਪਕਵਾਨ, ਲੰਗਰ, ਬਣਾ ਕੇ ਸੰਗਤ ਵਿਚ ਵਰਤਾਏ ਗਏ।

# ਲੋਕ ਸੇਵਾ ਸੋਸਾਇਟੀ ਜਗਰਾਉਂ ਵੱਲੋਂ ਪੰਜਾਬੀ ਲੇਖਕ ਸੰਜੀਵ ਝਾਂਜੀ ਸਨਮਾਨਿਤ

**ਜਗਰਾਉਂ–** ਸਮਾਜ ਸੇਵਾ ਵਿੱਚ ਹਮੇਸ਼ਾ ਮੋਹਰੀ ਰੋਲ ਅਦਾ ਕਰਨ ਵਾਲੀ ਅਤੇ ਲੋਕਾਂ ਨੂੰ ਹਮੇਸ਼ਾ ਸਹੀ ਸੇਧ ਅਤੇ ਯੋਗ ਇਮਦਾਦ ਕਰਨ ਵਾਲੀ ਇਲਾਕੇ ਦੀ ਮਾਨਮਤੀ ਸੰਸਥਾ ਲੋਕ ਸੇਵਾ ਸੋਸਾਇਟੀ ਵੱਲੋਂ ਅੱਜ ਪੰਜਾਬੀ ਲੇਖਕ ਅਤੇ ਕਾਲਮਿਸਟ ਸੰਜੀਵ ਝਾਂਜੀ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਉਹਨਾਂ ਨੂੰ ਉਹਨਾਂ ਦੀ ਹਾਲ ਹੀ ਵਿੱਚ ਆਈ ਤੀਜੀ ਪੁਸਤਕ ਲੇਖ-ਸੰਗ੍ਰਹਿ ਜਿੱਤ ਦੇ ਦੀਵੇ ਲਈ ਕੀਤਾ ਗਿਆ ਹੈ। ਸੰਜੀਵ ਝਾਂਜੀ ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਅਖਬਾਰਾਂ ਵਿੱਚ ਇੱਕ ਵਾਰਤਕ ਦੇ ਲੇਖਕ ਦੇ ਰੂਪ ਵਿੱਚ ਆਪਣੇ ਲੇਖ ਲਿਖਦੇ ਅਤੇ ਲੋਕਾਂ ਸਾਹਮਣੇ ਪੇਸ਼ ਕਰਦੇ ਆਏ ਹਨ। ਜਿਹੜੇ ਲੋਕਾਂ ਨੂੰ ਹਮੇਸ਼ਾ ਇੱਕ ਚੰਗੀ ਸੇਧ ਦਿੰਦੇ ਰਹੇ ਹਨ। ਮੌਜੂਦਾ ਲੇਖ ਸੰਗ੍ਰਹਿ ਵਿੱਚ ਉਹਨਾਂ ਵੱਲੋਂ ਛਾਪੇ ਗਏ 20 ਲੇਖਾ ਦੀ ਲੜੀ ਹੈ। ਜਿਨਾਂ ਵਿੱਚੋਂ ਮੁੱਖ ਰੂਪ ਵਿੱਚ ਰਾਜਾ ਰਾਮ ਭਗਵਾਨ ਰਾਮ ਕਿਵੇਂ ਬਣੇ?, ਸ੍ਰੀ



ਰਾਮ ਰਮਾਇਣ ਅਤੇ ਵਿਗਿਆਨ, ਰਾਵਣ ਬ੍ਰਾਹਮਣ ਹੁੰਦੇ ਹੋਏ ਵੀ ਰਾਕਸ਼ ਕਿਵੇਂ ਬਣਿਆ ਅਤੇ ਘਰ ਘਰ ਸ਼ਬਰੀ ਹਰ ਘਰ ਸ਼ਬਰੀ ਵਰਗੇ ਲੇਖ ਹਨ। ਇਹਨਾਂ ਲੇਖਾਂ ਵਿੱਚ ਲੇਖਕ ਨੇ ਭਗਵਾਨ ਰਾਮ ਦੇ ਸਮੇਂ ਵਿੱਚ ਵਿਗਿਆਨ ਕਿੰਨੀ ਤਰੱਕੀ ਤੇ ਸੀ ਉਸ ਬਾਰੇ ਆਪਣੇ ਵਿਚਾਰਾਂ ਨੂੰ ਕਲਮਬੱਧ ਕੀਤਾ ਹੈ ਅਤੇ ਨਾਲ ਦੀ ਨਾਲ ਹੀ ਉਸ ਸਮੇਂ ਅਤੇ ਅੱਜ ਦੇ ਸਮੇਂ ਦਾ ਸਮਾਜਿਕ ਅੰਤਰ ਵੀ ਪੇਸ਼ ਕੀਤਾ ਹੈ। ਮੂਲ ਰੂਪ ਇਹ ਇੱਕ ਪੜ੍ਹਨ ਯੋਗ ਲੇਖ ਸੰਗ੍ਰਹਿ ਹੈ ਜਿਹੜਾ ਸਮਾਜ ਦੇ ਹਰ ਵਰਗ ਨੂੰ ਸੇਧ ਦਿੰਦਾ ਹੈ।

ਇਸ ਮੌਕੇ ਲੋਕ ਸੇਵਾ ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ, ਪ੍ਰਧਾਨ ਮਨੋਹਰ ਸਿੰਘ ਟੱਕਰ, ਸਕੱਤਰ ਕੁੱਲਭੂਸ਼ਣ ਗੁਪਤਾ, ਰਾਜੀਵ ਗੁਪਤਾ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਲੇਖਕ ਅਭਯਜੀਤ ਝਾਂਜੀ, ਸੁਨੀਲ ਬਜਾਜ, ਰਾਜਿੰਦਰ ਜੈਨ, ਸੁਖਜਿੰਦਰ ਢਿਲੋਂ, ਅਨਿਲ ਮਲਹੋਤਰਾ, ਵਿਨੋਦ ਬਾਂਸਲ ਅਤੇ ਪ੍ਰਵੀਨ ਜੈਨ ਵੀ ਹਾਜ਼ਰ ਸਨ।

# ਮੈਰਿਜ ਪੈਲਸਾਂ ਵਿੱਚ ਗਨ ਕਲਚਰ ਨੂੰ ਕੀਤਾ ਜਾਵੇ ਬੰਦ- ਐਸ ਐਸ ਪੀ ਪਠਾਨਕੋਟ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਜਿਲ੍ਹਾ ਪਠਾਨਕੋਟ ਦੇ ਮੈਰਿਜ ਪੈਲਸਾਂ ਦੇ ਮਾਲਕਾਂ/ਮੈਨੇਜਰਾਂ ਨਾਲ ਦਫਤਰ ਸੀਨੀਅਰ ਕਪਤਾਨ ਪੁਲਿਸ, ਪਠਾਨਕੋਟ (ਮਲਿਕਪੁਰ) ਵਿਖੇ ਸ੍ਰੀ ਡੀਐਸ ਢਿੱਲੋ ਐਸਐਸਪੀ ਪਠਾਨਕੋਟ ਦੀ ਪ੍ਰਧਾਨਗੀ ਵਿੱਚ ਇੱਕ ਮੀਟਿੰਗ ਕੀਤੀ ਗਈ।

ਮੀਟਿੰਗ ਵਿੱਚ ਮੈਰਿਜ ਪੈਲਸਾਂ ਦੇ ਮਾਲਕਾਂ/ਮੈਨੇਜਰਾਂ ਨੂੰ ਮੈਰਿਜ ਪੈਲਸਾਂ ਵਿਖੇ ਗੰਨ ਕਲਚਰ ਨੂੰ ਖਤਮ ਕਰਨ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ। ਮੈਰਿਜ ਪੈਲਸਾਂ ਦੇ ਮਾਲਕਾਂ/ਮੈਨੇਜਰਾਂ ਨੂੰ ਜਾਣੂ ਕਰਵਾਇਆ ਗਿਆ ਕਿ ਹਰੇਕ ਮੈਰਿਜ ਪੈਲਸ ਵਿਖੇ ਗੰਨ ਕਲਚਰ ਨੂੰ ਖਤਮ ਕਰਨ ਸਬੰਧੀ ਪੰਪਲੈਟਸ/ਬੈਨਰ ਲਗਾਏ ਜਾਣ, ਇਸ ਸਬੰਧ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ, ਪਠਾਨਕੋਟ ਜੀ ਵੱਲੋ ਜਾਰੀ ਹੁਕਮ ਸਬੰਧੀ ਵੀ ਜਾਣੂ ਕਰਵਾਇਆ ਗਿਆ।

ਮੈਰਿਜ ਪੈਲਸਾਂ ਦੇ ਮਾਲਕਾਂ/ਮੈਨੇਜਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਜਦੋ ਵੀ ਕੋਈ ਪਾਰਟੀ ਉਹਨਾਂ ਦਾ ਪੈਲਸ ਬੁੱਕ ਕਰਵਾਉਂਦੀ ਹੈ ਤਾਂ ਉਹ ਉਸ ਪਾਰਟੀ ਪਾਸੋ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਹਾਸ਼ਲ ਕਰਨਗੇ, ਜੇਕਰ ਕਿਸੇ ਪਾਰਟੀ ਪਾਸੋ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਹਾਸ਼ਲ ਨਹੀ ਕੀਤਾ ਗਿਆ ਅਤੇ ਕਿਸੇ ਵੱਲੋ ਹਥਿਆਰ ਨਾਲ ਕੋਈ ਅਣਸੁਖਾਂਵੀ ਘਟਨਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ ਤਾਂ ਇਸ ਸਬੰਧੀ ਮੈਰਿਜ ਪੈਲਸਾਂ ਦੇ ਮਾਲਕ ਵੀ ਜਿੰਮੇਵਾਰ ਹੋਣਗੇ। ਅੰਤ ਵਿੱਚ ਸਾਰਿਆਂ ਦਾ ਹਾਜ਼ਰ ਆਉਣ ਪਰ ਧੰਨਵਾਦ ਕੀਤਾ ਗਿਆ।

# ਏ ਆਈ ਜੀ ਪੰਜਾਬ ਪੁਲਿਸ ਸ. ਨਿਰਮਲਜੀਤ ਸਿੰਘ ਸਹੋਤਾ ਨੂੰ ਪ੍ਰਸਿੱਧ ਗੀਤਕਾਰ ਮੰਗਲ ਹਠੂਰ ਨੇ "ਟਿਕਾਣਾ ਕੋਈ ਨਾ" ਕਿਤਾਬ ਕੀਤੀ ਭੇਂਟ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਹਾਲ ਹੀ ਵਿੱਚ ਅਮਰੀਕਾ ਅਤੇ ਕਨੇਡਾ ਦੇ ਸਪੈਸ਼ਲ ਟੂਰ ਤੋਂ ਵਾਪਸ ਪਰਤੇ ਪ੍ਰਸਿੱਧ ਗੀਤਕਾਰ, ਸ਼ਾਇਰ ਤੇ ਨਾਵਲਕਾਰ ਮੰਗਲ ਹਠੂਰ ਵਲੋਂ ਆਪਣੇ ਪਰਮ ਮਿੱਤਰ ਸਾਬਕਾ ਪੁਲਿਸ ਅਫ਼ਸਰ ਏ ਆਈ ਜੀ ਸ। ਨਿਰਮਲਜੀਤ ਸਿੰਘ ਸਹੋਤਾ ਨੂੰ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਆਪਣੀ ਨਵੀਂ ਲਿਖੀ 16ਵੀਂ ਕਿਤਾਬ "ਟਿਕਾਣਾ ਕੋਈ ਨਾ" ਭੇਂਟ ਕੀਤੀ ਗਈ। ਇਸ ਮੌਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਮੰਗਲ ਹਠੂਰ ਨੇ ਕਿਹਾ ਕਿ ਉਹਨਾਂ ਨੂੰ ਅਜਿਹੇ ਪੁਲਿਸ ਅਫ਼ਸਰਾਂ ਤੇ ਮਾਣ ਹੈ, ਜਿਨ੍ਹਾਂ ਨੇ ਆਪਣੀ ਡਿਊਟੀ ਦੇ ਨਾਲ ਨਾਲ ਪੰਜਾਬੀ ਸਾਹਿਤ ਕਲਾ ਨੂੰ ਵੀ ਪ੍ਰਫੁੱਲਤ ਕਰਨ ਵਿੱਚ ਆਪਣਾ ਭਰਪੂਰ ਯੋਗਦਾਨ ਦਿੱਤਾ। ਉਹਨਾਂ ਦੱਸਿਆ ਕਿ ਸ। ਸਹੋਤਾ ਵੀ ਪੰਜਾਬੀ ਸਾਹਿਤ ਕਲਾ ਖੇਤਰ ਵਿੱਚ ਬਤੌਰ ਏ ਲੇਖਕ ਆਪਣੀਆਂ ਲਿਖਤਾਂ ਜਰੀਏ ਵਧੀਆ ਯੋਗਦਾਨ ਪਾ ਰਹੇ ਹਨ । ਇਸ ਕਿਤਾਬ



ਨੂੰ ਪ੍ਰਾਪਤ ਕਰਕੇ ਸਾਬਕਾ ਏ ਆਈ ਜੀ ਪੰਜਾਬ ਪੁਲਿਸ ਸ। ਨਿਰਮਲਜੀਤ ਸਿੰਘ ਸਹੋਤਾ ਨੇ ਕਿਹਾ ਕਿ ਮੰਗਲ ਹਠੂਰ ਦੀ ਇਹ 16ਵੀਂ ਕਿਤਾਬ ਆਪਣੇ ਆਪ ਵਿੱਚ ਇੱਕ ਸੰਪੂਰਨ ਇਤਿਹਾਸ ਹੈ। ਜਿਸ ਵਿੱਚ ਪੰਜਾਬੀ ਮਾਂ ਬੋਲੀ, ਸਾਹਿਤ, ਕਲਾ ਦੀ ਅਜਿਹੀ ਅਮਿੱਟ ਛਾਪ ਛੱਡੀ ਗਈ ਹੈ, ਜੋ ਗੀਤਾਂ ਜ਼ਰੀਏ ਸਰੋਤਿਆਂ ਤੇ ਪਾਠਕਾਂ ਦੇ ਦਿਲਾਂ ਵਿੱਚ ਵਸ ਗਈ ਹੈ । ਸ। ਸਹੋਤਾ ਨੇ ਕਿਹਾ ਕਿ ਮੰਗਲ ਹਠੂਰ ਵਰਗੀਆਂ ਕਲਮਾਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦੀਆਂ ਹੋਈਆਂ ਸਾਹਿਤ ਕਲਾ ਖੇਤਰ ਵਿੱਚ ਸੰਦਲੀ ਪੈੜਾਂ ਦਾ ਇਤਿਹਾਸ ਰੱਚ ਜਾਂਦੀਆਂ ਹਨ। ਉਹਨਾਂ ਮੰਗਲ ਹਠੂਰ ਨੂੰ ਆਪਣੇ ਵਲੋਂ "ਟਿਕਾਣਾ ਕੋਈ ਨਾ" ਕਿਤਾਬ ਦੇ ਦੇਸ਼ ਵਿਦੇਸ਼ ਵਿੱਚ ਰਿਲੀਜ਼ ਹੋਣ ਦੀਆਂ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਉਹਨਾਂ ਨਾਲ ਪ੍ਰਸਿੱਧ ਗੀਤਕਾਰ ਬੌਬੀ ਧੰਨੋਵਾਲ ਵੀ ਹਾਜ਼ਰ ਸੀ।

# ਰਿਧਿ ਨੇ ਸਕੂਲ ਗੇਮਸ ਕਰਾਟੇ ਵਿੱਚ ਜਿੱਤਿਆ ਮੈਡਲ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਕੂਲ ਸਿੱਖਿਆ ਵਿਭਾਗ,ਪੰਜਾਬ ਦੁਆਰਾ ਕਰਵਾਈਆਂ ਗਈਆਂ 68ਵੀਆਂ ਪੰਜਾਬ ਸਟੇਟ ਸਕੂਲ ਖੇਡਾਂ 2024-25 ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਲਲਿਤਾ ਅਰੋੜਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਕਰਾਟੇ ਟੀਮ ਹੁਸ਼ਿਆਰਪੁਰ ਨੇ ਟੀਮ ਇੰਚਾਰਜ ਅਜੈ ਕੁਮਾਰ ਅਤੇ ਕੋਚ ਅਭਿਸ਼ੇਕ ਠਾਕੁਰ ਦੀ ਅਗਵਾਈ ਹੇਠ ਜਲੰਧਰ ਵਿਖੇ ਭਾਗ ਲਿਆ। ਜਿਸ ਵਿੱਚ ਅੰਡਰ-14 ਕੁੜੀਆ ਦੇ ਉਮਰ ਵਰਗ ਵਿੱਚ ਜਮਾਤ 7ਵੀ ਦੀ ਵਿਦਿਆਰਥਣ ਰਿਧਿ ਸਹਿਗਲ ਨੇ -50ਕਗ ਵੇਟ ਕੈਟਾਗਰੀ ਵਿੱਚ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਕਾਂਸੀ ਦਾ ਤਗਮਾ ਜਿੱਤ ਕੇ ਜ਼ਿਲੇ ਦਾ ਨਾਮ ਰੌਸ਼ਨ ਕੀਤਾ। ਖਿਡਾਰੀ ਨੂੰ ਜ਼ਿਲਾ ਸਿੱਖਿਆ ਅਫਸਰ ਧੀਰਜ ਵਸ਼ਿਸ਼ਟ ਵੱਲੋਂ ਸਨਮਾਨਿਤ ਕੀਤਾ ਗਿਆ।

# ਵਿੱਤੀ ਸੰਕਟ ਨਾਲ ਜੂਝਦੇ ਪੰਜਾਬ ਸਰਕਾਰ ਨੇ ਪਾਇਆ ਇੱਕ ਹੋਰ ਨਵਾਂ ਬੋਝ- ਅਰਵਿੰਦ ਖੰਨਾ

**ਚੰਡੀਗੜ੍ਹ–** ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਵਿੱਤੀ ਸੰਕਟ ਨਾਲ ਜੂਝ ਰਹੇ ਪੰਜਾਬ ਦੇ ਸਿਰ ਇੱਕ ਹੋਰ ਨਵਾਂ ਬੋਝ ਪਾ ਦਿੱਤਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ ਸਰਕਾਰ ਨੇ ਨਵੇਂ ਵਿੱਤੀ ਚੀਫ਼ ਸਲਾਹਕਾਰ ਅਰਵਿੰਦ ਮੋਦੀ ਅਤੇ ਸਲਾਹਕਾਰ ਸੈਬਾਸਟਿਨ ਜੇਮਜ਼ ਨੂੰ ਕੈਬਨਿਟ ਅਤੇ ਸੈਕਟਰੀ ਰੈਂਕ ਦੀਆਂ ਸਹੂਲਤਾਂ ਸੌਂਪ ਕੇ ਪੰਜਾਬ ਦੇ ਦਰਵਾਜ਼ੇ ਤੇ ਨਵੇਂ ਸਫ਼ੇਦ ਹਾਥੀ ਬੰਨ੍ਹ ਦਿੱਤੇ ਹਨ। ਉਨ੍ਹਾਂ ਕਿਹਾ ਕਿ ਬਾਹਰੀ ਅਧਿਕਾਰੀਆਂ ਦੀ ਨਿਯੁਕਤੀ ਅਤੇ ਉਨ੍ਹਾਂ 'ਤੇ ਹੋਣ ਵਾਲੇ ਖਰਚ ਪੰਜਾਬ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਾਉਣਗੇ। ਉਨ੍ਹਾਂ ਕਿਹਾ ਕਿ ਇੰਨ੍ਹਾਂ ਨਿਯੁਕਤੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਹਿੱਤ ਵਿੱਚ ਨੀਤੀ ਅਪਨਾਉਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਹੈ।

ਸ਼੍ਰੀ ਖੰਨਾ ਨੇ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜ਼ਰੀਵਾਲ ਨੇ ਦਾਅਵਾ ਕੀਤਾ ਸੀ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਆਰਥਿਕ ਸਥਿਤੀ ਵਿੱਚ ਪੂਰੀ



ਤਰ੍ਹਾਂ ਸੁਧਾਰ ਹੋ ਜਾਵੇਗਾ, ਜਦਕਿ ਉਨ੍ਹਾਂ ਦੀਆਂ ਹਦਾਇਤਾਂ ਤੇ ਪੰਜਾਬ ਸਿਰ ਨਵਾਂ ਆਰਥਿਕ ਬੋਝ ਪਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਆਪਣੇ ਪੱਖ ਵਿੱਚ ਇਸ਼ਤਿਹਾਰਬਾਜ਼ੀ ਕਰਕੇ ਅਤੇ ਹਵਾਈ ਯਾਤਰਾਵਾਂ ਰਾਹੀਂ ਪਹਿਲਾਂ ਹੀ ਪੰਜਾਬ ਦੇ ਖਜਾਨੇ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੋਇਆ ਹੈ ਅਤੇ ਹੁਣ ਇੱਕ ਹੋਰ ਗਲਤ ਫੈਸਲਾ ਕਰਕੇ ਪੰਜਾਬ ਲਈ ਨਵਾਂ ਸੰਕਟ ਪੈਦਾ ਕਰ ਦਿੱਤਾ ਹੈ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਜਨਤਾ ਨੂੰ ਯਕੀਨ ਦਵਾਇਆ ਗਿਆ ਸੀ ਕਿ ਸੂਬੇ ਵਿਚੋਂ ਹੀ ਨਵੇਂ ਆਮਦਨੀ ਸਰੋਤ ਬਣਾਏ ਜਾਣਗੇ, ਪਰ ਕਰਜੇ ਤੋਂ ਇਲਾਵਾ ਸਰਕਾਰ ਕੋਲ ਇੱਕ ਵੀ ਨਵਾਂ ਪੈਸਾ ਖਜਾਨੇ ਵਿਚ ਨਹੀਂ ਆ ਰਿਹਾ ਹੈ। ਉਨਾਂ ਕਿਹਾ ਕਿ ਆਪ ਆਗੂਆਂ ਦੇ ਸ਼ਰਾਬ ਨੀਤੀ, ਬਿਜਲੀ ਅਤੇ ਮਾਈਨਿੰਗ ਤੋਂ ਕਰੋੜਾਂ ਦੀ ਕਮਾਈ ਨਾਲ ਪੰਜਾਬ ਨੂੰ ਆਰਥਿਕ ਪੱਖੋਂ ਮਜਬੂਤ ਕਰਨ ਦੇ ਦਾਅਵਿਆਂ ਦਾ ਉਨਾਂ ਕੋਲ ਕੋਈ ਜਵਾਬ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਵਿੱਤੀ ਹਾਲਾਤਾਂ ਨੂੰ ਲੈ ਕੇ ਇੱਕ ਵਾਇਟ ਪੇਪਰ ਜਾਰੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਟੈਕਸ ਮਾਮਲੇ ਵਿੱਚ ਪੰਜਾਬ ਦੇ ਬਣਦੇ ਹਿੱਸੇ ਵਜੋਂ ਬਣਦੀ 3220 ਕਰੋੜ ਰੁਪਏ ਦੀ ਰਾਸ਼ੀ ਅਦਾ ਕਰ ਦਿੱਤੀ ਹੈ, ਜਿਸ ਨੂੰ ਪੰਜਾਬ ਦੀ ਭਲਾਈ ਲਈ ਖ਼ਰਚ ਕੀਤਾ ਜਾਣਾ ਬਣਦਾ ਸੀ, ਪਰ ਕੇਜ਼ਰੀਵਾਲ ਦੇ ਇਸ਼ਾਰਿਆਂ ਤੇ ਪੰਜਾਬ ਦੇ ਖਜ਼ਾਨੇ ਨੂੰ ਲੁਟਾਇਆ ਜਾ ਰਿਹਾ ਹੈ।

# ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਸ਼ੁਰੂ, ਚਿੱਤਰਕਲਾ ਪ੍ਰਦਰਸ਼ਨੀ ਅਤੇ ਪੁਸਤਕ ਸਭਿਆਚਾਰ 'ਤੇ ਹੋਈ ਚਰਚਾ

**ਜਲੰਧਰ–** ਚਿੱਤਰਕਲਾ ਅਤੇ ਫੋਟੋਕਲਾ ਪ੍ਰਦਰਸ਼ਨੀ ਦੇ ਜੋਸ਼-ਖ਼ਰੋਸ਼ ਭਰੇ ਉਦਘਾਟਨ ਨਾਲ ਸ਼ੁਰੂ ਹੋਇਆ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲਾਇਆ 33ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ। ਪੰਜਾਬ ਦੇ ਨਾਮਵਰ ਚਿੱਤਰਕਾਰ/ਫੋਟੋਕਾਰ ਗੁਰਦੀਸ਼ ਜਲੰਧਰ, ਗੁਰਪ੍ਰੀਤ ਬਠਿੰਡਾ, ਸੁਖਜੀਵਨ ਪਟਿਆਲਾ, ਇੰਦਰਜੀਤ ਜਲੰਧਰ, ਇੰਦਰਜੀਤ ਮਾਨਸਾ, ਵਰੁਨ ਟੰਡਨ ਜਲੰਧਰ, ਰਣਜੀਤ ਕੌਰ ਮਲੋਟ, ਰਵਿੰਦਰ ਰਵੀ ਲੁਧਿਆਣਾ, ਕੰਵਰਦੀਪ ਸਿੰਘ ਕਪੂਰਥਲਾ, ਪਾਰਸ ਫਗਵਾੜਾ ਨੇ ਸ਼ਮ੍ਹਾਂ ਰੌਸ਼ਨ ਕੀਤੀ। ਉਹਨਾਂ ਦੇ ਨਾਲ ਉਹਨਾਂ ਦੇ ਪਰਿਵਾਰ ਵੀ ਆਏ ਹੋਏ ਸਨ। ਸ਼ਮ੍ਹਾਂ ਰੌਸ਼ਨ ਕਰਦਿਆਂ ਗੁਰਦੀਸ਼ ਨੇ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੇਲੇ ਵਿੱਚ ਚਿੱਤਰਕਲਾ/ਫੋਟੋ ਕਲਾ ਨੂੰ ਸਨਮਾਨਤ ਥਾਂ ਦੇ ਕੇ ਇਸ ਵਿਧਾ ਨੂੰ ਲੋਕਾਂ ਦੇ ਹੋਰ ਨੇੜੇ ਕਰਨ ਲਈ ਪ੍ਰਭਾਵਸ਼ਾਲੀ ਕਾਰਜ਼ ਕੀਤਾ। ਉਹਨਾਂ ਕਿਹਾ ਕਿ ਇਸ ਕਲਾ ਮਾਧਿਅਮ ਦੇ ਕਾਮਿਆਂ ਨੂੰ ਨਵਾਂ ਉਤਸ਼ਾਹ ਅਤੇ ਊਰਜਾ ਮਿਲੇਗੀ।

ਚਿੱਤਰਕਾਰ ਗੁਰਪ੍ਰੀਤ ਬਠਿੰਡਾ ਨੇ ਕਿਹਾ ਕਿ ਕਵੀ ਸੁਰਜੀਤ ਪਾਤਰ ਦਾ ਕਹਿਣਾ ਸੀ ਕਿ ਪੰਜਾਬ ਦੀ ਕਵਿਤਾ ਅਤੇ ਰੰਗਮੰਚ ਮੁੱਢ ਕਦੀਮ ਤੋਂ ਹੀ ਨਾਬਰੀ ਭਰੀ ਕਰਾਂਤੀਕਾਰੀ ਪਰੰਪਰਾ ਦੇ ਝੰਡਾ ਬਰਦਾਰ ਰਹੇ ਹਨ ਪਰ ਹੁਣ ਚਿੱਤਰਕਲਾ ਦੀ ਵਿਧਾ ਨੇ ਵੀ ਮਾਣਮੱਤੇ ਅੰਦਾਜ਼ ਵਿੱਚ ਲੋਕ-ਪੱਖੀ ਇਨਕਲਾਬੀ ਦਿਸ਼ਾ ਵੱਲ ਪ੍ਰਭਾਵਸ਼ਾਲੀ ਕਦਮ ਪੁੱਟੇ ਹਨ। ਇਹ ਸੁਲੱਖਣਾ ਵਰਤਾਰਾ ਭਵਿੱਖ ਵਿੱਚ ਹੋਰ ਵੀ ਨਿੱਗਰ ਪੁਲਾਂਘਾ ਪੁੱਟੇਗਾ।

ਚਿੱਤਰਕਲਾ ਪ੍ਰਦਰਸ਼ਨੀ ਦੀ ਟੀਮ ਦੇ ਆਗੂ ਡਾ. ਸੈਲੇਸ਼ ਅਤੇ ਕਨਵੀਨਰ ਵਿਜੈ ਬੰਬੇਲੀ ਨੇ ਬੋਲਦਿਆਂ ਕਿਹਾ ਕਿ ਸਾਡੀ ਉਮੀਦ ਤੋਂ ਵਡੇਰਾ ਹੁੰਗਾਰਾ ਭਰਨ ਲਈ ਅਤੇ ਮਾਣਯੋਗ ਚਿੱਤਰਕਾਰਾਂ ਨੂੰ ਮੁਬਾਰਕਵਾਦ ਦਿੰਦੇ ਹੋਏ ਦਿਲੋਂ ਧੰਨਵਾਦ ਕਰਦੇ ਹਾਂ। ਸ਼ਮ੍ਹਾਂ ਰੌਸ਼ਨ ਕਰਨ ਸਮੇਂ ਬੋਲਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਚਿੱਤਰਕਾਰਾਂ ਦਾ ਧੰਨਵਾਦ ਕਰਦਿਆਂ ਅਤੇ ਬੁੱਧੀਜੀਵੀਆਂ, ਲੇਖਕਾਂ, ਕਲਾ ਪ੍ਰੇਮੀਆਂ ਅਤੇ ਪੱਤਰਕਾਰਾਂ ਨੇ ਪ੍ਰਦਰਸ਼ਨੀ ਦੇ ਪ੍ਰਭਾਵ ਸਾਂਝੇ ਕੀਤੇ।



ਕਿਹਾ ਕਿ ਮੇਲੇ ਵਿੱਚ ਇਹ ਨਵਾਂ ਅਧਿਆਏ ਮੇਲੇ ਵਿੱਚ ਵਿਸ਼ੇਸ਼ ਕਰਕੇ ਸ਼ਹਿਰੀ ਲੋਕਾਂ ਦੀ ਹਾਜ਼ਰੀ ਜੋੜਨ 'ਚ ਅਹਿਮ ਰਿਹਾ ਹੈ।

ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਚਿੱਤਰਕਲਾ ਅਤੇ ਫੋਟੋਕਲਾ ਅਸਲ 'ਚ ਇਤਿਹਾਸ ਅਤੇ ਅਨੇਕਾਂ ਪੱਖਾਂ ਨੂੰ ਦਸਤਾਵੇਜ਼ੀ ਪ੍ਰਮਾਣ ਵਜੋਂ ਸੰਭਾਲਣ ਦਾ ਅਮੁੱਲਾ ਕਾਰਜ ਹੈ ਜੋ ਨਵੀਆਂ ਪੀੜ੍ਹੀਆਂ ਦੇ ਮਨ ਮਸਤਕ ਉਪਰ ਅਮਿੱਟ ਪ੍ਰਭਾਵ ਸਿਰਜਦਾ ਹੈ।

ਇਸ ਉਦਘਾਟਨੀ ਸਮਾਰੋਹ ਮੌਕੇ ਝੰਡੇ ਦੇ ਗੀਤ ਦੇ ਦਰਜਣਾਂ ਕਲਾਕਾਰਾਂ ਨੇ ਵੀ ਪ੍ਰਦਰਸ਼ਨੀ ਦਾ ਆਨੰਦ ਮਾਣਿਆਂ

ਅੱਜ ਦੀ ਸ਼ਾਮ ਸੀ, ਪੁਸਤਕ ਸਭਿਆਚਾਰ ਦੇ ਨਾਮ। ਇਸ ਦੇ ਮੰਚ ਸੰਚਾਲਕ ਕਵੀ, ਆਲੋਚਕ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ ਪੁਸਤਕ ਸਭਿਆਚਾਰ ਅਤੇ ਪੁਸਤਕ ਪ੍ਰਦਰਸ਼ਨੀ ਦੇ ਸੁਮੇਲ ਦਾ ਮਹੱਤਵ ਸਾਂਝਾ ਕੀਤਾ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸ੍ਰੀਮਤੀ ਕੈਲਾਸ਼ ਕੌਰ, ਡਾ. ਸੁਰਜੀਤ ਪਾਤਰ, ਹਰਬੰਸ ਹੀਓਂ, ਇਕਬਾਲ ਖ਼ਾਨ, ਅਮਰਜੀਤ ਪ੍ਰਦੇਸੀ ਅਤੇ ਕੁਲਦੀਪ ਜਲੂਰ ਦੇ ਦਰਦਨਾਕ ਵਿਛੋੜੇ ਉਹਨਾਂ ਦੀ ਮੇਲੇ ਅਤੇ ਸਮਾਜ ਨੂੰ ਦੇਣ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਵਿਛੜਿਆਂ ਨੂੰ ਸਮੂਹ ਹਾਜ਼ਰੀਨ ਵੱਲੋਂ ਸਿਜਦਾ ਕੀਤਾ।

ਮੰਚ 'ਤੇ ਸ਼ਸ਼ੋਭਤ ਭਗਵੰਤ ਰਸੂਲਪੁਰੀ, ਡਾ. ਹਰਜੀਤ, ਖੁਸ਼ਵੰਤ ਬਰਗਾੜੀ, ਦੀਪ ਦਿਲਬਰ, ਬਲਬੀਰ ਪਰਵਾਨਾ ਨੇ ਵਿਚਾਰ-ਚਰਚਾ 'ਚ ਭਾਗ ਲਿਆ। 'ਫੁਲਵਾੜੀ' ਪੱਤ੍ਰਿਕਾ ਦੀ 100ਵੀਂ ਵਰ੍ਹੇਗੰਢ ਮੌਕੇ ਉਸਦੀ ਬਹੁ-ਪੱਖੀ ਦੇਣ ਉਪਰ ਡਾ. ਹਰਜੀਤ ਸਿੰਘ ('ਫੁਲਵਾੜੀ' ਦੇ ਸੰਸਥਾਪਕ ਸੰਪਾਦਕ ਹੀਰਾ ਸਿੰਘ ਦਰਦ ਦੇ ਪੋਤਰੇ) ਨੇ ਰੌਸ਼ਨੀ ਪਾਈ।

ਮੰਚ ਤੇ ਸਸ਼ੋਭਤ ਸਮੂਹ ਸਖਸ਼ੀਅਤਾਂ ਨੇ ਪੁਸਤਕ ਸਭਿਆਚਾਰ ਦੇ ਬਹੁ-ਪੱਖਾਂ ਉਪਰ ਵਿਚਾਰਾਂ ਕੀਤੀਆਂ। ਇਹ ਵਿਚਾਰ-ਚਰਚਾ ਜ਼ਮੀਨ ਨਾਲ ਜੁੜੇ ਅਨੁਭਵ ਸਾਂਝੇ ਕਰਨ ਅਤੇ ਨਵੇਂ ਰਾਹਾਂ ਵੱਲ ਸੋਚਣ ਦੀਆਂ ਸੈਨਤਾਂ ਕਰਨ ਵਿੱਚ ਸਫ਼ਲ ਰਹੀ।

ਮੰਚ ਸੰਚਾਲਕ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਤੋਂ ਇਲਾਵਾ ਪ੍ਰਧਾਨ ਅਜਮੇਰ ਸਿੰਘ ਅਤੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਹਾਜ਼ਰੀਨ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ।

ਅੱਜ 8 ਨਵੰਬਰ ਹੋਏਗਾ ਕੁਇਜ਼, ਭਾਸ਼ਣ, ਪੇਂਟਿੰਗ ਅਤੇ ਗਾਇਨ ਮੁਕਾਬਲਾ। ਪੇਂਟਿੰਗ ਮੁਕਾਬਲਾ ਦੇ ਇਨਾਮ-ਸਨਮਾਨ ਵੰਡ ਮੌਕੇ ਵਿਦਿਆਰਥੀਆਂ 'ਚ ਵਿਗਿਆਨਕ ਸੋਚ ਬਾਰੇ ਵਿਚਾਰਾਂ ਅਤੇ ਬਾਲ ਕਲਾਕਾਰਾਂ ਵੱਲੋਂ 'ਜਲ੍ਹਿਆਂਵਾਲਾ ਬਾਗ਼' ਬਾਲ ਨਾਟਕ ਹੋਏਗਾ। ਵਿਗਿਆਨਕ ਵਿਚਾਰਾਂ ਬਾਰੇ ਬੱਚਿਆਂ ਨਾਲ ਗੱਲਬਾਤ ਹੋਏਗੀ। ਬਾਅਦ ਦੁਪਹਿਰ ਵਿਚਾਰ-ਚਰਚਾ ਨੂੰ ਸੰਬੋਧਨ ਕਰਨਗੇ ਡਾ. ਅਪੂਰਵਾਨੰਦ ਅਤੇ ਐਡਵੋਕੇਟ ਰਾਜਿੰਦਰ ਸਿੰਘ ਚੀਮਾ। ਸ਼ਾਮ 4 ਵਜੇ ਕਵੀ-ਦਰਬਾਰ, 6 ਵਜੇ 'ਮਾਟੀ ਕੇ ਲਾਲ' ਫ਼ਿਲਮ ਦਿਖਾਈ ਜਾਏਗੀ। ਫ਼ਿਲਮਸਾਜ਼ ਸੰਜੇ ਕਾਕ ਸੰਬੋਧਨ ਕਰਨਗੇ।

# ਸਰਬ ਨੌਜਵਾਨ ਸਭਾ ਦੇ ਫਾਊਂਡਰ ਚੇਅਰਮੈਨ ਸੁਰੇਸ਼ ਮੱਲ੍ਹਣ ਯੂ.ਐਸ.ਏ. ਨੇ ਸਭਾ ਵਲੋਂ ਕੀਤੇ ਜਾਂਦੇ ਸਮਾਜ ਸੇਵਾ ਦੇ ਕਾਰਜਾਂ ਦੀ ਕੀਤੀ ਸਮੀਖਿਆ

**ਫਗਵਾੜਾ (ਬੀ.ਕੇ. ਰੱਤੂ)** ਸਮਾਜ ਸੇਵਾ ਦੇ ਖੇਤਰ 'ਚ ਪਿਛਲੇ ਕਰੀਬ 35 ਸਾਲਾਂ ਤੋਂ ਸਰਗਰਮ ਜੱਥੇਬੰਦੀ ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਦੇ ਫਾਊਂਡਰ ਚੇਅਰਮੈਨ ਅਤੇ ਐਨ।ਆਰ।ਆਈ। ਸੁਰੇਸ਼ ਮੱਲ੍ਹਣ ਯੂ.ਐਸ.ਏ. ਦਾ ਵਤਨ ਫੇਰੀ ਮੌਕੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਹੋਟਲ ਰੀਜੈਂਟਾ ਵਿਖੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਮੁੱਖ ਸਰਪ੍ਰਸਤ ਸਤਪਾਲ ਲਾਂਬਾ ਨੇ ਕੀਤੀ। ਸਭਾ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ ਅਤੇ ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਪ੍ਰਧਾਨ ਐਸ।ਸੀ।ਵਿੰਗ ਆਮ ਆਦਮੀ ਪਾਰਟੀ ਵਲੋਂ ਫਾਉਂਡੇਰ ਚੇਅਰਮੈਨ ਸੁਰੇਸ਼ ਮੱਲ੍ਹਣ ਨੂੰ ਸਭਾ ਦੀਆਂ ਗਤੀਵਿਧੀਆਂ ਨਾਲ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਅਕਤੂਬਰ ਮਹੀਨੇ ਵਿਚ 9 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦਾ ਸਮੂਹਿਕ ਵਿਆਹ ਸਮਾਗਮ ਹਰ ਸਾਲ ਦੀ ਤਰ੍ਹਾਂ ਬਹੁਤ ਹੀ ਵਧੀਆ ਢੰਗ ਨਾਲ ਸੰਪਨ ਹੋਇਆ। ਜਿਸ ਵਿਚ ਪੰਜਾਬ ਭਰ ਤੋਂ ਸਿਆਸੀ ਆਗੂਆਂ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਮਾਜਿਕ ਤੇ ਧਾਰਮਿਕ ਖੇਤਰ ਦੇ ਮੋਹਤਵਰ ਵਿਅਕਤੀਆਂ ਨੇ ਨਵਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ। ਇਸ ਤੋਂ ਇਲਾਵਾ ਲੋੜਵੰਦ ਮਰੀਜਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ, ਵਾਤਾਵਰਣ ਸੁਰੱਖਿਆ ਨੂੰ ਸਮਰਪਿਤ ਪ੍ਰੋਗਰਾਮ ਤੇ ਹੋਰ ਵੀ ਬਹੁਤ ਸਾਰੇ ਸਮਾਜ ਸੇਵੀ ਕਾਰਜ ਲਗਾਤਾਰ ਜਾਰੀ ਹਨ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਫਾਉਂਡਰ ਚੇਅਰਮੈਨ ਸੁਰੇਸ਼



ਮੱਲ੍ਹਣ ਨੂੰ ਦੱਸਿਆ ਕਿ ਸਭਾ ਵਲੋਂ ਸਕੀਮ ਨੰਬਰ 3 ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨ ਸੈਂਟਰ ਵਿਚ ਲੜਕੀਆਂ ਨੂੰ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਿਲਾਈ, ਕਟਾਈ, ਬਿਉਟੀਸ਼ੀਅਨ ਅਤੇ ਕੰਪਿਉਟਰ ਕੋਰਸ ਕਰਵਾਏ ਜਾ ਰਹੇ ਹਨ।

ਸੈਂਕੜੇ ਲੜਕੀਆਂ ਨੇ ਸਫਲਤਾ ਨਾਲ ਕੋਰਸ ਪੂਰਾ ਕੀਤਾ ਹੈ ਅਤੇ ਕੋਰਸ ਪੂਰਾ ਕਰਨ ਤੋਂ ਬਾਅਦ ਲੜਕੀਆਂ ਨੂੰ ਰੁਜਗਾਰ ਦੇ ਸਾਧਨ ਵੀ ਸਭਾ ਵਲੋਂ ਮੁਹੱਈਆ ਕਰਵਾਏ ਜਾਂਦੇ ਹਨ। ਆਉਂਦੇ ਦਿਨਾਂ ਵਿਚ ਜਲਦੀ ਹੀ ਹੈਲਥ ਕੇਅਰ ਦਾ ਨਵਾਂ ਕੋਰਸ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਸੁਰੇਸ਼ ਮੱਲ੍ਹਣ ਨੇ ਸਭਾ ਦੀਆਂ ਸਮਾਜ ਸੇਵੀ ਕਾਰਗੁਜਾਰੀਆਂ ਪ੍ਰਤੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਬ ਨੌਜਵਾਨ ਸਭਾ ਦਾ ਗਠਨ ਕਰੀਬ 35 ਸਾਲ ਪਹਿਲਾਂ ਜਿਸ ਉਮੀਦ ਦੇ ਨਾਲ ਕੀਤਾ ਸੀ, ਇਹ ਉਸ ਉਮੀਦ ਤੋਂ ਵੀ ਵੱਧ ਕਾਮਯਾਬੀ ਨਾਲ ਕੰਮ ਕਰ ਰਹੀ ਹੈ। ਜਿਸ ਦੇ ਲਈ ਸਭਾ ਦੇ ਸਮੂਹ ਅਹੁਦੇਦਾਰ ਤੇ ਮੈਂਬਰ ਵਧਾਈ ਦੇ ਪਾਤਰ ਹਨ। ਉਹਨਾਂ ਭਰੋਸਾ ਦਿੱਤਾ ਕਿ ਸਭਾ ਦੀ ਬਿਹਤਰੀ ਅਤੇ ਸਮਾਜ ਸੇਵੀ ਪ੍ਰੋਜੈਕਟਾਂ ਨੂੰ ਹੋਰ ਵੀ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਉਹ ਹਮੇਸ਼ਾ ਸਹਿਯੋਗ ਦਿੰਦੇ ਰਹਿਣਗੇ। ਸਭਾ ਵਲੋਂ ਫਾਉਂਡੇਰ ਚੇਅਰਮੈਨ ਸੁਰੇਸ਼ ਮੱਲ੍ਹਣ ਦੀ ਆਮਦ ਦੀ ਖੁਸ਼ੀ ਵਿਚ ਕੇਕ ਕੱਟਿਆ ਗਿਆ। ਉਹਨਾਂ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਬਾਖੂਬੀ ਨਿਭਾਈ।

ਇਸ ਮੌਕੇ ਪਰਮਜੀਤ ਸਿੰਘ ਖੁਰਾਣਾ ਸਾਬਕਾ ਕੌਂਸਲਰ, ਰਣਜੀਤ ਮੱਲ੍ਹਣ ਕਨੇਡਾ, ਇੰਦਰਜੀਤ ਕਾਲੜਾ, ਐਚ।ਐਸ।ਰਾਜਾ, ਰਾਜਕੁਮਾਰ ਕਨੌਜੀਆ ਸੀਨੀਅਰ ਉਪ ਪ੍ਰਧਾਨ, ਰਵਿੰਦਰ ਸਿੰਘ ਰਾਏ ਉਪ ਪ੍ਰਧਾਨ, ਡਾ। ਵਿਜੇ ਕੁਮਾਰ ਜਨਰਲ ਸਕੱਤਰ, ਰਾਮ ਸਕੂਜਾ ਮੋਹਨ ਸਵੀਟਸ, ਜੁਣੇਸ਼ ਜੈਨ, ਜੋਗਿੰਦਰ ਕੁਮਾਰ ਜੇ।ਕੇ ਢਾਬਾ, ਪਰਮਜੀਤ ਰਾਏ, ਆਰ।ਪੀ। ਸ਼ਰਮਾ, ਜਗਜੀਤ ਸੇਠ ਮੈਨੇਜਰ, ਨਰਿੰਦਰ ਸੈਣੀ, ਸਾਹਿਬਜੀਤ ਸਾਬੀ, ਅਸ਼ੋਕ ਕੁਮਾਰ ਡੀ। ਪੀ।, ਜਸ਼ਨ ਮਹਿਰਾ, ਮਨਦੀਪ ਬਾਸੀ, ਵਿੱਕੀ ਸਿੰਘ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਸੈਲ ਆਪ ਫਗਵਾੜਾ, ਅਸ਼ੋਕ ਸ਼ਰਮਾ ਤੋਂ ਇਲਾਵਾ ਸੀਨੀਅਰ ਮਹਿਲਾ ਆਪ ਆਗੂ ਪ੍ਰਿਤਪਾਲ ਕੌਰ ਤੁਲੀ, ਰਾਕੇਸ਼ ਕੋਛੜ ਆਦਿ ਹਾਜ਼ਰ ਸਨ।

# ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਲੋਕ ਲੈ ਕੇ ਗਏ 20 ਲੱਖ ਦਾ ਸਾਹਿਤ ਪੁਸਤਕ ਸਭਿਆਚਾਰ ਵੱਲ ਮੋੜੇ ਦੇ ਸੁਲੱਖਣੇ ਝਲਕਾਰੇ ਆਏ ਸਾਹਮਣੇ

**ਜਲੰਧਰ–** ਗ਼ਦਰੀ ਬਾਬਿਆਂ ਦੇ ਮੇਲੇ ਦੀ ਸ਼ੁਰੂਆਤ ਵੇਲੇ ਸਿਰਫ਼ 'ਪੰਜਾਬ ਬੁੱਕ ਸੈਂਟਰ', ਲੋਕ-ਪੱਖੀ ਸਾਹਿਤ ਲੈ ਕੇ ਹਾਜ਼ਰ ਹੋਇਆ। ਦੂਜੇ ਵਰ੍ਹੇ ਲੈਨਿਨ ਕਿਤਾਬ ਘਰ ਮਹਿਲ ਕਲਾਂ



ਦੇ ਸੰਚਾਲਕ ਮਰਹੂਮ ਪ੍ਰੀਤਮ ਸਿੰਘ ਅਪੰਗ ਹੋਣ ਦੇ ਬਾਵਜੂਦ ਦਿਮਾਗੀ ਤੌਰ 'ਤੇ ਐਨੇ ਚੇਤਨ ਸੀ ਉਹ ਮੇਲੇ ਵਿੱਚ ਕਿਤਾਬਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਬੁੱਕ ਸਟਾਲ ਲਾਉਣ ਲਈ ਇੱਕੋ ਬਾਂਹ ਨਾਲ ਮੋਢੇ ਲੱਦਿਆ ਕਿਤਾਬਾਂ ਦੇ ਬੈਗ ਲੈ ਕੇ ਆਏ। ਇਹ 33 ਵਰ੍ਹੇ ਪਹਿਲਾਂ ਦੀ ਕਹਾਣੀ, ਇਸ ਵਾਰ ਮੇਲੇ ਵਿੱਚ 100 ਬੁੱਕ ਸਟਾਲਾਂ ਤੱਕ ਪਹੁੰਚ ਗਈ। ਇਹਨਾਂ ਸਟਾਲਾਂ 'ਤੇ ਪੰਜਾਬੀ, ਉਰਦੂ, ਹਿੰਦੀ, ਸ਼ਾਹਮੁਖੀ ਅਤੇ ਅੰਗਰੇਜ਼ੀ ਦੀਆਂ ਕਿਤਾਬਾਂ ਸ਼ਾਮਲ ਸਨ।

ਇੱਕ ਸਰਵੇਖਣ ਮੁਤਾਬਕ ਲੱਗਭੱਗ 20 ਲੱਖ ਰੁਪਏ ਦੀਆਂ ਕਿਤਾਬਾਂ ਮੇਲੇ ਤੋਂ ਲੈ ਕੇ ਗਏ ਲੋਕਾਂ ਦਾ ਰੁਝਾਨ ਇਹ ਦਰਸਾਉਂਦਾ ਹੈ ਕਿ ਲੋਕ ਖੇਤੀ ਮੇਲਿਆਂ ਤੋਂ ਬੀਜ਼ ਅਤੇ ਰਵਾਇਤੀ ਮੇਲਿਆਂ ਤੋਂ ਮਠਿਆਈਆਂ ਲੈ ਕੇ ਆਉਣ ਵਾਂਗ ਕਿਤਾਬਾਂ ਦੇ ਵੀ ਝੋਲੇ ਭਰ ਕੇ ਲੈ ਕੇ ਗਏ ਹਨ।

ਮੇਲੇ 'ਚ ਜੁੜੇ ਲੋਕਾਂ ਨੇ ਇਤਿਹਾਸ, ਸਾਹਿਤ, ਸਭਿਆਚਾਰ, ਵਿਗਿਆਨ, ਕਲਾ, ਮਾਰਕਸੀ ਚਿੰਤਨ, ਕਾਰਪੋਰੇਟ, ਫ਼ਿਰਕੂ ਫਾਸ਼ੀ ਹੱਲੇ, ਪੰਜਾਬ ਦੀ ਨਾਬਰੀ ਦੀ ਪਰੰਪਰਾ ਮੇਸਣ ਖਿਲਾਫ਼ ਖ਼ਬਰਦਾਰ ਕਰਦੇ ਵਿਸ਼ਿਆਂ, ਤਰਕਸ਼ੀਲ, ਜਮਹੂਰੀ, ਲੋਕ ਨਾਇਕਾਂ, ਗੀਤਾਂ, ਰੰਗ ਮੰਚ, ਗ਼ਦਰੀ ਦੇਸ਼ ਭਗਤਾਂ, ਆਦਿਵਾਸੀਆਂ ਦੇ ਉਜਾੜੇ, ਪਰਵਾਸ, ਫ਼ਲਸਤੀਨ ਦੇ ਨਸਲਘਾਤ, ਬੁੱਧੀਜੀਵੀਆਂ ਉਪਰ ਦਹਿਸ਼ਤਵਾਦੀ ਹੋਣ ਦੇ ਸੋਚੇ ਸਮਝੇ ਠੱਪੇ ਮੜ੍ਹਨ, ਔਰਤਾਂ 'ਤੇ ਜ਼ਬਰ ਬਾਰੇ ਵਿਸ਼ਿਆਂ ਨਾਲ ਜੁੜੀਆਂ ਪੁਸਤਕਾਂ 'ਚ ਵਿਸ਼ੇਸ਼ ਦਿਲਚਸਪੀ ਲਈ। ਇਹ ਵੀ ਵਰਨਣਯੋਗ ਹੈ ਕਿ ਆਰ.ਐਸ.ਐਸ. ਵਰਗੀਆਂ ਸੰਸਥਾਵਾਂ ਦੇ ਭਵਿੱਖ ਵਿੱਚ ਸਾਹਮਣੇ ਆਉਣ ਵਾਲੇ ਅੱਤ ਦਰਜੇ ਦੇ ਖ਼ਤਰਨਾਕ ਮਨਸੂਬਿਆਂ ਬਾਰੇ ਜਾਗਰੂਕ ਕਰਦਾ, ਹਰ ਵੰਨਗੀ ਦੇ ਲੱਚਰ, ਅਸ਼ਲੀਲ, ਬਿਮਾਰ ਚੱਕਵੇਂ ਸਾਹਿਤ ਨੂੰ ਰੱਦ ਕਰਦਾ ਰੁਝਾਨ ਪੁਸਤਕ ਮੇਲੇ 'ਚ ਸਾਹਮਣੇ ਆਉਣਾ ਸੁਲੱਖਣਾ ਵਰਤਾਰਾ ਹੈ।

ਪੰਜਾਬ ਅੰਦਰ ਪਰਵਾਸ ਹੰਢਾ ਰਹੀ ਅਤੇ ਆਪਣੇ ਜੀਵਨ ਦੇ ਭਵਿੱਖ ਲਈ ਜੂਝਦੀ ਜੁਆਨੀ, ਇਸ ਧਰਤੀ ਦੀਆਂ ਔਰਤਾਂ, ਸਨਅਤੀ ਕਾਮਿਆਂ, ਕਿਸਾਨਾਂ, ਰੰਗ-ਕਰਮੀਆਂ, ਬੁੱਧੀਜੀਵੀਆਂ, ਇਤਿਹਾਸਕਾਰਾਂ ਨੂੰ ਪੁਸਤਕ ਮੇਲਾ ਪੈਗ਼ਾਮ ਦੇ ਰਿਹਾ ਸੀ ਕਿ ਅਜੇ ਵੀ ਵੇਲਾ ਹੈ ਸਾਹਿਤ ਦੀ ਰੌਸ਼ਨੀ ਵਿੱਚ ਨਵੇਂ ਰਾਹ ਸਿਰਜਣਾ ਹੀ ਜ਼ਿੰਦਗੀ ਦਾ ਸਹੀ ਮਾਰਗ ਹੈ। ਇਹ ਮਾਰਗ ਪੁਸਤਕ ਮੇਲੇ 'ਚ ਬੁਲੰਦ ਆਵਾਜ਼ ਵਿੱਚ ਬੋਲਦਾ ਸੁਣਿਆ ਗਿਆ ਕਿ "ਪਾਣੀ ਹੁਣ ਪੁੱਛਣ ਸਾਨੂੰ, ਡੁੱਬਣਾ ਕਿ ਤਰਨਾ ਏਂ।"

# ਚੱਬੇਵਾਲ ਦੀ ਉਪ ਚੋਣ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਹੈ - ਰਾਣਾ ਗੁਰਜੀਤ ਸਿੰਘ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)–** ਚੱਬੇਵਾਲ ਵਿਧਾਨ ਸਭਾ ਦੇ ਇੰਚਾਰਜ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਚੱਬੇਵਾਲ ਉੱਪ ਚੋਣ ਤੇ ਕਾਂਗਰਸ ਦੀ ਸ਼ਾਨਦਾਰ ਜਿੱਤ ਦਾ ਦਾਅਵਾ ਠੋਕਦੇ ਹੋਏ, ਉਨ੍ਹਾਂ



ਕਿਹਾ ਕਿ ਖੇਤੀ ਪ੍ਰਧਾਨ ਇਲਾਕਾ ਹੁੰਦੇ ਹੋਏ ਵੀ ਇੱਥੇ ਕੋਈ ਵੀ ਐਗਰੋ ਇੰਡਸਟਰੀਜ਼ ਨਾ ਹੋਣਾ ਦੁਖਦਾਇਕ ਹੈ। ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਦੀ ਨਕਾਰਾ ਕਰੁਜਗਾਰੀ ਦਾ ਆਲਮ ਇਹ ਹੈ, ਕਿ ਨਾ ਢੰਗ ਦੀਆਂ ਸੜਕਾਂ ਹਨ ਨਾ ਕੋਈ ਸਹੀ ਢੰਗ ਦੀਆਂ ਸਿਹਤ ਸੁਵਿਧਾਵਾਂ ਹਨ। ਇਸ ਗੱਲ ਦਾ ਖੁਲਾਸਾ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੇਸ਼ੱਕ ਡਾਕਟਰ ਰਾਜ ਕਾਂਗਰਸ ਤੋਂ ਦੋ ਵਾਰ ਵਿਧਾਇਕ ਬਣੇ ਪਰ ਨਾ ਉਹ ਕਾਂਗਰਸ ਸਰਕਾਰ ਵੇਲੇ ਚੱਬੇਵਾਲ ਦਾ ਵਿਕਾਸ ਕਰਵਾ ਸਕੇ ਤਾਂ ਨਾ ਭਗਵੰਤ ਮਾਨ ਸਰਕਾਰ ਤੋਂ ਰਾਣਾ ਗੁਰਜੀਤ ਨੇ ਕਿਹਾ ਕਿ ਨਹੀਂ ਤਾਂ ਜਿਸ ਹਲਕੇ ਵਿੱਚ ਬਾਈ ਇਲੈਕਸ਼ਨ ਹੋਣੇ ਹੁੰਦੇ ਉੱਥੇ ਤਾਂ ਮੌਜੂਦਾ ਸਰਕਾਰ ਅਤੇ ਹਲਕਾ ਇੰਚਾਰਜ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਝੜੀ ਲਗਾ ਕੇ ਹਲਕੇ ਦੀ ਨੁਹਾਰ ਬਦਲ ਦਿੰਦਾ ਹੈ। ਪਰ ਅਫ਼ਸੋਸ ਡਾਕਟਰ ਰਾਜ ਕੁਮਾਰ ਹਰ ਮੋਰਚੇ ਤੇ ਫੇਲ ਸਾਬਤ ਹੋਇਆ।

ਰਾਣਾ ਗੁਰਜੀਤ ਨੇ ਕਿਹਾ ਕਿ ਚੱਬੇਵਾਲ ਦੇ ਵੋਟਰ ਆਮ ਆਦਮੀ ਪਾਰਟੀ ਤੋਂ ਬੇਹੱਦ ਦੁੱਖੀ ਹਨ ਅਤੇ ਚੱਬੇਵਾਲ ਉੱਪ ਚੋਣ ਵਿੱਚ ਕਾਂਗਰਸ ਪਾਰਟੀ ਨੂੰ ਵੋਟ ਪਾ ਕੇ ਭਾਰੀ ਬਹੁਮੱਤ ਨਾਲ ਜਿੱਤਾ ਕੇ ਭਾਰੀ ਉੱਲਟ ਫ਼ੇਰ ਕਰਨ ਦੇ ਮੂਡ ਵਿੱਚ ਹਨ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੰਬੇ ਹੱਥੀ ਲੈਂਦੇ ਹੋਏ ਕਿਹਾ ਕਿ ਭਗਵੰਤ ਮਾਨ ਸਿਰੇ ਦਾ ਝੂਠਾ ਅਤੇ ਕਠਪੁਤਲੀ ਮੁੱਖ ਮੰਤਰੀ ਸਿੱਧ ਹੋਇਆ। ਦਿੱਲੀ ਤੋਂ ਰਿਮੋਟ ਨਾਲ ਚੱਲ ਰਹੇ ਮੁੱਖ ਮੰਤਰੀ ਨੇ ਅਰਬਾਂ ਰੁਪਏ ਦਾ ਪੰਜਾਬ ਤੇ ਕਰਜ਼ ਚਾੜ੍ਹ ਦਿੱਤਾ ਅਤੇ ਵਰਲਡ ਬੈਂਕ ਨੇ ਵੀ ਹੱਥ ਖੜ੍ਹੇ ਕਰ ਦਿੱਤੇ ਹਨ। ਹੁਣ ਤਾਂ ਸਰਕਾਰੀ ਜਮੀਨਾਂ ਵੇਚ ਕੇ ਸਰਕਾਰ ਚਲਾਉਣ ਦੀਆਂ ਸਕੀਮਾਂ ਨੇ ਪੰਜਾਬ ਵਾਸੀਆਂ ਨੂੰ ਸੋਚਾਂ ਵਿੱਚ ਪਾ ਦਿੱਤਾ ਹੈ। ਰਾਣਾ ਗੁਰਜੀਤ ਨੇ ਕਿਹਾ ਕਿ ਪੰਜਾਬ ਵਾਸੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ ਤੇ ਆਮ ਆਦਮੀ ਪਾਰਟੀ ਨੂੰ ਮੌਕਾ ਦੇ ਕੇ ਪਛਤਾਅ ਰਹੇ ਹਨ।

ਇਸ ਮੌਕੇ ਉਨ੍ਹਾਂ ਦੇ ਨਾਲ ਕਾਂਗਰਸ ਉਮੀਦਵਾਰ ਰਣਜੀਤ ਕੁਮਾਰ ਕਿਟੀ, ਸਾਬਕਾ ਸਰਪੰਚ ਸੋਢੀ ਬਡਿਆਲ, ਪੱਪੂ ਅਜੜਾਮ, ਬਲਦੇਵ ਸਿੰਘ ਫੁਗਲਾਨਾ ਆਦਿ ਤੋਂ ਇਲਾਵਾ ਕਾਂਗਰਸ ਦੇ ਕਈ ਉੱਘੇ ਨੇਤਾ ਮੌਜੂਦ ਸਨ।

ਵਿਸ਼ੇਸ਼ ਲੇਖ

# ਸਤਿਗੁਰੂ ਨਾਮਦੇਵ ਜੀ

## 'ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ'॥



ਦੱਖਣ ਤੋਂ ਪੈਦਾ ਹੋਏ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰ 'ਰੁਦ੍ਰ' ਦੀ ਪੂਜਾ ਜਿਸ ਨੂੰ ਪਿੱਛੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਦੱਖਣੀ ਭਾਰਤ ਵਿਚ ਦੇਵਤਾਵਾਦ ਦਾ ਭਾਰੀ ਬੋਲਬਾਲਾ ਹੁਣ ਤੱਕ ਰਿਹਾ ਹੈ। ਕੁਦਰਤ ਦੀ ਬਖਸ਼ੀ ਹਰ ਦਾਤ ਕੁਝ ਵੀ ਮਹੱਤਵ ਤੇ ਵਿਲੱਖਣਤਾ ਰੱਖਦੀ ਸ਼ਕਤੀ, ਦੇਵਤਾ ਮੰਨ ਲਈ ਜਾਂਦੀ ਸੀ। ਦਰਖਤਾਂ ਨੂੰ ਬਨ ਦੇਵਤਾ, ਪਹਾੜਾਂ ਨੂੰ ਗਿਰਦੇਵਤਾ, ਇੰਦਰ ਨੂੰ ਮੀਂਹ ਪਾਉਣ ਵਾਲਾ ਦੇਵਤਾ ਮੰਨਿਆ ਜਾਂਦਾ ਸੀ। ਵਾਯੂ, ਸੂਰਜ, ਚੰਦ, ਨਦੀ, ਦਰਿਆ ਸਭ ਚੀਜ਼ਾਂ ਦੇਵਤੇ ਮੰਨ ਕੇ ਪੂਜੀਆਂ ਜਾਂਦੀਆਂ ਸਨ। ਦੱਖਣ ਦੇਸ਼, ਜਿਸ ਵਿਚ ਵਰਤਮਾਨ ਆਂਧਰਾ, ਕਰਨਾਟਕਾ, ਤਾਮਿਲ, ਕੇਰਲਾ ਅਤੇ ਕੁਝ ਇਸ ਵੇਲੇ ਦੇ ਮਹਾਂਰਾਸ਼ਟਰ ਦਾ ਭਾਗ ਆਉਂਦਾ ਹੈ, ਵੈਸ਼ਨਵ ਧਰਮ ਦੀ ਮੁਢਲੀ ਕਰਮ ਭੂਮੀ ਰਹੀ ਹੈ।

ਵੈਦਿਕ ਧਰਮ ਮਰਿਆਦਾ, ਜੀਵਾਂ ਤੋਂ ਮਨੁੱਖਾਂ ਤੱਕ ਦੀਆਂ ਕੁਰਬਾਨੀਆਂ, ਸ਼ਰੁਤੀਆਂ ਸਿਮਰਤੀ ਦੀ ਮਰਿਆਦਾ, ਬ੍ਰਾਹਮਣੀ ਧਰਮ, ਪਿੱਛੋਂ ਪ੍ਰੋਹਤਵਾਦ ਦੇ ਅਡੰਬਰ ਇਕ ਤੋਂ ਵਧੀਕ ਦਖਲ ਅੰਦਾਜ਼ ਰਹੇ। ਬਿਨਾਂ ਪ੍ਰੋਹਤ ਦੀ ਵਿਚੋਲਗੀ ਤੋਂ ਕੀਤੇ ਕਿਸੇ ਤਰ੍ਹਾਂ ਦੇ ਧਰਮ ਦਾ ਕਰਮ, ਪੁੰਨਦਾਨ ਉਚੇਚੇ ਕਰਕੇ ਪ੍ਰਵਾਨ ਹੋਣਾ ਨਹੀਂ ਮੰਨਿਆ ਜਾਂਦਾ ਸੀ। ਇਸ ਕਿਸਮ ਦੇ ਅਡੰਬਰੀ, ਕਰਮਕਾਂਡੀ, ਬ੍ਰਾਹਮਣੀ, ਸ਼ਾਸਤਰੀ, ਧਰਮਾਂ ਦੇ ਜਾਲ ਦੀਆਂ ਤੰਦਾਂ ਬੁੱਧ ਮੱਤ ਨੇ ਤੋੜੀਆਂ, ਵਿਅਕਤੀ ਦੇ ਚਿੰਤਨ ਨੂੰ ਸੁਤੰਤਰਤਾ, ਧਰਮ ਦੇ ਇਖ਼ਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ। ਬੋਧ ਮੱਤ ਦਾ ਸੁੰਨਵਾਦੀ ਚਿੰਤਨ, ਧਾਰਮਿਕ ਸਮਾਜ ਦੇ ਭਗਤੀ ਭਾਵ ਉਤੇ ਨਾਸਤਿਕਤਾ ਦੇ ਪ੍ਰਭਾਵ ਪਾਉਂਦੀ ਸੀ। ਇਸ ਦੀਆਂ ਸ਼ਾਖਾਂ, ਸਿੱਧਾਂ, ਨਾਥਾਂ, ਯੋਗੀਆਂ ਉਤੇ ਤਾਂ ਅਸਰ ਹੋਣੇ ਹੀ ਸਨ, ਉਸ ਸਮੇਂ ਦੇ ਪ੍ਰਬੁੱਧ ਵਿਦਵਾਨ ਸ਼ੰਕਰਾਚਾਰੀਆ ਜਿਹਿਆਂ ਦੇ 'ਦਰਸ਼ਨ' ਵਿਚ ਵੀ ਕਈ ਅੰਸ਼ ਰਲ਼ ਗਏ ਸੀ, ਜਿਸ ਕਾਰਨ ਸ਼ੰਕਰਾਚਾਰੀਆ ਨੂੰ ਅੰਦਰੋਂ ਬੋਧੀ ਹੋਣ ਦੀ ਤੁਹਮਤ ਝੱਲਣੀ ਪਈ ਸੀ। ਪਰ ਇਹ ਗੱਲ ਯਕੀਨਨ ਹੋ ਕੇ ਸ਼ੰਕਰਾਚਾਰੀਆ ਵਰਗੇ ਅਚਾਰੀਆ ਨੇ ਹੀ ਭਾਰਤ ਵਿਚੋਂ ਆਪਣੀ ਵਿਦਵਤਾ ਨਾਲ ਤੇ ਆਪਣੇ 'ਦਰਸ਼ਨ' ਦੁਆਰਾ ਬੁੱਧਮਤ ਤੇ ਜੈਨ ਮੱਤ ਦੀ ਭਾਜ ਲੁਆਈ। ਗਿਆਨ ਤੇ ਮੰਤਕ ਦੇ ਬਲ ਨਾਲ ਹੀ ਭਾਰਤ ਵਿਚੋਂ ਇਹਨਾਂ ਧਰਮਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ। ਆਪਣੇ ਮੱਤ ਅਦਵੈਤਵਾਦ ਦਾ ਪ੍ਰਭਾਵ ਹਰ ਥਾਂ ਫੈਲਾਇਆ, ਗੀਤਾ ਅਤੇ ਬ੍ਰਹਿਮਸੂਤਰ ਦੇ 'ਭਾਸ਼' ਲਿਖ ਕੇ ਵੈਦਿਕ ਧਰਮ ਨੂੰ ਨਵੀਂ ਪਰਿਭਾਸ਼ਾ ਦਿੱਤੀ। ਆਪਣੇ ਮੱਤ ਨੂੰ ਸਾਰਥਕ ਆਧਾਰ ਦਿੱਤੇ। ਪ੍ਰਾਚੀਨ ਵੈਦਿਕ ਧਰਮ ਨੂੰ ਨਵੇਂ ਅਰਥ ਦੇ ਕੇ ਮੁੜ ਸੁਰਜੀਤ ਕੀਤਾ। ਬੋਧਾਂ ਤੇ ਜੈਨੀ ਪ੍ਰਚਾਰਕਾਂ ਦੀਆਂ ਦਲੀਲਾਂ, ਤਰਕਾਂ ਦਾ ਖੰਡਨ ਕਰਕੇ ਆਪਣੇ ਵਿਚਾਰਾਂ ਨੂੰ ਠੀਕ ਦੱਸਿਆ। ਉਨ੍ਹਾਂ ਕਿਹਾ ਵੈਦ ਮੱਤ ਜਾਂ ਵੇਦਾਂਤ ਦਾ ਗਿਆਨ ਹੀ ਜੀਵ ਲਈ ਮੁਕਤੀ ਦਾਤਾ ਹੈ।

ਸ਼ੰਕਰਾਚਾਰੀਆ ਨੇ 'ਚਾਰ ਮੱਠ' ਅਦਵੈਤ ਮੱਤ ਦੇ ਵਿਚਾਰਾਂ ਦੇ ਵਿਸਥਾਰ ਲਈ ਸਥਾਪਤ ਕੀਤੇ। ਮਠਾਂ ਦੇ ਨਾਲ ਹੀ ਉਚੀ ਤੇ ਸੂਖਮ ਧਾਰਮਿਕ ਵਿੱਦਿਆ ਦੇ ਪ੍ਰਬੰਧ ਕੀਤੇ ਗਏ। 'ਸ਼੍ਰਿੰਗੇਰੀ' ਮੱਠ ਨਾਲ ਸਬੰਧਤ ਮਹਾਂ-ਵਿਦਿਆਲੇ ਵਿਚ ਰਾਮਾਨੁਜ ਨੇ ਵਿੱਦਿਆ ਪ੍ਰਾਪਤ ਕਰਨੀ ਆਰੰਭੀ। (ਰਾਮਾਨੁਜ ਦਾ ਜੀਵਨ ਕਾਲ 1019 ਈਸਵੀ, ਜਨਮ ਨਗਰ ਮਦਰਾਸ ਪਾਸ ਤੇਰੂਕੰਦਰ ਹੈ)

ਰਾਮਾਨੁਜ ਨੇ ਆਪਣੀ ਪਾਰਖੂ ਚੇਤਨਾ ਨਾਲ ਸਮਝ ਲਿਆ ਕਿ ਤੁਸੀਂ ਸ਼ੰਕਰਾਚਾਰੀਆ ਦੀ ਅਦਵੈਤਵਾਦੀ ਵਿਚਾਰਧਾਰਾ ਦਾ ਪ੍ਰਚਾਰਕ ਨਹੀਂ ਬਣਨਾ ਸਗੋਂ ਸ਼ੰਕਰਾਚਾਰੀਆ ਵੱਲੋਂ ਫੈਲਾਏ ਜਾ ਰਹੇ ਪ੍ਰਛੰਨ-ਬੋਧਮਤੀ ਨਾਸਤਕਵਾਦ ਦਾ ਵਿਰੋਧ ਵੀ ਕਰਨਾ ਹੈ। ਸ਼ੰਕਰਾਚਾਰੀਆ ਜੀਵ ਦੇ ਬੰਧਨ ਦਾ ਕਾਰਨ ਅਵਿੱਦਿਆ ਨੂੰ ਮੰਨਦਾ ਸੀ। ਇਹ ਵੀ ਕਹਿੰਦਾ ਸੀ ਕਿ ਅਵਿੱਦਿਆ ਦਾ ਨਾਸ਼ ਗਿਆਨ ਕਰਦਾ ਹੈ। ਹੋਰ ਕਿਸੇ ਕਰਮ ਨਾਲ ਜੀਵ ਦੇ ਬੰਧਨ ਨਹੀਂ ਟੁੱਟਦੇ। ਰਾਮਾਨੁਜ ਸਰਗੁਣਵਾਦੀ, ਭਗਤੀ ਉਪਾਸਨਾ ਰਾਹੀਂ ਮੁਕਤੀ ਸੰਭਵ ਮੰਨਦੇ ਸਨ।

ਕੁਝ ਸਮੇਂ ਪਿੱਛੋਂ ਸਰਗੁਣਵਾਦੀ ਧਾਰਾ ਦੀਆਂ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ ਵੈਸ਼ਨਵ, ਦੂਜਾ ਸ਼ੰਕਰਾਚਾਰੀਆ ਨੂੰ, ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ ਸ਼ੈਵਮਤ। ਇਸ ਵਿਚਾਰਧਾਰਾ ਦੇ ਵਖਰੇਵੇਂ ਕਾਰਨ ਵੈਸ਼ਨਵ ਅਤੇ ਸ਼ੈਵਮਤੀ ਭਗਤੀ ਦਲਾਂ ਵਿਚਕਾਰ ਮਾਰੂ ਝਗੜੇ ਸ਼ੁਰੂ ਹੋ ਗਏ। ਤਾਮਿਲ ਇਲਾਕਿਆਂ ਵਿਚ ਸ਼ੈਵਾਂ ਦਾ ਜ਼ੋਰ ਵੱਧ ਜਾਣ ਕਾਰਨ ਰਾਮਾਨੁਜ ਨੂੰ ਆਪਣੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਤੇ ਉਹ ਮਦਰਾਸ ਛੱਡ ਕੇ ਮੈਸੂਰ ਪਾਸ ਸ੍ਰੀ ਰੰਗਮਪੁਰ ਵਿਖੇ ਆਪਣਾ ਟਿਕਾਣਾ ਬਣਾ ਲਿਆ।

ਰਾਮਾਨੁਜ ਜੀ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤ੍ਰੀ ਅਰਥਾਂ ਦੀ ਕਸਵੱਟੀ ਉਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਚਿੰਤਨ ਪੱਖੋਂ ਮੌਲਿਕ ਰੂਪ ਇਹ ਦਿੱਤਾ- ਜੀਵ, ਬ੍ਰਹਮ ਭਗਤੀ ਦਾ ਉਹ ਸਬੰਧ ਹੈ, ਜੋ ਅੱਗ ਕੋਲੇ ਅਤੇ ਉਸ ਵਿਚੋਂ ਨਿਕਲਣ ਵਾਲੀਆਂ ਚਿਣਗਾਂ ਦਾ ਤਪਸ਼ ਦਾ ਹੁੰਦਾ ਹੈ। ਭਗਤੀ ਉਹ ਉਪਾਸਨਾ ਹੈ ਜੋ ਅੱਗ ਵਿਚ ਪੈ ਕੇ ਅੱਗ ਬਣ ਜਾਂਦੀ ਹੈ, ਭਾਵੇਂ ਉਹ ਖੁਦ ਅੱਗ ਨਹੀਂ ਹੁੰਦੀ। ਵਿਸ਼ਨੂੰ ਲਕਸ਼ਮੀ ਦੀ ਕਲਪਨਾ ਨੇ ਅੱਗੇ ਚੱਲ ਕੇ ਕ੍ਰਿਸ਼ਨ ਲੀਲਾ ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਰਾਧਾ ਭਗਤੀ ਨੂੰ ਪ੍ਰਚਾਰਨ ਹਿਤ ਵਧੇਰੇ ਕੰਮ ਨਿੰਬਾਰਕ ਅਚਾਰੀਆ ਦਾ ਸੀ। ਇਸ ਤਰ੍ਹਾਂ ਕ੍ਰਿਸ਼ਨ ਜੀ ਨੂੰ, ਵਿਸ਼ਨੂ ਦਾ ਇਸ ਧਰਤੀ ਉਤੇ ਪਰਉਪਕਾਰ ਕਰਨ ਲਈ, 'ਭਗਤ ਹੇਤ ਅਵਤਾਰ' ਧਾਰ ਕੇ ਆਉਣਾ ਅਤੇ ਕ੍ਰਿਸ਼ਨ ਭਗਤੀ ਨੂੰ ਪ੍ਰਾਪਤੀ ਦਾ ਸਾਧਨ ਪ੍ਰਚਾਰਿਆ ਜਾਣ ਲੱਗਾ। ਇਸ ਤਰ੍ਹਾਂ 'ਰਾਧਾ ਕ੍ਰਿਸ਼ਨ' ਭਗਤੀ ਦੀ ਇਸ ਸ਼ਾਖ ਉਤੇ ਬਿਰਹਾ ਦੇ ਭੌਰੇ ਮੰਡਰਾਉਂਦੇ, ਪ੍ਰੇਮ ਪ੍ਰੀਤ ਦੀਆਂ ਗੂੰਜਾਂ ਪਾਉਣ ਲੱਗੇ।



ਪ੍ਰੋ: ਐਚ. ਐਲ. ਕਪੂਰ

ਉਕਤ ਭਗਤੀ ਦੀ ਇਸ ਵਿਧੀ ਨਾਲ, ਕ੍ਰਿਸ਼ਨ ਜੀ ਨਾਲ ਜੋੜ ਕੇ ਅਨੇਕ ਕਿਸਮ ਦੀਆਂ ਕਲਪਿਤ ਤੇ ਦੈਵੀ ਸ਼ਕਤੀਆਂ ਜੋੜ ਲਈਆਂ ਗਈਆਂ। ਧੜਾਧੜ ਰਾਜ ਘਰਾਣਿਆਂ ਤੇ ਆਮ ਜਨਤਾ ਨੇ ਦੱਖਣ ਵਿਚ ਪੌਰਾਣਿਕ ਦੇਵਤਿਆਂ ਦੇ ਨਾਮਾਂ ਤੇ ਮੰਦਰਾਂ ਦੀ ਉਸਾਰੀ ਕਰ ਲਈ ਅਤੇ ਭਗਤੀ ਦੀਆਂ ਨੌਂ ਰੀਤਾਂ ਬਣਾਈਆਂ ਗਈਆਂ। ਸ਼੍ਰੀਮਦ ਭਗਵਤ ਨੇ ਭਗਤੀ ਦੇ ਨੌਂ ਪ੍ਰਕਾਰ ਇਹ ਦੱਸੇ ਹਨ: - ਸ਼੍ਰਵਣ ਕਰਨਾ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਾ ਬੰਦਨਾ, ਦਾਸਭਾਵ, ਸਾਖਾਭਾਵ, ਆਤਮ, ਨਿਵੇਦਨ। ਇਸ ਨਾਲ ਅੰਧ-ਵਿਸ਼ਵਾਸ ਅਤੇ ਸਰੀਰ ਨੂੰ ਕਸ਼ਟ ਦੇਣ ਵਾਲੇ ਕਰਮ ਜਾਂ ਕੁਕਰਮਾਂ ਵਾਲੀ ਕਰਮਕਾਂਡੀ ਦੀਆਂ ਭਗਤੀ ਦੀਆਂ ਅਨੇਕਾਂ ਦੁੱਖ ਭਰੀਆਂ ਰੀਤਾਂ ਚੱਲੀਆਂ ਜਿਵੇਂ:- ਸਿਰ ਪਰਨੇ ਚੱਲ ਕੇ ਦੇਵ ਪੂਜਾ ਕਰਨੀ, ਅਸ਼ਟਾਂਗ ਪ੍ਰਣਾਮ ਕਰਦੇ ਹੋਇਆਂ ਲੰਮੇ ਪੈ ਕੇ ਉੱਠਣਾ ਫਿਰ ਲੇਟ ਕੇ ਯਾਤਰਾ ਕਰਨੀ, ਜੀਭ ਕੱਟ ਕੇ ਦੇਵਤੇ ਨੂੰ ਚੜ੍ਹਾਉਣੀ, ਬੁੱਲ੍ਹ ਸੀਓਂ ਲੈਣੇ, ਇਕ ਤੋਂ ਵੱਧ ਦੂਜੇ ਸਰੀਰਕ ਕਸ਼ਟਾਂ ਨੂੰ ਭਗਤੀ ਮੰਨਿਆ ਜਾਣ ਲੱਗਾ। ਮੂਰਤੀਆਂ ਦੀ ਸਥਾਪਨਾ ਨੇ ਸਾਰੇ ਹੱਦ-ਬੰਨ੍ਹੇ ਪਾਰ ਕਰ ਦਿੱਤੇ। ਇੱਥੇ ਇਤਿਹਾਸਕਾਰ 'ਸੇਰਿੰਗ' ਲਿਖਦਾ ਹੈ- "ਭਾਰਤ ਦੇ ਲੋਕਾਂ ਨਾਲੋਂ ਮੂਰਤੀਆਂ ਵਧੇਰੇ ਹਨ।" ਸੱਤਵੀਂ-ਅੱਠਵੀਂ ਸਦੀ ਵਿਚ ਮੂਰਤੀ ਪੂਜਾ ਸਿਖਰਾਂ ਤੇ ਪੁੱਜ ਗਈ। ਜਿਸ ਵੀ ਭਗਤ ਵਿਚ ਜਿਹੋ-ਜਿਹੀ ਭਾਵਨਾ ਉਤਪੰਨ ਹੋਈ, ਉਸੇ ਤਰ੍ਹਾਂ ਦੀ ਉਸ ਨੇ ਮੂਰਤੀ ਖੜ੍ਹੀ ਕਰ ਲਈ।

ਬ੍ਰਾਹਮਣਾਂ ਦਾ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਇਸ ਕਿਸਮ ਦੀ ਦੇਵ ਭਗਤੀ ਨੂੰ ਉਤਸ਼ਾਹ ਦਿੰਦੇ ਰਹਿਣਾ ਕੁਦਰਤੀ ਸੀ। ਜਨ ਸਧਾਰਨ ਤੋਂ ਲੈ ਕੇ ਵਿਸ਼ੇਸ਼ ਜਾਤੀਆਂ ਦੀ ਪੂਜਾ-ਅਰਚਨਾ, ਪ੍ਰੋਹਿਤ ਅਚਾਰੀਆ ਵਿਧੀ ਅਨੁਸਾਰ, ਜੋ ਬ੍ਰਾਹਮਣ ਕਿਰਿਆ ਕਰਾਉਂਦੇ ਸਨ ਉਹੋ ਸਫਲ ਕਰਮ ਮੰਨੇ ਜਾਂਦੇ ਸਨ। ਬ੍ਰਾਹਮਣਾਂ ਦੇ ਝੁੰਡ ਮੰਦਰਾਂ ਦੇ ਆਸ ਪਾਸ ਮੰਡਰਾਉਂਦੇ ਰਹਿੰਦੇ ਸਨ। ਛੂਤ-ਛਾਤ ਦੇ ਭੂਤ ਤੋਂ ਕੁਲੀਨ ਲੋਕ ਡਰਦੇ ਸਨ। ਅਛੂਤਾਂ ਨੂੰ ਮਾਰਗਾਂ ਉਤੇ ਤੁਰਨ ਸਮੇਂ, ਪੈਰਾਂ ਦੇ ਚਿੰਨ੍ਹ ਮਿਟਾਉਣ ਲਈ ਆਪਣੇ ਪਿੱਛੇ ਛਾਪੇ ਬੰਨ੍ਹ ਕੇ ਚੱਲਣਾ ਪੈਂਦਾ ਸੀ, ਤਾਂ ਕਿ ਭ੍ਰਿਸ਼ਟ ਲੋਕਾਂ ਦੀ ਪੈੜ ਦੀ ਮਿੱਟੀ ਕੁਲੀਨ ਲੋਕਾਂ ਨੂੰ ਭਿੱਟ ਨਾ ਚਾੜ੍ਹ ਦੇਵੇ। ਪਰ ਰਾਮਾਨੁਜ ਜੀ ਨੇ ਇਸ ਪੱਖੋਂ ਉਦਾਰਤਾ ਦਿਖਾਈ ਤੇ ਐਲਾਨ ਕੀਤਾ ਕਿ ਸਭ ਜਨ ਸਧਾਰਨ ਲਈ ਭਗਤੀ ਦੇ ਦੁਆਰ ਖੁੱਲ੍ਹੇ ਹਨ। ਪ੍ਰੰਤੂ ਬ੍ਰਾਹਮਣ ਪ੍ਰਭਾਵੀ ਸਮਾਜ ਵਿਚ, ਇਸ ਭਗਤੀ ਦੀ ਖੁੱਲ੍ਹ ਦੀ, ਰੱਜ ਕੇ ਵਿਰੋਧਤਾ ਹੋਈ।

ਭਗਤੀ ਮੱਤ ਦੇ ਇਸ ਸੰਖੇਪ ਜਿਹੇ ਪਿਛੋਕੜ ਤੋਂ ਜਾਣੂ ਹੋਣਾ ਇਸ ਲਈ ਜ਼ਰੂਰੀ ਸੀ, ਕਿਉਂਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜਿਹਨਾਂ ਭਗਤਾਂ ਦੀ ਬਾਣੀ ਦਰਜ ਹੈ, ਜਿਸ ਆਚਾਰੀਆ ਦੇ ਪਹਿਲਾਂ ਪ੍ਰਮੁੱਖ ਚੇਲੇ ਸਨ, ਉਹਨਾਂ ਦਾ ਪਿੱਛਾ ਰਾਮਾਨੰਦ ਤੋਂ ਰਾਮਾਨੁਜ ਨਾਲ ਜੁੜਦਾ ਹੈ।

ਸਵਾਮੀ ਰਾਮਾਨੰਦ ਦੇ ਅਚਾਰੀਆ ਰਾਮਾਨੁਜ ਪੱਧਤੀ ਦੇ ਚੌਧਵੇਂ ਅਚਾਰੀਆ ਸਨ। ਇਹਨਾਂ ਭਗਤਾਂ ਦੇ ਸਮਕਾਲੀ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਵੀ ਸਨ। ਇਹਨਾਂ ਮਹਾਨ ਭਗਤਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਬੇਸ਼ੱਕ ਨਾਮਦੇਵ ਜੀ ਤੇ ਤ੍ਰਿਚੋਲਨ ਜੀ, ਮਹਾਂਰਾਸ਼ਟਰੀ (ਦੱਖਣੀ) ਵੱਖਰੀ ਪੱਧਤੀ ਦੀ ਸ਼ਾਖ ਦੇ ਫੁੱਲ ਸਨ, ਪ੍ਰੰਤੂ ਉਹਨਾਂ ਦਾ ਰਾਮਾਨੰਦ ਜੀ ਨਾਲ ਮੇਲ ਹੋਣ ਦੇ ਵੀ ਪ੍ਰਮਾਣ ਮਿਲਦੇ ਹਨ। ਇਸ ਤੋਂ ਉੱਤਰੀ ਭਾਰਤ ਤੇ ਦੱਖਣ ਦੇ ਭਗਤਾਂ ਦੇ ਸਮਕਾਲੀ ਹੋਣ ਦੀ ਭੂਮਿਕਾ ਵੀ ਸਾਹਮਣੇ ਆਉਂਦੀ ਹੈ।

ਭਗਤ ਰਾਮਾਨੰਦ ਜੀ, ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰਾਣੀ ਸੰਪਰਦਾਇ- ਰਾਮਾਨੁਜੀ ਕ੍ਰਿਸ਼ਨ ਭਗਤੀ ਤੋਂ ਵੱਖਰੀ ਰਾਮ ਭਗਤ ਸ਼ਾਖਾ ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ। ਇਸ ਤਰ੍ਹਾਂ ਕ੍ਰਿਸ਼ਨ ਭਗਤੀ ਤੋਂ ਜੋ ਭਗਤੀ ਮੱਤ ਦੀ ਪਹਿਲੀ ਪ੍ਰਚਲ ਪ੍ਰਣਾਲੀ ਸੀ ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉਤਰੀ ਭਾਰਤ ਵਿਚ ਭਗਤ ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ। ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਨ੍ਹਾਂ ਸਭ ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

ਇਤਿਹਾਸਕਾਰਾਂ ਅਨੁਸਾਰ ਪਹਿਲੀ ਵਾਰ ਨਾਮਦੇਵ ਜੀ ਦਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਦੱਖਣ ਦੇ ਕੁਮਾਰ ਤੀਰਥ ਉਤੇ ਹੋਇਆ। ਦੂਜੀ ਵਾਰ ਜਨਮਸਾਖੀ ਮਿਹਰਬਾਨ ਜੀ ਵਾਲੀ ਅਨੁਸਾਰ ਅਯੁੱਧਿਆ ਵਿਚ ਮੇਲ ਹੋਇਆ। ਅਯੁੱਧਿਆ ਵਿਚ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕਰਨ ਲਈ ਸ੍ਰੀ ਸੈਣ ਜੀ ਗੁਰੂ ਨਾਨਕ ਦੇਵ ਜੀ ਤੋਂ ਮਿਲਾਪ ਕਰਨ ਦੀ ਆਗਿਆ ਲੈਣ ਲਈ ਸਾਰੀ ਭਗਤ ਮੰਡਲੀ ਵੱਲੋਂ ਗਏ। ਇਸ ਵਿਚ ਸ੍ਰੀ ਨਾਮਦੇਵ ਜੀ ਵੀ ਸ਼ਾਮਲ ਸਨ। ਇਹਨਾਂ ਮਿਲਣੀਆਂ ਵਿਚ ਸਭ ਭਗਤ ਗੁਰੂਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਤੇ ਨਿਰਗੁਣ ਵਿਚਾਰਧਾਰਾ ਦਾ ਪ੍ਰਭਾਵ ਪਿਆ। ਖੂਬ ਵਿਚਾਰ ਵਟਾਂਦਰਾ ਹੋਇਆ। ਇਸ ਸਚਿਆਈ ਦਾ ਵਰਣਨ ਖੁਦ ਨਾਮਦੇਵ ਜੀ ਦੀ ਬਾਣੀ ਦੀ ਇਸ ਸੱਤਰ ਤੋਂ ਮਿਲਦਾ ਹੈ- "ਗਿਆਨ ਅੰਜਨੁ ਸੋ ਕਉ ਗੁਰਿ ਦੀਨਾ।"

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਨਾਮਦੇਵ ਜੀ ਦੀ ਬਾਣੀ 'ਚ ਰਾਗਾਂ ਵਿਚ ਆਉਂਦੀ ਹੈ। ਰਾਗਾਂ ਦੇ ਨਾਂ ਇਸ ਪ੍ਰਕਾਰ ਹਨ:- 1. ਗੌਂਡ, 2. ਮਾਲੀ ਗਉੜਾ, 3. ਮਾਰੂ, 4. ਭੈਰਉ, 5. ਬਸੰਤ, 6. ਸਾਰੰਗ, 7. ਮਲਾਰ, 8. ਕਾਨੜਾ, 9. ਪ੍ਰਭਾਤੀ, 10. ਗਾਉੜੀ, 11 ਆਸਾ, 12. ਗੂਜਰੀ, 13. ਸੋਰਠ, 14. ਧਨਾਸਰੀ, 15. ਟੋਡੀ, 16. ਤਿਲੰਗ, 17. ਬਿਲਾਵਲ, 18. ਰਾਮਕਲੀ। ਕੁੱਲ ਪਦੇ 61 ਹਨ। ਤਿੰਨ ਸ਼ਲੋਕ ਕਬੀਰ ਜੀ ਦੇ ਸ਼ਲੋਕਾਂ ਵਿਚ ਲਿਖੇ ਹੋਏ ਹਨ।

ਨਾਮਦੇਵ ਜੀ ਦੀ ਸਰਲ ਜਿਹੀ ਹਿੰਦੀ ਵਿਚ ਮਿਲਦੀ ਹੋਰ ਬਾਹਰਲੀ ਬਾਣੀ ਸ਼ਾਮਲ ਕਰਕੇ ਕੁੱਲ ਪਦੇ 234 ਕਹੇ ਜਾਂਦੇ ਹਨ। ਹਿੰਦੀ ਅਤੇ ਮਰਾਠੀ ਵਿਦਵਾਨ ਨਾਮਦੇਵ ਜੀ ਦੀ ਇਸ ਰਚਨਾ ਨੂੰ 'ਹਿੰਦੀ ਪਦਾਵਲੀ' ਦਾ ਨਾਮ ਦਿੰਦੇ ਹਨ। ਮਰਾਠੀ ਵਿਚ ਨਾਮਦੇਵ ਜੀ ਦੇ ਨਾਮ ਹੇਠ 'ਅਭੰਗਾਂ' (ਗੀਤਾ) ਦੀ ਗਿਣਤੀ 25 ਹਜ਼ਾਰ ਤੱਕ ਚਲਦੀ ਹੈ। ਮਰਾਠੀ ਦੇ ਕਵੀ, ਸੰਤ ਭਗਤ, ਰਚਨਾਕਾਰ ਘੱਟੋ ਘੱਟ ਛੇ ਨਾਮਦੇਵ ਪ੍ਰਸਿੱਧ ਹਨ। ਕਿਉਂਕਿ 'ਅਭੰਗ' ਸਾਰਿਆਂ ਦੇ ਇਕੱਠੇ ਕੀਤੇ ਹੋਏ ਹਨ। ਇਸ ਗੱਲ ਦਾ ਪਤਾ ਲਾਉਣਾ ਕਿਸ ਸੰਤ ਭਗਤ ਜਾਂ ਰਚਨਾਕਾਰ ਦੇ ਕਿੰਨੇ 'ਅਭੰਗ' ਹਨ ਇਕ ਲੰਮੀ ਪੜਤਾਲ ਦਾ ਵਿਸ਼ਾ ਹੈ। ਇਸ ਗੱਲ ਦਾ ਨਿਰਣਾ ਅਜੇ ਤੱਕ ਨਹੀਂ ਹੋ ਸਕਿਆ ਤੇ ਨਿਰਣੇ ਕਰਨਾ ਵੀ ਅਸੰਭਵ ਜਾਪਦਾ ਹੈ। ਮਹਾਂਰਾਸ਼ਟਰ ਸਰਕਾਰ ਨੇ ਇਕ ਵੱਡ-ਆਕਾਰੀ ਗ੍ਰੰਥ 'ਨਾਮਦੇਵ ਗਾਥਾ' ਜਿਸ ਦੇ 1150 ਸਫ਼ੇ ਹਨ, ਛਾਪਿਆ ਹੈ। ਜਿਸ ਵਿਚ ਇੱਧਰੋਂ ਉਧਰੋਂ ਜੋ ਵੀ ਨਾਮਦੇਵ ਦੇ ਨਾਮ ਨਾਲ ਰਚਨਾ ਮਿਲਦੀ ਸੀ, ਸਭ ਕੁਝ ਇਕੱਠਾ ਕਰਕੇ ਛਾਪ ਦਿੱਤਾ ਹੈ। ਹਿੰਦੀ ਪਦੇ, ਜਿਹਨਾਂ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਾਲੇ ਪਦੇ ਵੀ ਸ਼ਾਮਲ ਹਨ।

'ਪ੍ਰਾਚੀਨ ਮਰਾਠੀ ਸੰਤ ਕਵੀ' ਅਨੁਸਾਰ ਨਾਮਦੇਵ ਜੀ ਛੇ ਹੋਏ ਹਨ। ਜਿਹਨਾਂ ਦੇ 'ਅਭੰਗ' ਮਰਾਠੀ ਵਿਚ ਗਾਏ ਜਾਂਦੇ ਹਨ। 'ਹਿੰਦੀ ਨਿਰਗੁਣ ਕਾਵਯ, ਕਾ ਪ੍ਰਾਰੰਭ ਔਰ ਨਾਮਦੇਵ ਜੀ ਕੀ ਹਿੰਦੀ ਕਵਿਤਾ।' ਡਾ. ਸੰ. ਕੇ. ਅਡੇਕਰ ਦਾ ਪੀ. ਐਚ. ਡੀ. ਦਾ ਖੋਜ ਨਿਬੰਧ ਹੈ, ਇਸ ਪੂਰੇ ਨਿਬੰਧ ਵਿਚ ਛੇ ਨਾਮਦੇਵ ਹੋਣ ਦੀ ਪੁਸ਼ਟੀ ਵੇਰਵੇ ਦੇ ਕੇ ਇਸ ਤਰ੍ਹਾਂ ਕੀਤੀ ਗਈ ਹੈ-

ਪਹਿਲੇ ਨਾਮਦੇਵ ਨੂੰ ਗਿਆਨੇਸ਼ਵਰ ਦਾ ਸਮਕਾਲੀ ਦੱਸਿਆ ਹੈ। ਵੇਹ ਕੁਛ ਅਭੰਗੋਂ ਮੇਂ ਆਪਨੇ ਨਾਮ ਕਾ ਉਲੇਖ ਕੇਵਲ 'ਨਾਮਾ' ਸ਼ਬਦ ਸੇ ਕਰਤੇ ਹੈ। ਕੁਝ ਅਭੰਗੋਂ ਮੇਂ ਅਪਨੇ ਨਾਮ ਕਾ ਉਲੇਖ 'ਵਿਸਹਾਰ ਨਾਮਾ' ਸ਼ਬਦ ਸੇ ਕਰਤੇ ਹੈ ਤਥਾ ਵਿਸ਼ਣੂਦਾਸ ਨਾਮਾ ਆਦਿ ਮੁਦ੍ਰਾਯੋ ਦੁਆਰਾ ਅਪਨਾ ਪ੍ਰੀਚਯ ਦੇਤੇ ਹੈਂ।"

ਦੂਜੇ ਵਿਸ਼ਣੂਦਾਸ ਨਾਮ, 'ਨਾਮਦੇਵ ਕੇ ਮਰਾਠੀ ਅਭੰਗ ਤਥਾ ਹਿੰਦੀ ਪਦੋਂ ਮੇਂ ਵਿਸ਼ਣੂ ਦਾਸ ਨਾਮਾ ਕਾ ਨਾਮ ਬਾਰ-ਬਾਰ ਆਇਆ ਹੈ। ਉਨ ਕਾ ਕਾਲ 1580-1633 ਕੇ ਮਧਯ ਹੈ ਦੋਨੋਂ ਮੇਂ ਢਾਈ ਸੌ ਵਰਸ਼ ਕਾ ਅੰਤਰ ਹੈ।'

ਤੀਜਾ ਨਾਮ ਪਾਠਕ: ਸੰਤ ਇਕਾਨਾਥ ਕ੍ਰਿਤ ਮਾਲਾ ਵਿਚ ਇਸ ਨਾਮੇ ਦਾ ਉਲੇਖ ਆਉਂਦਾ ਹੈ।

ਚੌਥਾ ਨਾਮਦੇਵ ਸਿੰਪੀ- 'ਮਹਾਨ ਭਾਵੀ ਪੰਥੀ ਏਕ ਅਨਯ ਵਿਅਕਤੀ ਨਾਮਦੇਵ ਭੀ ਪ੍ਰਸਿੱਧ ਹੈ ਜਿਸ ਦਾ ਉਲੇਖ ਮਹਾਨ ਭਾਵ ਪੰਥੀ ਗਿਆਨੇਸ਼ਵਰ ਕਾਲ ਕਾ ਮਾਨਤੇ ਹੈਂ, ਅਪਨੇ ਆਪ ਕੋ ਵਿਸਨੂੰਦਾਸ ਨਾਮਾ ਜੀ ਲਿਖਤੇ ਹੈਂ।

(ਗਿਆਨਦੇਵ ਅਤੇ ਗਿਆਨੇਸ਼ਵਰ ਨੂੰ ਇਕ ਮੰਨਣ ਵਾਲਿਆਂ ਦਾ ਹੀ ਇਹ ਮਤ ਹੋ ਸਕਦਾ ਹੈ। ਅਸਲ ਵਿਚ ਇਹੋ ਹੀ ਉਹ ਨਾਮਦੇਵ ਹਨ ਜਿਹਨਾਂ ਨੂੰ ਪਛਾਨਣਾ ਹੈ।)

ਪੰਜਵਾਂ ਨਾਮਦੇਵ ਮਹਾਨ ਭਾਵ ਪੰਥੀ ਏਕ ਔਰ ਨਾਮਦੇਵ ਭੀ ਪ੍ਰਸਿੱਧ ਹੈ, ਜਿਸ ਕਾ ਉਲੇਖ ਮਹਾਨ ਭਾਵ ਪੰਥ ਕੇ ਪ੍ਰਸਿੱਧ ਗ੍ਰੰਥ 'ਬਿਠੁਲ ਬੀਰੂ ਕਥਨ' ਨਾਮ ਪ੍ਰਕਰਣ ਮੇਂ ਆਤਾ ਹੈ। ਯਹ ਕੋਲੀ (ਮਛੂਆ ਜਾਤੀ ਕਾ ਥਾ)

ਛੇਵਾਂ ਬਲਕ੍ਰੀੜਾ ਕਰਤਾ ਨਾਮਦੇਵ, ਇਸ ਕੇ ਬਾਲ ਲੀਲਾ ਕੇ ਅਭੰਗ ਬਹੁਤ ਹੀ ਮਧੁਰ ਹੈ ਕਿੰਤੂ ਇਨ ਅਭੰਗੋਂ ਕੀ ਭਾਸ਼ਾ ਪ੍ਰਾਚੀਨ ਪ੍ਰਤੀਤ ਹੋਤੀ ਹੈ। ਉਸ ਨੇ ਆਪਨੇ ਏਕ ਅਭੰਗ ਮੇਂ ਵਿਸੋਵਾ ਖੇਤਰ ਕਾ ਉਲੇਖ ਕੀਆ ਹੈ।

ਅਸੀਂ ਇਨ੍ਹਾਂ ਛੇ ਨਾਮਦੇਵਾਂ ਵਿਚੋਂ ਉਸ ਨਾਮਦੇਵ ਦੀ ਪਛਾਣ ਕਰਨੀ ਹੈ, ਜਿਸ ਨਾਮਦੇਵ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ, ਉਹ ਨਾਮਦੇਵ ਜੀ ਕਿਹੜੇ ਹਨ? 'ਸਕਲ ਸੰਤ ਗਾਥਾ' ਗ੍ਰੰਥ ਵਿਚ ਨਾਮਦੇਵ ਛਾਪ ਹੇਠਾਂ ਪੰਝੀ ਹਜ਼ਾਰ ਅਭੰਗ ਦੱਸੇ ਹੋਏ ਹਨ। ਇਨ੍ਹਾਂ ਵਿਚ ਪੰਜ ਸੌ, ਵੱਧ ਤੋਂ ਵੱਧ ਛੇ ਸੌ ਅਭੰਗ ਹੀ ਉਸ ਅਸਲ ਨਾਮਦੇਵ ਦੇ ਮੰਨੇ ਜਾਂਦੇ ਹਨ, ਜੋ ਸਿੰਪੀ (ਛੀਂਬਾ) ਸੀ। ਜਿਸ ਨਾਲ ਕਈ ਚਮਤਕਾਰ ਜੁੜੇ ਹੋਏ ਹਨ। ਕਈ ਨਾਮਦੇਵ ਹੋਣ ਕਾਰਨ ਇਕ ਦੂਜੇ ਨਾਲ ਪ੍ਰਸੰਗ ਅਤੇ ਰਚਨਾ ਮੇਲਣ ਦੀ ਖਿੱਚੋਤਾਣ ਖੋਜਕਾਰਾਂ ਵਿਚ ਚਲਦੀ ਆ ਰਹੀ ਹੈ। ਅਲੱਗ ਅਲੱਗ ਖੋਜਕਾਰਾਂ ਤੇ ਵਿਦਵਾਨਾਂ ਦੀ ਅਲੱਗ ਅਲੱਗ ਰਾਏ ਹੈ ਕਿ 'ਗੁਰੂ ਗ੍ਰੰਥ ਸਾਹਿਬ' ਵਿਚ ਜੋ ਬਾਣੀ ਨਾਮਦੇਵ ਜੀ ਦੀ ਆਈ ਹੈ, ਉਹ ਉਕਤ ਦੱਸੇ ਗਏ ਚੌਥੇ ਸਥਾਨ ਤੇ ਆਏ ਨਾਮਦੇਵ ਸਿੰਪੀ ਜੀ ਦੀ ਹੈ, ਜੋ ਗਿਆਨਦੇਵ ਵੈਸ਼ਣਵ ਦੇ ਸਮਕਾਲੀ ਸਨ। ਇਸ ਗੱਲ ਨੂੰ ਮਹਾਨ ਵਿਦਵਾਨ ਸ੍ਰੀ ਭਾਰਦਵਾਜ ਨੇ ਆਪਣੀ ਪੁਸਤਕ 'ਗਿਆਨੇਸ਼ਵਰ ਵ ਗਿਆਨ ਦੇਵ' ਵਿਚ ਉਦਾਹਰਣਾਂ ਸਹਿਤ ਪ੍ਰਮਾਣ ਦੇ ਕੇ ਦੱਸਿਆ ਹੈ। ਉਹਨਾਂ ਦੇ ਕਥਨ ਯਥਾਰਥ ਦੇ ਕਾਫੀ ਨੇੜੇ ਮੰਨੇ ਜਾਂਦੇ ਹਨ।

ਨਾਮ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਰਾਤ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿ ਨਰ ਤਿਨ ਕੀ ਬਾਣੀ ਅਵਹਿ ਕੋਇ ਨ ਮੇਟੇ ਭਾਈ॥

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਗਤਾਂ ਦਾ ਸਭ ਤੋਂ ਪਹਿਲਾ ਉਕਤ ਵਰਣਨ ਮਹਲਾ ਤੀਜਾ ਗੁਰੂ ਅਮਰਦਾਸ ਜੀ ਦੀ ਬਾਣੀ ਸਿਰੀ ਰਾਗ, ਵਿਚ ਆਇਆ ਹੈ। ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਸੇ ਭਗਤ ਦਾ ਜਾਂ ਉਨ੍ਹਾਂ ਦੀ ਬਾਣੀ ਦਾ ਕੋਈ ਜ਼ਿਕਰ ਨਹੀਂ ਕੀਤਾ।

ਇਸ ਤੋਂ ਪਤਾ ਚਲਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਗਤਾਂ ਦੀ ਬਾਣੀ, ਗੁਰਬਾਣੀ ਦੀਆਂ ਪੋਥੀਆਂ ਵਿਚ ਲਿਖੇ ਜਾਣ ਦਾ ਕਰਮ ਚੱਲਿਆ। ਆਦਿ ਬੀੜ ਦੀ ਰਚਨਾ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੀ ਭਗਤ ਮਾਲਾ ਤੇ ਹੋਰ ਪ੍ਰਾਚੀਨ ਗ੍ਰੰਥਾਂ ਮੁਤਾਬਕ ਸ਼ਬਦ ਤੇ ਬਾਣੀਆਂ ਇਕੱਠੀਆਂ ਕਰਨ ਲਈ ਦੂਰ-ਦੂਰ ਤੱਕ ਹੁਕਮ ਭੇਜੇ, ਭਾਈ ਪੈੜਾ ਕੋਹਲੀ ਜਿਹੇ ਸਿੱਖਾਂ ਨੂੰ ਲੰਕਾ ਭੇਜ ਕੇ ਪ੍ਰਾਣ ਸੰਗਲੀ ਆਦਿ ਰਚਨਾਵਾਂ ਮੰਗਵਾਈਆਂ। ਸ੍ਰੀ ਨਾਮਦੇਵ ਜੀ ਦੀ ਬਾਣੀ ਵਿਚੋਂ ਸਾਨੂੰ ਜੀਵਨ ਜਾਂਚ ਸਿੱਖਣ ਲਈ ਤੇ ਅਧਿਆਤਮਕ ਜੀਵਨ ਜਿਊਣ ਲਈ ਅਨੇਕ ਪ੍ਰਕਾਰ ਦੀ ਸੇਧ ਮਿਲਦੀ ਹੈ।

ਉਹਨਾਂ ਸਿੱਖਿਆਵਾਂ ਤੇ ਅਮਲ ਕਰਕੇ ਵਧੀਆ ਮਾਨਵ ਬਣਿਆ ਜਾ ਸਕਦਾ ਹੈ। ਉਨ੍ਹਾਂ ਦੀ ਬਾਣੀ ਜੋ ਯੋਧਪੁਰ ਵਾਲੀ ਪੋਥੀ ਵਿਚ ਦਰਜ ਹੈ, ਉਸ ਵਿਚੋਂ ਕੁਝ ਟੂਕਾਂ ਨਿਮਨ ਲਿਖਤ ਅਨੁਸਾਰ ਹਨ:-

ਸਾਚਾ ਤੁਮਹਾਰ ਨਾਉ ਹੈ, ਝੂਠਾ ਸਭ ਸੰਸਾਰ॥
ਮਨਸ਼ਾ ਬਾਚਾ ਉਨਮੁਨਾ, ਕਲਿ ਕੇਵਲ ਨਾਮ ਆਧਾਰ॥
ਦੁਨੀਆਂ ਮੈ ਦੋ ਜੁਗੁਘਣਾ, ਦਾਰਣਦੁਖ ਅਧਿਕ ਅਪਾਰ॥

(ਬਾਕੀ ਅਗਲੇ ਸਫੇ ਤੇ)

# ਸੰਤਾ ਵਿਤੌਰੀਆ(ਰਿਜੋਮਿਲੀਆ) ਵਿਖੇ ਭਗਵਾਨ ਮਹਾਰਿਸ਼ੀ ਵਾਲਮੀਕ ਜੀ ਦੇ ਪ੍ਰਗਟ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

## ਗਾਇਕ ਵਿਜੇ ਸਫਰੀ ਸੰਦੀਪ ਲੋਈ ਤੇ ਚੌਹਾਨ ਬ੍ਰਦਰਜ਼ ਨੇ ਕੀਤਾ ਭਗਵਾਨ ਮਹਾਰਿਸ਼ੀ ਵਾਲਮੀਕ ਜੀ ਦੀ ਲੀਲਾ ਦਾ ਗੁਣਗਾਨ










**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਜੋਮਿਲੀਆ ਵਲੋ ਸੰਤਾ ਬਤੋਰੀਆ( ਰਿ-ਜੋਮਿਲੀਆ) ਵਿਖੇ ਭਗਵਾਨ ਮਹਾਰਿਸ਼ੀ ਵਾਲਮੀਕ ਜੀ ਦੇ ਪ੍ਰਗਟ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਜਿਸ ਵਿੱਚ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ।

ਇਹ ਸਮਾਗਮ ਵਿੱਚ ਅੰਮ੍ਰਿਤ ਬਾਣੀ ਸ਼੍ਰੀ ਗੁਰੂ ਰਵਿਦਾਸ ਜੀ ਦੇ ਅਖੰਡ ਜਾਪਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਇਆ ਗਿਆ ਜਿਸ ਵਿੱਚ ਸੰਦੀਪ ਲੋਈ ਵਿਜੇ ਸਫਰੀ ਅਤੇ ਚੌਹਾਨ ਬ੍ਰਦਰਜ਼ ਨੇ ਭਗਵਾਨ ਮਹਾਰਿਸ਼ੀ ਬਾਲਮੀਕੀ ਜੀ ਦੀ ਲੀਲਾ ਦਾ ਗੁਣਗਾਨ ਕੀਤਾ ।ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਿੰਗਾਰਾ ਮੱਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਜੋਮਿਲੀਆ ਕਿਹਾ ਕਿ ਭਗਵਾਨ ਮਹਾਰਿਸ਼ੀ ਵਾਲਮੀਕ ਜੀ ਦੀ ਸਿੱਖਿਆ ਹਰ ਵਿਅਕਤੀ ਦੇ ਭਲੇ ਹਿਤ ਹੈ । ਉਹਨਾਂ ਅੱਗੇ ਕਿਹਾ ਕਿ ਭਗਵਾਨ ਵਾਲਮੀਕ ਜੀ ਨੇ ਰਮਾਇਣ ਦੀ ਰਚਨਾ ਕਰਕੇ ਸਮੁੱਚੀ ਮਨੁੱਖਤਾ ਨੂੰ ਨਵੀ ਸੇਧ ਦਿੱਤੀ।

ਜਨਰਲ ਸਕੱਤਰ ਅਤੇ ਗਾਇਕ ਸੋਢੀ ਮੱਲ ਨੇ ਕਿਹਾ ਕਿ ਹੋ ਸਕਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਰਿਜੋਮਿਲੀਆ ਦੀ ਨਵੀਂ ਇਮਾਰਤ ਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਮਨਾਇਆ ਜਾਵੇ ਜਿਸ ਦੀਆਂ ਤਿਆਰੀਆਂ ਕਮੇਟੀ ਵੱਲੋਂ ਲਗਾਤਾਰ ਜਾਰੀ ਹਨ। ਕਮੇਟੀ ਵੱਲੋਂ ਆਈਆਂ ਸ਼ਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੁਰਿੰਦਰ ਕੁਮਾਰ, ਸ਼ਿੰਦਾ ਮੱਲਪੁਰੀਆ, ਰਾਜ ਕੁਮਾਰ ਸੰਧੂ, ਜੀਵਨ ਕੁਮਾਰ, ਲੱਕੀ ਬੈਂਸ, ਰਕੇਸ਼ ਕੁਮਾਰ ਆਦਿ ਨਾਲ ਸਨ।

# ਸਤਿਗੁਰੂ ਨਾਮਦੇਵ ਜੀ

ਮੈ ਤੋ ਬਿਚ ਪਰਦਾ ਕਿਹਾ ਲੋਭ ਬਛਾਈ ਕਾਮ।।
ਕੋ ਏਕ ਹਰਿਜਨ ਉਬਰੇ,
ਜਿਨਿ ਸਿਮਰਿਆ ਨਿਹਚਲ ਰਾਮ।।
ਲੋਕ ਬੇਦ ਕੇ ਸੰਗ ਬ੍ਰਹਮਾ, ਸਲਿਲ ਮੋਹ ਕਾ ਧਾਰ।।
ਜਨ ਨਾਮਦੇਵ ਕੇ ਸਵਾਮੀ ਬੀਠੁਲਾ,
ਮੋਹਿ ਖੇਵਿ ਉਤਾਰੋ ਪਾਰ।।

ਉਕਤ ਪਦਾ ਨਾਮਦੇਵ ਜੀ ਦੀ ਪਰਪੱਕ ਅਧਿਆਤਮਕ ਅਵਸਥਾ ਦਾ ਪ੍ਰਮਾਣ ਹੈ। ਇਸਦਾ ਕਾਵਿ ਰੂਪ ਭੀ ਸਲੋਕਾਂ ਵਾਲਾ ਹੀ ਹੈ।

ਬਿਸਨੁਦਾਸ ਨਾਮਪਦ ਦੀ ਵਰਤੋਂ ਵੀ ਇਕ ਤੁਕ ਵਿਚ ਆਈ ਹੈ ਜਿਸ ਤੋਂ ਨਾਮਦੇਵ ਜੀ ਦੇ ਵੈਸ਼ਨਵ ਹੋਣ ਦਾ ਪਤਾ ਲੱਗਦਾ ਹੈ।

ਬਿਸਨੁ ਦਾਸ ਨਾਮਾ ਇਹਿਆ ਸੰਗੇ ਭੇਟੀ ਲਾ ਸੇਈ।।

ਇਕਾਦਸ਼ੀ ਵਰਤ ਜੋ ਨਾਮਦੇਵ ਜੀ ਪਹਿਲਾਂ ਰੱਖਦੇ ਰਹੇ, ਫਿਰ ਵਿਰੋਧੀ ਹੋ ਗਏ, ਬਾਹਰਲੀ ਬਾਣੀ ਵਿਚ ਭੀ ਵਿਰੋਧੀ ਪ੍ਰਭਾਵੀ ਜ਼ਿਕਰ ਆਉਂਦਾ ਹੈ:-

'ਏਕਾਦਸ਼ੀ ਵਰਤ ਕਰੇ ਕਾਹੇ ਕੋ ਤੀਰਥ ਜਾਈ।।''

ਗੁਰੂ ਸ਼ਬਦ ਨੂੰ ਬੈਕੁੰਠ ਦਾ ਸਾਧਨ ਮੰਨਿਆ ਹੈ-

ਗੁਰੂ ਕੈ ਸ਼ਬਦ ਬੈਕੁੰਠ ਨਿ ਸਰਦੀ।
ਹਿਰਦੈ ਰਾਗ ਪ੍ਰੇਮ ਰਸ ਬਾਣੀ।।

ਸਤਿਨਾਮ ਸ਼ਬਦ ਦੀ ਵਰਤੋਂ ਭੀ, ਜੋਧਪੁਰੀ ਪੋਥੀ ਦੇ ਇਨ੍ਹਾਂ ਪਦਿਆਂ ਵਿਚ ਆਈ ਹੈ:-

ਭਣਤ ਨਾਮਦਿਉ ਛੀਪਾ ਕਹੇਰੇ ਪੁਕਾਰੇ ਮੀਤਾ।
ਹਿਰਦੇ ਮੇ ਰੰਗ ਹਿਰਦੈ ਛੀਪਾ ਕਹੇ ਰੇ ਪੁਕਾਰੇ ਮੀਤਾ।।

ਜੀਵਨ ਮੁਕਤ ਹੋਏ ਬਿਨਾਂ- ਨਾਮਦੇਵ ਜੀ ਦਾ ਕਥਨ ਹੈ, ਮੈਨੂੰ ਪ੍ਰਤੀਤ ਨਹੀਂ ਆ ਸਕਦੀ:-

ਯਹੁ ਪ੍ਰਤੀਤ ਮੋਹਿ ਨਹੀਂ ਆਵੈ, ਜੀਵਨ ਮੁਕਤ ਨਾ ਪਾਇ।।

ਗੁਰ ਪ੍ਰਸਾਦਿ ਦਾ ਵਰਣਨ ਢੁਕਵੇਂ ਢੰਗ ਨਾਲ ਇਸ ਬਾਣੀ ਵਿਚ ਕਈ ਵਾਰ ਆਇਆ ਹੈ:-

ਪ੍ਰਣਵਤ ਨਾਮਦੇਵ ਗੁਰੂ ਪ੍ਰਸਾਦਿ ਜੋ ਖੋਜੈ ਸੋ ਪਾਵੈ।
ਪ੍ਰਣਵਤ ਨਾਮਦੇਵ ਗੁਰਪ੍ਰਸਾਦਿ ਪਾਇਆ,
ਤਿਨਹੀ ਲੁਕਾਇਆ।।

ਜੋਤ ਪ੍ਰਗਟ ਹੋਣ ਅਤੇ ਅਮਰ ਪਦ ਪਰਸ ਲੈਣ ਲੈਣ ਦੀ ਪਰਪੱਕ ਅਨੁਭਵੀ ਅਨੁਭੂਤੀ ਭੀ ਪ੍ਰਗਟ ਹੋਈ ਹੈ:-

ਦੀਵੈ ਪਰਵੈ ਤੇਲ ਕੇ ਬਾਤੀ। ਜੋਤ ਸਰੂਪ ਬੋਲੇ ਦਿਨ ਰਾਤੀ।।
ਭਗਤ ਨਾਮਦੇਵ ਅਮਰ ਪਦ ਪਰਸਿਆ।
ਪਯੰਡ ਭਇਆ ਮੁਕਤਿ ਹੋਇਆ ਤਦ ਦਰਸਾਇਆ।।

ਤੀਰਥਾਂ ਤੇ ਭ੍ਰਮਣ ਬਾਰੇ ਤ੍ਰਿਲੋਚਨ ਜੀ ਨੂੰ ਸੰ-ਬੋਧਨ ਕਰਕੇ ਕਿਹਾ ਹੈ:-

ਭਨਤ ਨਾਮਦੇਵ ਸੁਨਤੁ ਤ੍ਰਲੋਚਨ ਏ
ਤੀਰਥ ਸਭ ਅਭਿਕੇ ਭੋਜਨ।।
ਪ੍ਰਣਵਤ ਨਾਮਾ ਧਰਮ ਤਤ ਹੈ,
ਸਤਿਗੁਰ ਨਿਕਟ ਬਿਠਾਇਲਾ।।

ਬ੍ਰਾਹਮਣੀ ਕਰਮਕਾਂਡ ਨੂੰ ਥਾਂ-ਥਾਂ ਨਕਾਰਿਆ ਹੈ, ਕਿਹਾ ਹੈ ਉਹ ਤਤ ਨਹੀਂ ਪੀਂਦੇ ਜਾਤੀ ਅਭਿਮਾਨ ਵਿਚ ਹੀ ਮਸਤ ਰਹਿੰਦੇ ਹਨ:-

ਬ੍ਰਹਮਨ ਮਦ ਭਰਿਆ ਸਖਾ
ਤਤ ਨਾ ਪੀਵੈ ਤਤ ਮਾਤਲ ਵਰਵਾ।।
ਹਰਿਕੋ ਦਾਸ ਭਣੈ ਨਾਮਾ।। ਰਾਮ ਨਾਮ ਬਿਨ ਔਰ ਨਾ ਜਾਨਾ।।

ਕੀਟ ਪਤੰਗਾਂ ਦੀ ਭੀ ਹਰਿ ਜਸ ਸੁਣਨ ਕਰਕੇ ਮੁਕਤੀ ਹੁੰਦੀ ਦੱਸੀ ਗਈ ਹੈ-

ਕੀਟ ਪਤੰਗ ਸੁਨਤ ਗਤ ਪਾਵੈ, ਗੋਬਿੰਦ ਜਸ ਨਿਸਤਾਰੈ।।
ਅਜਮਲ ਗਨਕਾ ਸੂਕ ਪੰਖੀ ਰਸਨਾ ਨਾਮ ਉਚਾਰੈ।।

ਹਰਿ ਭਜਨ ਲਈ ਪ੍ਰੇਰਨਾ ਦਿੰਦਿਆਂ ਕਿਹਾ ਹੈ, ਹੇ ਪ੍ਰਾਣੀ ਤੂੰ ਅਨੇਕਾਂ ਵਾਰੀ ਪਸ਼ੂ ਹੋ ਕੇ ਜੰਮਿਆ ਹੈ। ਸਤਿਗੁਰੂ ਸਰਨ ਪੈ ਕੇ ਨਾਮ ਜਪ:-

ਅਨੇਕ ਬਾਰ ਪਸ਼ੂ ਹ੍ਵੈ ਔਤਰਯੋ।
ਲਾਖ ਚਉਰਾਸੀ ਭ੍ਰਮਤ ਫਿਰਯੋ।।
ਪਾਇਓ ਨਹੀ ਕਹੀ ਵਿਸਰਾਮ। ਸਤਿਗੁਰ ਸਰਨਿ ਸਰਨਿ ਗਹਿਉ ਨਹੀਂ ਰਾਮ।।

ਰਾਮ ਕਲਿਆਨ ਵਿਚ ਪਦੇ ਦੀ ਪਹਿਲੀ ਤੁਕ ਹੈ:-

ਨਾਚ ਰੇ ਮਨ ਰਾਮ ਕੇ ਆਗੇ। ਗਿਆਨ ਵਿਚਾਰ ਜੋਗ ਆਗੈ।।

ਉਕਤ ਪਦਿਆਂ ਵਿਚ ਸਰਗੁਣ ਤੇ ਨਿਰਗੁਣ ਦੋਹਾਂ ਦੀ ਝਲਕ ਮਿਲਦੀ ਹੈ।

ਨਾਮਦੇਵ ਜੀ ਕਈ ਹੋਏ ਹਨ ਉਕਤ ਕਥਨਾਂ ਵਿਚ ਇਸ ਦੀ ਵਿਆਖਿਆ ਕਰ ਦਿੱਤੀ ਗਈ ਹੈ ਕਿ ਨਾਮਦੇਵ ਛੇ ਹੋਏ ਹਨ। ਪਰ ਕਿਸ ਨਾਮਦੇਵ ਜੀ ਦੀ ਬਾਣੀ 'ਗੁਰੂ ਗ੍ਰੰਥ ਸਾਹਿਬ' ਵਿਚ ਪ੍ਰਵਾਨ ਚੜ੍ਹੀ। ਇਸ ਗੱਲ ਦੀ ਪਛਾਣ ਕਰਨੀ ਕੋਈ ਸੌਖੀ ਗੱਲ ਨਹੀਂ ਹੈ। ਦੂਸਰੀ ਮੁਸ਼ਕਲ ਉਨ੍ਹਾਂ ਦੇ ਜਨਮ ਸਮੇਂ ਅਤੇ ਜਨਮ ਭੂਮੀ ਬਾਰੇ ਹੈ। ਕਿਉਂਕਿ ਮਹਾਰਾਸ਼ਟਰ (ਪਹਿਲਾਂ ਪੂਨਾ ਪ੍ਰਾਂਤ) ਸਤਾਰਾ, ਪੰਡਰਪੁਰ ਆਦਿਕ ਅਤੇ ਬਰਾੜ ਇਲਾਕੇ ਵਿਚ ਛੇ-ਸੱਤ ਨਾਮਦੇਵ ਹੋਏ ਹਨ। ਭਗਤ ਨਾਮਦੇਵ ਦੇ ਨਾਂ ਨੂੰ ਚਮਤਕਾਰੀ ਪ੍ਰਸਿੱਧੀ ਪ੍ਰਾਪਤ ਹੋ ਜਾਣ ਕਾਰਨ, ਸਾਰਿਆਂ ਨਾਮਦੇਵਾਂ ਨੂੰ ਇਕੋ ਕੜੀ ਵਿਚ ਰੱਖ ਲਿਆ ਹੈ। ਹਾਲਾਂਕਿ ਇਨ੍ਹਾਂ ਦੇ ਜਨਮ ਸਥਾਨ ਕਈ ਹੋ ਸਕਦੇ ਹਨ। ਇਹ ਵੀ ਕੋਈ ਵੱਡੀ ਗੱਲ ਨਹੀਂ ਸਾਰੀਆਂ ਥਾਂਵਾਂ ਹੀ ਠੀਕ ਹੋਣ ਕਿਸੇ ਨਾਮਦੇਵ ਦਾ ਕੋਈ ਜਨਮ ਸਥਾਨ ਤਾਂ ਹੋਵੇਗਾ ਹੀ। ਕਿਉਂਕਿ ਨਾਮਦੇਵ ਅਨੇਕਾਂ ਹੋਏ ਹਨ। ਇਸ ਲਈ ਉਹਨਾਂ ਦੇ ਜਨਮ ਸਥਾਨ, ਮਰਨ ਸਥੱਲ ਜਾਂ ਸਮਾਧੀਆਂ ਭੀ ਕਈ ਹੋਣੀਆਂ ਚਾਹੀਦੀਆਂ ਹਨ। ਇਤਿਹਾਸਕਾਰਾਂ ਨੇ ਉਹਨਾਂ ਦੇ ਪਿਤਾ ਦਾ ਨਾਮ ਬਿਠਲ ਪੰਤ ਤੇ ਮਾਤਾ ਦਾ ਨਾਮ ਹੁਕਮੀ ਦੱਸਿਆ ਹੈ। ਭਗਤਮਾਲਾ ਦੇ ਲੇਖਕ ਨੇ ਉਹਨਾਂ ਦੇ ਜਨਮ ਦਾ ਸਮਾਂ 1545 ਸੰਮਤ ਲਿਖਿਆ ਹੈ ਤੇ ਕਿਸੇ ਕਿਸੇ ਨੇ 1500 ਸੰਮਤ ਵੀ ਲਿਖਿਆ ਹੈ। ਉਸ ਸਮੇਂ ਭਾਰਤ ਵਰਸ਼ ਤੇ ਸਿਕੰਦਰ ਲੋਧੀ ਦਾ ਰਾਜ ਸੀ। ਨਾਮਦੇਵ ਜੀ ਦੇ ਵੰਸ਼ਜ ਅਜੇ ਵੀ ਪੰਡਰਪੁਰ ਵਿਚ ਹਨ, ਉਹਨਾਂ ਨੂੰ ਨਾਮਦਾਸੀ ਕਹਿੰਦੇ ਹਨ।

ਨਾਮਦੇਵ ਜੀ ਮਹਾਂਰਾਸ਼ਟਰ ਤੋਂ ਪੰਜਾਬ ਆਏ ਤੇ ਇੱਥੇ ਘੁਮਾਦ ਪਿੰਡ ਵਿਚ ਵੀਹ-ਪੰਝੀ ਵਰ੍ਹੇ ਰਹਿ ਕੇ ਅੰਤ ਨੂੰ ਇਥੇ ਹੀ ਸਮਾ ਗਏ। ਇਸ ਦੀ ਸਚਾਈ ਨੂੰ ਮਹਾਰਾਸ਼ਟਰ ਵਿਚ ਪੰਡਰਪੁਰ ਤੇ ਹੋਰ ਕਈ ਥਾਈਂ ਬਣਾਈਆਂ ਸਮਾਧੀਆਂ ਭਰਮਾਂ ਵਿਚ ਪਾ ਦਿੰਦੀਆਂ ਹਨ। ਭਾਵੇਂ ਮੁੜ-ਘਿੜ ਇਹੋ ਮੰਨਣਾ ਪੈਂਦਾ ਹੈ ਤੇ ਠੀਕ ਵੀ ਬੈਠਦਾ ਹੈ ਕਿ ਨਾਮਦੇਵ ਜੀ ਘੁਮਾਣ ਪਿੰਡ ਵੀ ਸਮਾਏ ਸਨ। ਹੋਰ ਥਾਂਵਾਂ ਉਤੇ ਦੂਜੇ ਨਾਮਦੇਵ (ਕਵੀ) ਦੇਵ-ਭਗਤ, ਬੇਸ਼ੱਕ ਸਮਾਏ ਹੋਣ।

ਨਾਮਦੇਵ ਜੀ ਦਾ ਗੁਰੂ ਕੌਣ ਹੈ? ਇਹ ਵੀ ਇਕ ਬਹੁਤ ਵੱਡਾ ਝਮੇਲਾ ਹੈ। ਗਹਿਨੀ ਨਾਥ, ਸੋਪਨ ਦੇਵ ਜਾਂ ਗਿਆਨ ਦੇਵ ਜਾਂ ਗਿਆਨ ਦੇਵ ਦਾ ਪਿਤਾ ਖੇਚਰ ਦਾਸ? ਇਸ ਪ੍ਰਤੀ ਦਿੱਤੀਆਂ ਸਾਰੀਆਂ ਉਦਾਹਰਣਾਂ ਇਕ ਦੂਜੀ ਨੂੰ ਕੱਟਦੀਆਂ ਹਨ। ਇਹ ਨਿਰਣਾ ਵੀ ਨਾਮਦੇਵ ਜੀ ਦੀ ਬਾਣੀ ਹੀ ਕਰਦੀ ਹੈ। ਜਿਸ ਵਿਚ ਉਹ ਸਤਿਗੁਰੂ ਦੀ ਪ੍ਰਾਪਤੀ ਤੇ ਉਸ ਤੋਂ ਸਤਿਨਾਮ ਦਾ ਜਾਪ ਹਾਸਲ ਹੋਇਆ ਮੰਨਦੇ ਹਨ।

ਨਾਮਦੇਵ ਜੀ ਦੇ ਜੀਵਨ ਨਾਲ ਕਈ ਚਮਤਕਾਰੀ ਘਟਨਾਵਾਂ ਜੋੜੀਆਂ ਜਾਂਦੀਆਂ ਹਨ ਤੇ ਨਾਲ ਹੀ ਕਈ ਹੈਰਾਨ ਕਰ ਦੇਣ ਵਾਲੀਆਂ ਕਥਾਵਾਂ ਵੀ ਜੋੜੀਆਂ ਜਾਂਦੀਆਂ ਹਨ, ਜਿਵੇਂ ਗਊ ਜੀਵਾਉਣ ਦਾ ਚਮਤਕਾਰ, ਦੁਆਰ ਘੁੰਮਣ ਦੀ ਘਟਨਾ, ਠਾਕੁਰ ਨੂੰ ਦੁੱਧ ਪਿਲਾਉਣ ਦੀ ਘਟਨਾ, ਛੰਪਰੀ ਉਡਣ ਦਾ ਚਮਤਕਾਰ ਤੇ ਫਿਰ 'ਦੇਵ ਗਣ' ਆਏ ਤੇ ਛੱਪਰੀ ਬਣ ਗਈ। ਨਾਮਦੇਵ ਜੀ ਨੂੰ ਭਗਤੀ ਕਰਨ ਤੋਂ ਹਟਾਉਣ ਲਈ ਉਹਨਾਂ ਨੂੰ ਦੇਹੁਰੇ ਵਿਚੋਂ ਧੱਕੇ ਮਾਰ ਕੇ ਕੱਢਣਾ, ਕੁਲੀਨ ਲੋਕਾਂ ਤੇ ਬ੍ਰਾਹਮਣਾਂ ਦੇ ਵਿਰੋਧੀ ਦੀ, ਵਿਰੋਧ ਇਸ ਲਈ ਉਭਰਦਾ ਸੀ ਕਿ ਨਾਮਦੇਵ ਜੀ ਨੀਵੀਂ ਜਾਤੀ ਦੇ ਹੋ ਕੇ ਭਗਤੀ ਜਿਹੇ ਉੱਚੇ ਕਰਮ ਧਰਮ ਕਿਉਂ ਕਰਦਾ ਹੈ? ਨਾਮਦੇਵ ਜੀ ਨੂੰ ਇਸ ਅਪਮਾਨ ਨੇ ਝੰਜੋੜਿਆ ਅਤੇ ਆਪਣੀ ਨੀਵੀਂ ਤੇ ਹੀਣ ਜਾਤੀ ਨੂੰ ਕੋਸਿਆ:-

ਹਸਤ ਖੇਲਤ ਤੇਰੇ ਦੇਹੁਰੇ ਆਇਆ।।
ਭਗਤਿ ਕਰਤ ਨਾਮਾ ਪਕਰਿ ਉਠਾਇਆ।।
ਹੀਨੜੀ ਜਾਤ ਮੇਰੀ ਜਾਇਮ ਰਾਇਆ।।
ਛੀਪੇ ਕੇ ਜਨਮਿ ਕਾਹੇ ਕਉ ਆਇਆ।।
ਲੈ ਕਮਲੀ ਚਲਿਓ ਪਲਟਾਇ।।
ਦੇਹੁਰੇ ਪਾਛੈ ਬੈਠਾ ਜਾਇ।।
ਜਿਉ ਜਿਉ ਨਾਮਾ ਹਰਿ ਗੁਣ ਉਚਰੈ।।
ਭਗਤ ਜਨਾਂ ਕਉ ਦੇਹੁਰਾ ਫਿਰੈ।।

ਔਢਾ ਪਿੰਡ ਵਿਚ ਉਹ ਦੇਹੁਰਾ ਮੌਜੂਦ ਹੈ। ਜਿਸ ਦਾ ਦੁਆਰ ਨਾਮਦੇਵ ਜੀ ਦੀ ਭਗਤੀ ਨਾਲ ਘੁੰਮ ਗਿਆ। ਇਸ ਦੀ ਹਾਮੀ ਵਿਦਵਾਨ ਵੀ ਭਰਦੇ ਹਨ। ਸਥਾਨਕ ਲੋਕਾਂ ਵਿਚ ਲੋਕ ਕਥਾ ਵੀ ਇਹੀ ਹੈ।

ਗਊ ਨੂੰ ਜੀਵਾਉਣ ਦਾ ਚਮਤਕਾਰ ਤਾਂ ਬਹੁਤ ਹੀ ਪ੍ਰਸਿੱਧ ਹੈ। ਇਸ ਦੀ ਉਦਾਹਰਣ ਉਹਨਾਂ ਦੀ ਆਪਣੀ ਬਾਣੀ ਜੋ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ ਇਵੇਂ ਹੈ:-

ਸੁਲਤਾਨ ਪੂਛੈ ਸੁਨ ਵੀ ਨਾਮਾ।। ਦੇਖਉ ਰਾਮ ਤੁਮਾਰੇ ਕਾਮਾ''
ਨਾਮ ਸੁਲਤਾਨੇ ਬਾਧਿਲਾ।। ਦੇਖਉ ਤੇਰਾ ਹਰਿ ਬੀਠੁਲਾ।।
ਬਿਸਮਿਲ ਗਊ ਦੇਹ ਜੀਵਾਇ।। ਨਾਤਰ ਗਰਦਨਿ ਮਾਰਉ ਠਾਇ।।

ਕਹਿਰ ਤ ਮੁਈ ਗਊ ਦੇਉ ਜੀਆਇ।। ਸਭ ਕੋਈ ਦੇਖੈ ਪਤੀਆਇ।।
ਨਾਮਾ ਪ੍ਰਣਮੈ ਸੇਲ ਮਸੇਲ।। ਗਊ ਦੁਹਾਈ ਬਛਰਾ ਮੇਲਿ।।
ਦੂਧਰਿ ਦੁਹਿ ਜਬ ਮਟੁਕੀ ਭਰੀ।। ਲੇ ਬਾਦਸ਼ਾਹ ਕੇ ਆਗੈ ਧਰੀ।।

ਨਾਮੇ ਕੀ ਕੀਰਤਿ ਰਹੀ ਸੰਸਾਰਿ।। ਭਗਤ ਜਨਾਂ ਲੈ ਉਧਰਿਆ ਪਾਰਿ।।
ਸਗਲ ਕਲੇਸ਼ ਨਿੰਦਕ ਭਇਆ ਖੇਦੁ।। ਨਾਮੇ ਨਾਰਾਇਣ ਨਾਹੀ ਭੇਦੂ।।

ਨਾਮਦੇਵ ਜੀ ਨੇ ਪਹਿਲਾਂ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਅਤੇ ਰਾਮਚੰਦਰ ਜੀ ਦਾ ਅਵਤਾਰਾਂ ਦੇ ਰੂਪ ਵਿਚ ਜ਼ਿਕਰ ਕੀਤਾ ਹੈ। ਬਾਅਦ ਵਿਚ ਇਹਨਾਂ ਦਾ ਕਰੜਾ ਵਿਰੋਧ ਵੀ ਕੀਤਾ ਹੈ। ਬਾਣੀ ਦਾ ਇਹ ਰੂਪ ਪ੍ਰਸਪਰ ਅੰਤਰੀਵ ਵਿਰੋਧ ਦਰਸਾਉਂਦਾ ਹੈ। ਰਾਮ ਚੰਦਰ ਜੀ ਦਾ ਰਾਵਣ ਨੂੰ ਮਾਰ ਕੇ ਲੰਕਾ ਨੂੰ ਫਤਿਹ ਕਰਕੇ ਬਭੀਖਨ ਨੂੰ ਰਾਜ ਦੇਣਾ, ਵੱਡਾ ਕਾਰਨਾਮਾ ਕਿਹਾ ਜਾਂਦਾ ਹੈ। ਨਾਮਦੇਵ ਜੀ ਨੇ ਇਸ ਦਾ ਵਰਣਨ ਕੀਤਾ ਹੈ:

ਨਾਮੇ ਕੇ ਸੁਆਮੀ ਸੀਮਾ ਬਹੋਰੀ ਲੰਕ ਭਭੀਖਣ ਆਪਿਓ ਹੋ।।
ਜਸਰਥ ਰਾਇ ਨੰਦ ਦੀਓ ਅਭੈ ਪਦੁ ਰਾਜ ਭਭੀਖਣ ਅਧਿਕ ਕਰਿਓ।।
ਗੌਤਮ ਨਾਰ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅਲੇ।।

ਉਕਤ ਕਥਨਾਂ ਦੇ ਉਲਟ ਨਾਮਦੇਵ ਜੀ ਭਗਤੀ ਰਸ ਵਿਚ ਲੀਨ ਹੋ ਕੇ ਇੰਝ ਵੀ ਬਿਆਨ ਕਰਦੇ ਹਨ:-

ਪਾਂਡੇ ਤੁਮਰਾ ਰਾਮਨੰਦੁ ਸੋ ਭੀ ਆਵਤ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।

ਆਰੰਭਕ ਪੜਾਅ ਉਤੇ ਨਾਮਦੇਵ ਜੀ ਦੀ ਬਾਣੀ ਵਿਚ ਕ੍ਰਿਸ਼ਨ ਭਗਤੀ ਛਾਈ ਹੋਈ ਸੀ। ਇਸ ਸਮੇਂ ਵਿਚ ਭਗਤਾਂ ਤੇ, ਜਗਿਆਸੂਆਂ ਤੇ ਹਸਤੀਆਂ ਦੇ ਕਾਰਜ ਸਵਰੇ ਮੰਨੇ ਜਾਂਦੇ ਹਨ, ਵਿਸ਼ਣੂ ਦੇ ਅਵਤਾਰ, ਕ੍ਰਿਸ਼ਨ ਜੀ ਨੂੰ ਸਹਾਈ ਹੋਇ ਮੰਨਿਆ ਹੈ:-

ਦੇਵਾ ਪਾਹਨ ਤਾਰੀਅਲੈ।। ਰਾਮ ਕਹਤ ਜਨ ਕਸ ਨ ਤਰੇ।।
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।।
ਚਰਨ ਬਧਿਕ ਜਨ ਤੇਊ ਮੁਕਤਿ ਭਏ ਹਉ ਬਲਿ ਬਲਿ ਜਿਨ ਰਾਮ ਕਹੇ।।
ਦਾਸੀ ਸੁਤ ਜਨੁ ਬਿਦਰੁ ਸੁਦਾਮਾ, ਉਗ੍ਰਸੈਨ ਕਉ ਰਾਜ ਦੀਏ।।
ਜਪੁਹੀਨ ਤਪਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ।।

ਜੋ ਭਗਤ ਪਹਿਲਾ ਕ੍ਰਿਸ਼ਨ ਜੀ ਦੇ ਉਪਾਸ਼ਕ ਅਤੇ ਰਾਮ ਜੀ ਅਰਾਧਕ ਹੋਏ, ਕੋਈ ਭੀ ਪ੍ਰਾਣੀ ਨਾਮ ਸਾਧਨਾ ਰਾਹੀਂ ਪਰਮਪਦ ਨੂੰ ਪ੍ਰਾਪਤ ਹੋ ਸਕਦਾ ਹੈ, ਪਹਿਲਾਂ ਭਾਵੇਂ ਉਹ ਬੁੱਤ-ਪੂਜ ਹੋਵੇ ਜਾਂ ਅਵਤਾਰ ਪ੍ਰਸਤ ਜਾਂ ਹੋਰ ਦੇਵੀ ਦੇਵਤਿਆਂ ਦਾ ਉਪਾਸ਼ਕ, ਗੁਰਬਾਣੀ ਇਸ ਉਦਾਰਤਾ ਦਾ ਪ੍ਰਮਾਣ ਹੈ:-

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।

ਨਾਮਦੇਵ ਜੀ ਦਾ ਨਿਮਨ ਲਿਖਤ ਪਦਾ ਅਧਿਆਤਮਕ ਰਹੱਸ ਭਰਿਆ ਹੈ, ਜਿਸ ਵਿਚੋਂ ਉਹਨਾਂ ਦੇ ਨਿਰਗੁਣਵਾਦੀ ਹੋਣ ਦਾ ਝਲਕਾਰਾ ਪ੍ਰਤੱਖ ਨਜ਼ਰ ਆਉਂਦਾ ਹੈ:-

ਪਾਂਡੇ ਤੁਮਰਾ ਰਾਮਚੰਦ ਸੋਭੀ ਆਵਤੁ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।।
ਹਿੰਦੂ ਅੰਨ੍ਹਾ ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।।
ਹਿੰਦੂ ਪੂਜੇ ਦੇਹੁਰਾ ਮੁਸਲਮਾਣ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ।।

ਉਪਰੋਕਤ ਵਿਆਖਿਆ ਇਹ ਸਪਸ਼ਟ ਕਰਦੀ ਹੈ ਕਿ ਨਾਮਦੇਵ ਜੀ ਪਹਿਲਾਂ ਸਰਗੁਣਵਾਦੀ ਸਨ ਤੇ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੇ ਮੇਲ ਤੇ ਗੋਸ਼ਟੀ ਦੇ ਪ੍ਰਭਾਵ ਨਾਲ ਉਹ ਨਿਰਗੁਣਵਾਦੀ ਵਿਚਾਰਧਾਰਾ ਦੇ ਧਾਰਨੀ ਬਣ ਗਏ। ਉਕਤ ਟੂਕਾਂ ਤੋਂ ਇਲਾਵਾ ਉਹਨਾਂ ਦੀ ਬਾਣੀ ਵਿਚ ਹੋਰ ਬੇਅੰਤ ਟੂਕਾਂ ਹਨ ਜੋ ਨਾਮਦੇਵ ਜੀ ਨੂੰ ਸਰਗੁਣ ਤੋਂ ਨਿਰਗੁਣ ਦੇ 'ਦਰਸ਼ਨ' ਵਿਚ ਪ੍ਰਗਟ ਕਰਦੀਆਂ ਹਨ। ਇਸੇ ਲਈ ਸਨਾਤਨੀ ਖਿਆਲਾਂ ਦੇ ਵੈਸ਼ਨਵ ਪੰਥੀਆਂ ਨੂੰ ਭਗਤਾਂ ਦਾ ਪਹਿਲਾ ਸਰਗੁਣਵਾਦੀ ਹੋਣ ਤੋਂ ਪਿੱਛੋਂ ਨਿਰਗੁਣਵਾਦੀ ਬਣ ਜਾਣਾ ਵਧੇਰੇ ਰੜਕਦਾ ਹੈ।

ਨਾਮਦੇਵ ਜੀ ਦਾ ਛੂਤ-ਛਾਤ ਨੂੰ ਮਿਟਾਉਣ ਦਾ ਉਪਰਾਲਾ ਤੇ ਸਮਾਜਿਕ ਬਰਾਬਰੀ ਦਾ ਸਿਧਾਂਤ ਵੀ ਕੁਲੀਨ ਉੱਚ ਜਾਤੀਆਂ ਨੂੰ ਵੀ ਰੜਕਦਾ ਸੀ।

ਲੱਗਭੱਗ ਭਗਤੀ ਲਹਿਰ ਦੇ ਸਾਰੇ ਭਗਤਾਂ ਨੇ ਸਮਾਜਿਕ ਬਰਾਬਰੀ ਲਈ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਤੇ ਇਸ ਵਿਚ ਪ੍ਰਾਪਤੀ ਵੀ ਪਾਈ।

ਨਾਮਦੇਵ ਜੀ ਦੀ ਆਰੰਭਕ ਬਾਣੀ ਵਿਚ ਜੀਵਨ ਦਾ ਨਿੱਜੀ ਪਿਛੋਕੜ ਹੈ। ਫਿਰ ਜੀਵਨ ਦੇ ਵਿਸ਼ਾਲ ਤਜਰਬੇ ਤੋਂ ਬਾਅਦ ਸਰਗੁਣ ਤੋਂ ਨਿਰਗੁਣ ਤੱਕ ਦੇ ਵਿਕਾਸ ਦੀ ਗਾਥਾ ਹੈ। ਨਾਮਦੇਵ ਜੀ ਦੀ ਬਾਣੀ ਨੂੰ ਅਨੇਕਾਂ ਪੱਖਾਂ ਤੋਂ ਸਮਝਣ ਬਾਅਦ ਪਤਾ ਲੱਗਦਾ ਹੈ ਕਿ ਉਹ ਆਪਣੇ ਇਸ਼ਟ ਦੇਵ ਦੇ ਗੁਣ ਗਾਉਂਦੇ ਹਨ। ਉਹ ਉਸ ਦੀ ਅਰਾਧਨਾ ਤੇ ਪੂਜਾ ਅਰਚਨਾ ਕਰਦੇ ਹਨ।

ਬਿਰਹਾ ਵਿਚ ਆਪਣੇ ਇਸ਼ਟ ਦੇਵ ਲਈ ਤੜਫਦੇ ਹਨ ਤੇ ਉਸ ਲਈ ਆਦਰਸ਼ਕ ਪ੍ਰੀਤ ਹੰਢਾਉਂਦੇ ਹਨ। ਉਹਨਾਂ ਵਿਚ ਸ਼ਰਧਾ ਤੇ ਜਗਿਆਸਾ ਹੈ ਅਤੇ ਆਪਣੇ ਇਸ਼ਟ ਦੇਵ ਲਈ ਵਲਵਲੇ ਦੇ ਦੇਸ਼ ਵਿਚ ਉਡਾਰੀਆਂ ਵੀ ਮਾਰਦੇ ਹਨ। ਪਰ ਉਹਨਾਂ ਨੇ ਪਰਮ ਆਨੰਦ ਦੇ ਗੁੱਝੇ ਭੇਦ ਵੀ ਲੁਕੋ ਕੇ ਨਹੀਂ ਰੱਖੇ। ਉਹ ਅਵਤਾਰਵਾਦ ਦੀ ਬਿਖੜੀ ਘਾਟੀ ਵਿਚੋਂ ਵੀ ਲੰਘੇ।

ਉਹਨਾਂ ਨੇ ਠਾਕੁਰ ਪੂਜਾ ਤੋਂ ਲੈ ਕੇ, ਜੋ ਇਕ ਪੱਥਰ ਪੂਜਣ ਦੀ ਭਗਤੀ ਵੀ ਆਰੰਭਕ ਕਿਰਿਆ ਸੀ ਤੇ ਬਾਅਦ ਵਿਚ ਅਵਤਾਰਾਂ ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮਚੰਦਰ ਜੀ ਦੇ ਗੁਣ ਗਾਉਣ ਵਾਲੀ ਭਾਵਨਾ ਨਾਲ ਆਪਣੀ ਆਤਮਾ ਨੂੰ ਤ੍ਰਿਪਤਾਇਆ। ਫਿਰ ਨਿਰਗੁਣਵਾਦੀ ਬਣ ਕੇ ਉਸ ਅਕਾਲ ਪੁਰਖ ਪਾਰ ਬ੍ਰਹਮ ਦੀ ਪ੍ਰਾਪਤੀ ਵੀ ਕੀਤੀ ਤੇ ਇਸਦਾ ਆਨੰਦ ਵੀ ਮਾਣਿਆ। ਸਮੁੱਚੀ ਮਾਨਵਤਾ ਲਈ ਉਹਨਾਂ ਦਾ ਇਹ ਉੱਚਾ ਤੇ ਸੁੱਚਾ 'ਦਰਸ਼ਨ' ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

### ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਕਾਸ਼ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਹੁੰਦਾ !

# 'ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵਿਚਾਰ'

ਸਾਡੇ ਸਮਾਜ 'ਚ ਗੁਰੂ ਦਾ ਸਥਾਨ ਮਾਤਾ-ਪਿਤਾ ਦੇ ਸਮਾਨ ਹੀ ਸਮਝਿਆ ਜਾਂਦਾ ਹੈ। ਗੁਰੂ ਦੀ ਮਹਾਨਤਾ ਤੇ ਮਹਿਮਾ ਬਾਰੇ ਵਿਆਖਿਆ ਸਾਨੂੰ ਸਾਡੇ ਪੁਰਾਣਾਂ ਤੇ ਪੁਰਾਤਨ ਗ੍ਰੰਥਾਂ 'ਚੋਂ ਮਿਲਦੀ ਹੈ। ਭਾਰਤ ਦੇ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਧਰਮ ਦੇ ਸਭ ਤੋਂ ਵੱਡੇ ਗੁਰੂ ਮੰਨੇ ਜਾਂਦੇ ਹਨ ਤੇ ਉਹਨਾਂ ਨੇ ਵੀ ਆਪਣੇ ਸਾਰੇ ਜੀਵਨ ਕਾਲ 'ਚ ਗੁਰੂ ਦੀ ਮਹਿਮਾ ਦੀ ਵਿਆਖਿਆ ਬੜੇ ਉੱਚ ਪੱਧਰ 'ਤੇ ਕੀਤੀ ਤੇ ਪ੍ਰੇਮ ਭਾਵਨਾ ਨੂੰ ਫੈਲਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ 'ਚ ਲੋਕਾਂ ਨੂੰ ਏਕਤਾ ਤੇ ਪ੍ਰੇਮ ਪਿਆਰ ਨੂੰ ਵਧਾਉਣ ਲਈ ਆਪਣਾ ਸਾਰਾ ਜੀਵਨ ਪੁਰਜ਼ੋਰ ਕੋਸ਼ਿਸ਼ ਕੀਤੀ।


ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਕਈ ਪਹਿਲੂ ਹਨ। ਉਹ ਅਧਿਆਤਮਵਾਦ ਦੇ ਮਹਾਂ-ਬ੍ਰਹਮਗਿਆਨੀ, ਉੱਚ ਕੋਟੀ ਦੇ ਦਾਰਸ਼ਨਿਕ ਤੇ ਵਿਚਾਰਕ ਸਨ। ਉਹਨਾਂ ਨੇ ਆਪਣੇ ਜਗਿਆਸੂਆਂ ਨੂੰ ਅਧਿਆਤਮਕ ਉਲਝਣਾਂ ਨੂੰ ਸਮਝਾਉਣ ਲਈ ਤੇ ਉਹਨਾਂ ਦਾ ਹੱਲ ਕਰਨ ਲਈ, ਬੜੀ ਸਰਲ ਤੇ ਸਪਸ਼ਟ ਭਾਸ਼ਾ, ਪੰਜਾਬੀ 'ਚ 'ਜਪੁਜੀ' ਸਾਹਿਬ ਦੀ ਰਚਨਾ ਕੀਤੀ। ਇਹ ਅਧਿਆਤਮਵਾਦ 'ਤੇ ਲਿਖੀ ਗਈ ਸੰਸਾਰ ਪ੍ਰਸਿੱਧ ਆਧੁਨਿਕ ਬਾਣੀ ਹੈ। ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾਂਦਾ ਹੈ। ਇਹ ਪੌੜੀ ਛੰਦ 'ਚ ਲਿਖੀ ਗਈ ਹੈ ਤੇ ਜਗਿਆਸੂ 'ਚ ਅਧਿਆਤਮਵਾਦ ਦਾ ਵਿਕਾਸ, ਪੜਾਅ ਵਾਰ ਕਰਦੀ ਹੋਈ, ਪ੍ਰਗਤੀ ਦੇ ਪੰਧ ਤੇ ਚੱਲ ਕੇ, ਜੀਵ ਆਤਮਾ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾ ਦਿੰਦੀ ਹੈ। ਇਹ ਸਿੱਖੀ ਜੀਵਨ ਦਾ ਨਿਤਨੇਮ ਬਣ ਗਈ ਹੈ ਤੇ ਇਸ ਦੀਆਂ ਵਡਿਆਈਆਂ ਨੂੰ ਵਿਚਾਰਨ ਦਾ ਸਮਾਂ ਅੰਮ੍ਰਿਤ ਵੇਲਾ ਦੱਸਿਆ ਗਿਆ ਹੈ। ਇਸ ਵਿਚਾਰ ਨੂੰ ਇਸ ਮਹਾਨ ਰਚਨਾ ਦਾ ਕੇਂਦਰੀ ਭਾਵ ਵੀ ਕਿਹਾ ਜਾ ਸਕਦਾ ਹੈ 'ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵਿਚਾਰ।।

ਗੁਰੂ ਨਾਨਕ ਦੇਵ ਜੀ ਇਕ ਬਹੁਤ ਵੱਡੇ ਸੰਤ ਕਵੀ ਵੀ ਸਨ। ਉਹਨਾਂ ਨੇ ਤਿੰਨ ਅਧਿਆਤਮਕ ਵਾਰਾਂ ਵੀ ਲਿਖੀਆਂ, ਜਿਹਨਾਂ ਦੇ ਨਾਮ ਹਨ: ਆਸਾ ਦੀ ਵਾਰ, ਮਾਝ ਦੀ ਵਾਰ ਤੇ ਮਲ੍ਹਾਰ ਦੀ ਵਾਰ। ਆਸਾ ਦੀ ਵਾਰ ਲੋਕਾਂ 'ਚ ਫੈਲੇ ਭਰਮਾਂ-ਵਹਿਮਾਂ, ਫੋਕੇ ਕਰਮ ਕਾਂਡਾਂ ਤੇ ਝੂਠੇ ਅਡੰਬਰਾਂ 'ਚੋਂ ਨਿਕਲ ਕੇ, ਮਾਨਵ ਨੂੰ ਸਾਦਾ ਤੇ ਸੱਚਾ ਸੁੱਚਾ ਜੀਵਨ ਜਿਊਣ ਵੱਲ ਸੇਧਿਤ ਕਰਦੀ ਹੈ। ਇਸ ਤੋਂ ਇਲਾਵਾ ਉਹਨਾਂ ਦੀਆਂ ਹੋਰ ਰਚਨਾਵਾਂ ਵੀ ਹਨ, ਜਿਵੇਂ- ਸਿੱਧ ਗੋਸ਼ਟਿ, ਸੋਹਲੇ, ਦੱਖਣੀ ਓਂਕਾਰ, ਪੱਟੀ, ਬਾਰਾਂ ਮਾਹ ਤੇ 974 ਸ਼ਬਦ ਹਨ। ਇਹ ਸਭ ਬਾਣੀਆਂ 'ਗੁਰ ਗ੍ਰੰਥ ਸਾਹਿਬ' 'ਚ ਦਰਜ ਸਭ ਬਾਣੀਆਂ ਨਾਲੋਂ ਸਰਵਉੱਤਮ ਦਰਜੇ ਦੀ ਹੈ।

ਗੁਰੂ ਨਾਨਕ ਦੇਵ ਜੀ ਵੇਦਾਂਤੀ ਸਨ। ਉਹ ਬਹੁ-ਮੂਰਤੀ ਪੂਜਾ ਦੇ ਵਿਰੁੱਧ ਸਨ। ਬੁੱਤ ਪੂਜਾ ਸਬੰਧੀ ਉਹਨਾਂ ਦੀ ਸੋਚ ਨਿਰਾਰਥਕ ਸੀ। ਰੂੜ੍ਹੀਵਾਦੀ ਕੁਸੰਸਕਾਰਾਂ ਦਾ ਵੀ ਉਹਨਾਂ ਨੇ ਰੱਜ ਕੇ ਵਿਰੋਧ ਕੀਤਾ। ਉਹਨਾਂ ਦਾ ਉਪਦੇਸ਼ ਸੀ, ਈਸ਼ਵਰ ਦੀ ਪ੍ਰਾਪਤੀ ਬਾਹਰੀ ਸਾਧਨਾਂ ਨਾਲ ਨਹੀਂ ਹੋ ਸਕਦੀ, ਸਗੋਂ ਸਰੀਰ ਦੇ ਅੰਦਰੂਨੀ ਸਾਧਨਾਂ ਦੇ ਚਿੰਤਨ ਨਾਲ ਹੋ ਸਕਦੀ ਹੈ। ਉਹਨਾਂ ਦੀ ਬਾਣੀ 'ਚ ਵੈਰਾਗ ਰਸ ਤਾਂ ਹੈ ਹੀ ਪਰ ਇਸ ਦੇ ਨਾਲ ਉਹਨਾਂ ਨੇ ਤਤਕਾਲੀਨ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਵੀ ਕੀਤਾ ਹੈ। ਸੰਤ ਸਾਹਿਤ 'ਚ ਉਹ ਉਹਨਾਂ ਸੰਤਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ, ਜਿਹਨਾਂ ਨੇ ਔਰਤ ਦੀ ਮਹਾਨਤਾ ਤੇ ਉਸ ਦਾ ਸਤਿਕਾਰ ਕਰਨ ਦਾ ਸਮਾਜ ਨੂੰ ਸੰਦੇਸ਼ ਦਿੱਤਾ। ਉਹਨਾਂ ਦੇ ਉਪਾਸਕ ਉਹਨਾਂ ਨੂੰ ਪਿਆਰ ਤੇ ਸਤਿਕਾਰ ਨਾਲ ਗੁਰੂ ਨਾਨਕ, ਗੁਰੂ ਨਾਨਕ ਦੇਵ ਜੀ, ਬਾਬਾ ਨਾਨਕ ਤੇ ਨਾਨਕ ਸ਼ਾਹ ਦੇ ਨਾਵਾਂ ਨਾਲ ਯਾਦ ਕਰਦੇ ਹਨ। ਉਹ ਇਕ ਮਹਾਨ ਵਿਅਕਤਿਤਵ ਦੇ ਮਾਲਕ, ਦਾਰਸ਼ਨਿਕ, ਇਕ ਮਹਾਨ ਤਪੱਸਵੀ, ਯੋਗੀ, ਗ੍ਰਿਸਤੀ, ਸਮਾਜ ਸੁਧਾਰਕ, ਧਰਮ ਸੁਧਾਰਕ, ਇਕ ਉੱਚ ਕੋਟੀ ਦੇ ਕਵੀ, ਇਕ ਬਹੁਤ ਵੱਡੇ ਦੇਸ਼ ਭਗਤ ਤੇ ਵਿਸ਼ਵਬੰਧੂ- ਇਹਨਾਂ ਸਭ ਗੁਣਾਂ ਦੇ ਮਾਲਕ ਸਨ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਰਾਏ ਭੋਇੰ ਦੀ ਤਲਵੰਡੀ, ਜਿਸ ਨੂੰ ਅੱਜਕਲ੍ਹ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਕਹਿੰਦੇ ਹਨ, ਵਿਖੇ ਹੋਇਆ ਤੇ ਉਹਨਾਂ ਨੇ ਆਪਣਾ ਆਖਰੀ ਜੀਵਨ ਆਪਣੇ ਪਰਿਵਾਰ ਕਰਤਾਰਪੁਰ (ਹੁਣ ਪਾਕਿਸਤਾਨ 'ਚ) ਵਿਖੇ ਬਤੀਤ ਕੀਤਾ ਤੇ ਉਹ ਇੱਥੇ ਹੀ 22 ਸਤੰਬਰ 1539 ਈਸਵੀ ਨੂੰ ਜੋਤੀ-ਜੋਤ ਸਮਾ ਗਏ। ਉਹ ਬਚਪਨ ਤੋਂ ਹੀ ਬਹੁਤ ਹੋਣਹਾਰ ਬਾਲਕ ਸਨ। ਸਕੂਲ ਪੜ੍ਹਦੇ ਸਮੇਂ ਹੀ ਉਹਨਾਂ ਦੇ ਪਿਤਾ ਸ੍ਰੀ ਮਹਿਤਾ ਕਾਲੂ ਜੀ ਨੂੰ ਅਧਿਆਪਕ ਨੇ ਕਿਹਾ ਕਿ ਇਸ ਬਾਲਕ 'ਚ ਕੋਈ ਅਲਾਹੀ ਨੂਰ ਹੈ। ਇਹ ਵੱਡਾ ਹੋ ਕੇ ਸਾਰੇ ਸੰਸਾਰ ਨੂੰ ਗਿਆਨ ਦੇਵੇਗਾ। ਪੰਜਾਬੀ ਦੇ ਇਕ ਅਖਾਣ 'ਹੋਣਹਾਰ ਵਿਰਵਾ ਕੇ ਚਿੱਕਨੇ-ਚਿੱਕਨੇ ਪਾਤ' ਦੇ ਅਰਥਾਂ ਅਨੁਸਾਰ ਅਧਿਆਪਕ ਦੀ ਇਹ ਭਵਿੱਖਬਾਣੀ ਸਹੀ ਸਾਬਤ ਹੋਈ। ਥੋੜ੍ਹਾ ਵੱਡਾ ਹੋਣ 'ਤੇ ਉਹਨਾਂ ਦੇ ਪਿਤਾ ਜੀ ਨੇ ਚਾਹਿਆ ਕਿ ਬਾਲਕ ਨਾਨਕ ਨੂੰ ਕਿਸੇ ਵਿਉਪਾਰ 'ਚ ਲਗਾ ਦਿੱਤਾ ਜਾਵੇ, ਪਰ ਇੱਥੇ ਵੀ ਉਹਨਾਂ ਦਾ ਮਨ ਨਾ ਟਿਕਿਆ। ਫਿਰ ਹੋਰ ਵੱਡਾ ਹੋਣ 'ਤੇ 16 ਸਾਲ ਦੀ ਉਮਰ 'ਚ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਦਾ ਵਿਆਹ ਕਰ ਦਿੱਤਾ। ਉਹਨਾਂ ਦੇ ਦੋ ਪੁੱਤਰ ਵੀ ਹੋਏ ਪਰ ਪਰਿਵਾਰਕ ਮੋਹ ਵੀ ਉਹਨਾਂ ਨੂੰ ਗ੍ਰਿਸਤੀ ਦੇ ਬੰਧਨਾਂ 'ਚ ਬੰਨ੍ਹ ਨਾ ਸਕਿਆ। ਜਿਸ ਮਕਸਦ ਲਈ ਉਹਨਾਂ ਨੇ ਅਵਤਾਰ ਧਾਰਿਆ ਸੀ, ਫਿਰ ਉਹ ਇਸ ਦੀ ਪੂਰਤੀ ਲਈ ਘਰੋਂ ਨਿਕਲ ਤੁਰੇ।

ਗੁਰੂ ਨਾਨਕ ਦੇਵ ਜੀ ਨੇ ਲਗਭਗ 30 ਸਾਲਾਂ 'ਚ ਆਪਣੀਆਂ ਉਦਾਸੀਆਂ ਭਾਵ ਚਾਰ ਯਾਤਰਾਵਾਂ ਪੂਰੀਆਂ ਕੀਤੀਆਂ। ਉਹ ਸਮੁੱਚੇ ਭਾਰਤਵਰਸ਼ ਤੇ ਏਸ਼ੀਆ ਦੇ ਕਈ ਦੇਸ਼ਾਂ 'ਚ ਆਪਣੇ ਉਦੇਸ਼ ਦੀ ਪੂਰਤੀ ਲਈ ਗਏ ਤੇ ਉਹਨਾਂ ਦੇ ਨਾਲ, ਉਹਨਾਂ ਦੇ ਦੋ ਸਾਥੀ ਭਾਈ ਬਾਲਾ ਤੇ ਭਾਈ ਮਰਦਾਨਾ ਵੀ ਨਾਲ ਸਨ। ਮਰਦਾਨਾ ਮੁਸਲਮਾਨ ਵਰਗ ਨਾਲ ਸਬੰਧ ਰੱਖਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸੰਦੇਸ਼ ਦਿੱਤਾ ਕਿ ਜਾਤ-ਪਾਤ ਤੇ ਸੰਪਰਦਾਏ ਤੋਂ ਉਪਰ ਮਹੱਤਵਪੂਰਨ ਹੁੰਦਾ ਹੈ 'ਮਾਨਵ ਦਾ ਮਾਨਵ ਨਾਲ ਪਿਆਰ' ਜਿਸ ਨੂੰ ਆਧੁਨਿਕ ਭਾਸ਼ਾ 'ਚ 'ਮਾਨਵਵਾਦ' ਕਿਹਾ ਜਾਂਦਾ ਹੈ ਕਿਉਂਕਿ ਸਾਡਾ ਸਾਰਿਆਂ ਦਾ ਇਕੋ ਪਿਤਾ ਪ੍ਰਮਾਤਮਾ ਹੀ ਹੈ ਤੇ ਅਸੀਂ ਸਾਰੇ ਉਸ ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਔਲਾਦ ਹਾਂ, ਭਾਵ 'ਏਕ ਪਿਤਾ ਏਕਸ ਕੇ ਹਮ ਬਾਰਿਕ'। ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਸਾਰਾ ਜੀਵਨ ਆਪਣੇ ਨਾਲ ਰੱਖ ਕੇ, ਉਹਨਾਂ ਨੇ ਸਾਰੇ ਸੰਸਾਰ ਨੂੰ 'ਸਮਾਜਿਕ ਬਰਾਬਰੀ' ਦਾ ਸੰਦੇਸ਼ ਦਿੱਤਾ। ਇਸ ਉਦਾਹਰਣ ਨੂੰ ਉਹਨਾਂ ਦੀ ਮਾਨਵਵਾਦੀ ਸੋਚ ਦਾ ਸਿਰਮੌਰ ਕਿਹਾ ਜਾ ਸਕਦਾ ਹੈ। ਇਸਦੀ ਸਾਡੇ ਅਜੋਕੇ ਸਮਾਜ ਨੂੰ ਬਹੁਤ ਜ਼ਰੂਰਤ ਹੈ। ਸਿੱਖ ਧਰਮ ਤੇ ਕਾਬਜ਼ ਜਥੇਬੰਦੀ ਦਾ ਇਹ ਪਰਮ-ਧਰਮ ਬਣਦਾ ਹੈ ਕਿ ਉਹ ਦਲਿਤ ਭਾਈਚਾਰੇ ਨੂੰ ਅਮਲੀ ਰੂਪ 'ਚ ਸਮਾਜਿਕ ਬਰਾਬਰੀ ਦਾ ਦਰਜਾ ਦੇਣ ਲਈ, ਆਪਣੇ ਸੱਚੇ ਦਿਲੋਂ ਉਪਰਾਲੇ ਕਰਨ ਨਾ ਕਿ ਉਹਨਾਂ ਨੂੰ ਹਾਸ਼ੀਏ 'ਤੇ ਧੱਕਣ, ਤਾਂ ਹੀ ਗੁਰੂ ਸਾਹਿਬ ਜੀ ਦੀ ਸਿਰਜੀ ਹੋਈ ਇਹ ਕਦਰ-ਕੀਮਤ, ਆਪਣੀ ਚਰਮ ਸੀਮਾ 'ਤੇ ਪਹੁੰਚ ਸਕੇਗੀ। ਇਸ ਤਰ੍ਹਾਂ ਕਰਨ ਨਾਲ ਗੁਰੂ ਸਾਹਿਬ ਵੱਲੋਂ ਸਿਰਜਿਆ ਗਿਆ ਆਪਣਾ ਨਵਾਂ ਸਮਾਜ ਵੱਧ-ਫੁੱਲ ਕੇ ਸੰਸਾਰ ਦੀ ਸਾਰੀ ਪ੍ਰਕਿਰਤੀ ਨੂੰ ਆਪਣੇ ਕਲਾਵੇ 'ਚ ਲੈ ਸਕਣ ਦੇ ਸਮਰੱਥ ਹੋ ਜਾਵੇਗਾ।





ਪ੍ਰੋ: ਐਚ. ਐਲ. ਕਪੂਰ

**ਨੈਤਿਕਤਾ ਅਤੇ ਉੱਚਾ ਆਚਰਣ :-** ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰੋ ਯਾਤਰਾਵਾਂ ਦੇ ਦੌਰਾਨ ਪਾਖੰਡੀ ਸਾਧਾਂ-ਫਕੀਰਾਂ, ਅਡੰਬਰ ਕਰਨ ਵਾਲਿਆਂ ਤੇ ਭਰਮਾਂ ਵਹਿਮਾਂ 'ਚ ਵਿਸ਼ਵਾਸ ਰੱਖਣ ਵਾਲਿਆਂ ਕਰੋੜਾਂ ਇਨਸਾਨਾਂ ਨੂੰ ਆਪਣੀ ਵਿਗਿਆਨਕ, ਤਰਕਸ਼ੀਲ ਤੇ ਆਪਣੇ ਅਧਿਆਤਮਕ ਗਿਆਨ ਨਾਲ, ਗਿਆਨਵਾਨ ਕਰਕੇ ਤੇ ਉਹਨਾਂ ਦਾ ਮਾਰਗ ਦਰਸ਼ਨ ਕਰਕੇ, ਆਤਮਾ ਤੇ ਪ੍ਰਮਾਤਮਾ ਨਾਲ ਜੋੜਿਆ ਤਾਂ ਕਿ ਸਮਾਜ 'ਚ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਹੋ ਸਕੇ ਤੇ ਇਹ ਸਭ ਵਰਗਾਂ ਦਾ ਸਾਂਝਾ ਭਾਈਚਾਰਾ ਬਣ ਕੇ, ਨਵੇਂ ਸਮਾਜ ਦੀ ਸਿਰਜਣਾ ਹੋ ਸਕੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸੰਕਲਪ 'ਚ ਸਫਲਤਾ ਵੀ ਪ੍ਰਾਪਤ ਕੀਤੀ। ਇਸੇ ਲਈ ਹੀ ਤਾਂ ਉਹਨਾਂ ਨੂੰ ਸਭ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਤੇ ਉਹਨਾਂ ਨੂੰ ਸਭ ਧਰਮਾਂ ਦਾ 'ਸਾਂਝਾ ਗੁਰੂ' ਸਵੀਕਾਰਦੇ ਸਨ। ਇਹੀ ਕਾਰਨ ਹੈ ਕਿ ਉਹਨਾਂ ਦੀ ਵਿਚਾਰਧਾਰਾ ਨੇ ਇਕ ਨਵੇਂ ਸਮਾਜ 'ਸਿੱਖ ਸਮਾਜ' ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਦੌਰਾਨ ਲੋਕਾਂ ਨੂੰ ਗਿਆਨਵਾਨ ਕਰਨ ਲਈ ਤੇ ਆਤਮਾ ਤੇ ਪ੍ਰਮਾਤਮਾ ਨਾਲ ਜੋੜਨ ਲਈ ਜੋ ਉਪਦੇਸ਼ ਦਿੱਤੇ, ਉਹ ਨਿਮਨ-ਲਿਖਤ ਅਨੁਸਾਰ ਹਨ:- ਗੁਰੂ ਨਾਨਕ ਦੇਵ ਜੀ ਨੇ ਬਾਣੀ ਦੁਆਰਾ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਰੀਆਂ ਸਚਾਈਆਂ ਤੋਂ ਉਪਰ ਮਨੁੱਖ ਦਾ ਚਰਿਤਰ ਤੇ ਵਿਵਹਾਰ ਹੈ:- ਉਹ ਕਹਿੰਦੇ ਹਨ ਕਿ, 'ਸੱਚੋਂ ਓਰੈ ਸਭ ਕੋ ਓਪਰ ਸੱਚ ਆਚਾਰ'। ਹੇ ਮਾਨਵ! ਤੂੰ ਆਪਣੇ ਚੰਗੇ ਚਰਿਤਰ ਤੇ ਵਿਵਹਾਰ ਦਾ ਨਿਰਮਾਣ ਕਰ।

**ਵਾਹਿਗੁਰੂ ਦੀ ਰਜ਼ਾ 'ਚ ਰਹੋ:-** ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਨੂੰ ਇਹ ਸੰਦੇਸ਼ ਦਿੱਤਾ ਕਿ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।' ਸੰਸਾਰ 'ਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਪ੍ਰਮਾਤਮਾ ਦੀ ਕਿਰਪਾ ਨਾਲ ਤੇ ਉਸ ਦੀ ਰਜ਼ਾ 'ਚ ਹੋ ਰਿਹਾ ਹੈ। ਇਸ ਲਈ ਚੰਗਾ ਕੀ ਹੈ ਤੇ ਮਾੜਾ ਕੀ ਹੈ? ਇਹ ਪ੍ਰਮਾਤਮਾ ਨੂੰ ਹੀ ਪਤਾ ਹੈ। ਚੰਗੇ ਜਾਂ ਮਾੜੇ ਨੂੰ ਸਾਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦਾ ਹੈ। ਦੁੱਖ ਜਾਂ ਸੁੱਖ ਆਉਣ ਤੇ ਸਾਨੂੰ ਕੋਈ ਪ੍ਰਸ਼ਨ ਨਹੀਂ ਕਰਨਾ ਚਾਹੀਦਾ। ਇਸ ਲਈ ਮਨੁੱਖ ਨੂੰ ਆਪਣਾ ਕੰਮ ਚਿੰਤਾ ਮੁਕਤ ਹੋ ਕੇ ਕਰਨਾ ਚਾਹੀਦਾ ਹੈ।

**ਪ੍ਰਮਾਤਮਾ ਇਕ ਹੈ:-** ਪ੍ਰਮਾਤਮਾ ਸਭ ਜਗ੍ਹਾ ਤੇ ਸਭ ਪ੍ਰਾਣੀਆਂ 'ਚ ਮੌਜੂਦ ਹੈ। 'ਨਾ ਕੋ ਹਿੰਦੂ ਨਾ ਮੁਸਲਮਾਨ'। ਗੁਰੂ ਜੀ ਕਹਿੰਦੇ ਹਨ ਕਿ ਮੈਂ ਤਾਂ ਉਸ ਪ੍ਰਮਾਤਮਾ ਦਾ ਪੈਰੋਕਾਰ ਹਾਂ ਤੇ ਮੇਰਾ ਉਸ ਇਕੋ ਪ੍ਰਮਾਤਮਾ 'ਚ ਹੀ ਵਿਸ਼ਵਾਸ ਹੈ। ਪ੍ਰਮਾਤਮਾ ਸਰਵ ਵਿਆਪਕ ਹੈ। ਉਸ ਦੀ ਕੋਈ ਮੂਰਤ ਜਾਂ ਆਕਾਰ ਨਹੀਂ ਹੈ। ਉਹ ਸਦੀਵੀ ਹੈ ਤੇ ਨਜ਼ਰ ਵੀ ਨਹੀਂ ਆਉਂਦਾ। ਇਸ ਸੰਸਾਰ ਦੀ ਰਚਨਾ ਤੋਂ ਪਹਿਲਾਂ ਸਿਰਫ ਪ੍ਰਮਾਤਮਾ ਹੀ ਸੀ। ਉਸ ਦੀ ਕਿਰਪਾ ਨਾਲ ਹੀ ਇਸ ਸੰਸਾਰਕ ਜਾਲ ਦੀ ਰਚਨਾ ਹੋਈ ਭਾਵ ਪ੍ਰਾਣੀ ਦੀ ਉਤਪੱਤੀ ਹੋਈ। ਸਿੱਖ ਸਿਧਾਂਤਾਂ ਅਨੁਸਾਰ ਪ੍ਰਮਾਤਮਾ ਕਿਸੇ ਲਿੰਗ ਜਾਂ ਪੁਲਿੰਗ ਜਾਂ ਨਿਪੁੰਸਕ ਲਿੰਗ ਦੀ ਸ਼ਕਲ ਸੂਰਤ 'ਚ ਨਹੀਂ ਹੈ। ਇਸ ਨੂੰ ਸਿਰਫ ਰੂਹਾਨੀਅਤ ਦੀਆਂ ਨਜ਼ਰਾਂ ਨਾਲ ਹੀ ਪਛਾਣਿਆ ਜਾ ਸਕਦਾ ਹੈ। ਉਹ ਸਭ 'ਤੇ ਬਖਸ਼ਿਸ਼ਾਂ ਕਰਦਾ ਹੈ ਤੇ ਸਾਨੂੰ ਉਸਨੂੰ ਕਦੇ ਭੁੱਲਣਾ ਨਹੀਂ ਚਾਹੀਦਾ। ਪ੍ਰਮਾਤਮਾ ਦਾ ਪਸਾਰਾ ਬਹੁਤ ਹੈ ਤੇ ਇਕ ਜੀਵ ਆਤਮਾ ਆਪਣੀ ਸਾਰੀ ਆਰਜੂ 'ਚ ਉਸ ਦੇ ਪਸਾਰੇ ਦੀ ਜਾਣਕਾਰੀ ਹਾਸਲ ਨਹੀਂ ਕਰ ਸਕਦਾ।

**ਸਰਬੱਤ ਦਾ ਭਲਾ ਕਰੋ:-** ਗੁਰੂ ਸਾਹਿਬ ਦੀ ਵਿਚਾਰਧਾਰਾ ਸਰਬ ਵਿਆਪੀ ਤੇ ਵਿਸ਼ਵ ਵਿਆਪੀ ਹੈ। ਉਹ ਸਰਬੱਤ ਦਾ ਭਲਾ ਮੰਗਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਧਰਮ ਕੇਵਲ ਸ਼ਬਦਾਂ ਦੀ ਦ੍ਰਿੜ੍ਹਤਾ ਹੀ ਨਹੀਂ ਹੈ ਸਗੋਂ ਸਾਰੀ ਮਾਨਵਤਾ ਦੇ ਪੁਰਸ਼ ਅਤੇ ਇਸਤਰੀਆਂ ਉਸ ਦੀ ਨਜ਼ਰ 'ਚ ਬਰਾਬਰ ਹਨ। ''ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਇਹ ਗੁਰਬਾਣੀ ਦੀਆਂ ਸੱਤਰਾਂ ਸਿੱਖ ਜਗਤ ਦੀ ਰੋਜ਼ਾਨਾ ਜੀਵਨ ਦੀ ਅਰਦਾਸ ਦਾ ਸਰਵਉੱਤਮ ਵਾਕ ਹੈ। ਇਸ ਲਈ ਗੁਰੂ ਜੀ ਆਖਦੇ ਹਨ ਕਿ ਹੇ, ਮਾਨਵ! ਤੂੰ ਰੱਬ ਦਾ ਨਾਮ ਜਪੁ ਤੇਰੀ ਹਮੇਸ਼ਾ ਚੜ੍ਹਦੀ ਕਲਾ ਰਹੇਗੀ ਤੇ ਤੂੰ ਸਰਬੱਤ ਦਾ ਭਲਾ ਕਰਨ ਦੇ ਸਮਰੱਥ ਹੋ ਜਾਵੇਗਾ। ਤੇਰੀਆਂ ਸਾਰੀਆਂ ਖੁਸ਼ੀਆਂ ਤੇਰੇ ਕੋਲ ਆ ਜਾਣਗੀਆਂ ਤੇ ਤੇਰੀ ਸੋਚ ਵੀ ਹਾਂ ਵਾਚੀ ਹੋ ਜਾਵੇਗੀ। ਸਰਬੱਤ ਦੇ ਭਲੇ ਦੀ ਸੋਚ, ਗੁਰੂ ਨਾਨਕ ਦੇਵ ਜੀ ਦੀ ਅੰਤਰ ਰਾਸ਼ਟਰਵਾਦੀ ਸੋਚ ਹੈ ਤੇ ਸਾਰੀ ਦੁਨੀਆਂ ਦੀ ਮਾਨਵਤਾ ਨੂੰ ਆਪਣੇ ਕਲਾਵੇ 'ਚ ਸਮੇਟਦੀ ਹੈ। ਉਹ ਇਸ ਭਲੇ 'ਚ ਆਪਣੀ ਨਿੱਜਤਾ ਦੀ ਗੱਲ ਨਹੀਂ ਕਰਦੇ।

**ਸਦਾ ਸੱਚ ਬੋਲੋ:-** ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਦਾ ਸੱਚ ਬੋਲਣ ਦਾ ਸੰਦੇਸ਼ ਦਿੱਤਾ। ਬਾਬਰ ਬਾਣੀ 'ਚ ਉਹ ਬਾਬਰ ਦੇ ਮਾਨਵਤਾ 'ਤੇ ਕੀਤੇ ਜ਼ੁਲਮਾਂ ਦਾ ਵਿਰੋਧ ਕਰਦੇ ਹਨ ਤੇ ਕਹਿੰਦੇ ਹਨ ਕਿ ਹੇ, ਬਾਬਰ! ਮੈਂ ਤੈਨੂੰ ਸੱਚ-ਸੱਚ ਸੁਣਾ ਰਿਹਾ ਹਾਂ ਤੇ ਹੁਣ ਸੱਚ ਬੋਲਣ ਦਾ ਹੀ ਵੇਲਾ ਹੈ ਕਿ, ''ਤੂੰ ਬਾਬਰ ਨਹੀਂ ਹੈ, ਤੂੰ ਜਾਬਰ ਹੈ।'' ਉਹ ਇਹ ਵੀ ਕਹਿੰਦੇ ਹਨ ਕਿ ਸਾਨੂੰ ਬਿਨਾਂ ਕਿਸੇ ਡਰ ਭੈਅ ਤੋਂ, ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਨੂੰ ਕਦੀ ਵੀ ਜ਼ੋਰ ਨਾਲ, ਝੂਠ ਬੋਲ ਕੇ ਦਬਾਇਆ ਨਹੀਂ ਜਾ ਸਕਦਾ ਤੇ ਸਾਨੂੰ ਹਮੇਸ਼ਾ ਸਚਾਈ ਦੇ ਨਾਲ ਖੜ੍ਹਨਾ ਚਾਹੀਦਾ ਹੈ। ਇਸ ਲਈ ਹੀ ਬਾਬਰ ਨੂੰ ਉਹ ਸੰਬੋਧਨ ਕਰਕੇ ਕਹਿੰਦੇ ਹਨ:

''ਸੱਚ ਕੀ ਬਾਣੀ ਨਾਨਕ ਆਖੈ,<br>
ਸੱਚ ਸੁਣਾਈਸੀ ਸੱਚ ਕੀ ਵੇਲਾ।''

**ਸੇਵਾ ਤੇ ਨਾਮ ਸਿਮਰਨ:-** ਗੁਰੂ ਸਾਹਿਬ ਕਹਿੰਦੇ ਹਨ ਕਿ ਕੋਈ ਕਿਸੇ ਨੂੰ ਬਚਾਅ ਨਹੀਂ ਸਕਦਾ। ਸਿਰਫ ਗੁਰੂ ਦੀ ਸਿੱਖਿਆ ਹੀ, ਸਾਡਾ ਬਚਾਅ ਕਰ ਸਕਦੀ ਹੈ। ਇਸ ਲਈ ਸਹੀ ਰਸਤਾ ਸੇਵਾ ਤੇ ਸਿਮਰਨ ਦਾ ਹੀ ਹੈ। ਗੁਰੂ ਸਾਹਿਬ ਇਹ ਸੰਦੇਸ਼ ਵੀ ਦਿੰਦੇ ਹਨ ਕਿ ਗੁਰੂ ਦਾ ਵਾਸਾ ਵੱਡੇ-ਵੱਡੇ ਮਹਿਲਾਂ ਤੇ ਮਾੜੀਆਂ 'ਚ ਨਹੀਂ ਹੈ। ਉਹ ਹਮੇਸ਼ਾ ਗਰੀਬਾਂ, ਮਿਹਨਤ ਕਸ਼ਾਂ ਤੇ ਕਮਜ਼ੋਰਾਂ ਦੇ ਨਾਲ ਰਹਿੰਦਾ ਹੈ। ਇਸ ਲਈ ਗਰੀਬਾਂ ਨੂੰ ਹਮੇਸ਼ਾ ਪਿਆਰ ਕਰੋ ਤੇ ਇਸ ਪਿਆਰ ਦੇ ਬਦਲੇ 'ਚ ਪ੍ਰਮਾਤਮਾ ਤੁਹਾਡੇ 'ਤੇ ਹਮੇਸ਼ਾਂ ਹੱਥ ਰੱਖੇਗਾ। ਜੇਕਰ ਤੁਸੀਂ ਗੁਰਬਾਣੀ ਦੀਆਂ ਸਿੱਖਿਆਵਾਂ ਤੇ ਅਮਲ ਕਰਕੇ ਚੱਲੋਗੇ ਤਾਂ ਤੁਸੀਂ ਮਹਿਸੂਸ ਕਰੋਗੇ ਕਿ ਗੁਰੂ ਸਾਨੂੰ ਸੰਬੋਧਨ ਕਰ ਰਿਹਾ ਹੈ। ਅਸੀਂ ਆਪਣੇ ਜੀਵਨ 'ਚ ਚੰਗੇ ਅਮਲਾਂ 'ਤੇ ਚਲਦੇ ਹੋਏ, ਕਈ ਵਾਰ ਮਹਿਸੂਸ ਕਰਾਂਗੇ ਕਿ ਗੁਰੂ ਸਾਡੇ ਨਾਲ ਹੈ। ਇਸ ਲਈ ਅਸੀਂ ਜ਼ਿੰਦਗੀ ਦੇ ਕਾਰ ਵਿਹਾਰ ਕਰਦਿਆਂ, ਹਮੇਸ਼ਾ ਗੁਰਬਾਣੀ ਨਾਲ ਜੁੜੇ ਰਹੀਏ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਆਪਣਾ ਜੀਵਨ ਵਸਰ ਕਰੀਏ। ਪ੍ਰੰਤੂ ਜਦੋਂ ਅਸੀਂ ਮਾਇਆ ਦੇ ਭਰਮਜਾਲ 'ਚ ਫਸ ਕੇ ਸੰਸਾਰਕ ਮਾਇਆ ਜਾਲ ਨੂੰ ਹੀ ਸਭ ਕੁਝ ਸਮਝ ਲੈਂਦੇ ਹਾਂ ਤੇ ਉਸ 'ਚੋਂ ਖੁਸ਼ੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੀ ਜ਼ਿੰਦਗੀ ਦਾ ਅਸਲੀ ਮਨੋਰਥ ਤੇ ਰਸਤਾ ਭੁੱਲ ਹੀ ਜਾਂਦੇ ਹਾਂ। ਅਸਲ 'ਚ ਧਰਮ ਹੀ ਇਕ ਅਜਿਹੀ ਅਨਮੋਲ ਚੀਜ਼ ਹੈ, ਜਿਹੜਾ ਸਾਨੂੰ ਸੇਵਾ ਅਤੇ ਸਿਮਰਨ ਦੀ ਸਿੱਖਿਆ ਦੇ ਕੇ, ਵਿਚਾਰਧਾਰਕ ਤੌਰ 'ਤੇ ਧਨਵਾਲ ਕਰਦਾ ਹੈ। ਸੇਵਾ ਕਰਨ ਵਾਲਾ ਇਨਸਾਨ ਹੀ ਸਮਾਜ 'ਚ ਸਤਿਕਾਰਿਆ ਜਾਂਦਾ ਹੈ ਤੇ ਗੁਰਬਾਣੀ ਅਨੁਸਾਰ ਸੇਵਾ ਤੇ ਸਿਮਰਨ ਕਰਨ ਵਾਲੇ ਇਨਸਾਨ ਨੂੰ ਪ੍ਰਮਾਤਮਾ ਦੇ ਦਰਬਾਰ 'ਚ ਆਦਰ ਸਤਿਕਾਰ ਤੇ ਮਾਣ ਸਨਮਾਨ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਹੰਕਾਰ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਇਸ ਦਾ ਤਿਆਗ ਕਰੋ ਤੇ ਨਿਮਨ ਰਹਿ ਕੇ ਸੇਵਾ ਭਾਵਨਾ ਨਾਲ ਆਪਣਾ ਜੀਵਨ ਵਸਰ ਕਰੋ।

*ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਉਪਦੇਸ਼ :- ਇਹ ਗੁਰੂ ਸਾਹਿਬ ਦੇ ਤਿੰਨੋਂ ਮੁੱਖ ਉਪਦੇਸ਼ ਹਨ।*

**(ੳ) ਕਿਰਤ ਕਰੋ-** ਹਮੇਸ਼ਾ ਸੱਚੀ-ਸੁੱਚੀ ਤੇ ਇਮਾਨਦਾਰੀ ਦੀ ਕਿਰਤ ਕਰੋ। ਕਿਸੇ ਨਾਲ ਧੋਖਾ ਕਰਕੇ ਜਾਂ ਕਿਸੇ ਦਾ ਸ਼ੋਸ਼ਣ ਕਰਕੇ ਅਮੀਰ ਬਣਨ ਦੀ ਕੋਸ਼ਿਸ਼ ਨਾ ਕਰੋ। ਮਿਹਨਤ ਦੀ ਕਮਾਈ 'ਚ ਹੀ ਬਰਕਤ ਹੁੰਦੀ ਹੈ ਤੇ ਇਸ ਨਾਲ ਜ਼ਿੰਦਗੀ 'ਚ ਪੂਰਾ ਆਨੰਦ ਆਉਂਦਾ ਹੈ। ਮਾਇਆ ਨੂੰ ਆਪਣੀ ਸੱਚੀ-ਸੁੱਚੀ ਕਿਰਤ ਨਾਲ ਕਮਾਓ ਤੇ ਇਸ ਨੂੰ ਆਪਣੇ ਜੇਬ੍ਹ 'ਚ ਹੀ ਜਗ੍ਹਾ ਦਿਓ ਨਾ ਕਿ ਦਿਲ 'ਚ।

**(ਅ) ਵੰਡ ਛਕੋ-** ਹਮੇਸ਼ਾ ਵੰਡ ਕੇ ਛਕੋ, ਗਰੀਬ ਤੇ ਜ਼ਰੂਰਤਮੰਦਾਂ ਨੂੰ ਆਪਣੀ ਕਮਾਈ ਦਾ ਦਸਵੰਦ ਕੱਢ ਕੇ ਮਦਦ ਕਰੋ ਤੇ ਉਹਨਾਂ ਨੂੰ ਦਾਨ ਦੇ ਕੇ ਨੀਵਿਆਂ ਤੋਂ ਉੱਚੇ ਬਣਾਓ। ਇਸ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ ਤੇ ਦਾਨੀ ਸੱਜਣ ਨੂੰ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ।

**(ੲ) ਨਾਮ ਜਪੋ-** ਪ੍ਰਮਾਤਮਾ ਦਾ ਹਮੇਸ਼ਾ ਨਾਮ ਜਪੋ। ਇਸ ਨਾਲ ਦੁੱਖਾਂ-ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਹੈ ਤੇ ਇਸ ਨਾਲ ਤਨ ਤੇ ਮਨ ਸਾਫ ਰਹਿੰਦਾ ਹੈ। ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਨੂੰ ਚੀਜ਼ ਦਾ ਡਰ ਨਹੀਂ ਰਹਿੰਦਾ। ਸਾਨੂੰ ਸਦਾ ਖੁਸ਼ ਰਹਿਣਾ ਚਾਹੀਦਾ ਹੈ ਤੇ ਪ੍ਰਮਾਤਮਾ ਤੋਂ ਸਦਾ ਆਪਣੇ ਲਈ ਖਿਮਾ ਮੰਗਣੀ ਚਾਹੀਦੀ ਹੈ।

**ਪੰਜ ਬੁਰਾਈਆਂ ਤੋਂ ਹਮੇਸ਼ਾ ਬਚ ਕੇ ਰਹੋ-** ਗੁਰੂ ਸਾਹਿਬ ਨੇ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਦਾ ਉਪਦੇਸ਼ ਦਿੱਤਾ ਹੈ। ਇਹਨਾਂ 'ਤੇ ਨਿਅੰਤਰਣ ਰੱਖਣ ਨਾਲ ਇਨਸਾਨ ਬੁਰਾਈਆਂ ਦੀ ਦਲਦਲ 'ਚ ਨਹੀਂ ਫਸਦਾ। ਇਹਨਾਂ ਪ੍ਰਵਿਰਤੀਆਂ 'ਤੇ ਨਿਅੰਤਰਣ ਰੱਖਣ ਵਾਲਾ ਇਨਸਾਨ ਸੰਤੁਲਿਤ ਜੀਵਨ ਜਿਉਂਦਾ ਹੈ ਤੇ ਇਹਨਾਂ ਦੀ ਦਲਦਲ ਵਿਚ ਫਸਣ ਵਾਲਾ ਮਨੁੱਖ ਬੁਰਾਈਆਂ ਤੋਂ ਨਵਿਰਤੀ ਪ੍ਰਾਪਤ ਨਹੀਂ ਕਰ ਸਕਦਾ। ਭੋਜਨ ਪ੍ਰਾਣੀ ਮਾਤਰ ਲਈ, ਉਸ ਨੂੰ ਜਿੰਦਾ ਰੱਖਣ ਵਾਸਤੇ ਹੈ ਪਰ ਲੋਭ-ਲਾਲਚ 'ਚ ਆ ਕੇ ਇਸ ਨੂੰ ਸੰਗ੍ਰਹਿ ਕਰਨਾ ਬੁਰੀ ਆਦਤ ਹੈ।

**ਗੁਰੂ ਦੀ ਮਹੱਤਤਾ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਾਸਕਾਂ ਨੂੰ ਗੁਰੂ ਦੀ ਮਹੱਤਤਾ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਦੀ ਮਨੁੱਖੀ ਜੀਵਨ 'ਚ ਬੜੀ ਮਹੱਤਤਾ ਹੈ। ਗੁਰੂ ਤੋਂ ਬਿਨਾਂ ਗਤੀ ਜਾਂ ਮੁਕਤੀ ਨਹੀਂ ਹੋ ਸਕਦੀ। ਜ਼ਿੰਦਗੀ 'ਚ ਗੁਰੂ ਹੀ ਮਾਨਵ ਨੂੰ ਵਧੀਆ ਜੀਵਨ ਜਾਂਚ ਦੱਸਦਾ ਹੈ ਤੇ ਉਸ ਨੂੰ ਸਿੱਧੇ ਰਸਤੇ 'ਤੇ ਪਾਉਂਦਾ ਹੈ। ਇਨਸਾਨ ਨੂੰ ਮੁਕਤੀ, ਤੀਰਥ ਯਾਤਰਾ ਕਰਨ ਨਾਲ ਜਾਂ ਪਾਠ ਪੂਜਾ ਕਰਨ ਨਾਲ ਨਹੀਂ ਮਿਲਦੀ ਸਗੋਂ ਗੁਰੂ ਦੁਆਰਾ ਜ਼ਿੰਦਗੀ ਜਿਊਣ ਲਈ ਦੱਸੇ ਵਧੀਆ ਸਿਧਾਂਤਾਂ ਨੂੰ ਜੀਵਨ 'ਚ ਅਪਣਾ ਕੇ ਤੇ ਅਮਲੀ ਰੂਪ ਦੇਣ ਨਾਲ ਮਿਲਦੀ ਹੈ। ਇਸ ਨਹੀਂ ਮਨੁੱਖ ਨੂੰ ਆਪਣਾ ਤਨ, ਮਨ ਤੇ ਆਤਮਾ ਨੂੰ ਸਾਫ ਰੱਖਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਾਨਵ ਆਪਣੇ ਗੁਰੂ ਦੁਆਰਾ ਦਿੱਤੀ ਗਈ ਸਿੱਖਿਆ 'ਤੇ ਅਮਲ ਕਰੇਗਾ। ਗੁਰੂ ਹੀ ਮਾਨਵ ਨੂੰ ਗਿਆਨਵਾਨ ਕਰ ਸਕਦਾ ਹੈ ਤੇ ਗਿਆਨ ਹੀ ਬੰਦੇ ਦੀਆਂ ਮੁਸੀਬਤਾਂ 'ਚੋਂ ਨਿਕਲਣ ਨਹੀਂ ਮੁਕਤੀ ਦਾ ਰਾਹ ਦੱਸਦਾ ਹੈ। ਇਸ ਨਹੀਂ ਮਨੁੱਖ ਜਿੰਨਾ ਵੀ ਗਿਆਨਵਾਨ ਹੋਵੇਗਾ, ਉਤਨੇ ਹੀ ਦੁੱਖ ਤੇ ਤਕਲੀਫਾਂ, ਉਸ ਤੋਂ ਦੂਰ ਰਹਿਣਗੇ। ਗੁਰੂ ਨਾਨਕ ਦੇਵ ਜੀ ਗੁਰੂ ਦੀ ਆਵਾਜ਼ ਨੂੰ, ਪ੍ਰਮਾਤਮਾ ਦੀ

(ਬਾਕੀ ਅਗਲੇ ਸਫੇ 'ਤੇ)

# 'ਕਾਸ਼ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਚੰਗੀ ਤਰ੍ਹਾਂ ਲਾਗੂ ਕੀਤਾ ਹੁੰਦਾ !

ਆਵਾਜ਼ ਕਹਿੰਦੇ ਹਨ, ਕਿਉਂਕਿ ਉਹ ਹੀ ਉਸ ਨੂੰ ਮੁਕਤੀ ਦਾ ਰਾਹ ਦੱਸਦਾ ਹੈ। ਸਿੱਖ ਧਰਮ 'ਚ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਕੋਈ ਗੁਰੂ ਨਹੀਂ ਹੈ। ਇਸੇ ਨਹੀਂ ਗੁਰਬਾਣੀ 'ਚ ਫ਼ੁਰਮਾਨ ਆਉਂਦਾ ਹੈ ਕਿ, ''ਸਭ ਤੇ ਵੱਡਾ ਸਤਿਗੁਰ ਨਾਨਕ, ਜਿਨ੍ਹ ਕਲ ਰਾਖੀ ਮੇਰੀ।।''

**ਕਿਸੇ ਨਾਲ਼ ਭੇਦ-ਭਾਵ ਨਾ ਕਰੋ-** ਗੁਰੂ ਨਾਨਕ ਦੇਵ ਜੀ ਆਪਣੇ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਾਨੂੰ ਕਿਸੇ ਵੀ ਮਾਨਵ ਨਾਲ਼ ਜਾਤ-ਪਾਤ, ਰੰਗ, ਨਸਲ ਤੇ ਬੋਲੀ ਆਦਿ ਤੇ ਆਧਾਰ 'ਤੇ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਸਭ ਮਾਨਵ ਉਸ ਪ੍ਰਮਾਤਮਾ ਦੇ ਜੀਵ ਹਨ ਤੇ ਮਨੁੱਖ ਦੀ ਜਾਤ, ਮਨੁੱਖਤਾ ਹੀ ਹੈ। ਇਹ ਸਾਰੇ ਭੇਦ-ਭਾਵ, ਊਚ-ਨੀਚ ਆਦਿ ਸਭ ਅਮੀਰਾਂ ਦੀ ਉਪਜ ਹਨ ਜੋ ਉਹਨਾਂ ਨੇ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਕਰਨ ਲਈ ਬਣਾਏ ਹੋਏ ਹਨ। ਇਸ ਲਈ ਜਾਤ-ਪਾਤ ਤੇ ਊਚ ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ, ਗੁਰੂ ਜੀ ਨੇ ਸੰਗਤ, ਪੰਗਤ ਤੇ ਲੰਗਰ ਦੀ ਰੀਤ ਚਲਾਈ ਤਾਂ ਜੋ ਮਾਨਵਤਾ 'ਚ 'ਸਮਾਜਿਕ ਬਰਾਬਰੀ ਆ ਸਕੇ। ਗੁਰੂ ਸਾਹਿਬ ਨੇ ਜਾਤ ਪਾਤ ਤੇ ਊਚ-ਨੀਚ ਦੇ ਭੇਦ ਭਾਵ ਨੂੰ ਮੁੱਢੋਂ ਨਕਾਰ ਦਿੱਤਾ ਤੇ ਇਸਦਾ ਰੱਜ ਕੇ ਵਿਰੋਧ ਕੀਤਾ।

**ਭਰਮਾਂ ਵਹਿਮਾਂ ਤੇ ਕਰਮ ਕਾਂਡਾਂ ਦਾ ਵਿਰੋਧ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਭਰਮਾਂ ਵਹਿਮਾਂ 'ਚ ਨਾ ਫਸਣ ਤੇ ਝੂਠੇ ਕਰਮ ਕਾਂਡ ਜਾਂ ਸੰਸਕਾਰ ਨਾ ਅਪਣਾਉਣ ਦੀ ਸਿੱਖਿਆ ਦਿੱਤੀ। ਤਰ੍ਹਾਂ-ਤਰ੍ਹਾਂ ਦੀ ਮੂਰਤੀ ਪੂਜਾ ਦਾ ਵੀ ਉਹਨਾਂ ਨੇ ਵਿਰੋਧ ਕੀਤਾ ਤੇ ਮਾਨਵ ਨੂੰ ਸੰਦੇਸ਼ ਦਿੱਤਾ ਕਿ ਪ੍ਰਮਾਤਮਾ ਇਕ ਹੈ ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਤੇ ਕਰਤਾ ਹੈ। ਇਸ ਨਹੀਂ ਸਾਨੂੰ ਇਕੋ ਪ੍ਰਮਾਤਮਾ 'ਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਜਿਸ ਦਾ ਕੋਈ ਆਕਾਰ ਜਾਂ ਸ਼ਕਲ ਨਹੀਂ ਹੈ। ਉਹ ਜੂਨਾਂ 'ਚ ਵੀ ਨਹੀਂ ਪੈਂਦਾ, ਉਸਦਾ ਨਾਮ ਵੀ ਸੱਚਾ ਹੈ, ਉਸਦਾ ਕਿਸੇ ਨਾਲ਼ ਵੈਰ ਨਹੀਂ ਹੈ, ਉਹ ਕਿਸੇ ਤੋਂ ਡਰਦਾ ਵੀ ਨਹੀਂ ਹੈ ਤੇ ਨਾ ਕਿਸੇ ਨੂੰ ਡਰਾਉਂਦਾ ਹੈ। ਉਹ ਪ੍ਰਮਾਤਮਾ ਦੀ ਸੱਚੀ-ਸੁੱਚੀ ਮੂਰਤ+ ਆਪ ਹੀ ਹੈ। ਇਸ ਨੂੰ ਗੁਰੂ ਦੀ ਕਿਰਪਾ ਨਾਲ਼ ਪਾਇਆ ਜਾ ਸਕਦਾ ਹੈ। ਉਹ ਅੱਜ ਵੀ ਸੱਚਾ ਹੈ ਤੇ ਹਮੇਸ਼ਾ ਸੱਚਾ ਰਹੇਗਾ। ਇਸਤਰੀ ਦਾ ਸਤਿਕਾਰ ਕਰੋ- 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ''। ਉਸ ਔਰਤ ਦਾ ਸਤਿਕਾਰ ਕਰੋ ਜਿਸ ਤੋਂ ਜੀਵ ਦੀ ਉਤਪੱਤੀ ਹੁੰਦੀ ਹੈ ਤੇ ਰਾਜੇ ਮਹਾਰਾਜੇ ਵੀ ਔਰਤ ਤੋਂ ਹੀ ਪੈਦਾ ਹੁੰਦੇ ਹਨ। ਇਸ ਨਹੀਂ ਸਾਨੂੰ ਇਸ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

**ਆਪਣੇ ਮਨ ਨੂੰ ਜਿੱਤੋ-** ''ਮਨ ਜੀਤੈ ਜਗੁ ਜੀਤ'' ਹੇ, ਮਨੁੱਖ ਪਹਿਲੇ ਤੂੰ ਆਪਣੇ ਮਨ ਤੇ ਕਾਬੂ ਪਾ, ਫਿਰ ਹੀ ਤੂੰ ਸਾਰੇ ਸੰਸਾਰ 'ਤੇ ਜਿੱਤ ਪ੍ਰਾਪਤ ਕਰ ਸਕਦਾ ਹੈ।

ਸਮੁੱਚੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅੱਜ ਵੀ ਉਨੇ ਹੀ ਸਾਰਥਕ ਹਨ ਜਿੰਨੇ ਅੱਜ ਤੋਂ ਕੋਈ ਪੰਜ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਸਾਰਥਕ ਸਨ। ਇਹ ਪੂਰਨ ਜੀਵਨ ਜਿਊਣ ਲਈ ਜੀਵਨ ਜਾਚ ਸਿਖਾਉਣ ਦੇ ਪੂਰਨ ਸਮਰੱਥ ਹਨ। ਇਹਨਾਂ ਉਕਤ ਸ਼ੁਭ ਉਪਦੇਸ਼ਾਂ ਨਾਲ਼ ਗੁਰੂ ਸਾਹਿਬ ਨੇ ਮਾਨਵ ਨੂੰ ਗੁਰਮਤਿ ਦੇ ਸਿਧਾਂਤਾਂ ਨਾਲ਼, ਗਿਆਨ ਦੇ ਰਸਤੇ 'ਤੇ ਪਾਇਆ ਤਾਂ ਜੋ ਉਹ ਪ੍ਰਮਾਤਮਾ ਨੂੰ ਪਾਉਣ ਦੇ ਰਸਤੇ 'ਤੇ ਚੱਲ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਣ ਤੇ ਆਪਣੇ ਸਾਰਥਕ ਜੀਵਨ 'ਚ ਵੀ ਸਫਲਤਾ ਪ੍ਰਾਪਤ ਕਰ ਸਕਣ। ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ, ਇਕ ਮਨੁੱਖੀ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਦਾ ਸੁਪਨਾ ਸਾਕਾਰ ਕੀਤਾ ਜਾ ਸਕਦਾ ਹੈ ਤੇ ਹੱਥੀਂ ਕਿਰਤ ਕਰਨ ਦਾ ਸਿਧਾਂਤ ਹੀ ਕਿਸੇ ਕੌਮ ਦੇ ਸਭਿਆਚਾਰ ਨੂੰ ਜਿੰਦਾ ਰੱਖ ਸਕਦਾ ਹੈ। ਉਹਨਾਂ ਦੇ ਨਾਮ ਜਪਣ, ਵੰਡ ਛਕਣ, ਕਿਰਤ ਕਰਨ ਤੇ ਮਨੁੱਖ ਦੇ ਆਪਣੇ ਆਚਾਰ ਵਿਵਹਾਰ ਭਾਵ ਨੈਤਿਕਤਾ ਤੇ ਉੱਚਾ ਆਚਰਣ ਰੱਖਣਾ ਆਦਿ ਬੜੇ ਸਰਵ-ਪ੍ਰਥਮ ਤੇ ਮਹੱਤਵਪੂਰਨ ਉਪਦੇਸ਼ ਹਨ। ਸੱਚੀ-ਸੁੱਚੀ ਕਿਰਤ ਕਰਨਾ ਗੁਰੂ ਸਾਹਿਬ ਦਾ ਇਕ ਦਾਰਸ਼ਨਿਕ ਉਪਦੇਸ਼ ਹੈ। ਗੁਰੂ ਸਾਹਿਬ ਦਾ 'ਪਵਨ ਗਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੇ ਉਪਦੇਸ਼ ਨੂੰ ਧਾਰਨ ਕਰਨ ਨਾਲ਼ ਅਜੋਕੇ ਗੰਧਲੇ ਵਾਤਾਵਰਣ ਨਾਲ਼ ਸਬੰਧਤ ਸਮੱਸਿਆਵਾਂ ਹੱਲ ਕੀਤੀਆਂ ਜਾ ਸਕਦੀਆਂ ਹਨ ਤੇ ਇਸ ਉਪਦੇਸ਼ ਨਾਲ਼ ਸਾਡੇ ਕੁਦਰਤੀ ਸਰੋਤਾਂ ਦੀ ਚੰਗੀ ਤਰ੍ਹਾਂ ਸੰਭਾਲ ਵੀ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਦੇ ਉਪਦੇਸ਼ਾਂ ਨਾਲ਼ ਗੁਰੂ ਸਾਹਿਬ ਦੇ ਮਾਨਵਵਾਦੀ ਸੰਦੇਸ਼ ਨੂੰ ਸਮਾਜ 'ਚ ਬਰਾਬਰੀ ਲਿਆਉਣ ਲਈਂ ਚੰਗਾ ਹੁੰਗਾਰਾ ਮਿਲ ਸਕਦਾ ਹੈ।

ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਦੇ ਸਮੇਂ ਭਾਰਤ ਤੇ ਏਸ਼ੀਆ ਦੇ ਵੱਖ-ਵੱਖ ਇਲਾਕਿਆਂ 'ਚ ਜਾਣ ਨਾਲ਼ ਤੇ ਉਥੋਂ ਦੇ ਲੋਕਾਂ ਨਾਲ਼ ਸੰਵਾਦ ਰਚਣ ਨਾਲ਼ ਭਾਸ਼ਾਈ ਵੱਖਰਤਾ ਪੈਦਾ ਹੋਈ। ਜਿਸ ਦਾ ਪ੍ਰਤੱਖ ਪ੍ਰਮਾਣ ਸਾਨੂੰ ਉਹਨਾਂ ਦੀ ਰਚਿਤ ਬਾਣੀ 'ਚੋਂ ਮਿਲ ਜਾਂਦਾ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਅਜੋਕੇ ਸਮੇਂ 'ਚ ਸਿੱਖ ਧਰਮ ਵਹਿਮਾਂ-ਭਰਮਾਂ, ਅੰਧ ਵਿਸ਼ਵਾਸਾਂ ਤੇ ਮੂਰਤੀ ਜਾਂ ਤਸਵੀਰ ਪੂਜਾ 'ਚ ਬੁਰੀ ਤਰ੍ਹਾਂ ਉਲਝ ਗਿਆ ਹੈ। ਇਹਨਾਂ ਅਨੇਕਾਂ ਕੁਰੀਤੀਆਂ ਨੂੰ ਬਾਬਾ ਨਾਨਕ ਨੇ ਬੜੇ ਸੁਲਝੇ ਹੋਏ ਢੰਗ, ਦਲੀਲ ਤੇ ਸੰਵਾਦ ਰਚਾਅ ਕੇ ਦੂਰ ਕੀਤਾ ਸੀ। ਕਾਸ਼! ਬਾਬਾ ਨਾਨਕ ਆਪ ਆ ਕੇ ਦੇਖਣ ਤਾਂ ਉਹਨਾਂ ਨੂੰ ਉਹਨਾਂ ਦੇ ਸਿਰਜੇ ਹੋਏ ਨਵੇਂ ਸਮਾਜ ਨੂੰ ਦੇਖ ਕੇ ਬੜਾ ਦੁੱਖ ਹੋਵੇਗਾ? ਲੋਕ ਉਹਨਾਂ ਦੇ ਉਪਦੇਸ਼ਾਂ ਨੂੰ 'ਮੰਨਣ' ਲਈ ਤਾਂ ਹਾਮੀ ਭਰਦੇ ਹਨ ਪਰ 'ਅਪਣਾਉਣ' ਨੂੰ ਤਿਆਰ ਨਹੀਂ ਹਨ। ਅੱਜ ਉਸ ਦਾ ਸਿੱਖ ਆਪਣੀ ਪਛਾਣ ਬਣਾਉਣ ਲਈ ਦੁਨੀਆਂ ਭਰ 'ਚ ਕੋਸ਼ਿਸ਼ ਕਰ ਰਿਹਾ ਹੈ? ਉਹਨਾਂ ਨੂੰ 'ਸਿੱਖ' ਬਣਨ ਨਾਲ਼ੋਂ 'ਸਿੱਖ ਦਿਸਣ' ਲਈ ਹਰ ਹੀਲਾ ਭਾਵ ਹਰ ਪ੍ਰਕਾਰ ਦੇ ਸਾਧਨਾਂ ਦੀ ਜ਼ਰੂਰਤ ਕਿਉਂ ਪੈ ਰਹੀ ਹੈ? ਕਰੋੜਾਂ ਪੈਰੋਕਾਰ ਆਪਣੀ ਗੱਲ ਦੂਜਿਆਂ ਤੱਕ ਪਹੁੰਚਾਉਣ ਲਈ ਲਾਚਾਰ ਕਿਉਂ ਹਨ? ਬਾਬਾ ਨਾਨਕ ਪਾਸ ਤਾਂ ਉਸ ਸਮੇਂ ਸਿਰਫ ਸੰਵਾਦ ਰਚਾਉਣ ਦਾ ਹੀ ਇਕ ਤਰੀਕਾ ਸੀ। ਉਸ ਸਮੇਂ ਸਹਾਇਤਾ ਨਹੀਂ ਕੋਈ ਪ੍ਰਸਾਰ ਸਾਧਨ ਵੀ ਨਹੀਂ ਸਨ। ਗੁਰੂ ਸਾਹਿਬ ਦਾ ਰਚਿਆ 'ਮਾਨਵਵਾਦੀ' ਇਤਿਹਾਸ, ਅੱਜ ਸਾਰੀ ਮਨੁੱਖਤਾ ਨੂੰ, ਮਾਨਵਵਾਦੀ ਤੇ ਚਿੰਤਾ ਮੁਕਤ ਕਿਉਂ ਨਹੀਂ ਬਣਾ ਸਕਿਆ?

**ਸਿੱਖ ਧਰਮ ਦੇ ਵਿਆਖਿਆਕਾਰ ਵਧੀਆ-** ਵਧੀਆ ਵਿਆਖਿਆ ਕਰਕੇ ਤੇ ਪ੍ਰਚਾਰਕ ਆਪਣੇ ਲੱਛੇਦਾਰ ਪ੍ਰਵਚਨਾਂ ਨਾਲ਼, ਕੀਰਤਨ ਕਰਨ ਵਾਲੇ ਰਾਗੀ ਆਪਣੀ ਸੁਰੀਲੀ ਆਵਾਜ਼ ਨਾਲ਼ ਤੇ ਸਿੱਖ ਸ਼ਰਧਾਲੂ 'ਗੁਰੂ ਗ੍ਰੰਥ ਸਾਹਿਬ' ਨੂੰ ਮੱਥਾ ਟੇਕ ਕੇ ਹੀ ਆਪਣੀ ਸੰਤੁਸ਼ਟੀ ਸਮਝ ਲੈਂਦੇ ਹਨ। ਗੁਰਬਾਣੀ ਪਾਠ ਨੂੰ ਪੜ੍ਹ ਕੇ, ਸੁਣ ਕੇ ਤੇ ਸਮਝ ਕੇ ਗੁਰਬਾਣੀ ਸਿਧਾਤਾਂ ਨੂੰ ਅਪਣਾਉਣ ਦੀ ਥਾਂ, ਉਹਨਾਂ ਦੀ ਪੂਜਾ ਜਾਂ ਉਸ ਨੂੰ ਮੰਤਰ ਬਣਾ ਲਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਆਪਣੇ ਸਮੇਂ 'ਚ ਹਰ ਗੱਲ ਨੂੰ ਸਮਝਣ ਨਹੀਂ ਪ੍ਰਸ਼ਨ ਕਰਦੇ ਸਨ ਪਰ ਅੱਜ ਪ੍ਰਸ਼ਨਾਂ ਨੂੰ ਆਪਣੀ ਅੰਨ੍ਹੀ ਸ਼ਰਧਾ ਦੀ ਚਾਦਰ ਨਾਲ਼ ਢਕ ਦਿੱਤਾ ਹੈ। ਪ੍ਰਸ਼ੰਸਾ ਤੇ ਸ਼ਰਧਾ ਨਾਲ਼ ਵਿਚਾਰਕ ਚਿੰਤਨ ਨਹੀਂ ਹੁੰਦੀ?

ਅਸੀਂ ਤੋਂ 50 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੀ 500 ਵੀ ਜਨਮ ਸ਼ਤਾਬਦੀ 1969 'ਚ ਬੜੀ ਧੂੰਮ-ਧਾਮ ਨਾਲ਼ ਮਨਾਈ ਸੀ। ਉਹ ਦਿਨ ਮੇਰੇ ਅਧਿਆਪਨ ਖੇਤਰ ਦੇ ਸ਼ੁਰੂਆਤੀ ਦਿਨ ਸਨ। ਇਹਨਾਂ 50 ਸਾਲਾਂ ਵਿਚ ਮੈਂ ਸਿੱਖ ਧਰਮ ਨੂੰ ਬ੍ਰਾਹਮਣਵਾਦੀ ਕਰਮਕਾਂਡਾਂ ਤੇ ਅੰਧ ਵਿਸ਼ਵਾਸ਼ਾਂ ਤੋਂ ਭੋਰਾ ਵੀ ਮੁਕਤ ਹੁੰਦੇ ਨਹੀਂ ਦੇਖਿਆ, ਸਗੋਂ ਸਿੱਖ ਪਹਿਲਾਂ ਨਾਲ਼ੋਂ ਵੀ ਜ਼ਿਆਦਾ ਨਿਰਾਰਥਕੀ ਸੋਚ 'ਚ ਗ੍ਰਸ ਗਏ ਹਨ ਜਦੋਂ ਕਿ ਪਿਛਲੇ ਇੰਨੇ ਸਮੇਂ 'ਚ ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ ਤੇ ਕੁਦਰਤ ਦੇ ਅਨੇਕਾਂ ਰਹੱਸਾਂ ਦਾ ਮਨੁੱਖ ਨੂੰ ਚਾਨਣਾ ਪਾਇਆ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਸਿੱਖ ਧਾਰਮਿਕ ਸੰਸਥਾਵਾਂ ਤੇ ਜਥੇਬੰਦੀਆਂ ਨੇ 550 ਸਾਲਾਂ ਦੇ ਬੜੇ ਲੰਮੇ ਸਮੇਂ 'ਚ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ ਬੜੇ ਜ਼ੋਰ-ਜ਼ੋਰ ਨਾਲ਼ ਲਾਗੂ ਹੀ ਨਹੀਂ ਕੀਤਾ ਸਗੋਂ ਇਹਨਾਂ ਧਾਰਮਿਕ ਸਥਾਨਾਂ ਤੇ ਜਥੇਬੰਦੀਆਂ ਨੇ ਇਸ ਨੂੰ ਇਕ ਵਧੀਆ ਵਿਉਪਾਰ ਬਣਾ ਲਿਆ ਹੈ ਤੇ ਭੋਲੇ-ਭਾਲੇ ਲੋਕ ਇਸ ਦੁਖਾਂਤ ਨੂੰ ਸਮਝ ਹੀ ਨਹੀਂ ਰਹੇ। ਜਿਹਨਾਂ ਪੂਜਾ-ਪਾਠਾਂ, ਕਰਮ ਕਾਂਡਾਂ, ਮੂਰਤੀ ਪੂਜਾ, ਪਖੰਡਾਂ, ਸਜਦੇ ਕਰਨਾ, ਲੰਮੇ ਪੈ ਕੇ ਡੰਡੌਤਾਂ ਕਰਨਾ ਤੇ 'ਗੁਰੂ ਗ੍ਰੰਥ ਸਾਹਿਬ' ਅੱਗੇ ਹੱਥ ਜੋੜ ਕੇ ਅਰਦਾਸਾਂ ਕਰਨ ਤੇ ਅਰਦਾਸਾਂ 'ਚ ਆਪਣੀਆਂ ਮੰਗਾਂ ਮੰਨਣਾ ਤੇ ਪ੍ਰਮਾਤਮਾ ਦੇ ਭਰੋਸੇ 'ਤੇ ਕੁਝ ਕਿਰਤ ਕਰਨ ਵਰਗੇ ਗੁਰੂ ਸਾਹਿਬ ਦੇ ਮਹਾਨ ਉਪਦੇਸ਼ ਦੀਆਂ ਧੱਜੀਆਂ ਉਡਾਉਣਾ ਹੈ। ਇਸ ਤਰ੍ਹਾਂ ਬਿਨਾਂ ਕਿਰਤ ਕੀਤਿਆਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਮੈਂ ਇੱਥੇ ਮੁਆਫ਼ੀ ਚਾਹੁੰਦਾ ਹਾਂ ਕਿ ਅਰਦਾਸ ਨੇ ਸ਼ਰਧਾਲੂਆਂ ਨੂੰ ਭਿਖਾਰੀ ਬਣਾ ਦਿੱਤਾ ਹੈ ਜਦੋਂ ਕਿ ਗੁਰੂ ਸਾਹਿਬ ਸਾਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹਨ। ਇਮਾਨਦਾਰੀ ਦੀ ਸੱਚੀ-ਸੁੱਚੀ ਕਿਰਤ ਨਾਲ਼ ਜੀਵਨ 'ਚ ਆਪਣੀ ਹਰ ਖਾਹਿਸ਼ ਪੂਰੀ ਕੀਤੀ ਜਾ ਸਕਦੀ ਹੈ। ਕਿਰਤ ਦੇ ਸਿਧਾਂਤ ਦਾ ਗੁਰੂ ਸਾਹਿਬ ਦਾ ਇਹੀ ਸਾਡੇ ਨਹੀਂ ਸੰਦੇਸ਼ ਹੈ।

ਸਿੱਖ ਧਰਮ ਤੇ ਇਕ ਵਿਸ਼ੇਸ਼ ਵਰਗ ਦਾ ਕਬਜ਼ਾ ਹੈ। ਇਹ ਵਰਗ ਖੁਦ ਦਲਿਤ ਹੈ ਤੇ ਜਦ ਕੋਈ ਕਿਸੇ ਦੂਸਰੇ ਵਰਗ ਦਾ ਦਲਿਤ ਜਾਂ ਗਰੀਬ ਆਦਮੀ ਸਿੱਖ ਧਰਮ ਅਪਣਾਉਂਦਾ ਹੈ ਤਾਂ ਉਸ ਨੂੰ ਇਹ ਵਿਸ਼ੇਸ਼ ਵਰਗ ਆਪਣੇ ਬਰਾਬਰ ਦਾ ਦਰਜਾ ਨਹੀਂ ਦਿੰਦਾ ਤੇ ਉਸ ਨੂੰ ਦੂਸਰੇ ਦਰਜੇ ਦਾ ਸਿੱਖ ਸਮਝਦਾ ਹੈ। ਇਸੇ ਵਿਤਕਰੇ ਨਾਲ਼ ਗੁਰੂ ਨਾਨਕ ਸਾਹਿਬ ਦੇ ਮਾਨਵਤਾਵਾਦੀ ਸਮਾਜਿਕ-ਬਰਾਬਰੀ ਦੇ ਸੰਦੇਸ਼ 'ਤੇ ਸੱਟ ਵੱਜਦੀ ਹੈ। ਗੁਰੂ ਸਾਹਿਬ ਨੇ ਹਰ ਸਿੱਖ ਨਹੀਂ 'ਭਾਈ' ਸ਼ਬਦ ਦਾ ਖਿਤਾਬ ਦਿੱਤਾ ਹੈ ਜਿਸ ਦਾ ਅਰਥ ਹੈ ਭਰਾ ਭਾਵ ਜੋ ਵੀ ਸਿੱਖ ਧਰਮ ਦਾ ਸ਼ਰਧਾਲੂ ਬਣ ਗਿਆ, ਉਹ ਸਭ ਦਾ ਭਰਾ ਹੈ ਤੇ ਭਰਾਵਾਂ 'ਚ ਵਿਤਕਰਾ ਨਹੀਂ ਹੁੰਦਾ, ਉਹ ਸਭ ਹੱਕ-ਹਕੂਕ ਬਰਾਬਰ ਰੱਖਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਸਾਡੇ ਸਾਹਮਣੇ ਭਾਈ ਮਰਦਾਨੇ ਜੀ ਦੀ ਹੈ, ਜਿਸ ਨੇ ਗੁਰੂ ਸਾਹਿਬ ਦਾ ਸਾਰੀ ਉਮਰ ਸਾਥ ਦਿੱਤਾ ਤੇ ਉਹ ਗੁਰੂ ਸਾਹਿਬ ਦੇ ਅੰਗ-ਸੰਗ ਰਿਹਾ ਤੇ ਭੋਰਾ ਵੀ ਭਰਾਵਾਂ ਵਾਲੀ ਵੱਖਰਤਾ ਨਹੀਂ ਦੇਖੀ। ਅੱਜ ਭਾਈ ਮਰਦਾਨੇ ਦਾ ਪਰਿਵਾਰ ਸਦੀਆਂ ਤੋਂ ਉਹਨਾਂ ਦਾ ਉਪਾਸਕ ਹੈ। ਪਰ ਅਜੋਕੇ ਦੌਰ 'ਚ ਜਿਹਨਾਂ ਵਰਗਾਂ ਨਾਲ਼ ਭਾਈਚਾਰਕ ਵਿਤਕਰਾ ਤੇ ਗੈਰ ਮਾਨਵੀ ਵਿਵਹਾਰ ਹੁੰਦਾ ਹੈ ਤੇ ਉਹਨਾਂ ਨੂੰ ਸਿੱਖ ਬਣਨ 'ਤੇ ਉਹਨਾਂ ਦੇ ਜਾਤੀਵਾਦੀ ਅਲੰਕਾਰ ਨਾਲ਼ ਹਮਲਾ ਕੀਤਾ ਜਾਂਦਾ ਹੈ। ਉਹ ਭਾਈਚਾਰਾ ਤੇ ਵਰਗ ਨਿਰਾਸ਼ ਹੋ ਕੇ ਆਪਣੀ ਮਾਨਸਿਕ ਤ੍ਰਿਪਤੀ ਨਹੀਂ ਡੇਰਿਆਂ ਵੱਲ ਭੱਜਦਾ ਹੈ। ਇਹੀ ਕਾਰਨ ਹੈ ਕਿ ਅੱਜ ਪੰਜਾਬ 'ਚ ਤੇ ਭਾਰਤ 'ਚ ਬਹੁਤ ਵੱਡੇ-ਵੱਡੇ ਡੇਰੇ ਬਣ ਗਏ ਹਨ ਤੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਘਟ ਰਹੀ ਹੈ ਕਿਉਂਕਿ ਸਿੱਖ ਧਰਮ ਨੇ ਮਾਨਵ ਬਰਾਬਰੀ ਦੇ ਸਿਧਾਂਤ ਤੇ ਪਹਿਰਾ ਹੀ ਨਹੀਂ ਦਿੱਤਾ।

ਅਜੋਕੇ ਦੌਰ ਦੀਆਂ ਸਿੱਖ ਧਾਰਮਿਕ ਸੰਸਥਾਵਾਂ ਕੋਲ ਬੇਅੰਤ ਚੜ੍ਹਾਵੇ ਤੇ ਦਾਨ ਦਾ ਸਰਮਾਇਆ ਹੈ। ਗੁਰੂ ਘਰਾਂ 'ਚ ਚੌਧਰ ਲੈਣ ਲਈ ਤੇ ਮਾਇਆ ਹੜੱਪਣ ਲਈ, ਨਿੱਤ ਲੜਾਈਆਂ ਝਗੜੇ ਹੁੰਦੇ ਹਨ, ਕਿਰਪਾਨਾਂ ਨਾਲ਼ ਇਕ ਦੂਜੇ 'ਤੇ ਹਮਲੇ ਕੀਤੇ ਜਾਂਦੇ ਹਨ ਤੇ ਪੱਗਾਂ ਉਤਾਰੀਆਂ ਜਾਂਦੀਆਂ ਹਨ। ਇਹ ਗੱਲ ਜੱਗ ਜ਼ਾਹਿਰ ਹੈ। ਇਹਨਾਂ ਭੈੜੀਆਂ ਹਰਕਤਾਂ ਨੇ ਸਿੱਖ ਧਰਮ ਦੇ ਅਕਸ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇਸ ਨਾਲ਼ ਗੁਰੂ ਸਾਹਿਬ ਦੇ ਭਾਈਚਾਰਕ ਪ੍ਰੇਮਾ ਸੰਦੇਸ਼ ਨੂੰ ਸੱਟ ਵੱਜਦੀ ਹੈ ਤੇ ਸਿੱਖੀ ਦਾ ਭਾਰੀ ਨੁਕਸਾਨ ਹੁੰਦਾ ਹੈ। ਇਕੱਤਰ ਹੋਏ ਪੈਸੇ ਨੂੰ ਵੱਡੀਆਂ-ਵੱਡੀਆਂ ਸ਼ੋਭਾ ਯਾਤਰਾਵਾਂ ਕੱਢ ਕੇ ਖਰਚ ਕੀਤਾ ਜਾਂਦਾ ਹੈ ਤੇ ਇਹ ਸਿਰਫ ਦਿਖਾਵਾ ਬਣ ਕੇ ਰਹਿ ਜਾਂਦਾ ਹੈ। ਇਸ ਨੂੰ ਸਾਦਗੀ ਨਾਲ਼ ਵੀ ਕੱਢਿਆ ਜਾ ਸਕਦਾ ਹੈ ਤੇ ਪੈਸਾ ਬਚਾਇਆ ਜਾ ਸਕਦਾ ਹੈ ਤੇ ਹੋਰ ਦਿਖਾਵਿਆਂ ਨੂੰ ਸੰਜਮ 'ਚ ਕਰਕੇ ਵੀ ਪੈਸਾ ਬਚਾਇਆ ਜਾ ਸਕਦਾ ਹੈ। ਇਸ ਪੈਸੇ ਨਾਲ਼ ਭਾਰਤੀ ਪੰਜਾਬ 'ਚ ਸਹੀ ਢੰਗ ਨਾਲ਼ ਪ੍ਰਯੋਗ ਕਰਕੇ ਲੋੜਵੰਦਾਂ ਲਈ ਰੁਜ਼ਗਾਰ ਦੇ ਮੌਕੇ, ਵਿੱਦਿਆ ਤੇ ਮੈਡੀਕਲ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਅੱਜ ਕਿਸਾਨ ਪੰਜਾਬ 'ਚ ਖੁਦਕੁਸ਼ੀਆਂ ਕਰ ਰਿਹਾ ਹੈ। ਉਸ ਦੀ ਇਸ ਇਕੱਤਰ ਹੋਏ ਪੈਸੇ ਨਾਲ਼ ਆਰਥਿਕ ਹਾਲਤ ਸੁਧਾਰੀ ਜਾ ਸਕਦੀ ਹੈ। ਸੰਗਤ ਤੇ ਪੰਗਤ ਦੀ ਪ੍ਰਥਾ ਗੁਰੂ ਸਾਹਿਬ ਨੇ ਭੁੱਖਿਆਂ ਨੂੰ ਤੇ ਲੋੜਵੰਦਾਂ ਨੂੰ ਲੰਗਰ ਲਗਾ ਕੇ ਸ਼ੁਰੂ ਕੀਤੀ ਸੀ ਪਰ ਅੱਜ ਜ਼ਰੂਰਤਮੰਦਾਂ ਨੂੰ ਨਹੀਂ ਸਗੋਂ ਰੱਜਿਆਂ ਨੂੰ ਰਜਾਇਆ ਜਾ ਰਿਹਾ ਹੈ, ਬੜੇ ਮਹਿੰਗੇ-ਮਹਿੰਗੇ ਤੇ ਵਧੀਆਂ ਪਕਵਾਨਾਂ ਤੇ ਬੇਅੰਤ ਮਾਇਆ ਖਰਚ ਕੀਤੀ ਜਾਂਦੀ ਹੈ। ਇਹ ਪੈਸਾ ਬਚਾਅ ਕੇ ਲੋਕ ਭਲਾਈ ਦੇ ਕੰਮਾਂ 'ਤੇ ਖਰਚ ਕੀਤਾ ਜਾ ਸਕਦਾ ਹੈ ਤੇ ਗਰੀਬਾਂ ਦੀ ਗਰੀਬੀ ਕੱਟੀ ਜਾ ਸਕਦੀ ਹੈ।

ਮੇਰੀ ਪੁਰਜ਼ੋਰ ਸ਼ਬਦਾਂ 'ਚ ਬੇਨਤੀ ਹੈ ਕਿ ਬਾਬੇ ਨਾਨਕ ਜੀ ਦੀ ਤਰ੍ਹਾਂ ਸੰਵਾਦ ਰਚਾ ਕੇ ਉਹਨਾਂ ਦੇ ਫ਼ਲਸਫ਼ੇ ਨੂੰ 'ਮੰਨਣ' ਦੀ ਥਾਂ 'ਅਪਣਾਉਣ' ਤੇ ਸਿੱਖ 'ਦਿਸਣ' ਦੀ ਥਾਂ ਬਾਬੇ ਨਾਨਕ ਦੇ ਸਿੱਖ 'ਬਣਨ' ਤੇ ਪੂਰਾ ਜ਼ੋਰ ਲਾਇਆ ਜਾਵੇ ਤਾਂ ਜੋ ਬਾਬੇ ਨਾਨਕ ਦੇ ਸਿਧਾਂਤ ਪੂਰੀ ਤਰ੍ਹਾਂ ਲਾਗੂ ਹੋ ਸਕਣ। ਇਸ ਤਰ੍ਹਾਂ ਕਰਨ ਨਾਲ਼ ਹੀ ਮਾਨਵਵਾਦੀ ਉਸਾਰੂ ਸਮਾਜਿਕ ਬਰਾਬਰੀ ਵਾਲ਼ਾ ਸਮਾਜ ਸਿਰਜਿਆ ਜਾ ਸਕਦਾ ਹੈ ਤੇ ਇਕ ਅੰਤਰ ਰਾਸ਼ਟਰੀ ਪੱਧਰ ਦਾ ਸਿੱਖ ਸਮਾਜ ਵੀ ਸਿਰਜਿਆ ਜਾ ਸਕਦਾ ਹੈ।

ਅੰਤ 'ਚ ਮੈਂ ਸਭ ਨਾਨਕ ਨਾਮ ਲੇਵਾ ਲੁਕਾਈ ਨੂੰ ਉਹਨਾਂ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਲੱਖ ਲੱਖ ਵਧਾਈ ਦਿੰਦਾ ਹਾਂ।

# ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵਲੋਂ ਪੰਜ ਰੋਜ਼ਾ ਮੈਡੀਕਲ ਕੈਂਪ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵੱਲੋਂ ਆਯੁਰਵੇਦ ਦੀ ਹਰ ਖੇਤਰ ਵਿੱਚ ਪ੍ਰਵਾਨਿਤਤਾ ਨੂੰ ਵਧਾਉਣ ਲਈ ਮੈਡੀਕਲ ਕੈਂਪ, ਸਕੂਲ ਹੈਲਥ ਚੈਕਅੱਪ, ਜਾਗਰੂਕਤਾ ਭਾਸ਼ਣ ਅਤੇ ਹੋਰ ਪੰਜ ਦਿਨਾਂ ਗਤੀਵਿਧੀਆਂ ਕਰਵਾਈਆਂ ਗਈਆਂ। ਇਹ ਗਤੀਵਿਧੀਆਂ ਦੇਸ਼ ਭਗਤ ਆਯੁਰਵੈਦਿਕ ਹਸਪਤਾਲ ਅਤੇ ਨੇੜਲੇ ਖੇਤਰ ਦੇ ਪਿੰਡਾਂ, ਸਕੂਲਾਂ ਅਤੇ ਮਸਜਿਦਾਂ ਵਿੱਚ ਵਿਸ਼ੇਸ਼ ਮਾਹਿਰ ਸਲਾਹਕਾਰਾਂ ਦੀ ਟੀਮ ਦੁਆਰਾ ਕੀਤੀਆਂ ਗਈਆਂ ਜਿਸ ਵਿੱਚ ਡਾ. ਪ੍ਰਾਚੀ ਸ਼ਰਮਾ (ਬਾਲ ਰੋਗ ਮਾਹਿਰ), ਡਾ. ਸਨਾਮਿਕਾ (ਕੰਨ ਅਤੇ ਅੱਖਾਂ ਦੇ ਮਾਹਿਰ), ਡਾ।.ਈਸ਼ੂ ਅਤੇ ਡਾ। ਜਸਪ੍ਰੀਤ (ਫਿਜ਼ਿਓਥੈਰੇਪਿਸਟ), ਡਾ. ਅਨਿਲ ਜੋਸ਼ੀ (ਲਾਈਫ ਸਟਾਈਲ ਡਿਸਆਰਡਰ ਕੋਚ), ਡਾ. ਪੂਨਮ। (ਸਰਜਨ), ਡਾ: ਦਰਸ਼ਨਾ (ਮੈਡੀਕਲ ਸਪੈਸ਼ਲਿਸਟ), ਡਾ: ਸੁਰਿੰਦਰ (ਐਕਯੂਪੰਕਚਰ ਸਪੈਸ਼ਲਿਸਟ) ਅਤੇ ਮੈਡੀਕਲ ਅਫ਼ਸਰ ਸ਼ਾਮਿਲ ਸਨ।




ਇਹ ਜਾਗਰੂਕਤਾ ਸਿਹਤ ਜਾਂਚ ਕੈਂਪ ਡਾ. ਕੁਲ-ਭੂਸ਼ਨ (ਡਾਇਰੈਕਟਰ ਡੀ.ਬੀ.ਏ.ਸੀ. ਐਂਡ ਐਚ), ਡਾ. ਸਮਿਤਾ ਜੌਹਰ (ਪ੍ਰਿੰਸੀਪਲ), ਡਾ. ਜੋਤੀ ਐਚ ਧਾਮੀ (ਮੈਡੀਕਲ ਸੁਪਰਡੈਂਟ) ਦੀ ਅਗਵਾਈ ਹੇਠ ਲਗਾਇਆ ਗਿਆ।

ਕੈਂਪ ਦੌਰਾਨ ਦੇਸ਼ ਭਗਤ ਗਲੋਬਲ ਸਕੂਲ ਅਤੇ ਨਨਕਾਣਾ ਸਾਹਿਬ ਪਬਲਿਕ ਸਕੂਲ ਬਡਾਲੀ ਵਿੱਚ ਬੱਚਿਆਂ ਦੀ ਜਨਰਲ ਹੈਲਥ ਚੈਕਅਪ, ਅੱਖਾਂ/ਈਐਨਟੀ ਚੈਕਅੱਪ, ਆਮ ਸਿਹਤ ਜਾਗਰੂਕਤਾ ਸਬੰਧੀ ਗੱਲਬਾਤ ਕੀਤੀ ਗਈ। ਇਸੇ ਤਰਾਂ ਪਿੰਡ ਅੰਨੀਆ ਵਿੱਚ ਮਨਰੇਗਾ ਵਰਕਰ ਨੂੰ ਜੋੜਾਂ ਦੀਆਂ ਬਿਮਾਰੀਆਂ ਅਤੇ ਸਰਜਰੀ ਨਾਲ ਸਬੰਧਤ ਬਿਮਾਰੀਆਂ ਸਬੰਧੀ ਜਨਰਲ ਸਿਹਤ ਜਾਗਰੂਕਤਾ ਭਾਸ਼ਣ, ਵਿਸ਼ੇਸ਼ ਡਾਕਟਰਾਂ ਦੀ ਟੀਮ ਦੁਆਰਾ - ਸਰਜਨ ਅਤੇ ਫਿਜ਼ੀਓਥੈਰੇਪਿਸਟ, ਦੇਸ਼ ਭਗਤ ਆਯੁਰਵੈਦਿਕ ਹਸਪਤਾਲ ਵਿਖੇ ਡਰਾਈਵਰਾਂ ਅਤੇ ਸੇਵਾਦਾਰਾਂ ਨਾਲ ਵਿਸ਼ੇਸ਼ ਡਾਕਟਰਾਂ ਦੁਆਰਾ ਜਨਰਲ ਸਿਹਤ ਦੀ ਜਾਂਚ ਅਤੇ ਜਾਗਰੂਕਤਾ ਬਾਰੇ ਗੱਲਬਾਤ ਕੀਤੀ ਗਈ। ਪਿੰਡ ਸੌਂ ਟੀ ਦੀ ਮਸਜਿਦ ਵਿੱਚ ਡਾਕਟਰਾਂ ਨੇ ਸਿਹਤ ਬਾਰੇ ਜਾਗਰੂਕਤਾ ਕੀਤਾ। ਇਹਨਾਂ ਗਤੀਵਿਧੀਆਂ ਦਾ ਮੁੱਖ ਉਦੇਸ਼ ਸਿਹਤ ਅਤੇ ਤੰਦਰੁਸਤੀ, ਬਿਮਾਰੀਆਂ, ਸ਼ੁਰੂਆਤੀ ਇਲਾਜ ਬਾਰੇ ਜਾਗਰੂਕਤਾ ਫੈਲਾਉਣਾ, ਬਿਮਾਰੀਆਂ ਦੇ ਇਲਾਜ ਅਤੇ ਸਿਹਤਮੰਦ ਜੀਵਨ ਸ਼ੈਲੀ ਲਈ ਆਯੁਰਵੇਦ ਦੀ ਮਹੱਤਤਾ ਦਾ ਪ੍ਰਚਾਰ ਕਰਨਾ ਸੀ।

ਇਸ ਮੌਕੇ ਡਾ: ਜ਼ੋਰਾ ਸਿੰਘ ਚਾਂਸਲਰ ਨੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਇੱਕ ਸਮਾਜ ਸੇਵੀ ਸੰਸਥਾ ਹੋਣ ਦੇ ਨਾਤੇ ਸਿਹਤ ਜਾਗਰੂਕਤਾ ਗਤੀਵਿਧੀਆਂ, ਭਾਸ਼ਣ ਅਤੇ ਸਕੂਲੀ ਵਿਦਿਆਰਥੀਆਂ ਦਾ ਮੁਫ਼ਤ ਮੈਡੀਕਲ ਚੈਕਅੱਪ ਕਰਵਾ ਕੇ ਇੱਕ ਪਹਿਲਕਦਮੀ ਕੀਤੀ ਹੈ। ਗਤੀਵਿਧੀਆਂ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਸੀ ਕਿ ਲੋਕ ਸਹੀ ਸਮੇਂ 'ਤੇ ਸਿਹਤ ਸੰਭਾਲ ਪ੍ਰਾਪਤ ਕਰ ਸਕਣ ਅਤੇ ਛੋਟੀ ਜਿਹੀ ਸਿਹਤ ਸਮੱਸਿਆ ਦੇ ਗੰਭੀਰ ਹੋਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲੈਣ। ਉਨ੍ਹਾਂ ਨੇ ਇਸ ਸ਼ਾਨਦਾਰ ਉਪਰਾਲੇ ਲਈ ਟੀਮ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਜਾਗਰੂਕਤਾ ਕੈਂਪ ਨੂੰ ਜਾਰੀ ਰੱਖਣ ਲਈ ਆਪਣਾ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ।

# 24ਵੀਂ ਸਾਲਾਨਾ ਪੰਜਾਬੀ ਸਾਹਿਤਕ ਕਾਨਫ਼ਰੰਸ

16 ਨਵੰਬਰ 2024, 4-9 ਸ਼ਾਮ
17 ਨਵੰਬਰ 2024, 10 ਸਵੇਰ -7 ਸ਼ਾਮ

New Venue:
Sapphire Banquet Hall,
24989 Santa Clara St, Hayward, CA

ਡਾ. ਸੁਰਜੀਤ ਪਾਤਰ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ





ਡਾ. ਵਰਿਆਮ ਸਿੰਘ ਸੰਧੂ, ਜਸਵਿੰਦਰ, ਡਾ. ਲਖਵਿੰਦਰ ਜੌਹਲ, ਡਾ. ਰਾਜੇਸ਼ ਸ਼ਰਮਾ, ਅਰਤਿੰਦਰ ਸੰਧੂ, ਡਾ. ਮੋਹਨ ਤਿਆਗੀ, ਕ੍ਰਿਸ਼ਨ ਭਨੋਟ, ਰਵਿੰਦਰ ਸਹਿਰਾਅ, ਸਤੀਸ਼ ਗੁਲਾਟੀ, ਸੁਰਜੀਤ (ਟੋਰਾਂਟੋ), ਸੁਰਿੰਦਰ ਸੋਹਲ, ਕੁਲਵਿੰਦਰ ਖਹਿਰਾ, ਰਾਜਵੰਤ ਰਾਜ, ਸੁਰਿੰਦਰ ਸ. ਸੁੰਨੜ, ਡਾ. ਸੁਹਿੰਦਰਬੀਰ, ਪਿਆਰਾ ਸਿੰਘ ਕੁੱਦੋਵਾਲ, ਦਲਵੀਰ ਕੌਰ, ਅਵੀ ਸੰਧੂ, ਜਸਪ੍ਰੀਤ ਕੌਰ ਪੰਜਾਬ ਟਾਈਮਜ਼, ਹਰਦਮ ਮਾਨ

**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਵਲੋਂ ਆਪ ਨੂੰ ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਤਹਿ ਦਿਲੋਂ ਸੱਦਾ ਦਿੱਤਾ ਜਾਂਦਾ ਹੈ**

## 16 ਨਵੰਬਰ, 4-9 ਸ਼ਾਮ

### ਕਾਨਫ਼ਰੰਸ ਦਾ ਆਰੰਭ ਅਤੇ ਸੰਗੀਤਕ ਮਹਿਫ਼ਲ

ਕਾਨਫ਼ਰੰਸ ਦਾ ਆਰੰਭ, ਜਾਣ ਪਹਿਚਾਣ ਅਤੇ ਪੰਜਾਬੀ ਸੰਗੀਤਕ ਮਹਿਫ਼ਲ ਸਜੇਗੀ।

## 17 ਨਵੰਬਰ, 10 ਸਵੇਰ - 7 ਸ਼ਾਮ

### ਪੰਜਾਬੀ ਬੋਲੀ ਅਤੇ ਸਾਹਿਤ 'ਤੇ ਵਿਚਾਰ ਚਰਚਾ

ਵਿਸ਼ਵ ਪਰਪੇਖ ਵਿੱਚ ਪੰਜਾਬੀ ਬੋਲੀ ਦੀ ਹੋਂਦ ਨੂੰ ਦਰਪੇਸ਼ ਸੰਕਟ ਅਤੇ ਇਸਦੇ ਹੱਲ, ਅਤੇ ਪੰਜਾਬੀ ਸਾਹਿਤ ਦੇ ਵੱਖ ਵੱਖ ਪੱਖਾਂ ਉੱਪਰ ਗੰਭੀਰ ਵਿਚਾਰ ਚਰਚਾ ਕੀਤੀ ਜਾਏਗੀ।

### ਵਿਸ਼ਾਲ ਕਵੀ ਦਰਬਾਰ

ਦੇਸ਼ ਵਿਦੇਸ਼ ਤੋਂ ਆਏ ਕਵੀ ਅਤੇ ਸਥਾਨਕ ਕਵੀ ਆਪਣੀ ਸ਼ਾਇਰੀ ਪੇਸ਼ ਕਰਨਗੇ।



ਸੁਖਦੇਵ ਸਾਹਿਲ, ਜੇ.ਐਸ. ਚੰਦਨ, ਪਰਮਿੰਦਰ ਗੁਰੀ, ਸੁਰਿੰਦਰਪਾਲ ਸਿੰਘ ਅਤੇ ਮੀਨੂੰ ਸਿੰਘ ਵਲੋਂ ਸੰਗੀਤਕ ਮਹਿਫ਼ਲ ਸਜਾਈ ਜਾਏਗੀ

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫੋਰਨੀਆ ਵੱਲੋਂ ਆਯੋਜਿਤ ਕੀਤੀ ਜਾ ਰਹੀ 24ਵੀਂ ਸਾਲਾਨਾ ਸਾਹਿਤਕ ਕਾਨਫਰੰਸ ਦੀ ਸਫਲਤਾ ਲਈ ਅਦਾਰਾ 'ਦੇਸ਼ ਦੁਆਬਾ' ਸ਼ੁਭਕਾਮਨਾ ਕਰਦਾ ਹੈ।

### ਸਾਡੇ ਸਪਾਂਸਰ



ਜਸਵੀਰ ਗਿੱਲ, ਲਾਲੀ ਧਨੋਆ, ਡਾ. ਅਜੀਤਪਾਲ ਸ. ਸੰਧੂ, ਗੁਰਦੀਪ ਸਿੰਘ ਸੇਖੋਂ, ਡਾ. ਸਰਬਜੀਤ ਹੁੰਦਲ, ਸੁਰਿੰਦਰ ਧਨੋਆ, ਡੈਨਿਸ ਭੰਦੂ, ਡਾ. ਦਲਵੀਰ ਪੰਨੂ, ਐਸ਼ ਕੁਮ ਐਸ਼, ਪ੍ਰੋ. ਸੁਖਦੇਵ ਸਿੰਘ

### ਸੰਪਰਕ ਕਰੋ:

ਕੁਲਵਿੰਦਰ 510-367-2090, ਜਗਜੀਤ ਨੌਸ਼ਹਿਰਵੀ 510-676-1565

**ਕਾਰਜਕਾਰਨੀ ਕਮੇਟੀ:** ਡਾ. ਸੁਖਵਿੰਦਰ ਕੰਬੋਜ, ਚਰਨਜੀਤ ਸਿੰਘ ਪੰਨੂੰ, ਸੁਰਿੰਦਰ ਸਿੰਘ ਸੀਰਤ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ, ਸੁਖਦੇਵ ਸਾਹਿਲ, ਸੁਰਜੀਤ ਸਖੀ, ਐਸ਼ ਕੁਮ ਐਸ਼, ਗੁਲਸ਼ਨ ਦਿਆਲ, ਤਾਰਾ ਸਾਗਰ, ਗਗਨਦੀਪ ਮਾਹਲ ਅਤੇ ਸਮੂਹ ਵਿਪਸਾਅ ਮੈਂਬਰ

# ਰੰਘਰੇਟਿਆਂ ਦੇ ਸਿੱਖ ਇਤਿਹਾਸ ਤੇ ਚਾਨਣਾ ਪਾਉਂਦਾ ਹੈ- ਰੰਘਰੇਟਾ ਸੰਸਾਰ




ਇੰਜੀ ਸਤਨਾਮ ਸਿੰਘ ਮੱਟੂ
9779708257

ਸਿੱਖ ਇਤਿਹਾਸ ਅਥਾਹ ਸਿਰਲੱਥ ਯੋਧਿਆਂ ਦੀਆਂ ਕੁਰਬਾਨੀਆਂ ਦੇ ਖ਼ੂਨ ਦੇ ਅੱਖਰਾਂ ਨਾਲ ਲਿਖਿਆ ਭਰਿਆ ਪਿਆ ਹੈ। ਸਿੱਖ ਇਤਿਹਾਸ ਦੇ ਪੰਨਿਆਂ ਨੂੰ ਸੰਜੀਦਗੀ ਫਰੋਲਦਿਆਂ ਮਹਾਨ ਬਹਾਦਰ ਯੋਧਿਆਂ, ਸੂਰਬੀਰਾਂ ਦੀਆਂ ਸਿੱਖ ਧਰਮ ਅਤੇ ਇਹਦੀ ਫਿਲਾਸਫੀ ਤੇ ਪਹਿਰਾ ਦਿੰਦਿਆਂ ਦਿੱਤੀਆਂ ਸ਼ਹਾਦਤਾਂ ਦੀ ਤਸਵੀਰ ਆਪ ਮੁਹਾਰੇ ਅੱਖਾਂ ਸਾਹਮਣੇ ਆ ਜਾਂਦੀ ਹੈ। ਉਹਨਾਂ ਸਿੱਖਾਂ ਸੂਰਬੀਰ ਯੋਧਿਆਂ ਵਿੱਚ ਰੰਘਰੇਟਿਆਂ ਦੀਆਂ ਕੁਰਬਾਨੀਆਂ ਨੂੰ ਕਦਾਚਿੱਤ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਸਮਾਜ ਦੇ ਸਿੱਖ ਸੂਰਬੀਰਾਂ ਨੇ ਗੁਰੂ ਸਾਹਿਬਾਨ ਨਾਲ ਬਿਨਾਂ ਕਿਸੇ ਲੋਭ ਲਾਲਚ ਤੋਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਉਪਰਾਲਿਆਂ ਅਤੇ ਸਿੱਖ ਧਰਮ ਅਤੇ ਕੌਮ ਦੀ ਰਾਖੀ ਲਈ ਅੱਗੇ ਹੋ ਕੇ ਯੋਗਦਾਨ ਪਾਇਆ ਹੈ।

"ਨਾਲ ਖ਼ੂਨ ਦੇ ਲਿਖਦੇ ਸਿੰਘ ਇਤਿਹਾਸ ਖਾਲਸੇ ਦਾ" ਜਦੋਂ ਸ਼ਹਾਦਤਾਂ ਅਤੇ ਕੁਰਬਾਨੀਆਂ ਦੀ ਗੱਲ ਤੁਰਦੀ ਹੈ ਤਾਂ ਗੁਰੂ ਘਰ ਦੇ ਅਨਿਨ ਅਤੇ ਅਨੂਠੇ "ਰੰਘਰੇਟੇ ਗੁਰੂ ਕੇ ਬੇਟੇ" ਦੀ ਉਪਾਧੀ ਪ੍ਰਾਪਤ ਸੇਵਕ ਭਾਈ ਜੈਤਾ ਜੀ/ਬਾਬਾ ਜੀਵਨ ਸਿੰਘ ਜੀ ਦਾ ਨਾਂ ਉੱਭਰ ਕੇ ਸਾਮ੍ਹਣੇ ਆ ਜਾਂਦਾ ਹੈ। ਉਹਨਾਂ ਦੀਆਂ ਗੁਰੂ ਘਰ ਲਈ ਅਣਥੱਕ ਅਤੇ ਬੇਬਾਕ ਸੇਵਾਵਾਂ ਲਈ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ।

ਗੁਰੂ ਘਰ ਅਤੇ ਸਿੱਖ ਧਰਮ ਲਈ ਪ੍ਰਦਾਨ ਕੀਤੀਆਂ ਸੇਵਾਵਾਂ ਅਤੇ ਇਤਿਹਾਸਕ ਕੁਰਬਾਨੀਆਂ ਦੇ ਇਤਿਹਾਸ ਨੂੰ ਉਜਾਗਰ ਕਰਨ ਲਈ ਸੰਪਾਦਕ ਬੂਟਾ ਸਿੰਘ ਪੰਡੋਰੀ ਨੇ "ਰੰ-ਘਰੇਟਾ ਸੰਸਾਰ" ਤ੍ਰੈਮਾਸਿਕ ਮੈਗਜ਼ੀਨ ਸ਼ੁਰੂ ਕੀਤਾ ਹੈ। ਇਸ ਪੱਤ੍ਰਿਕਾ ਵਿੱਚ ਗੁਰੂ ਸਾਹਿਬਾਨ ਨਾਲ ਮੋਢੇ ਨਾਲ ਮੋਢਾ ਜੋੜ ਬੇਝਿਜਕ ਖੜਨ ਵਾਲੇ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਜਾਣੂ ਕਰਵਾਉਣ ਦਾ ਖ਼ੂਬਸੂਰਤ ਉਪਰਾਲਾ ਕੀਤਾ ਗਿਆ ਹੈ। ਹਥਲਾ ਅੰਕ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਣ ਤੇ ਆਪਣੀ ਜਾਨ ਜੋਖਮ ਵਿਚ ਪਾਕੇ ਅਤੇ ਗੁਰੂ ਜੀ ਦਾ ਸੀਸ ਦਿੱਲੀ ਚਾਂਦਨੀ ਚੌਕ ਤੋਂ ਚੁੱਕ ਕੇ ਆਨੰਦਪੁਰ ਸਾਹਿਬ ਵਿਖੇ ਬਾਲ ਗੋਬਿੰਦ ਰਾਏ ਕੋਲ ਪਹੁੰਚਾਉਣ ਵਾਲੇ ਗੁਰੂ ਦੇ ਜੁਝਾਰੂ ਸਿੰਘ ਅਤੇ ਅਨਿਨ ਸੇਵਕ ਭਾਈ ਜੈਤਾ ਜੀ/ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਹੈ।

ਇਸ ਅੰਕ ਵਿੱਚ ਵੱਖੋ ਵੱਖ ਲੇਖਕਾਂ ਨੇ ਭਾਈ ਜੈਤਾ ਜੀ ਦੀ ਸ਼ਖ਼ਸੀਅਤ, ਜੀਵਨ, ਸੇਵਾਵਾਂ ਅਤੇ ਸ਼ਹਾਦਤ ਬਾਰੇ ਵੱਖ ਵੱਖ ਪਹਿਲੂਆਂ ਉੱਪਰ ਰੌਸ਼ਨੀ ਪਾਈ ਹੈ।





ਪੱਤ੍ਰਿਕਾ ਦੀ ਸੰਪਾਦਕੀ ਵਿੱਚ ਬੂਟਾ ਸਿੰਘ ਪੰਡੋਰੀ ਨੇ ਪੱਤ੍ਰਿਕਾ ਦੀ ਸ਼ੁਰੂਆਤ ਬਾਬਤ ਅਤੇ ਰੰਘਰੇਟੇ ਸਮਾਜ ਦੀਆਂ ਸਿੱਖ ਧਰਮ ਨਾਲ ਸਬੰਧਿਤ ਯਾਦਗਾਰਾਂ ਦੀ ਅਣਦੇਖੀ ਦਾ ਮੁੱਦਾ ਉਭਾਰਿਆ ਹੈ। ਪ੍ਰਸਿੱਧ ਲੇਖਕ ਅਤੇ ਕਾਲਮ ਨਵੀਸ ਦਲਬੀਰ ਸਿੰਘ ਧਾਲੀਵਾਲ ਪਟਿਆਲਾ ਦਾ ਭਾਈ ਜੈਤਾ ਦੀ ਸੰਬੰਧੀ ਲੇਖ 'ਧਨ ਜਨਨੀ ਜਿਨਿ ਜਾਇਆ ਧੰਨੁ ਪਿਤਾ ਪ੍ਰਧਾਨ॥ ਵਿੱਚ ਉਹਨਾਂ ਦੇ ਜੀਵਨ , ਸਿੱਖ ਧਰਮ ਵਿੱਚ ਯੋਗਦਾਨ ਅਤੇ ਕੁਰਬਾਨੀ ਦਾ ਬਹੁਤ ਦੀ ਖ਼ੂਬਸੂਰਤ ਸ਼ਬਦਾਂ ਨਾਲ ਵਿਸਥਾਰ ਪੂਰਵਕ ਜਾਣਕਾਰੀ ਮੁਹਈਆ ਕਰਵਾਈ ਹੈ। ਹਵਾਲਿਆਂ ਭਰਪੂਰ ਜਾਣਕਾਰੀ ਸਾਰਥਕਤਾ ਦੀ ਹਾਮੀ ਬਣ ਜਾਂਦੀ ਹੈ।

ਡਾ. ਭੁਪਿੰਦਰ ਸਿੰਘ ਮੱਟੂ ਨੇ ਬਾਬਾ ਜੀਵਨ ਸਿੰਘ ਜੀ ਦੀ ਰਚਨਾ "ਸ੍ਰੀ ਗੁਰ ਕਥਾ" ਦੇ ਹਵਾਲੇ ਨਾਲ ਦਿਲਚਸਪ ਅਤੇ ਤੱਥ ਭਰਪੂਰ ਜਾਣਕਾਰੀ ਦਿੱਤੀ ਹੈ। ਬਾਬਾ ਤੀਰਥ ਸਿੰਘ ਜੀ ਜੋ ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਗੁਰਦੁਆਰਾ ਸਾਹਿਬ ਵਿਖੇ ਸੇਵਾਵਾਂ ਨਿਭਾ ਰਹੇ ਹਨ ,ਨੇ 'ਇਤਿਹਾਸਕ ਗੁਰਦੁਆਰਾ ਤਪ ਅਸਥਾਨ ਸਾਹਿਬ ਭਾਈ ਜੈਤਾ ਜੀ ਸ੍ਰੀ ਆਨੰਦਪੁਰ ਸਾਹਿਬ' ਸਿਰਲੇਖ ਹੇਠ ਬਾਬਾ ਜੀਵਨ ਸਿੰਘ ਜੀ ਦੇ ਜੀਵਣ ਦੀਆਂ ਮਹਾਨ ਪ੍ਰਾਪਤੀਆਂ ਨੂੰ ਸ਼ਾਬਦਿਕ ਰੂਪ ਦਿੱਤਾ ਹੈ। ਉਹਨਾਂ ਬਾਬਾ ਜੀ ਦੀਆਂ ਪੁਰਾਤਨ ਨਿਸ਼ਾਨੀਆਂ ਨੂੰ ਹੂਬਹੂ ਸਾਂਭਣ ਦੀ ਜੁੰਮੇਵਾਰੀ ਦਾ ਅਹਿਸਾਸ ਕਰਵਾਇਆ ਹੈ ਅਤੇ ਦਾਅਵਾ ਵੀ ਜਿਤਾਇਆ ਹੈ। ਇਸ ਤੋਂ ਇਲਾਵਾ ਹੋਰ ਵੀ ਮਹਾਨ ਲੇਖਕਾਂ ਤਲਵਿੰਦਰ ਸਿੰਘ ਬੁੱਟਰ ਨੇ 'ਪੰਜਵਾਂ ਸਾਹਿਬਜ਼ਾਦਾ ਹੋਣ ਦਾ ਮਾਣ', ਦਲਬੀਰ ਸਿੰਘ ਸੱਖੋਵਾਲੀਆ, ਬਟਾਲਾ ਨੇ "ਸਿੱਖੀ ਲਈ ਸਾਰਾ ਪਰਿਵਾਰ ਲੇਖੇ ਲਾਉਣ ਵਾਲੇ- ਸ਼ਹੀਦ ਬਾਬਾ ਜੀਵਨ ਸਿੰਘ ਜੀ", ਮਨਪ੍ਰੀਤ ਸਿੰਘ ਬਾਜ ਨੇ 'ਸਿੱਖ ਸੰਸਥਾਵਾਂ ਅੰਦਰ ਪਸਰੀ ਜਾਤ-ਜਾਤ' ਦੇ ਮੁੱਦੇ ਤੇ ਗੰਭੀਰਤਾ, "ਰਤਨ-ਏ-ਕੌਮ" ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਜੀ ਬਾਰੇ ਜਾਣਕਾਰੀ ਅਤੇ ਪਲਵਿੰਦਰ ਸਿੰਘ ਪੰਡੋਰੀ ਨੇ ਸਿੱਖ ਇਤਿਹਾਸ ਵਿੱਚ ਅੰਤਰਜਾਤੀ ਵਿਆਹ: "ਜਦੋਂ ਗੁਰੂ ਸਾਹਿਬ ਨੇ ਭਾਈ ਸਦਾ ਨੰਦ ਦੀ ਸ਼ਾਦੀ ਪੰਡਤਾਂ ਦੀ ਧੀ ਨਾਲ ਅਤੇ ਭਾਈ ਜੈਤਾ ਦੀ ਸ਼ਾਦੀ ਪੱਟੀ ਦੇ ਰਿਆੜ ਪਰਿਵਾਰ ਚ ਕਰਵਾਈ" ਨੂੰ ਇਤਿਹਾਸਕ ਦਸਤਾਵੇਜ਼ ਨਾਲ ਸਾਰਥਿਕਤਾ ਦੀ ਪੁੱਠ ਚਾੜੀ ਹੈ।

ਰੰਘਰੇਟੇ/ਮਜ਼੍ਹਬੀ ਸਿੱਖਾਂ ਨਾਲ ਸਬੰਧਤ ਇਤਿਹਾਸਕ ਪੁਸਤਕਾਂ ਅਤੇ ਲੇਖਕਾਂ ਬਾਬਤ ਜਾਣਕਾਰੀ ਵੀ ਇਸ ਅੰਕ ਵਿਚ ਸਰੋਤਿਆਂ ਦੇ ਗਿਆਨ ਚ ਵਾਧੇ ਦਿੱਤੀ ਗਈ ਹੈ। ਭਾਈ ਜੈਤਾ ਜੀ ਦੇ ਜੀਵਨ ਨਾਲ ਸਬੰਧਤ ਜਸਵੰਤ ਗਿੱਲ ਸਮਾਲਸਰ, ਰਣਜੀਤ ਸਿੰਘ ਦੀਪੀ ਸਰਕਪੁਰੀ, ਗੀਤਕਾਰ ਗੁਰਪ੍ਰੀਤ ਡੱਬਵਾਲਾ, ਲਾਲ ਸਿੰਘ ਸੁਲਹਾਣੀ, ਰਜਿੰਦਰ ਸਰਾਵਾਂ ਸਤਨਾਮ ਸਿੰਘ ਨਿੱਝਰ, ਸੁਖਦੇਵ ਸਿੰਘ ਸ਼ਾਨ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਗੋਪੀ ਕਾ, ਦਲਬੀਰ ਸਿੰਘ (ਸਵਰਗੀ) ਆਦਿ ਦੀਆਂ ਕਵਿਤਾਵਾਂ ਅਤੇ ਗੀਤ ਇਤਿਹਾਸ ਤੇ ਖ਼ੂਬਸੂਰਤ ਚਾਨਣਾ ਪਾਉਂਦੇ ਰੰਘਰੇਟਾ ਸੰਸਾਰ ਮੈਗਜ਼ੀਨ ਨੂੰ ਹੋਰ ਦਿਲਚਸਪ ਬਣਾ ਦਿੰਦੇ ਹਨ।

ਇਸ ਤਰ੍ਹਾਂ ਇਹ ਅੰਕ ਹੋਰ ਵੀ ਜਾਣਕਾਰੀਆਂ ਨਾਲ ਇਤਿਹਾਸਕ ਦਸਤਾਵੇਜ਼ ਬਣ ਗਿਆ ਹੈ। ਇਸ ਸਿਰਤੋੜ ਯਤਨਾਂ ਅਤੇ ਮਿਹਨਤ ਲਈ ਸੰਪਾਦਕ ਅਤੇ ਟੀਮ ਵਧਾਈ ਦੀ ਹੱਕਦਾਰ ਹੈ।

# ਵਾਤਾਵਰਣ ਪੱਖੋ ਪੰਜਾਬ ਕਦ ਹੋਵੇਗਾ ਖੁਸ਼ਹਾਲ?



ਰਾਜਿੰਦਰ ਸਿੰਘ
ਰਾਜਨ ਪਠਾਨਕੋਟ

ਰੁੱਖਾਂ ਨਾਲ ਮਨੁੱਖ ਦਾ ਸਬੰਧ ਸਦੀਆਂ ਤੋਂ ਹੈ, ਕਹਿ ਸਕਦੇ ਹਾਂ ਕਿ ਇਹ ਸਬੰਧ ਜੀਵਨ ਦੀ ਜੜ੍ਹ ਹੈ। ਰੁੱਖ ਸਾਡੇ ਜੀਵਨ ਦਾ ਉਹ ਅਹਿਮ ਹਿੱਸਾ ਹਨ ਜਿਨ੍ਹਾਂ ਦੀ ਮੌਜੂਦਗੀ ਬਿਨਾ ਸਾਨੂੰ ਸਾਹ ਲੈਣਾ ਵੀ ਮੁਸ਼ਕਲ ਹੋ ਸਕਦਾ ਹੈ। ਜਦੋਂ ਅਸੀਂ ਇੱਕ ਰੁੱਖ ਨੂੰ ਕੱਟਦੇ ਹਾਂ, ਤਾਂ ਸਿਰਫ ਇੱਕ ਦਰੱਖਤ ਹੀ ਨਹੀਂ ਜਾਂਦਾ, ਸਗੋਂ ਇੱਕ ਪੂਰਾ ਪਰਿਵਾਰ—ਜੀਵ-ਜੰਤੂ, ਪੰਛੀ, ਆਦਿ ਦੇ ਮਾਸੂਮ ਘਰ ਉਜੜ ਜਾਂਦੇ ਹਨ। ਇਹਨਾਂ ਜੀਵ-ਜੰਤੂ, ਪੰਛੀ, ਜਾਨਵਰਾ ਲਈ ਰੁੱਖ ਸਿਰਫ ਇੱਕ ਖ਼ੂਬਸੂਰਤ ਆਲਣਾ ਹੀ ਨਹੀਂ, ਸਗੋਂ ਉਹਨਾਂ ਦੀ ਅਸਲ ਜਿੰਦਗੀ ਹੈ। ਰੁੱਖ ਸਾਡੇ ਧਰਤੀ ਦੇ ਕੁਦਰਤੀ ਸਾਥੀ ਹਨ ਜੋ ਹਰ ਤਰ੍ਹਾਂ ਦੇ ਮੌਸਮ ਦਾ ਸਾਮਨਾ ਕਰਦੇ ਹੋਏ ਸਾਨੂੰ ਸ਼ੁੱਧ ਹਵਾ ਛਾਂ, ਲੱਕੜ, ਸੀਜ਼ਨ ਦਰ ਸੀਜ਼ਨ ਫਲ ਫਰੂਟ, ਦਵਾਈਆਂ ਆਦਿ ਦਿੰਦੇ ਹਨ। ਸਾਡੇ ਧਾਰਮਿਕ ਗ੍ਰੰਥਾਂ ਨੇ ਪਿੱਪਲ ਅਤੇ ਤੁਲਸੀ ਵਰਗੇ ਰੁੱਖਾਂ ਨੂੰ ਮਾਤਾ ਦੇ ਦਰਜੇ 'ਤੇ ਰੱਖਿਆ ਹੈ ਅਤੇ ਸਾਡੇ ਪੂਰਵਜਾਂ ਨੇ ਇਹਨਾਂ ਨੂੰ ਪੂਜਣ ਯੋਗ ਮੰਨਿਆ ਹੈ। ਇਹਨਾਂ ਰੁੱਖਾਂ ਦਾ ਸਰੀਰਕ ਤੇ ਆਤਮਕ ਲਾਭ ਸਿਰਫ ਇਨਸਾਨਾਂ ਲਈ ਨਹੀਂ, ਸਗੋਂ ਸਾਰੀ ਧਰਤੀ ਲਈ ਵੀ ਹੈ। ਇਹ ਮਿੱਟੀ ਦੀ ਉਪਜਾਊ ਤਾਕਤ ਨੂੰ ਸਹੀ ਰੱਖਦੀ ਹੈ ਅਤੇ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਸਹਾਇਕ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਹਨਾਂ ਦੇ ਬਗੈਰ ਕੁਦਰਤ ਵਿੱਚ ਮਿਠਾਸ ਹੀ ਨਾ ਰਹੇ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਪਰ ਮੌਜੂਦਾ ਸਮੇਂ ਵਿੱਚ ਮੋਨਾਫ਼ਿਆਂ ਦੀ ਭੁੱਖ ਦੇ ਕਾਰਨ ਜਦੋਂ ਜੰਗਲਾਂ ਦੀ ਬੇਦਰਦੀ ਨਾਲ ਕਟਾਈ ਕੀਤੀ ਜਾਂਦੀ ਹੈ, ਤਾਂ ਕੁਦਰਤ ਦੀ ਤਾਕਤ ਨੂੰ ਗੰਭੀਰ ਨੁਕਸਾਨ ਪਹੁੰਚਦਾ ਹੈ। ਸੜਕਾਂ, ਮੋਟਰਾ, ਕਾਰ-ਕਾਰਖਾਨਿਆਂ ਅਤੇ ਨਵੇਂ ਸ਼ਹਿਰਾਂ ਦੇ ਵਿਕਾਸ ਲਈ ਰੁੱਖਾਂ ਨੂੰ ਕੱਟਣਾ ਸਾਡੀ ਆਦਤ ਬਣ ਗਈ ਹੈ। ਇਹ ਕਟਾਈ ਸਿਰਫ ਮੌਸਮ ਨੂੰ ਹੀ ਨਹੀਂ, ਸਗੋਂ ਪਾਣੀ ਦੇ ਸਰੋਤਾਂ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਅੱਜ ਦੇ ਹਾਲਾਤ ਇਹ ਹਨ ਕਿ ਸਾਰੀ ਦੁਨੀਆ ਵਾਤਾਵਰਣ ਬਦਲਾਅ ਦੀ ਸਮੱਸਿਆ ਦਾ ਸਾਮਨਾ ਕਰ ਰਹੀ ਹੈ, ਅਤੇ ਇਸ ਤਬਦੀਲੀ ਦੀ ਜੜ੍ਹ ਰੁੱਖਾਂ ਦੀ ਕਟਾਈ ਵਿੱਚ ਹੀ ਪਾਈ ਜਾਂਦੀ ਹੈ। ਵਿਗਿਆਨ ਕਹਿੰਦਾ ਹੈ ਕਿ ਇੱਕ ਰੁੱਖ ਆਪਣੀ ਸਾਰੀ ਉਮਰ ਵਿੱਚ ਲਗਭਗ ਦੋ ਕਰੋੜ ਰੁਪਏ ਦੀ ਅਕਸੀਜਨ ਤਿਆਰ ਕਰਦਾ ਹੈ, ਜਿਸ ਨਾਲ ਮਨੁੱਖ ਅਤੇ ਹੋਰ ਜੀਵਨ ਜ਼ਿੰਦਾ ਰਹਿੰਦੇ ਹਨ। ਇਹ ਰੁੱਖ ਪਾਣੀ ਦੇ ਸੰਚਾਲਨ ਨੂੰ ਸੰਭਾਲਦੇ ਹਨ ਅਤੇ ਧਰਤੀ ਦੇ ਤਾਪਮਾਨ ਨੂੰ ਸਥਿਰ ਰੱਖਣ ਵਿੱਚ ਮਦਦਗਾਰ ਹੁੰਦੇ ਹਨ। ਇਹਨਾਂ ਦੀ ਛਾ ਹੇਠ ਪੰਛੀ ਆਪਣੇ ਆਲਣੇ ਬਣਾਉਂਦੇ ਹਨ, ਜਿੱਥੇ ਉਹ ਆਪਣਾ ਜੀਵਨ ਬਿਤਾਉਂਦੇ ਹਨ ਅਤੇ ਧਰਤੀ ਦੇ ਕੁਦਰਤੀ ਸੁੰਦਰਤਾ ਨੂੰ ਸਹੀ ਰੱਖਦੇ ਹਨ।



ਪ੍ਰਸਿੱਧ ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਨੇ ਵੀ ਰੁੱਖਾਂ ਨੂੰ ਆਪਣੇ ਪਰਿਵਾਰ ਦਾ ਹਿੱਸਾ ਮੰਨ ਕੇ ਬਿਆਨ ਕੀਤਾ ਹੈ। ਉਹ ਕਹਿੰਦੇ ਹਨ,

"ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਾਕਣ
ਪੱਤਰ ਟਾਵਾਂ ਟਾਵਾਂ
ਕੁਝ ਰੁੱਖ ਮੇਰੀ ਦਾਦੀ ਵਰਗੇ
ਚੂਰੀ ਪਾਵਣ ਕਾਵਾਂ"

ਇਹ ਸਤਰਾਂ ਸਾਡੇ ਦਿਲ ਨੂੰ ਛੂੰਹ ਜਾਂਦੀਆਂ ਹਨ ਅਤੇ ਸਾਡੇ ਵਿੱਚ ਰੁੱਖਾਂ ਲਈ ਇੱਕ ਨਵਾਂ ਪਿਆਰ ਜਗਾਉਂਦੀਆਂ ਹਨ। ਉਹ ਇਹਨਾਂ ਨੂੰ ਜੀਵਨ ਦਾ ਮੂਲ ਹਿੱਸਾ ਮੰਨਦੇ ਹਨ, ਜਿਸਦੇ ਬਿਨਾਂ ਇਨਸਾਨ ਦਾ ਜੀਵਨ ਸੰਭਵ ਨਹੀਂ।

ਸਰਕਾਰਾਂ ਵਲੋਂ ਵਣ ਮਹਾਨਉਤਸਵ ਦੀ ਲਹਿਰ ਨੂੰ ਹਰ ਸਾਲ ਮਨਾਇਆ ਜਾਂਦਾ ਹੈ। ਸਕੂਲਾਂ, ਕਾਲਜਾਂ ਅਤੇ ਵਿਦਿਆਰਥੀਆਂ ਵਿੱਚ ਰੁੱਖਾਂ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਮਝਾਉਣ ਲਈ ਕਾਫ਼ੀ ਕੁਝ ਕੀਤਾ ਜਾ ਰਿਹਾ ਹੈ। ਇਹ ਸਾਡੇ ਸਾਰਿਆ ਦਾ ਫਰਜ਼ ਬਣਦਾ ਹੈ ਕਿ ਅਸੀਂ ਵੀ ਇਸ ਲਹਿਰ ਨੂੰ ਸਿਰਫ ਇੱਕ ਦਿਨ ਦੇ ਸਮਾਗਮ ਤੱਕ ਹੀ ਸੀਮਿਤ ਨਾ ਕਰੀਏ, ਸਗੋਂ ਇਸ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਅਪਣਾਈਏ। "ਇੱਕ ਰੁੱਖ, ਸੌ ਸੁੱਖ" ਦੀ ਕਹਾਵਤ ਨੂੰ ਅਸਲ ਮਨਾਂ ਵਿੱਚ ਲਾਗੂ ਕਰਕੇ ਅਸੀਂ ਸਿਰਫ ਆਪਣੀ ਜ਼ਿੰਦਗੀ ਹੀ ਨਹੀਂ, ਸਗੋਂ ਸਾਰੀ ਧਰਤੀ ਦਾ ਭਲਾ ਕਰੀਏ। ਅਸੀਂ ਰੁੱਖਾਂ ਦੇ ਸਾਥ ਨੂੰ ਮੋੜ ਕੇ, ਬੇਰੁਖ਼ੀ ਨਾਲ ਆਪਣਾ ਮੋਹ ਧਨ ਅਤੇ ਵਿਕਾਸ ਵੱਲ ਕਰ ਲਿਆ ਹੈ। ਪਰ ਧਰਤੀ ਅਜੇ ਵੀ ਸਾਡੇ ਸਾਹਮਣੇ ਅਪਣੇ ਹਰੇ-ਭਰੇ ਪੈਰਾਂ ਨਾਲ ਖੜੀ ਹੈ, ਸਾਡੇ ਵਿੱਚੋਂ ਕਦਰਦਾਨ ਦੀ ਉਡੀਕ ਕਰਦੀ ਹੈ ਜੋ ਉਸ ਦੀ ਮਹੱਤਤਾ ਨੂੰ ਸਮਝ ਕੇ ਉਸ ਦਾ ਸਨਮਾਨ ਕਰੇ। ਮਨੁੱਖ ਨੇ ਆਪਣੇ ਫਾਇਦਿਆ ਦੀ ਭੁੱਖ ਵਿੱਚ ਅਸਲ ਕੁਦਰਤ ਨੂੰ ਵਿਸਾਰ ਦਿੱਤਾ ਹੈ। ਪਰ ਅਜੇ ਵੀ ਸਮਾਂ ਹੈ ਕਿ ਅਸੀਂ ਰੁੱਖਾਂ ਦੀ ਇਸ ਮਹੱਤਤਾ ਨੂੰ ਸਮਝ ਕੇ, ਧਰਤੀ ਦੀ ਇਸ ਅਮੋਲ ਵਿਰਾਸਤ ਨੂੰ ਸੰਭਾਲ ਸਕੀਏ ਅਤੇ "ਰੁੱਖ ਲਗਾ , ਧਰਤੀ ਬਚਾ " ਦਾ ਸੁਨੇਹਾ ਸਿਰਫ ਇਕ ਸਲੋਗਨ ਨਹੀਂ ਬਲਕਿ ਸਾਡੀ ਧਰਤੀ ਨੂੰ ਸਾਂਭਣ ਦੇ ਅਜੋਕਾ ਜਨੂਨ ਬਣੇ।

ਵਿਕਸਿਤ ਦੇਸ਼ਾਂ ਵਿੱਚ ਰੁੱਖਾਂ ਦੀ ਸਾਂਭ-ਸੰਭਾਲ ਸਿਰਫ਼ ਇੱਕ ਆਮ ਕਰਤੱਵ ਨਹੀਂ, ਸਗੋਂ ਇੱਕ ਪ੍ਰੇਰਣਾਦਾਇਕ ਉਦਾਹਰਣ ਹੈ। ਕੈਨੇਡਾ ਵਿੱਚ, ਖਾਸਕਰ ਨਟਾਰੀ ਦੇ ਸਿਲਵਰ ਲੇਕ ਪਾਰਕ ਵਾਟਰਲੂ, ਕਿਚਨਰ, ਕੈਂਬ੍ਰਿਜ ਤੇ ਨਾਲ ਪੈਂਦੇ ਖੇਤਰ ਵਿੱਚ ਮੈਂ ਆਮ ਦੇਖਿਆ ਹੈ ਕਿ ਰੁੱਖਾਂ ਦੀ ਰੱਖਿਆ ਕਿਸ ਤਰ੍ਹਾਂ ਬੜੀ ਤਕਨੀਕੀ ਸਫਾਈ ਅਤੇ ਪੂਰੇ ਸਿਧਾਂਤਾਂ ਦੇ ਨਾਲ ਕੀਤੀ ਜਾਂਦੀ ਹੈ। ਰੁੱਖਾਂ ਨੂੰ ਸਿਰਫ਼ ਲਗਾਉਣਾ ਹੀ ਨਹੀ, ਬਲਕਿ ਉਨ੍ਹਾਂ ਦੀ ਸਾਂਭ-ਸੰਭਾਲ ਲਈ ਜ਼ਿੰਮੇਵਾਰੀ ਦੀ ਭਾਵਨਾ ਉਹਨਾ ਅੰਦਰ ਕੁੱਟ-ਕੁੱਟ ਕੇ ਭਰੀ ਹੋਈ ਹੈ। ਹਰ ਰੁੱਤ ਵਿੱਚ ਰੁੱਖਾਂ ਦੀਆਂ ਖਾਸ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ, ਜਿਵੇਂ ਕਿ ਗਰਮੀ ਦੇ ਮਹੀਨਿਆਂ ਵਿੱਚ ਵੱਧ ਪਾਣੀ ਦੀ ਸਹੂਲਤ, ਮੌਸਮ ਦੇ ਅਨੁਸਾਰ ਖਾਦ ਦੇਣਾ ਅਤੇ ਸਾਂਭ-ਸੰਭਾਲ ਰੱਖਣਾ। ਇਸੇ ਤਰ੍ਹਾਂ ਸੜਕਾਂ, ਪਾਰਕਾਂ ਅਤੇ ਪਿੰਡ ਸ਼ਹਿਰਾ ਅੰਦਰ ਰੁੱਖਾਂ ਨੂੰ ਸੰਭਾਲਣ ਲਈ ਖਾਸ ਤਜਰਬੇ ਅਤੇ ਤਕਨੀਕਾਂ ਵਰਤੀ ਜਾਂਦੀਆਂ ਹਨ। ਜਿਵੇਂ ਕਿ ਆਉਂਦੇ ਦਿਨਾ ਵਿੱਚ ਸਨੋਫਾਲ ਦੇ ਅਨੁਮਾਨ ਦੇ ਮੱਦੇਨਜ਼ਰ ਛੋਟੇ ਰੁੱਖਾਂ ਦੀ ਜੜਾਂ ਨੂੰ ਠੰਢੀ ਹਵਾਵਾਂ ਅਤੇ ਬਰਫ ਤੋਂ ਬਚਾਉਣ ਲਈ ਸਪੈਸ਼ਲ ਹਰੇ ਰੰਗ ਦੇ ਕਵਰ ਲਗਾਏ ਗਏ ਹਨ। ਇਹ ਸਿਰਫ ਸੁੰਦਰਤਾ ਲਈ ਹੀ ਨਹੀਂ, ਸਗੋਂ ਸੁਰੱਖਿਆ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਅਤੇ ਮਿੱਟੀ ਵਿੱਚ ਨਮੀ ਕਾਇਮ ਰੱਖਣ ਵਿੱਚ ਮਦਦਗਾਰ ਹੁੰਦੇ ਹਨ, ਜਿਸ ਨਾਲ ਰੁੱਖ ਮਜ਼ਬੂਤ ਅਤੇ ਸਿਹਤਮੰਦ ਰਹਿੰਦੇ ਹਨ। ਇਸ ਤਰ੍ਹਾਂ ਦੇ ਪ੍ਰਬੰਧ ਇਹ ਦਰਸਾਉਂਦੇ ਹਨ ਕਿ ਕਿੰਨੇ ਸੱਚੇ ਦਿਲ ਨਾਲ ਇਹ ਲੋਕ ਆਪਣੇ ਵਾਤਾਵਰਣ ਅਤੇ ਪ੍ਰਕ੍ਰਿਤੀ ਪ੍ਰਤੀ ਸਨਮਾਨ ਅਤੇ ਸੁਰੱਖਿਆ ਦੀ ਭਾਵਨਾ ਰੱਖਦੇ ਹਨ।

ਇਹ ਸਭ ਸਵਾਲ ਅਸੀਂ ਅਕਸਰ ਆਪਣੇ ਆਪ ਤੋਂ ਪੁੱਛਦੇ ਹਾਂ, ਖਾਸ ਕਰਕੇ ਜਦੋਂ ਅਸੀਂ ਵਿਕਸਤ ਦੇਸ਼ਾਂ ਦੀ ਤਰੱਕੀ ਤੇ ਸਫਲਤਾ ਨੂੰ ਵੇਖਦੇ ਹਾਂ। ਅਸੀਂ ਸਵਾਲ ਕਰਦੇ ਹਾਂ ਕਿ ਕਦੇ ਸਾਡਾ ਪੰਜਾਬ ਵੀ ਉਨ੍ਹਾਂ ਦੀ ਤਰ੍ਹਾਂ ਖੁਸ਼ਹਾਲ ਹੋਵੇਗਾ ? ਇਹਨਾਂ ਸਵਾਲਾਂ 'ਚ ਪੈਂਦਾ ਦੁੱਖ ਤੇ ਚਿੰਤਾ ਸਾਡੀ ਜ਼ਮੀਨੀ ਹਕੀਕਤ ਨੂੰ ਬਿਅਨ ਕਰਦੇ ਹਨ। ਸਾਡੇ ਸਿਸਟਮ ਵਿੱਚ ਕਈ ਅੜਚਣਾਂ ਹਨ। ਸਵੈ-ਹਿੱਤਾਂ 'ਤੇ ਆਧਾਰਿਤ ਕੁੱਝ ਲੋਕਾ ਦੀ ਸਿਆਸਤ, ਪ੍ਰਬੰਧਕੀ ਕਮਜ਼ੋਰੀਆਂ, ਤੇ ਜਨਤਾ ਦੇ ਮੂਲ ਸਵਾਲਾਂ ਦਾ ਹੱਲ ਨਾ ਹੋਣਾ। ਪਰ ਸਾਡਾ ਇਹ ਭੀ ਮੰਨਣਾ ਹੈ ਕਿ ਸਿਸਟਮ ਦੇ ਮੱਦੇ ਵਿੱਚ ਕੁਝ ਬਦਲਾਵ ਅਸੀਂ ਆਪਣੇ ਆਪ 'ਚ ਵੀ ਲਿਆ ਸਕਦੇ ਹਾਂ, ਜਿਵੇਂ ਕਿ ਜਾਗਰੂਕਤਾ ਵਧਾ ਕੇ, ਭਰਿਸ਼ਟਾਚਾਰ ਦਾ ਵਿਰੋਧ ਕਰਕੇ, ਤੇ ਸਚੇ ਨੇਤਾਵਾਂ ਦੀ ਚੋਣ ਕਰਕੇ।

ਸੋ, ਫਿਲਹਾਲ ਰੁੱਖਾਂ ਦੇ ਵਿਸ਼ੇ ਤੇ ਗੱਲ ਚੱਲ ਰਹੀ ਸੀ, ਇਸ ਲਈ ਆ , ਰੁੱਖਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ ਅਤੇ ਆਪਣੇ ਆਗਾਮੀ ਵਾਰਿਸਾਂ ਲਈ ਇੱਕ ਖ਼ੂਬਸੂਰਤ ਤੇ ਸਾਫ ਸੁਥਰੇ ਵਾਤਾਵਰਣ ਦੀ ਮਿਠਾਸ ਛੱਡ ਕੇ ਜਾਈਏ।

# ਗਦਰ ਲਹਿਰ ਤੋਂ ਮੁਸਲਮ ਭਾਈਚਾਰਾ ਕਿਉਂ ਦੂਰ ਰਿਹਾ !



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"

ਬਾਬਾ ਸੋਹਣ ਸਿੰਘ ਭਕਨਾ ਦੀ ਲਿਖਤ ਵਿੱਚੋਂ ਮੁਸਲਮਾਨ ਭਾਈਚਾਰੇ ਬਾਰੇ ਇੱਕ ਅਹਿਮ ਤੱਥ ਉਭਰਕੇ ਸਾਹਮਣੇ ਆਉਦਾ ਹੈ ਕਿ ਲਗਭਗ ਸਮੁੱਚਾ ਮੁਸਲਮਾਨ ਭਾਈਚਾਰਾ ਹੀ ਗ਼ਦਰ ਲਹਿਰ ਤੋਂ ਬੇਮੁੱਖ ਰਿਹਾ ਸੀ, ਬਾਬਾ ਜੀ ਮੁਤਾਬਿਕ ਸਿਰਫ ਇਕੱਲਾ ਨਵਾਬ ਖ਼ਾਨ ਹੀ ਲਹਿਰ ਵਿਚ ਸ਼ਾਮਲ ਹੋਇਆ ਸੀ ਜੋ ਪਿਛੋਂ ਵਾਅਦਾ ਮੁਆਫ਼ ਗਵਾਹ ਬਣ ਗਿਆ ਸੀ । ਬਾਬਾ ਜੀ ਦੀ ਗ਼ਦਰ ਪਾਰਟੀ ਵਿਚ ਸਿਰਫ ਇਕੋ ਮੁਸਲਮਾਨ ਦੇ ਭਰਤੀ ਹੋਣ ਦੀ ਗੱਲ ਭਾਵੇਂ ਤੱਥ ਦੇ ਤੌਰ 'ਤੇ ਪੂਰੀ ਸਹੀ ਨਹੀਂ ਕਹੀ ਜਾ ਸਕਦੀ, ਕਿਉਕਿ ਇਤਿਹਾਸ ਵਿਚ ਕੁੱਝ ਕੁ ਹੋਰ ਮੁਸਲਮਾਨ ਗ਼ਦਰੀਆਂ ਦੇ ਨਾਂ ਵੀ ਆਉਦੇ ਹਨ। ਪਰ ਫਿਰ ਵੀ ਗਦਰ ਲਹਿਰ ਵਿਚ ਮੁਸਲਮਾਨਾਂ ਦੀ ਸੰਖਿਆ ਨਾਂਹ ਬਰਾਬਰ ਹੀ ਸੀ, ਬਾਬਾ ਭਕਨਾ ਇਸ ਦਾ ਕਾਰਨ ਮੁਸਲਮਾਨਾਂ ਦੀ ਲਾਲਾ ਹਰਦਿਆਲ ਨਾਲ ਨਰਾਜ਼ਗੀ ਨੂੰ ਦਸਦੇ ਹਨ, ਕਿ ਉਸ ਨੇ ਬਾਬਾ ਜਵਾਲਾ ਸਿੰਘ ਵੱਲੋਂ ਜਾਰੀ ਕੀਤੇ ਗਏ ਵਜ਼ੀਫ਼ਿਆਂ ਦੀ ਚੋਣ ਮੌਕੇ ਇਕ ਮੁਸਲਮਾਨ ਵਿਦਿਆਰਥੀ ਨਾਲ ਦੁਵੈਤ ਕਰਕੇ ਇੱਕ ਹਿੰਦੂ ਵਿਦਿਆਰਥੀ ਦੀ ਨਹੱਕੀ ਚੋਣ ਕਰ ਲਈ ਸੀ । ਆਪਣੀ ਥਾਵੇਂ ਇਹ ਤੱਥ ਪੂਰਾ ਸਹੀ ਹੋ ਸਕਦਾ ਹੈ । ਪਰ ਮੁਸਲਿਮ ਭਾਈਚਾਰੇ ਦੀ ਗ਼ਦਰ ਲਹਿਰ ਤੋਂ ਬੇਮੁਖ ਹੋ ਜਾਣ ਦੀ ਇਹੀ ਇਕਮਾਤਰ ਵਜ੍ਹਾ ਨਹੀਂ ਸੀ । ਇਸ ਮਸਲੇ ਨੂੰ ਇਕ ਅਹਿਮ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਦੇਖਣ ਤੇ ਪੜਤਾਲਣ ਦੀ ਜ਼ਰੂਰਤ ਹੈ । ਗ਼ਦਰ ਲਹਿਰ ਵੱਲੋਂ ਪ੍ਰਵਾਨ ਕੀਤੇ ਤੇ ਪਰਚਾਰੇ ਗਏ ਪਾਰਟੀ ਦੇ ਨਾਅਰੇ, ਚਿੰਨ੍ਹ , ਜੋ ਲਾਲਾ ਹਰਦਿਆਲ ਦੁਆਰਾ ਬੰਗਾਲ ਦੇ ਹਿੰਦੂ ਰਾਸ਼ਟਰਵਾਦੀਆਂ ਕੋਲੋਂ ਗ੍ਰਹਿਣ ਕੀਤੇ ਗਏ ਸਨ, ਅਸਲ ਸਚਾਈ ਵਿੱਚ ਹਿੰਦੂਵਾਦੀ ਰੰਗਤ ਵਾਲੇ ਸਨ।

ਗ਼ਦਰ ਪਾਰਟੀ ਦਾ ਮੁੱਖ ਨਾਅਰਾ 'ਬੰਦੇ ਮਾਤਰਮ ਸੀ, ਹੈਡ ਕੁਆਟਰ ਦਾ ਨਾਂਅ 'ਯੁਗਾਂਤਰ ਆਸ਼ਰਮ ਸੀ ਅਤੇ ਭਾਰਤ ਦੇਸ ਲਈ 'ਭਾਰਤ ਮਾਤਾ ਦਾ ਪ੍ਰਤੀਕ ਇਸਤੇਮਾਲ ਕੀਤਾ ਜਾਂਦਾ ਸੀ । 'ਬੰਦੇ ਮਾਤਰਮ" ਬਾਬੂ ਬੰਕਿਮ ਚੰਦਰ ਚੈਟਰਜੀ ਦੇ ਨਾਵਲ 'ਅਨੰਦ ਮੱਠ ਦੇ ਨਾਵਲ ਵਿਚੋਂ ਲਿਆ ਗਿਆ ਸੀ ਅਤੇ ਉਹਨਾਂ ਸਮਿਆਂ ਵਿਚ ਇਸ ਨਾਹਰੇ ਦੀ ਵਰਤੋਂ ਬੰਗਾਲ ਅੰਦਰ ਹਿੰਦੂਆਂ ਵਲੋਂ ਮੁਸਲਮਾਨ ਭਾਈਚਾਰੇ ਨੂੰ ਚਿੜਾਉਣ ਅਤੇ ਉਹਨਾਂ ਦੀ ਤੌਹੀਨ ਕਰਨ ਲਈ ਆਮ ਕੀਤੀ ਜਾਂਦੀ ਸੀ । ਨਾਵਲ ਵਿੱਚ ਵੀ ਮੁਸਲਮਾਨ ਭਾਈਚਾਰੇ ਪ੍ਰਤੀ ਘੋਰ ਨਫ਼ਰਤ ਦਾ ਪ੍ਰਚਾਰ ਕੀਤਾ ਗਿਆ ਸੀ । 'ਯੁਗਾਂਤਰ ਵੀ ਬੰਗਾਲੀ ਬਾਬੂ ਆਰਵਿੰਦੋ ਘੋਸ਼ ਵਲੋਂ ਕੱਢੇ ਜਾਂਦੇ ਪਰਚੇ ਦਾ ਨਾਂਅ ਸੀ ਜਿਸ ਦਾ ਮਨੋਰਥ ਹਿੰਦੁਸਤਾਨ ਵਿਚ ਨਿਰੋਲ ਹਿੰਦੁਸਤਾਨੀ ਕੌਮ ਦੀ ਸਿਰਜਣਾ ਅਤੇ ਹਿੰਦੂ ਗੌਰਵ ਨੂੰ ਮੁੜ ਬਹਾਲ ਕਰਨਾ ਸੀ ।ਭਾਰਤ ਮਾਤਾ, ਦਾ ਸੰਕਲਪ ਵੀ ਦੇਵੀ ਪੂਜ ਹਿੰਦੂ ਬਿਰਤੀ ਤੇ ਪ੍ਰੰਪਰਾ ਦੀ ਤਰਜਮਾਨੀ ਕਰਦਾ ਹੈ। ਇਸ ਕਰਕੇ ਇਹ ਬੁੱਤ-ਪ੍ਰਸਤ ਹਿੰਦੂ ਸਮਾਜ ਲਈ ਤਾਂ ਪਵਿੱਤਰ ਹੋ ਸਕਦਾ ਹੈ, ਪਰ ਖ਼ੁਦਾ-ਪ੍ਰਸਤ ਮੁਸਲਿਮ ਭਾਈਚਾਰਾ ਇਸ ਹਿੰਦੂ ਸੰਕਲਪ ਦਾ ਧਾਰਨੀ ਕਦਾਚਿਤ ਨਹੀਂ ਹੋ ਸਕਦਾ ।

ਸੋ ਲਾਲਾ ਹਰਦਿਆਲ ਵੱਲੋਂ ਤੈਅ ਕੀਤੇ ਗਏ ਇਹ ਹਿੰਦੂ ਰੰਗਤ ਵਾਲੇ ਨਾਅਰੇ ਤੇ ਸੰਕਲਪ ਮੁਸਲਮਾਨ ਭਾਈਚਾਰਾ ਕਿਵੇਂ ਪ੍ਰਵਾਨ ਕਰ ਸਕਦਾ ਸੀ ? ਗ਼ਦਰੀ ਸਿੱਖਾਂ ਨੇ ਇਹ ਨਾਅਰੇ ਤੇ ਸੰਕਲਪ ਕਿਹੜੇ ਹਾਲਾਤਾਂ ਤੇ ਕਾਰਨਾਂ ਅਧੀਨ ਪ੍ਰਵਾਨ ਕਰ ਲਏ ਸਨ ਅਤੇ ਇਹਨਾਂ ਸਦਕਾ ਲਹਿਰ ਅੰਦਰ ਕਿਹੋ ਜਿਹੇ ਸਿਧਾਂਤਕ ਵੱਜ ਪਏ, ਇਹ ਇਕ ਡੂੰਘੇ ਵਿਸ਼ਲੇਸ਼ਣ ਦਾ ਮਸਲਾ ਹੈ।

# ਉੱਤਰਾਖੰਡ ਦੇ ਗਲੇਸ਼ੀਅਰਾਂ ਦੇ ਪਿਘਲਣ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾ ਕਿਵੇਂ ਹੋਵੇ?



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਵਾਡੀਆ ਇਨਸਟੀਚਿਊਟ ਆਫ਼ ਹਿਮਾਲਿਅਨ ਜਿਓਲੋਜੀ, ਦੇਹਰਾਦੂਨ ਦੇ ਵਿਗਿਆਨੀਆਂ ਦੇ ਇੱਕ ਅਧਿਐਨ ਅਨੁਸਾਰ ਗਲੋਬਲ ਵਾਰਮਿੰਗ, ਗਰੀਨ ਹਾਊਸ ਗੈਸਾਂ ਅਤੇ ਬਲੈਕ ਕਾਰਬਨ ਦੀ ਵਧਦੀ ਨਿਕਾਸੀ ਕਾਰਨ ਉੱਤਰਾਖੰਡ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਅਧਿਐਨ ਅਨੁਸਾਰ ਹਿਮਾਲਿਅਨ ਖੇਤਰ ਵਿੱਚ ਕੁੱਲ 9575 ਗਲੇਸ਼ੀਅਰ ਹਨ ਜਿਨ੍ਹਾਂ ਵਿੱਚੋਂ 900 ਗਲੇਸ਼ੀਅਰ ਉੱਤਰਾਖੰਡ ਵਿੱਚ ਹਨ। ਉੱਤਰਾਖੰਡ ਦੇ ਗੰਗੋਤਰੀ, ਸਤੋਪੰਥ, ਭਾਗੀਰਥੀ ਅਤੇ ਰਾਏਖਾਨਾ ਆਦਿ ਵੱਡੇ ਗਲੇਸ਼ੀਅਰਾਂ ਦੇ ਪਿਘਲਣ ਦੀ ਗਿਣਤੀ ਜ਼ਿਆਦਾ ਤੇਜ਼ ਹੈ। ਗਲੇਸ਼ੀਅਰਾਂ ਦਾ ਪਿਘਲਣਾ ਭਾਵੇਂ ਇੱਕ ਕੁਦਰਤੀ ਵਰਤਾਰਾ ਹੈ, ਪਰ ਜਿੰਨੀ ਤੇਜ਼ ਰਫ਼ਤਾਰ ਨਾਲ ਉੱਤਰਾਖੰਡ ਦੇ ਗਲੇਸ਼ੀਅਰ ਪਿਘਲ ਰਹੇ ਹਨ ਉਹ ਚਿੰਤਾਜਨਕ ਹੈ। ਇਸ ਵਰਤਾਰੇ ਨਾਲ ਭਾਰਤ ਨੂੰ ਕਈ ਤਰ੍ਹਾਂ ਦੀਆਂ ਸਮਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅੱਜਕੱਲ੍ਹ ਹਰ ਵਿਅਕਤੀ ਇਸ ਤੱਥ ਤੋਂ ਭਲੀਭਾਂਤੀ ਜਾਣੂ ਹੈ ਕਿ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। 2023 ਦਾ ਸਾਲ ਹੁਣ ਤੱਕ ਸਭ ਤੋਂ ਗਰਮ ਰਿਕਾਰਡ ਕੀਤਾ ਗਿਆ ਸਾਲ ਹੈ। ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸੰਸਥਾ ਅਨੁਸਾਰ 2023 ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.48 ਡਿਗਰੀ ਸੈਲਸੀਅਸ ਵੱਧ ਆਂਕਿਆ ਗਿਆ ਹੈ। ਅਮਰੀਕਾ ਦੀ ਨੈਸ਼ਨਲ ਓਸ਼ਨਿਕ ਐਂਡ ਐਟਮੋਸਫਿਰਿਕ ਐਡਮਨਿਸਟੇਰੇਸ਼ਨ (ਨੌਆ) ਅਤੇ ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸੰਸਥਾ ਅਨੁਸਾਰ 2023 ਦੇ ਜੂਨ ਮਹੀਨੇ ਤੋਂ ਲੈ ਕੇ ਅਗਸਤ 2024 ਤੱਕ ਦੇ ਮਹੀਨਿਆਂ ਦੇ ਤਾਪਮਾਨ ਨੇ ਲਗਾਤਾਰਤਾ ਵਿੱਚ ਪਿਛਲੇ ਸਾਰੇ ਰਿਕਾਰਡ ਤੋੜਦੇ ਹੋਏ ਨਵੇਂ ਰਿਕਾਰਡ ਕਾਇਮ ਕੀਤੇ ਹਨ।

ਇਸ ਸਾਲ (2024) ਵਿੱਚ ਭਾਰਤ ਦੇ ਪੰਜਾਬ, ਹਰਿਆਣਾ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਅਤੇ ਦਿੱਲੀ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਤਾਪਮਾਨ 15 ਮਈ ਤੋਂ 18 ਜੂਨ ਤੱਕ 40 ਡਿਗਰੀ ਸੈਲਸੀਅਸ ਤੱਕ ਜਾਂ ਉਸ ਤੋਂ ਉੱਤੇ ਵੀ ਰਿਕਾਰਡ ਕੀਤਾ ਗਿਆ ਹੈ। ਤਾਪਮਾਨ ਵਿੱਚ ਵਾਧੇ ਦੇ ਨਾਲ ਨਾਲ ਇਸ ਸਾਲ ਉੱਤਰਾਖੰਡ ਵਿੱਚ ਵੀ 29 ਮਈ ਤੋਂ 19 ਜੂਨ ਤੱਕ ਗਰਮ ਲਹਿਰਾਂ ਦਾ ਪ੍ਰਕੋਪ ਜਾਰੀ ਰਿਹਾ ਹੈ। ਇਨ੍ਹਾਂ ਦਿਨਾਂ ਵਿੱਚ ਇੱਥੇ ਤਾਪਮਾਨ 40 ਡਿਗਰੀ ਤੋਂ 44 ਡਿਗਰੀ ਸੈਲਸੀਅਸ ਤੱਕ ਰਿਹਾ ਹੈ।

ਗਲੇਸ਼ੀਅਰਾਂ ਦੇ ਪਿਘਲਣ ਦਾ ਮੁੱਖ ਕਾਰਨ ਸਿੱਧੇ ਤੌਰ ਉੱਤੇ ਤਾਪਮਾਨ ਦੇ ਵਾਧੇ ਨਾਲ ਜੁੜਿਆ ਹੋਇਆ ਹੈ। ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਕਾਰਨ ਕੁਦਰਤੀ ਆਫ਼ਤਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਕੁਦਰਤੀ ਆਫ਼ਤਾਂ ਵਿੱਚ ਬੱਦਲ ਦਾ ਫਟਣਾ, ਥੋੜ੍ਹੇ ਸਮੇਂ ਵਿੱਚ ਜ਼ਿਆਦਾ ਮੀਂਹ ਪੈਣਾ, ਅਸਮਾਨੀ ਬਿਜਲੀ ਦਾ ਗਿਰਨਾ, ਗਲੇਸ਼ੀਅਲ ਝੀਲਾਂ ਦਾ ਫਟਣਾ, ਗਰਮ ਅਤੇ ਸਰਦ ਲਹਿਰਾਂ ਵਿੱਚ ਵਾਧਾ ਹੋਣਾ, ਪਹਾੜਾਂ ਦਾ ਖਿਸਕਣਾ ਆਦਿ ਸ਼ਾਮਲ ਹਨ।

ਉੱਤਰਾਖੰਡ ਵਿੱਚ 2013 ਵਿੱਚ ਕੇਦਾਰਨਾਥ ਵਿੱਚ ਬੱਦਲ ਦੇ ਫੱਟਣ ਨਾਲ ਭਿਆਨਕ ਹੜ੍ਹ ਆਇਆ ਸੀ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਸਥਾਨਕ ਲੋਕ ਅਤੇ ਸ਼ਰਧਾਲੂ ਮਾਰੇ ਗਏ ਅਤੇ ਲੱਖਾਂ ਸ਼ਰਧਾਲੂ ਕਈ ਦਿਨ ਖੱਜਲ-ਖੁਆਰ ਹੁੰਦੇ ਰਹੇ ਸਨ। ਇਸ ਘਟਨਾ ਵਿੱਚ ਪਹਾੜਾਂ ਦੇ ਖਿਸਕਣ ਕਾਰਨ ਉੱਤਰਾਖੰਡ ਦੇ ਕਈ ਪਿੰਡ ਆਪਣੀ ਥਾਂ ਤੋਂ ਖਿਸਕ ਕੇ ਕਈ ਕਿਲੋਮੀਟਰ ਥੱਲੇ ਚਲੇ ਗਏ ਸਨ।

ਉੱਤਰਾਖੰਡ ਦੇ 900 ਪਿਘਲਦੇ ਗਲੇਸ਼ੀਅਰ ਕਿੰਨਾ ਜ਼ਿਆਦਾ ਨੁਕਸਾਨ ਪਹੁੰਚਾ ਸਕਦੇ ਹਨ ਇਸ ਦਾ ਅੰਦਾਜ਼ਾ 2023 ਵਿੱਚ ਸਿੱਕਮ ਦੀ ਗਲੇਸ਼ੀਅਲ ਲਹੋਨੈੱਕ ਝੀਲ ਦੇ ਫਟਣ ਤੋਂ ਹੋਏ ਨੁਕਸਾਨ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਲਹੋਨੈੱਕ ਗਲੇਸ਼ੀਅਲ ਝੀਲ ਦੇ ਫਟਣ ਕਾਰਨ 200 ਤੋਂ ਉੱਤੇ ਵਿਅਕਤੀਆਂ ਦੀ ਮੌਤ ਹੋ ਗਈ ਸੀ। ਤਿਸਤਾ ਨਦੀ ਉੱਤੇ ਲੱਗਿਆ ਤਿਸਤਾ ਡੈਮ-ਜ਼ਜ਼ਜ਼ ਅਤੇ ਨਦੀ ਉੱਤੇ ਲੱਗੇ ਸਾਰੇ ਪੁੱਲ ਹੜ੍ਹ ਗਏ ਸਨ। ਸਿੱਕਮ ਦੇ ਚਾਰ ਜ਼ਿਲ੍ਹਿਆਂ ਦੇ 80,000 ਲੋਕਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਸੀ।



ਵਿਗਿਆਨੀਆਂ ਨੇ ਉੱਤਰਾਖੰਡ ਦੇ ਗਲੇਸ਼ੀਅਰਾਂ ਦੇ ਪਿਘਲਣ ਦੇ ਮੁੱਖ ਕਾਰਨ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ, ਗਰੀਨਹਾਊਸ ਗੈਸਾਂ ਦੀ ਵਧ ਰਹੀ ਨਿਕਾਸੀ ਅਤੇ ਬਲੈਕ ਕਾਰਬਨ ਨੂੰ ਮੰਨਿਆ ਹੈ, ਪਰ ਤਾਪਮਾਨ ਦੇ ਵਾਧੇ ਲਈ ਉੱਤਰਾਖੰਡ ਦਾ ਆਰਥਿਕ ਵਿਕਾਸ ਮਾਡਲ ਵੀ ਜ਼ਿੰਮੇਵਾਰ ਹੈ।

ਆਰਥਿਕ ਵਿਕਾਸ ਲਈ ਉੱਤਰਾਖੰਡ ਵਿੱਚ ਸੈਰ-ਸਪਾਟਾ ਵਧਾਉਣ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਲਈ ਚਾਰ-ਮਾਰਗੀ ਸੜਕਾਂ ਦਾ ਨਿਰਮਾਣ, ਪਣ-ਬਿਜਲੀ ਪੈਦਾ ਕਰਨ ਲਈ ਦਰਿਆਵਾਂ ਉੱਤੇ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਡੈਮਾਂ ਦਾ ਨਿਰਮਾਣ ਆਦਿ ਲਈ ਜੰਗਲਾਂ ਦੀ ਅੰਧਾਧੁੰਦ ਕਟਾਈ ਹੋਈ ਹੈ। ਇਸ ਅਖੌਤੀ ਵਿਕਾਸ ਲਈ ਇੱਥੋਂ ਦੀ ਰਾਜ ਸਰਕਾਰ ਵਾਤਾਵਰਨ ਨਿਯਮਾਂ ਦੀ ਇੱਕ ਸਿਰੇ ਤੋਂ ਅਣਦੇਖੀ ਕਰ ਰਹੀ ਹੈ। ਦਰਖ਼ਤਾਂ ਦੀ ਅਣਹੋਂਦ ਕਾਰਨ ਵੀ ਉੱਤਰਾਖੰਡ ਰਾਜ ਦਾ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ।

ਸੈਰ-ਸਪਾਟਾ ਵਧਾਉਣ ਅਤੇ ਧਾਰਮਿਕ ਸਥਾਨਾਂ ਤੱਕ ਆਮ ਲੋਕਾਂ ਦੀ ਪਹੁੰਚ ਬਣਾਉਣ ਲਈ ਉੱਤਰਾਖੰਡ ਵਿੱਚ ਤੇਜ਼ੀ ਨਾਲ ਸੜਕਾਂ ਦਾ ਨਿਰਮਾਣ ਹੋ ਰਿਹਾ ਹੈ। ਗੰਗੋਤਰੀ, ਯਮਨੋਤਰੀ, ਬਦਰੀਨਾਥ ਅਤੇ ਕੇਦਾਰਨਾਥ ਧਾਮਾਂ ਨੂੰ ਜੋੜਨ ਲਈ ਜਿਹੜੀ ਆਲ-ਵੈਦਰ ਚਾਰ-ਮਾਰਗੀ ਸੜਕ ਬਣਾਈ ਜਾ ਰਹੀ ਹੈ ਉਸ ਦਾ 900 ਕਿਲੋਮੀਟਰ ਦਾ ਹਿੱਸਾ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿੱਚੋਂ ਲੰਘਦਾ ਹੈ। ਇਸ ਹਿੱਸੇ ਨੂੰ ਬਣਾਉਣ ਲਈ ਵਾਤਾਵਰਨ ਨਿਯਮਾਂ ਨੂੰ ਅੱਖੋਂ-ਪਰੋਖੇ ਕਰਦਿਆਂ ਇਸ ਨੂੰ 58 ਹਿੱਸਿਆਂ ਵਿੱਚ ਵੰਡ ਕੇ ਬਣਾਇਆ ਜਾ ਰਿਹਾ ਹੈ। ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿੱਚ ਬਣਨ ਵਾਲੀ ਸੜਕ ਲਈ ਵੀ ਪਹਾੜਾਂ ਨੂੰ ਵਿਸਫੋਟਕ ਸਮੱਗਰੀ ਨਾਲ ਉਡਾਇਆ ਜਾ ਰਿਹਾ ਹੈ ਜਿਸ ਕਾਰਨ ਤਾਪਮਾਨ ਵਿੱਚ ਵਾਧਾ ਹੋਣਾ ਸੁਭਾਵਿਕ ਹੈ। ਸੜਕਾਂ ਬਣਾਉਣ ਲਈ ਭਾਰੀ ਮਸ਼ੀਨਰੀ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ। ਇਸ ਮਸ਼ੀਨਰੀ ਲਈ ਜਿਹੜਾ ਬਾਲਣ ਵਰਤਿਆ ਜਾਂਦਾ ਹੈ ਉਹ ਆਮ ਤੌਰ ਉੱਤੇ ਡੀਜ਼ਲ ਹੁੰਦਾ ਹੈ। ਡੀਜ਼ਲ ਭਾਰੀ ਮਾਤਰਾ ਵਿੱਚ ਬਲੈਕ ਕਾਰਬਨ ਦੀ ਨਿਕਾਸੀ ਕਰਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦੇ ਨਾਲ ਨਾਲ ਤਾਪਮਾਨ ਵਿੱਚ ਵੀ ਵਾਧਾ ਕਰਦਾ ਹੈ।

ਸੜਕਾਂ ਦੀ ਜਾਲ ਵਿਛਣ ਕਰਕੇ ਉੱਤਰਾਖੰਡ ਰਾਜ ਵਿੱਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਗਿਣਤੀ ਵੀ ਹਰ ਸਾਲ ਵਧਦੀ ਜਾ ਰਹੀ ਹੈ। ਸ਼ਰਧਾਲੂਆਂ ਅਤੇ ਸੈਲਾਨੀਆਂ ਦੇ ਰਹਿਣ ਅਤੇ ਖਾਣ-ਪੀਣ ਦੀ ਵਿਵਸਥਾ ਲਈ ਵੀ ਜੰਗਲਾਂ ਨੂੰ ਕੱਟ ਕੇ ਹੋਟਲ, ਮੋਟਲ, ਢਾਬੇ ਆਦਿ ਬਣਾਏ ਗਏ ਹਨ। ਇਸ ਤਰ੍ਹਾਂ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਵਧਦੀ ਗਿਣਤੀ, ਹੋਟਲ, ਮੋਟਲ ਅਤੇ ਢਾਬਿਆਂ ਵਿੱਚ ਕੰਮ ਕਰਨ ਵਾਲਿਆਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਖਾਣ-ਪੀਣ ਲਈ ਭੋਜਨ ਬਣਾਉਣ ਲਈ ਵਰਤਿਆ ਜਾ ਰਿਹਾ ਬਾਲਣ ਵੀ ਤਾਪਮਾਨ ਦੇ ਵਾਧੇ ਲਈ ਕਿਸੇ ਹੱਦ ਤੱਕ ਜ਼ਿੰਮੇਵਾਰ ਹਨ।

ਦਰਿਆਵਾਂ ਉੱਤੇ ਲੱਗੇ ਪਣ-ਬਿਜਲੀ ਪ੍ਰੋਜੈਕਟ ਅਤੇ ਨਵੇਂ ਬਣ ਰਹੇ ਪ੍ਰੋਜੈਕਟ ਵੀ ਤਾਪਮਾਨ ਵਿੱਚ ਵਾਧਾ ਕਰ ਰਹੇ ਹਨ। ਪ੍ਰੋਜੈਕਟ ਲਗਾਉਣ ਲਈ ਵਰਤੀ ਜਾ ਮਸ਼ੀਨਰੀ ਅਤੇ ਪਹਾੜਾਂ ਨੂੰ ਤੋੜਨ ਲਈ ਵਰਤੀ ਜਾ ਵਿਸਫੋਟਕ ਸਮੱਗਰੀ ਵੀ ਵਾਤਾਵਰਨ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਗੈਸਾਂ ਛੱਡ ਕੇ ਇਸ ਨੂੰ ਗਰਮਾ ਰਹੀ ਹੈ।

ਓਕ ਅਤੇ ਦਿਓਦਾਰ ਵਰਗੇ ਸਥਾਨਕ ਦਰਖ਼ਤਾਂ ਦੀ ਥਾਂ ਉੱਤੇ ਵਪਾਰਕ ਦ੍ਰਿਸ਼ਟੀ ਤੋਂ ਫ਼ਾਇਦੇ ਵਾਲੇ ਦਰਖ਼ਤ ਜਿਵੇਂ ਚੀਲ ਆਦਿ ਵੀ ਤਾਪਮਾਨ ਵਿੱਚ ਵਾਧੇ ਲਈ ਜ਼ਿੰਮੇਵਾਰ ਹਨ। ਚੀਲ ਦੇ ਦਰਖ਼ਤਾਂ ਵਿੱਚ ਜਲਣਸ਼ੀਲ ਮਾਦਾ ਹੁੰਦਾ ਹੈ ਜਿਸ ਨੂੰ ਛੇਤੀ ਅੱਗ ਲੱਗ ਜਾਂਦੀ ਹੈ। ਨਵੰਬਰ 2023 ਤੋਂ ਜੂਨ 2024 ਤੱਕ ਉੱਤਰਾਖੰਡ ਵਿੱਚ ਜੰਗਲਾਂ ਨੂੰ ਅੱਗ ਲੱਗਣ ਦੀਆਂ 11,256 ਘਟਨਾਵਾਂ ਇੱਥੋਂ ਦੇ 13 ਵਿੱਚੋਂ 11 ਜ਼ਿਲ੍ਹਿਆਂ ਵਿੱਚ ਵਾਪਰੀਆਂ ਸਨ। ਭਾਵੇਂ ਗਲੇਸ਼ੀਅਰਾਂ ਦਾ ਪਿਘਲਣਾ ਕੁਦਰਤੀ ਆਫ਼ਤਾਂ ਦਾ ਇੱਕ ਹਿੱਸਾ ਹੈ, ਪਰ ਇਸ ਦੇ ਨਾਲ ਨਾਲ ਇਹ ਵੀ ਦੇਖਣਾ ਬਣਦਾ ਹੈ ਕਿ ਗਲੇਸ਼ੀਅਰ ਦੇ ਪਿਘਲਣ ਨਾਲ ਭਾਰਤ ਨੂੰ ਕੀ ਨੁਕਸਾਨ ਹੋ ਸਕਦਾ ਹੈ।

ਜੇਕਰ ਗਲੇਸ਼ੀਅਰ ਤੇਜ਼ੀ ਨਾਲ ਪਿਘਲਦੇ ਹਨ ਤਾਂ ਪਹਿਲਾਂ-ਪਹਿਲ ਦਰਿਆਵਾਂ ਵਿੱਚ ਜ਼ਿਆਦਾ ਪਾਣੀ ਆਉਣ ਨਾਲ ਮੈਦਾਨੀ ਇਲਾਕਿਆਂ ਵਿੱਚ ਹੜ੍ਹ ਆਉਣ ਦੀਆਂ ਘਟਨਾਵਾਂ ਵਿੱਚ ਕਈ ਗੁਣਾ ਵਾਧਾ ਹੋ ਜਾਵੇਗਾ। ਲੋਕ ਘਰੋਂ-ਬੇਘਰ ਹੋ ਜਾਣਗੇ, ਫ਼ਸਲਾਂ ਬਰਬਾਦ ਹੋ ਜਾਣਗੀਆਂ ਅਤੇ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋਵੇਗਾ। ਫ਼ਸਲਾਂ ਦੇ ਤਬਾਹ ਹੋਣ ਨਾਲ ਅਨਾਜ ਦੀ ਥੁੜ੍ਹ ਪੈਦਾ ਹੋ ਜਾਵੇਗੀ ਅਤੇ ਭਾਰਤ ਵਿੱਚ, ਜੋ ਦੁਨੀਆ ਦਾ ਸਭ ਤੋਂ ਆਬਾਦੀ ਵਾਲਾ ਦੇਸ ਹੈ, ਖਾਧ ਪਦਾਰਥਾਂ ਦੀ ਥੁੜ੍ਹ ਪੈਦਾ ਹੋ ਜਾਵੇਗੀ। ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਤੋਂ ਬਾਅਦ ਜਦੋਂ ਹੌਲੀ ਹੌਲੀ ਬਰਫ਼ ਦੇ ਭੰਡਾਰ ਖ਼ਤਮ ਹੋਣ ਲੱਗ ਜਾਣਗੇ; ਤਾਂ ਇੱਕ ਸਮਾਂ ਅਜਿਹਾ ਆਵੇਗਾ ਜਦੋਂ ਦਰਿਆਵਾਂ ਵਿੱਚ ਪਾਣੀ ਘਟ ਜਾਵੇਗਾ ਜਿਸ ਦੇ ਨਤੀਜੇ ਵਜੋਂ ਦੇਸ ਵਿੱਚ ਪਾਣੀ ਦੀ ਕਮੀ ਹੋ ਜਾਵੇਗੀ। ਪਾਣੀ ਦੀ ਥੁੜ੍ਹ ਕਾਰਨ ਸੋਕੇ ਵਰਗੇ ਹਾਲਤ ਪੈਦਾ ਹੋ ਜਾਣਗੇ ਅਤੇ ਅਨਾਜ ਦੀ ਪੈਦਾਵਾਰ ਵਿੱਚ ਵੱਡੀ ਘਾਟ ਆਵੇਗੀ ਜਿਸ ਦੇ ਨਤੀਜੇ ਵਜੋਂ ਅਕਾਲ ਪੈਣ ਵਰਗੀ ਸਥਿਤੀ ਵੀ ਆ ਸਕਦੀ ਹੈ। ਪਾਣੀ ਅਤੇ ਅਨਾਜ ਦੀ ਕਮੀ ਦੇ ਨਾਲ ਨਾਲ ਊਰਜਾ (ਬਿਜਲੀ) ਦਾ ਸੰਕਟ ਵੀ ਪੈਦਾ ਹੋ ਸਕਦਾ ਹੈ।

ਦਰਿਆਵਾਂ ਵਿੱਚ ਪਾਣੀ ਦੇ ਘਟਣ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵਾਂ ਦੀ ਗਿਣਤੀ ਵੀ ਪਾਣੀ ਦੀ ਦਰਿਆਵਾਂ ਵਿੱਚ ਘਟ ਰਹੀ ਮਾਤਰਾ ਦੇ ਅਨੁਪਾਤ ਵਿੱਚ ਘਟ ਜਾਵੇਗੀ। ਪਾਣੀ ਵਿੱਚ ਰਹਿਣ ਵਾਲੇ ਜੈਵਿਕਾਂ ਦੀ ਗਿਣਤੀ ਘਟਣ ਕਾਰਨ ਦਰਿਆਵਾਂ ਕਿਨਾਰੇ ਰਹਿਣ ਵਾਲੇ ਲੋਕ ਜਿਨ੍ਹਾਂ ਦੀ ਰੋਜ਼ੀ-ਰੋਟੀ ਇਨ੍ਹਾਂ ਜੈਵਿਕਾਂ ਉੱਤੇ ਨਿਰਭਰ ਹੈ ਉਹ ਖਾਧ-ਪਦਾਰਥਾਂ ਦੀ ਥੁੜ੍ਹ ਅਤੇ ਬੇਰੁਜ਼ਗਾਰੀ ਦੀ ਮਾਰ ਝੱਲਣ ਲਈ ਮਜ਼ਬੂਰ ਹੋ ਜਾਣਗੇ।

ਭਾਰਤ ਦੇ ਤਿੰਨ ਪਾਸੇ ਸਮੁੰਦਰ ਲੱਗਦਾ ਹੈ, ਗਲੇਸ਼ੀਅਰਾਂ ਦੇ ਪਿਘਲਣ ਕਾਰਨ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਦੇਸ ਦੇ ਤੱਟਵਰਤੀ ਰਾਜਾਂ ਅਤੇ ਕੇਂਦਰੀ ਸ਼ਾਸ਼ਤ ਰਾਜਾਂ ਦੇ ਜਿਹੜੇ ਖੇਤਰ ਸਮੁੰਦਰ ਦੇ ਕਿਨਾਰਿਆਂ ਨਾਲ ਲਗਦੇ ਹਨ ਉਨ੍ਹਾਂ ਦਾ ਵੱਡਾ ਹਿੱਸਾ ਸਮੁੰਦਰ ਵਿੱਚ ਸਮਾ ਜਾਵੇਗਾ। ਸਮੁੰਦਰ ਦੇ ਜਲ ਪੱਧਰ ਦੇ ਉੱਚਾ ਹੋਣ ਕਾਰਨ ਸਮੁੰਦਰੀ ਆਫ਼ਤਾਂ ਦੀ ਆਮਦ ਦੀ ਗਿਣਤੀ ਵਿੱਚ ਵੀ ਵਾਧਾ ਹੋ ਜਾਵੇਗਾ।

ਗਲੇਸ਼ੀਅਰਾਂ ਨੂੰ ਪਿਘਲਣ ਤੋਂ ਰੋਕਣਾ ਭਾਵੇਂ ਅਜੋਕੀ ਹਾਲਤ ਵਿੱਚ ਸੰਭਵ ਨਹੀਂ ਹੈ, ਪਰ ਇਨ੍ਹਾਂ ਦੇ ਪਿਘਲਣ ਦੀ ਰਫ਼ਤਾਰ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਭਾਵੇਂ ਗਲੇਸ਼ੀਅਰਾਂ ਦੇ ਪਿਘਲਣ ਦੀ ਸਮੱਸਿਆ ਸਿੱਧੇ ਤੌਰ ਉੱਤੇ ਤਾਪਮਾਨ ਦੇ ਵਾਧੇ ਨਾਲ ਸੰਬੰਧਿਤ ਹੈ, ਪਰ ਉੱਤਰਾਖੰਡ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਵਿੱਚ ਅਜਿਹੀਆਂ ਗਤੀਵਿਧੀਆਂ ਕਰਨ ਤੋਂ ਗੁਰੇਜ਼ ਕਰੇ ਜੋ ਸਥਾਨਕ ਤਾਪਮਾਨ ਵਿੱਚ ਵਾਧਾ ਕਰਦੀਆਂ ਹਨ। ਰਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਆਰਥਿਕ ਵਿਕਾਸ ਦੇ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਸ ਖੇਤਰ ਦੀ ਭੂਗੋਲਿਕ ਸਥਿਤੀ ਦੀ ਭੂ-ਵਿਗਿਆਨੀਆਂ ਤੋਂ ਜਾਂਚ ਕਰਾਵੇ, ਗਲੇਸ਼ੀਅਰਾਂ ਅਤੇ ਦਰਿਆਵਾਂ ਦੇ ਸਰੋਤਾਂ ਦੀ ਨਿਗਰਾਨੀ ਰੱਖੇ ਅਤੇ ਕੁਦਰਤੀ ਸਰੋਤਾਂ ਨਾਲ ਘੱਟ ਤੋਂ ਘੱਟ ਛੇੜਛਾੜ ਕਰੇ। ਪਹਾੜੀ ਖੇਤਰਾਂ ਵਿੱਚ ਸੜਕਾਂ ਉੰਨੀਆਂ ਹੀ ਚੌੜੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ ਜਿੰਨੀਆਂ ਦੀ ਉੱਥੇ ਲੋੜ ਹੈ ਅਤੇ ਜਿਸ ਨਾਲ ਉੱਥੋਂ ਦੇ ਵਾਤਾਵਰਨ ਨੂੰ ਕੋਈ ਨੁਕਸਾਨ ਨਾ ਪਹੁੰਚੇ। ਦਰਿਆਵਾਂ ਉੱਤੇ ਡੈਮ ਵੀ ਉਨ੍ਹਾਂ ਦੀ ਸਮਰੱਥਾ ਦੇ ਅਨੁਸਾਰ ਹੀ ਬਣਾਉਣੇ ਚਾਹੀਦੇ ਹਨ।

ਪਹਾੜੀ ਇਲਾਕੇ ਵਿੱਚ ਉਸਾਰੀ ਕਰਨ ਵੇਲੇ ਵਿਸਫੋਟਕ ਸਮੱਗਰੀ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਵਿਸਫੋਟਕ ਸਮੱਗਰੀ ਵਾਤਾਵਰਨ ਨੂੰ ਗਰਮਾਉਂਦੀ ਹੈ। ਜੰਗਲਾਂ ਦੀ ਕਟਾਈ ਸਮੇਂ ਵੀ ਧਿਆਨ ਰੱਖਣਾ ਚਾਹੀਦਾ ਹੈ। ਜੰਗਲਾਂ ਦੀ ਕਟਾਈ ਤੋਂ ਬਾਅਦ ਨਵੇਂ ਦਰਖ਼ਤ ਸਥਾਨਕ ਕਿਸਮਾਂ ਦੇ ਹੀ ਲਗਾਉਣੇ ਚਾਹੀਦੇ ਹਨ ਤਾਂ ਕਿ ਉਹ ਵਾਤਾਵਰਨ ਕੋਈ ਨੁਕਸਾਨ ਨਾ ਪਹੁੰਚਾਉਣ। ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿੱਚ ਕਿਸੇ ਵੀ ਉਸਾਰੀ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਸੈਰ-ਸਪਾਟਾ ਵਿਭਾਗ ਦੇ ਅਧਿਕਾਰੀਆਂ ਨੂੰ ਸੈਲਾਨੀਆਂ ਦੀ ਗਿਣਤੀ ਨਿਸ਼ਚਤ ਕਰ ਦੇਣੀ ਚਾਹੀਦੀ ਹੈ ਤਾਂ ਕਿ ਕਿਸੇ ਵੀ ਗਤੀਵਿਧੀ ਨਾਲ ਸਥਾਨਕ ਤਾਪਮਾਨ ਵਿੱਚ ਵਾਧਾ ਨਾ ਹੋਵੇ।

# ਨਵੀਂਆਂ ਰਾਹਵਾਂ ਦੇ ਮੁਸਾਫ਼ਰ

ਡਾ. ਨਿਸ਼ਾਨ ਸਿੰਘ ਰਾਠੌਰ



ਰਾਹਵਾਂ ਦਾ ਕੰਮ ਮਨੁੱਖ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣਾ ਹੁੰਦਾ ਹੈ। ਇਸ ਲਈ ਆਸਾਨ ਰਾਹਵਾਂ ਨੇ ਸਦਾ ਹੀ ਮਨੁੱਖ ਨੂੰ ਆਪਣੇ ਵੱਲ ਖਿੱਚਿਆ ਹੈ / ਆਕ੍ਰਸ਼ਿਤ ਕੀਤਾ ਹੈ। ਮਨੁੱਖ ਅਤੇ ਰਾਹ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਖ਼ੇਤਰ ਕੋਈ ਵੀ ਹੋਵੇ; ਰਾਹ ਅਤੇ ਰਾਹ-ਦਸੇਰੇ ਦੀ ਜ਼ਰੂਰਤ ਹਮੇਸ਼ਾ ਹੁੰਦੀ ਹੈ। ਇਸੇ ਲਈ ਰਾਹਵਾਂ ਦੀ ਮਹੱਤਤਾ ਨੂੰ ਅੱਖੋਂ- ਪਰੋਖ਼ੇ ਨਹੀਂ ਕੀਤਾ ਜਾ ਸਕਦਾ।

ਸਿਆਣਿਆਂ ਦਾ ਕਥਨ ਹੈ ਕਿ 'ਨਵੀਂਆਂ ਰਾਹਵਾਂ ਦੇ ਮੁਸਾਫ਼ਰ' ਲੋਕ ਆਪਣੀ ਜ਼ਿੰਦਗੀ ਵਿੱਚ ਕਦੇ ਹਾਰ ਨਹੀਂ ਮੰਨਦੇ। ਅਜਿਹੇ ਲੋਕ ਤਾ-ਉਮਰ ਨਵੀਂਆਂ ਚੀਜ਼ਾਂ ਨੂੰ ਗ੍ਰਹਿਣ ਕਰਦੇ ਰਹਿੰਦੇ ਹਨ / ਸਿੱਖਦੇ ਰਹਿੰਦੇ ਹਨ। ਇਹਨਾਂ ਲੋਕਾਂ ਵਿੱਚ ਨਵ-ਉਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਜਿਹੇ ਰਾਹਵਾਂ ਦੇ ਮੁਸਾਫ਼ਰ ਲੋਕ ਹੀ ਸਮਾਜ ਵਿੱਚ ਰਹਿੰਦੇ ਆਮ ਲੋਕਾਂ ਲਈ ਰਾਹ-ਦਸੇਰੇ ਬਣਦੇ ਹਨ/ ਲੋਕਾਂ ਲਈ ਉਮੀਦ ਦੀ ਕਿਰਨ ਹੁੰਦੇ ਹਨ।

ਅੱਜ ਦੇ ਮਨੁੱਖ ਕੋਲ ਜਿੱਥੇ ਪੈਸਾ, ਸ਼ੋਹਰਤ ਅਤੇ ਸਹੂਲਤਾਂ ਹਨ ਉੱਥੇ ਹੀ ਮਾਨਸਿਕ ਸਕੂਨ ਦੀ ਘਾਟ ਹੈ। ਮਨੁੱਖ ਅਤੇ ਮਸ਼ੀਨ ਵਿੱਚ ਬਹੁਤਾ ਫ਼ਰਕ ਨਹੀਂ ਰਿਹਾ। ਇੱਕੋ ਥਾਵੇਂ ਸਾਲਾਂਬੱਧੀ ਕੰਮ ਕਰਨ ਕਰਕੇ / ਮਨੁੱਖ ਆਪਣੇ ਜੀਵਨ ਵਿੱਚ ਖੜੌਤ ਦਾ ਸ਼ਿਕਾਰ ਹੋ ਗਿਆ ਹੈ। ਅੱਜ ਹਾਲਾਤ ਅਜਿਹੇ ਹਨ ਕਿ ਸਮਾਜ ਵਿੱਚ ਰਹਿੰਦੇ 90 ਫੀਸਦੀ ਲੋਕ ਆਪਣੇ ਨਿੱਤ ਦੇ ਕਾਰ- ਵਿਹਾਰ ਨੂੰ ਬਦਲਣਾ ਚਾਹੁੰਦੇ ਹਨ। ਹਰ ਵਕਤ ਇੱਕੋ ਕੰਮ, ਇੱਕੋ ਰਾਹ ਅਤੇ ਇੱਕੋ ਜਿਹਾ ਕਾਰ- ਵਿਹਾਰ। ਜੀਵਨ ਰੁੱਖਾ ਹੋ ਗਿਆ ਜਾਪਦਾ ਹੈ। ਖ਼ਬਰੇ! ਇਸੇ ਕਰਕੇ ਅੱਜ ਦਾ ਮਨੁੱਖ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਵੱਧ ਹੋ ਰਿਹਾ ਹੈ।

ਗੁਰਮਤਿ ਵਿਚਾਰਧਾਰਾ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਸਾਹਿਬ ਵੀ ਮਨੁੱਖ ਨੂੰ ਵਕਤ ਦੇ ਨਾਲ ਤੁਰਨ ਦੀ ਤਾਕੀਦ ਕਰਦੇ ਹਨ। ਉਹ ਮਨੁੱਖ ਜਿਸਨੇ ਸਮੇਂ ਦੇ ਅਨੁਸਾਰ ਤੁਰਨਾ ਸਿੱਖ ਲਿਆ; ਆਪਣੀ ਜ਼ਿੰਦਗੀ ਵਿੱਚ ਕਦੇ ਮਾਰ ਨਹੀਂ ਖਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਕਿਹਾ ਗਿਆ ਹੈ;
'ਵਖਤੁ ਵੀਚਾਰੇ ਸੁ ਬੰਦਾ ਹੋਇ॥' (ਸ੍ਰੀ ਗ੍ਰੰਥ ਸਾਹਿਬ ਜੀ, ਅੰਗ-83, 84)

ਜਿਹੜੇ ਮਨੁੱਖ ਆਪਣੇ ਜੀਵਨ ਵਿੱਚ ਖੜੌਤ ਦਾ ਸ਼ਿਕਾਰ ਹੋ ਜਾਂਦੇ ਹਨ ਉਹ ਮਨੁੱਖ ਆਪਣੇ ਜੀਵਨ ਵਿੱਚ ਕਦੇ ਅੱਗੇ ਨਹੀਂ ਵੱਧਦੇ। ਜ਼ਿੰਦਗੀ ਵਿੱਚ ਅੱਗੇ ਵੱਧਣ ਜਾਂ ਫਿਰ ਤਰੱਕੀ ਕਰਨ ਲਈ ਤੁਰਨਾ ਪੈਂਦਾ ਹੈ / ਅੱਗੇ ਵੱਧਣਾ ਪੈਂਦਾ ਹੈ / ਫ਼ੈਸਲੇ ਲੈਣੇ ਪੈਂਦੇ ਹਨ ਅਤੇ ਜਿਹੜਾ ਮਨੁੱਖ ਇਹਨਾਂ ਸੁਗਾਤਾਂ ਤੋਂ ਵਾਂਝਾ ਹੈ ਉਹ ਖੜੌਤ ਦਾ ਸ਼ਿਕਾਰ ਹੋ ਜਾਂਦਾ ਹੈ। ਮਾਨਸਿਕ ਵਿਕਾਰਾਂ ਦੇ ਘੇਰੇ ਵਿੱਚ ਆਪਣੇ ਜੀਵਨ ਨੂੰ ਬਰਬਾਦ ਕਰ ਬੈਠਦਾ ਹੈ।

ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੇ ਸ੍ਰੀ ਭਗਵਤ ਗੀਤਾ ਵਿੱਚ ਵੀ ਕਿਹਾ ਗਿਆ ਹੈ;
'ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।'

ਭਾਵ ਬਦਲਾਓ ਵਿੱਚ ਹੀ ਸੰਸਾਰ ਚੱਲਦਾ ਹੈ। ਜੋ ਕੁਝ ਅੱਜ ਸਾਡੇ ਕੋਲ ਹੈ ਉਹ ਬੀਤੇ ਕੱਲ ਕਿਸੇ ਹੋਰ ਕੋਲ ਸੀ ਅਤੇ ਆਉਂਦੇ ਕੱਲ ਕਿਸੇ ਹੋਰ ਕੋਲ ਹੋਵੇਗਾ। ਇਹੀ ਸੰਸਾਰ ਦਾ ਨਿਯਮ ਹੈ / ਕੁਦਰਤ ਦਾ ਨਿਯਮ ਹੈ ਅਤੇ ਜਿਸ ਮਨੁੱਖ ਨੇ ਇਸ ਨਿਯਮ ਨੂੰ ਸਮਝ ਲਿਆ / ਆਪਣੇ ਜੀਵਨ ਵਿੱਚ ਢਾਲ ਲਿਆ ਉਹ ਕਾਮਯਾਬੀ ਦੀਆਂ ਮੰਜ਼ਿਲਾਂ ਨੂੰ ਪ੍ਰਾਪਤ ਕਰ ਲੈਂਦਾ ਹੈ। ਇੱਕੋ ਥਾਵੇਂ ਖੜੇ ਮਨੁੱਖ ਖ਼ਤਮ ਹੋ ਜਾਂਦੇ ਹਨ / ਬਰਬਾਦ ਹੋ ਜਾਂਦੇ ਹਨ। ਪੰਜਾਬੀ ਸਾਹਿਤ ਦਾ ਅਧਿਐਨ ਕਰਦਿਆਂ ਇੱਕ ਸ਼ੇਅਰ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਮਹਿਸੂਸ ਹੁੰਦਾ ਹੈ;
'ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ
ਬਿਨ ਤੁਰੇ ਜੋ ਪਹੁੰਚਣਾ ਚਾਹੁੰਦੇ ਸੀ ਸੜਕਾਂ ਹੋ ਗਏ।' (ਰਬਿੰਦਰ ਮਸਰੂਰ, ਤੁਰਨਾ ਮੁਹਾਨ ਹੈ)

ਰਬਿੰਦਰ ਮਸਰੂਰ ਹੁਰਾਂ ਦੇ ਇਸ ਸ਼ੇਅਰ ਵਿੱਚ ਅੱਜ ਦੇ ਮਨੁੱਖ ਦੇ ਜੀਵਨ ਦੇ ਅਸਲ ਸੱਚ ਨੂੰ ਬਹੁਤ ਸਹਿਜ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਸ਼ਾਇਰ ਕਹਿੰਦਾ ਹੈ ਕਿ ਜੇਕਰ ਉਹ ਸੰਸਾਰ ਦੇ ਲੋਕਾਂ ਦੇ ਨਾਲ ਤੁਰਦਾ ਭਾਵ ਆਪਣੇ ਜੀਵਨ ਵਿੱਚ ਤਬਦੀਲੀ ਲਿਆਉਂਦਾ/ ਉੱਦਮ ਕਰਦਾ ਤਾਂ ਖ਼ਬਰੇ! ਉਹ ਆਪਣੇ ਟੀਚੇ / ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ। ਪਰ! ਦੂਜੇ ਪਾਸੇ ਜਿਹੜੇ ਲੋਕ ਬਿਨਾਂ ਕਿਸੇ ਉੱਦਮ ਤੋਂ ਆਪਣੇ ਜੀਵਨ ਵਿੱਚ ਕਾਮਯਾਬੀ ਚਾਹੁੰਦੇ ਸਨ ਉਹ ਸੜਕਾਂ ਵਾਂਗ ਇੱਕੋ ਥਾਂ 'ਤੇ ਖੜੇ ਰਹੇ ਭਾਵ ਉਹ ਲੋਕ ਕਿਤੇ ਨਹੀਂ ਪਹੁੰਚ ਸਕੇ। ਇਹ ਨਾਕਾਮਯਾਬੀ ਦਾ ਪ੍ਰਤੀਕ ਹੈ।

ਇੱਥੇ ਖ਼ਾਸ ਗੱਲ ਇਹ ਹੈ ਕਿ ਆਪ-ਮੁਹਾਰੇ ਹੋਇਆ ਬਦਲਾਓ ਹਮੇਸ਼ਾ ਦੁੱਖ ਦਾ ਕਾਰਨ ਬਣਦਾ ਹੈ ਅਤੇ ਉੱਦਮ ਸਦਕਾ ਹੋਇਆ ਬਦਲਾਓ ਅਕਸਰ ਸੁੱਖ ਦਾ ਕਾਰਨ ਬਣਦਾ ਹੈ। ਭਾਵ ਜਿਹੜੇ ਮਨੁੱਖ ਖ਼ੁਦ ਫੈਸਲਾ ਕਰਕੇ ਬਦਲਾਓ ਨੂੰ ਅਪਨਾਉਂਦੇ ਹਨ ਉਹ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਹਨਾਂ ਆਪਣੀ 'ਵਿਉਂਤ' ਸਦਕਾ ਬਦਲਾਓ ਸਵੀਕਾਰ ਕੀਤਾ ਹੁੰਦਾ ਹੈ ਪਰ! ਦੂਜੇ ਪਾਸੇ ਆਪ ਮੁਹਾਰੇ ਕਿਸੇ ਬਦਲਾਓ ਦੇ ਗੇੜ ਵਿੱਚ ਆਏ ਮਨੁੱਖ ਨੇ ਕੋਈ ਤਿਆਰੀ / ਵਿਉਂਤਬੰਦੀ ਨਹੀਂ ਕੀਤੀ ਹੁੰਦੀ। ਇਸ ਲਈ ਇਹ ਬਦਲਾਓ ਉਸ ਲਈ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ।

ਇਸ ਤਰ੍ਹਾਂ ਆਖ਼ਰ! ਵਿੱਚ ਕਿਹਾ ਜਾ ਸਕਦਾ ਹੈ ਕਿ ਨਵੀਂਆਂ ਰਾਹਵਾਂ ਦੇ ਮੁਸਾਫ਼ਰ ਲੋਕ ਕਦੇ ਹਾਰ ਨਹੀਂ ਮੰਨਦੇ / ਢੇਰੀ ਨਹੀਂ ਢਾਉਂਦੇ ਬਲਕਿ ਆਪਣੇ ਉੱਦਮ ਸਕਦਾ ਆਮ ਲੋਕਾਂ ਲਈ ਪ੍ਰੇਰਣਾਸਰੋਤ ਬਣਦੇ ਹਨ। ਆਮ ਲੋਕਾਂ ਨੂੰ ਨਵੀਂਆਂ ਰਾਹਵਾਂ ਦੇ ਮੁਸਾਫ਼ਰ ਬਣਨ ਲਈ ਪ੍ਰੇਰਿਤ ਕਰਦੇ ਹਨ ਕਿਉਂਕਿ ਮਨੁੱਖ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਅੱਗੇ ਵੱਧਦਾ ਰਹਿਣਾ ਚਾਹੀਦਾ ਹੈ ਅਤੇ ਸਾਰਥਕ ਬਦਲਾਓ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖਲਾਅ / ਖੜੋਤ ਤੋਂ ਰਹਿਤ ਜੀਵਨ ਬਤੀਤ ਕੀਤਾ ਜਾ ਸਕੇ। ਪਰ! ਇਹ ਹੁੰਦਾ ਕਦੋਂ ਹੈ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

### ਬਰਸੀ 'ਤੇ ਵਿਸ਼ੇਸ਼

# ਜਨਰਲ ਹਰਬਖਸ਼ ਸਿੰਘ ਨੂੰ ਯਾਦ ਕਰਦਿਆਂ



ਡਾ ਚਰਨਜੀਤ ਸਿੰਘ ਗੁਮਟਾਲਾ
0019375739812 ਡੇਟਨ (ਓਹਿਓ), ਯੂ ਐਸ ਏ, 919417533060 ਵਟਸ ਐਪ

ਭਾਰਤ ਦੇ ਇਤਿਹਾਸ ਵਿੱਚ ਜਦ ਵੀ 1965 ਦੀ ਭਾਰਤ-ਪਾਕਿਸਤਾਨ ਲੜਾਈ ਦਾ ਜ਼ਿਕਰ ਆਵੇਗਾ ਤਾਂ ਜਨਰਲ ਹਰਬਖਸ਼ ਸਿੰਘ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ। ਜਦ 1965 ਵਿਚ ਇਹ ਲੜਾਈ ਹੋਈ ਤਾਂ ਇਹ ਲੇਖਕ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰੀ-ਮੈਡੀਕਲ ਦਾ ਵਿਦਿਆਰਥੀ ਸੀ। ਮੇਰਾ ਪਿੰਡ ਗੁਮਟਾਲਾ ਜੋ ਕਿ ਅੰਮ੍ਰਿਤਸਰ ਸ਼ਹਿਰ ਦਾ ਹਿੱਸਾ ਹੈ, ਜਿੱਥੇ ਕਿ ਅੱਜਕੱਲ ਰਣਜੀਤ ਐਵਨਿਊ ਹੈ, ਇੱਥੇ ਪਾਕਿਸਤਾਨ ਦੇ ਹਵਾਈ ਜਹਾਜਾਂ ਨੂੰ ਡੇਗਣ ਲਈ ਐਂਟੀਏਅਰ ਕਰਾਫਟ ਗਨਜ਼ ਲਾਈਆਂ ਗਈਆਂ ਸਨ ਤਾਂ ਜੋ ਦੁਸ਼ਮਣ ਦੇ ਹਵਾਈ ਜਹਾਜ ਸ਼ਹਿਰ 'ਤੇ ਬੰਬਾਰੀ ਨਾ ਕਰ ਸਕਣ। ਇਸ ਦੇ ਬਾਵਜੂਦ ਵੀ ਪਾਕਿਸਤਾਨ ਦੀ ਫੌਜ ਦੇ ਹਵਾਈ ਜਹਾਜ ਬੰਬ ਸੁਟਣ ਵਿੱਚ ਕਮਾਯਾਬ ਹੋ ਗਏ। ਪਿੰਡ ਗੁਮਟਾਲਾ ਤੇ ਸ਼ਹਿਰ ਦੇ ਇਲਾਕੇ ਇਸ ਕਰਕੇ ਬਚ ਗਏ ਕਿਉਂਕਿ ਇਹ ਬੰਬ ਖੇਤਾਂ ਵਿੱਚ ਡਿੱਗ ਪਏ। ਛੇਹਰਟਾ ਖੇਤਰ ਪਾਕਿਸਤਾਨ ਦੇ ਫੌਜੀ ਜਹਾਜ ਬੰਬ ਸੁੱਟਣ ਵਿੱਚ ਕਾਮਯਾਬ ਹੋ ਗਏ ਜਿਸ ਨਾਲ ਕੁਝ ਮੌਤਾਂ ਹੋਈਆਂ ਤੇ ਕੁਝ ਘਰ ਢਹਿ ਗਏ। ਪਾਕਿਸਤਾਨ ਦਾ ਇੱਕ ਲੜਾਕੂ ਜਹਾਜ ਸਾਡੀਆਂ ਗੰਨਾਂ ਨੇ ਡੇਗ ਲਿਆ।

ਜਿੱਥੋਂ ਤੀਕ ਮੇਜਰ ਜਨਰਲ ਹਰਬਖਸ਼ ਸਿੰਘ ਦਾ ਸਬੰਧ ਹੈ, ਉਨ੍ਹਾਂ ਨੇ ਬੜੀ ਦੂਰ ਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਮਾਝੇ ਨੂੰ ਤਬਾਹੀ ਤੋਂ ਬਚਾਅ ਲਿਆ ਹੋਇਆ।ਹੋਇਆ ਇੰਜ ਕਿ ਇਸ ਲੜਾਈ ਵਿੱਚ ਅੰਮ੍ਰਿਤਸਰ ਤੇ ਡੇਰਾ ਬਾਬਾ ਨਾਨਕ ਸੈਕਟਰ ਵਿੱਚ ਪਾਕਿਸਤਾਨ ਦੀਆਂ ਫੌਜਾਂ ਦੀਆਂ ਕਈ ਡਵੀਜ਼ਨਾਂ ਨੇ ਇੱਕਵਾਰ ਅਚਾਨਕ ਹਮਲਾ ਕਰ ਦਿੱਤਾ। ਉਸ ਸਮੇਂ ਇਸ ਇਲਾਕੇ ਦੀ ਕਮਾਂਡ ਦੇ ਮੁੱਖੀ ਉਸ ਸਮੇਂ ਦੇ ਆਪ ਸਨ। ਇਹ ਹਮਲਾ ਏਨਾ ਜ਼ਬਰਦਸਤ ਕਿ ਇਸ ਦੀ ਖ਼ਤਰਨਾਕਤਾ ਨੂੰ ਵੇਖਦੇ ਹੋਏ ਉਸ ਸਮੇਂ ਦੇ ਭਾਰਤੀ ਫੌਜ ਦੇ ਮੁੱਖੀ ਮਿਸਟਰ ਚੌਧਰੀ ਦਾ ਹੁਕਮ ਆਪ ਨੂੰ ਆਇਆ ਕਿ ਉਹ ਆਪਣੀਆਂ ਫੌਜਾਂ ਨੂੰ ਪਿੱਛੇ ਦਰਿਆ ਬਿਆਸ ਦੇ ਜਲੰਧਰ ਵਾਲੇ ਪਾਸੇ ਲੈ ਆਉਣ।

ਇਸ ਹੁਕਮ ਨੂੰ ਲਾਗੂ ਕਰਨਾ ਇੱਕ ਬਹੁਤ ਵੱਡੀ ਚੁਣੌਤੀ ਸੀ। ਜੇ ਉਹ ਫੌਜ ਨੂੰ ਪਿੱਛੇ ਲੈ ਆਉਂਦੇ ਤੇ ਪਾਕਿਸਤਾਨੀ ਫੌਜਾਂ ਮਾਝੇ ਦੇ ਇਲਾਕੇ ਉਪਰ ਕਬਜਾ ਕਰਕੇ ਇਸ ਨੂੰ ਤਬਾਹ ਕਰ ਦੇਂਦੀਆਂ ਤਾਂ ਸਾਡੇ ਲੋਕਾਂ ਅਤੇ ਧਾਰਮਿਕ ਸਥਾਨਾਂ ਦਾ ਕੀ ਬਣਨਾ ਸੀ ? ਜੋ ਕੁਝ 1947 ਵਿੱਚ ਪੰਜਾਬੀਆਂ ਦਾ ਉਜਾੜਾ ਹੋਇਆ ਜਿਸ ਵਿੱਚ ਦਸ ਲੱਖ ਦੇ ਕਰੀਬ ਲੋਕ ਮਾਰੇ ਗਏ। ਘਰ ਘਾਟ ਛੱਡ ਕੇ ਉਧਰੋਂ ਲੋਕ ਆਏ, ਉਹੋ ਹਾਲਤ ਉਸ ਸਮੇਂ ਮਾਝੇ ਦੇ ਲੋਕਾਂ ਦੀ ਹੋਣੀ ਸੀ। ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਪਾਕਿਸਤਾਨ ਫੌਜ ਦਾ ਡਟ ਕੇ ਮੁਕਾਬਲਾ ਕੀਤਾ। ਸਰਹੱਦੀ ਪਿੰਡ ਆਸਲ ਉਤਾੜ ਪਿੰਡ ਨੇੜੇ ਹੋਈ ਲੜਾਈ ਵਿੱਚ ਪਾਕਿਸਤਾਨ ਦੇ ਕਈ ਪੈਟਰਨ ਟੈਂਕ ਤਬਾਹ ਕਰ ਦਿੱਤੇ ਜਿਸ ਨਾਲ ਲੜਾਈ ਦਾ ਪਾਸਾ ਪਲਟ ਦਿੱਤਾ। ਪਾਕਿਸਤਾਨੀ ਰਾਸ਼ਟਰਪਤੀ ਆਯੂਬ ਖ਼ਾਨ ਨੇ ਖੁਦ ਮੰਨਿਆ ਕਿ ਪਾਕਿਸਤਾਨੀ ਫੌਜ ਕਦੇ ਨਾ ਹਾਰਦੀ ਜੇ ਉਸ ਸਾਹਮਣੇ ਪਰਬਤ ਜਿੱਤੇ ਜਿਗਰ ਵਾਲਾ ਹਿੰਮਤੀ ਜਰਨੈਲ ਹਰਬਖਸ਼ ਸਿੰਘ ਤੇ ਉਸ ਦੀ ਅਗਵਾਈ ਵਿੱਚ ਲੜਦੀ ਹੋਈ ਨਿਡਰ ਫੌਜ ਨਾ ਹੁੰਦੀ। ਇਸ ਲੜਾਈ ਤੋਂ ਬਾਅਦ ਉਨ੍ਹਾਂ ਨੂੰ ਖਾਲਸਾ ਖਾਲਜ ਅੰਮ੍ਰਿਤਸਰ ਵਿਖੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸ਼ਹਿਰੀਆਂ ਤੋਂ ਇਲਾਵਾ ਮੇਰੇ ਸਮੇਤ ਕਾਲਜ ਦੇ ਬਹੁਤ ਸਾਰੇ ਵਿਦਿਆਰਥੀ ਸ਼ਾਮਲ ਹੋਏ।

ਜਦ ਅਸੀਂ ਉਨ੍ਹਾਂ ਦੀ ਜ਼ਿੰਦਗੀ 'ਤੇ ਝਾਤੀ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਜਨਮ 1 ਅਕਤੂਬਰ 1913 ਈ। ਸੰਗਰੂਰ ਦੇ ਨੇੜੇ ਬਡਰੁਖਾਂ ਪਿੰਡ ਜਿਹੜਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਾਨਕਾ ਪਿੰਡ ਸੀ ਵਿਖੇ ਇੱਕ ਅਮੀਰ ਕਿਸਾਨ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਡਾ। ਹਰਨਾਮ ਸਿੰਘ ਪਿੰਡ ਦੇ ਪਹਿਲੇ ਅਜਿਹੇ ਵਿਅਕਤੀ ਸਨ ਜੋ ਡਾਕਟਰ ਬਣੇ। ਸੰਗਰੂਰ ਦੇ ਰਣਬੀਰ ਹਾਈ ਸਕੂਲ ਵਿੱਚੋਂ ਦਸਵੀਂ ਪਾਸ ਕਰਕੇ ਆਪ ਨੇ ਕਾਲਜ ਵਿੱਚ ਦਾਖਲਾ ਲਿਆ।ਉਚੇਰੀ ਪੜ੍ਹਾਈ ਉਨ੍ਹਾਂ ਗੌਰਮਿੰਟ ਕਾਲਜ ਲਾਹੌਰ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਇੰਡੀਅਨ ਮਿਲਟਰੀ ਅਕੈਡਮੀ ਦੀ ਪ੍ਰੀਖਿਆ ਪਾਸ ਕਰਕੇ ਮਾਰਚ 1933 ਵਿੱਚ ਦੇਹਰਾਦੂਨ ਇੰਡੀਅਨ ਮਿਲਟਰੀ ਅਕੈਡਮੀ ਵਿੱਚ ਦਾਖਲ ਹੋਏ। 15 ਜੁਲਾਈ 1935 ਨੂੰ ਕਮਿਸ਼ਨ ਦਿੱਤਾ ਗਿਆ ਅਤੇ ਉਨ੍ਹਾਂ ਨੇ ਆਪਣਾ ਕੈਰੀਅਰ ਦੂਜੀ ਬਟਾਲੀਅਨ, ਅਰਗਿਲ ਅਤੇ ਸਦਰਲੈਂਡ ਹਾਈਲੈਂਡਰਜ਼ ਨਾਲ ਇੱਕ ਸਾਲ ਦੇ ਕਮਿਸ਼ਨ-ਉਪਰੰਤ ਸੰਬੰਧ ਨਾਲ ਸ਼ੁਰੂ ਕੀਤਾ, ਫਿਰ ਰਾਵਲਪਿੰਡੀ ਵਿਖੇ ਤਾਇਨਾਤ ਕੀਤਾ ਗਿਆ। ਉਨ੍ਹਾਂ ਨੇ 1935 ਦੀ ਮੁਹੰਮਦ ਮੁਹਿੰਮ ਦੌਰਾਨ ਉੱਤਰ ਪੱਛਮੀ ਸਰਹੱਦ 'ਤੇ ਸੇਵਾ ਨਿਭਾਈ। ਹਾਈਲੈਂਡਰਜ਼ ਨਾਲ ਇੱਕ ਸਾਲ ਦੀ ਸਾਂਝ ਤੋਂ ਬਾਅਦ, ਉਹ 19 ਅਗਸਤ 1936 ਨੂੰ ਔਰੰਗਾਬਾਦ ਵਿਖੇ 5ਵੀਂ ਬਟਾਲੀਅਨ, 11ਵੀਂ ਸਿੱਖ ਰੈਜੀਮੈਂਟ (ਪਹਿਲਾਂ 47ਵੀਂ ਸਿੱਖ ) ਵਿੱਚ ਸ਼ਾਮਲ ਹੋਇ।

ਦੂਜੇ ਵਿਸ਼ਵ ਯੁੱਧ ਸਮੇਂ ਉਨ੍ਹਾਂ ਦੀ ਬਟਾਲੀਅਨ ਨੂੰ ਅਪ੍ਰੈਲ 1939 ਵਿਚ ਵਿਦੇਸ਼ ਜਾਣ ਦੀ ਤਿਆਰੀ ਕਰਨ ਦੇ ਆਦੇਸ਼ ਮਿਲੇ। ਕੁਝ ਦਿਨਾਂ ਉਹ ਬਾਅਦ ਸਿੰਗਾਪੁਰ ਪਹੁੰਚ ਗਏ। ਉਹ ਫਿਰ ਇਪੋਹ ਸ਼ਹਿਰ ਚਲੇ ਗਏ, ਜੋ ਉਨ੍ਹਾਂ ਦਾ ਅੰਤਰਿਮ ਸਟੇਸ਼ਨ ਸੀ। 5 ਜਨਵਰੀ 1942 ਨੂੰ ਕੁਆਂਤਾਨ ਤੋਂ ਵਾਪਸੀ ਦੇ ਦੌਰਾਨ, ਉਹ ਇੱਕ ਜਾਪਾਨੀ ਹਮਲੇ ਵਿਚ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ।ਉਨ੍ਹਾਂ ਦਾ ਇਲਾਜ ਸਿੰਗਾਪੁਰ ਦੇ ਅਲੈਗਜ਼ੈਂਡਰਾ ਹਸਪਤਾਲ ਵਿਚ ਕੀਤਾ ਗਿਆ।ਉਨ੍ਹਾਂ ਨੂੰ 15 ਫਰਵਰੀ 1942 ਨੂੰ ਜੰਗੀ ਕੈਦੀ ਬਣਾ ਲਿਆ ਗਿਆ ਤੇ ਇੰਪੀਰੀਅਲ ਜਾਪਾਨੀ ਆਰਮੀ ਏਅਰ ਸਰਵਿਸ ਨੂੰ ਸੌਂਪ ਦਿੱਤਾ ਗਿਆ। ਉਸ ਦਾ ਭਰਾ ਲੈਫਟੀਨੈਂਟ ਕਰਨਲ ਗੁਰਬਖਸ਼ ਸਿੰਘ ਅਤੇ ਜੀਂਦ ਇਨਫੈਂਟਰੀ ਦੀ ਬਟਾਲੀਅਨ ਉਸ ਦੇ ਨਾਲ ਉਸੇ ਕੈਂਪ ਵਿਚ ਸੀ। ਉਨ੍ਹਾਂ ਨੇ ਜੰਗ ਦੇ ਬਾਕੀ ਸਾਲ ਕਲੂਆਂਗ ਕੈਂਪ ਵਿੱਚ ਇੱਕ ਜੰਗੀ ਫੌਜੀ ਵਜੋਂ ਬਿਤਾਏ। ਉਨ੍ਹਾਂ ਨੂੰ ਸਤੰਬਰ 1945 ਵਿਚ ਦੁਸ਼ਮਣੀ ਖ਼ਤਮ ਹੋਣ ਤੋਂ ਬਾਅਦ ਹੀ ਵਾਪਸ ਭੇਜਿਆ ਗਿਆ ਸੀ।



ਸਾਲ ਦੇ ਅੰਤ ਤੱਕ, ਉਹ ਦੇਹਰਾਦੂਨ ਵਿੱਚ ਯੂਨਿਟ ਦੇ ਕਮਾਂਡਰਜ਼ ਕੋਰਸ ਵਿੱਚ ਸ਼ਾਮਲ ਹੋ ਗਏ । ਉਨ੍ਹਾਂ ਨੂੰ ਅਪ੍ਰੈਲ 1945 ਵਿੱਚ, ਕੈਂਪਬੈਲਪੁਰ (ਹੁਣ ਅਟਕ) ਵਿਖੇ 4ਵੀਂ ਬਟਾਲੀਅਨ, 11ਵੀਂ ਸਿੱਖ ਰੈਜੀਮੈਂਟ (4/11 ਸਿੱਖ) ਦੇ ਦੂਜੇ-ਇਨ-ਕਮਾਂਡ ਵਜੋਂ ਤਾਇਨਾਤ ਕੀਤਾ ਗਿਆ। ਫਰਵਰੀ 1947 ਵਿੱਚ, ਉਨ੍ਹਾਂ ਨੂੰ ਸਟਾਫ ਕਾਲਜ, ਕੋਇਟਾ ਦੇ ਪਹਿਲੇ ਲੰਬੇ ਕੋਰਸ ਵਿੱਚ ਸ਼ਾਮਲ ਹੋਣ ਲਈ ਚੁਣਿਆ ਗਿਆ।

ਆਜ਼ਾਦੀ-ਉਪਰੰਤ ਉਨ੍ਹਾਂ ਨੂੰ ਸਟਾਫ ਕਾਲਜ ਵਿੱਚ ਕੋਰਸ ਪੂਰਾ ਕਰਨ ਤੋਂ ਬਾਅਦ, ਉਨ੍ਹਾਂ ਨੂੰ ਜੀਐਸਓ-1 (ਓਪਰੇਸ਼ਨ ਅਤੇ ਸਿਖਲਾਈ), ਈਸਟਰਨ ਕਮਾਂਡ ਵਜੋਂ ਤਾਇਨਾਤ ਕੀਤਾ ਗਿਆ । ਅਕਤੂਬਰ 1947 ਵਿੱਚ, ਉਨ੍ਹਾਂ ਨੇ ਬਟਾਲੀਅਨ, ਜਿਸ ਦਾ ਲੈਫਟੀਨੈਂਟ ਕਰਨਲ ਦੀਵਾਨ ਰਣਜੀਤ ਰਾਏ, ਪਹਿਲੀ ਬਟਾਲੀਅਨ, ਸਿੱਖ ਰੈਜੀਮੈਂਟ ਦਾ ਕਮਾਂਡਿੰਗ ਅਫਸਰ ਜੋ 1948 ਵਿੱਚ ਕਸ਼ਮੀਰ ਦੇ ਆਪਰੇਸ਼ਨ ਦੌਰਾਨ ਮਾਰਿਆ ਗਿਆ ਸੀ, ਦੀ ਕਮਾਂਡ ਕਰਨ ਲਈ ਸਵੈ-ਇੱਛਾ ਨਾਲ ਕੰਮ ਕੀਤਾ; ਹਾਲਾਂਕਿ, ਉਹ 161 ਇਨਫੈਂਟਰੀ ਬ੍ਰਿਗੇਡ ਦੇ ਡਿਪਟੀ ਕਮਾਂਡਰ ਵਜੋਂ ਤਾਇਨਾਤ ਸਨ। ਉਨ੍ਹਾਂ ਨੇ 7 ਨਵੰਬਰ 1947 ਨੂੰ ਸ਼ੈਲਾਤਾਂਗ ਪੁਲ 'ਤੇ ਧਾੜਵੀਆਂ ਵਿਰੁੱਧ ਮੁੱਖ ਲੜਾਈ ਲੜੀ । ਇਹ ਫੈਸਲਾਕੁੰਨ ਲੜਾਈ, ਜਿਸ ਵਿੱਚ ਪਹਿਲੀ ਬਟਾਲੀਅਨ ਸਿੱਖ ਰੈਜੀਮੈਂਟ ਅਤੇ ਚੌਥੀ ਬਟਾਲੀਅਨ ਕੁਮਾਊਂ ਰੈਜੀਮੈਂਟ ਸ਼ਾਮਲ ਸੀ, ਯੁੱਧ ਵਿੱਚ ਇੱਕ ਮੀਲ ਪੱਥਰ ਸਾਬਤ ਹੋਈ।

12 ਦਸੰਬਰ 1947 ਨੂੰ ਉਨ੍ਹਾਂ ਨੇ ਬਟਾਲੀਅਨ ਨੂੰ ਸ੍ਰੀਨਗਰ ਵਾਪਸ ਲਿਆਂਦਾ। ਲੜਾਈਆਂ ਦੀ ਇੱਕ ਲੜੀ ਤੋਂ ਬਾਅਦ, ਬਟਾਲੀਅਨ ਨੇ ਦੁਸ਼ਮਣ ਨੂੰ ਕਸ਼ਮੀਰ ਦੀ ਘਾਟੀ ਵਿੱਚੋਂ ਬਾਹਰ ਕੱਢ ਦਿੱਤਾ।1948 ਵਿਚ,ਉਨ੍ਹਾਂ ਨੂੰ ਬ੍ਰਿਗੇਡੀਅਰ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ । ਉਨ੍ਹਾਂ ਨੇ ਛੇ ਦਿਨਾਂ ਦੀ ਲੜਾਈ ਲੜ ਕੇ 23 ਮਈ 1948 ਨੂੰ ਟਿੱਥਵਾਲ ਉੱਤੇ ਕਬਜ਼ਾ ਕਰ ਲਿਆ ਗਿਆ। ਉਨ੍ਹਾਂ ਨੂੰ ਬਹਾਦਰੀ ਲਈ ਪਦਮ ਵਿਭੂਸ਼ਣ ਜੋ ਕਿ ਭਾਰਤ ਰਤਨ ਤੋਂ ਹੇਠਲੇ ਦਰਜੇ ਦਾ ਹੈ , ਪਦਮ ਭੂਸ਼ਣ ਅਤੇ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ । ਉਹ 14 ਨਵੰਬਰ 1999 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਸਮਾਗਮ ਹੁੰਦੇ ਰਹਿੰਦੇ ਹਨ।ਉਨ੍ਹਾਂ ਦਾ 111 ਵਾਂ ਜਨਮ ਦਿਨ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਹਾਲ ਮਨਾਇਆ ਗਿਆ ਜਿਸ ਵਿਚ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਭਾਰਤ ਰਤਨ ਪੁਰਸਕਾਰ ਦਿੱਤਾ ਜਾਵੇ। ਸਮੂਹ ਦੇਸ਼ ਵਾਸੀਆਂ ਤੇ ਰਾਜਨੀਤਕ ਪਾਰਟੀਆਂ ਨੂੰ ਰਾਜਨੀਤੀ ਤੋਂ ਉਪਰ ਉੱਠ ਕੇ ਇਸ ਮੰਗ ਦੀ ਹਮਾਇਤ ਕਰਨੀ ਚਾਹੀਦੀ ਹੈ।

ਉਨ੍ਹਾਂ ਦੀ ਜੀਵਨੀ ਬਾਰੇ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਪੁਸਤਕ ਪੰਜਾਬ ਤੇ ਕਸ਼ਮੀਰ ਦਾ ਰਾਖਾ, ਜਨਰਲ ਹਰਬਖ਼ਸ਼ ਸਿੰਘ ਲਿਖੀ ਹੈ ਜੋ ਕਿ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਹੈ, ਜੋ ਕਿ ਹਰ ਭਾਰਤੀ ਨੂੰ ਜਰੂਰ ਪੜ੍ਹਨੀ ਚਾਹੀਦੀ ਹੈ।

# ਤਿੰਨ ਅੱਖਰਾਂ ਦਾ ਸ਼ਬਦ ਸਲੀਕਾ, ਅਰਥ ਡੂੰਘੇ,ਜਿੰਦਗੀ 'ਚ ਅਪਣਾਓ

ਸਿਆਣੇ ਕਹਿੰਦੇ ਹਨ ਕੇ ਤੁਹਾਡਾ ਸਲੀਕਾ ਇਨ੍ਹਾਂ ਵਧੀਆ ਤੇ ਪਰਭਾਵਸ਼ਾਲੀ ਹੋਣਾ ਚਾਹੀਦਾ ਹੈ ਕੇ ਉਸ ਨੂੰ ਵੇਖ ਕੇ ਸਾਹਮਣੇ ਵਾਲਾ ਵਿਅਕਤੀ ਅਸ਼! ਅਸ਼! ਕਰ ਉੱਠੇ। ਜਿਵੇਂ ਜਿਵੇਂ ਤੁਹਾਡੇ ਮੂੰਹ ਚੋ ਬੋਲ ਬਾਹਰ ਆਉਣ ਸਾਹਮਣੇ ਵਾਲਾ ਤੁਹਾਡੇ ਬੋਲਾਂ ਨਾਲ ਕੀਲਿਆ ਜਾਵੇ। ਤੁਹਾਡੇ ਮੁੱਖੜੇ ਤੋ ਨਿਕਲਿਆ ਇੱਕ ਇੱਕ ਬੋਲ ਵਜ਼ਨਦਾਰ ਹੋਣਾ ਚਾਹੀਦਾ ਹੈ। ਜੋ ਸਾਹਮਣੇ ਵਾਲੇ ਉੱਤੇ ਪੂਰਾ ਪ੍ਰਭਾਵ ਛੱਡੇ। ਬੋਲਣ ਵੇਲੇ ਤੁਹਾਡਾ ਉਚਾਰਣ ਸਾਫ਼ ਤੇ ਸ਼ਪੱਸ਼ਟ ਹੋਣਾ ਲਾਜ਼ਮੀ ਹੈ। ਤੁਹਾਡੀ ਬੋਲੀ ਸਾਹਮਣੇ ਵਾਲੇ ਨੂੰ ਪੂਰੀ ਤਰਾਂ ਸਮਝ ਆਉਣੀ ਚਾਹੀਦੀ ਹੈਬੋਲਣ ਦਾ ਸਲੀਕਾ ਇਨ੍ਹਾਂ ਸੋਹਣਾ ਹੋਣਾ ਚਾਹੀਦਾ ਹੈ ਕੇ ਸਾਹਮਣੇ ਵਾਲੇ ਨੂੰ ਲੱਗੇ ਕੇ ਉਹ ਕਿਸੇ ਵਧੀਆ ਇਨਸਾਨ ਨਾਲ ਗੱਲ ਕਰ ਰਿਹਾ ਹੈ। ਅਗਰ ਤੁਹਾਡਾ ਗੱਲ ਕਰਨ ਦਾ ਸਲੀਕਾ ਵਧੀਆ ਨਹੀਂ ਹੋਵੇਗਾ ਤਾ ਹਰ ਵਿਅਕਤੀ ਤੁਹਾਡੇ ਤੋ ਪਾਸਾ ਵੱਟੇਗਾ। ਉਹ ਤੁਹਾਡੇ ਨਾਲ ਕੋਈ ਗੱਲ ਸਾਂਝੀ ਨਹੀਂ ਕਰੇਗਾ। ਗੱਲ ਇੰਨੇ ਚੰਗੇ ਸਲੀਕੇ ਨਾਲ ਕਰੋ ਕੇ ਸਾਹਮਣੇ ਵਾਲੇ ਦਾ ਮਨ ਤੁਹਾਡੇ ਨਾਲ ਮੁੜ ਗੱਲ ਕਰਨ ਨੂੰ ਕਰਦਾ ਰਹੇ। ਉਹ ਤੁਹਾਡੇ ਨਾਲ ਗੱਲ ਕਰਨ ਤੋ ਝਿਜਕੇ ਨਾ ਸਗੋਂ ਬੇਝਿਜਕ ਹੋ ਗੱਲ ਕਰੇ। ਸਾਨੂੰ ਹਮੇਸ਼ਾ ਚੰਗੀ ਸੁਸਾਇਟੀ ਚ ਰਹਿਣਾ ਚਾਹੀਦਾ ਹੈ। ਚੰਗੇ ਗੁਣ ਅਪਣਾਉਣੇ ਚਾਹੀਦੇ ਹਨ। ਜਿਸ ਨੂੰ ਬੋਲਣ ਦਾ ਸਲੀਕਾ ਨਹੀਂ,ਉਸ ਤੋ ਵਕਫ਼ਾ ਬਣਾ ਕੇ ਰੱਖੋ।ਹਮੇਸ਼ਾ ਸਲੀਕੇ ਵਾਲੇ ਬੰਦਿਆ ਨਾਲ ਰਹਿਣ ਦੀ ਕੋਸ਼ਿਸ਼ ਕਰੋ। ਇਸ ਨਾਲ ਤੁਹਾਡੀ ਸ਼ਖਸ਼ੀਅਤ'ਚ ਨਿਖਾਰ ਆਵੇਗਾ। ਸਮਾਜ ਚ ਤੁਹਾਡੀ ਇੱਜ਼ਤ ਵਧੇਗੀ। ਦੂਜੇ ਪਾਸੇ ਬਹੁਤ ਵਾਰੀ ਵੇਖਿਆ ਹੈ ਕੇ ਕਈ ਲੋਕਾਂ ਦਾ ਗੱਲ ਕਰਨ ਦਾ ਤਰੀਕਾ ਇੰਨਾ ਖਰ੍ਹਵਾ ਹੁੰਦਾ ਹੈ ਕੇ ਸਾਹਮਣੇ ਵਾਲੇ ਨੂੰ ਇੰਝ ਲੱਗਦਾ ਹੈ ਜਿਵੇਂ ਤੁਸੀਂ ਉਸ ਨੂੰ ਗਾਲਾਂ ਕੱਢ ਰਹੇ ਹੋਵੋ। ਜਿਸ ਕਰਕੇ ਉਹ ਤੁਹਾਡੀ ਚੰਗੀ ਗੱਲ ਨੂੰ ਸੁਣਨ ਲਈ ਵੀ ਤਿਆਰ ਨਹੀਂ ਹੁੰਦਾ। ਤੁਹਾਡੇ ਬੋਲਣ ਦਾ ਤਰੀਕਾ ਤੁਹਾਡੀ ਸ਼ਖਸ਼ੀਅਤ ਦੇ ਪੱਖ ਨੂੰ ਦਰਸਾਉਂਦਾ ਹੈ। ਅਗਰ ਤੁਹਾਡੇ ਬੋਲਣ ਦਾ ਤਰੀਕਾ ਤੇ ਸਲੀਕਾ ਸਹੀ ਹੈ ਤਾ ਤੁਹਾਡੀ ਸ਼ਖਸ਼ੀਅਤ ਦਾ ਦੂਸਰੇ ਵਿਅਕਤੀ ਉੱਤੇ ਗਹਿਰਾ, ਡੂੰਘਾ ਪ੍ਰਭਾਵ ਪਵੇਗਾ। ਪਰ ਜੇ ਸਲੀਕਾ ਸਹੀ ਨਹੀਂ ਤਾਂ ਸਮਝੋ ਪੱਖ ਸਹੀ ਨਹੀਂ ਜਾਵੇਗਾ।ਸੋ ਜਿੰਦਗੀ ਚ ਵਿਚਰਦਿਆ ਬੋਲਣ ਦਾ ਤਰੀਕਾ ਤੇ ਸਲੀਕਾ ਸਦਾ ਸਹੀ ਰੱਖੋ।

ਬਹੁਤੇ ਲੋਕ ਸੋਚਦੇ ਹਨ ਕਿ ਪੈਸੇ ਨਾਲ ਜ਼ਿੰਦਗੀ ਵਧੀਆ ਬਣਾਈ ਜਾ ਸਕਦੀ ਹੈ, ਪਰ ਜ਼ਿੰਦਗੀ ਵਧੀਆ ਸਿਰਫ਼ ਸਲੀਕੇ ਨਾਲ ਹੀ ਹੁੰਦੀ ਹੈ। ਸਲੀਕਾ ਸਾਡੀ ਜ਼ਿੰਦਗੀ ਦੀ ਰੀੜ੍ਹ ਦੀ ਹੱਡੀ ਹੈ। ਜੇਕਰ ਇਹ ਮਜ਼ਬੂਤ ਨਹੀਂ ਤਾਂ ਅਸੀਂ ਜ਼ਿੰਦਾ ਤਾਂ ਰਹਿ ਸਕਦੇ ਹਾਂ, ਪਰ ਮਜ਼ਬੂਤ ਤੇ ਹੰਢਣਸਾਰ ਜ਼ਿੰਦਗੀ ਨਹੀਂ ਜਿਉਂ ਸਕਦੇ। ਸਲੀਕਾ ਮਨੁੱਖ ਦੀ ਸ਼ਖ਼ਸੀਅਤ ਦਾ ਮਹੱਤਵਪੂਰਨ ਅੰਗ ਹੈ। ਇਨਸਾਨ ਕਿੰਨਾ ਵੀ ਸੱਚਾ ਸੁੱਚਾ ਕਿਉਂ ਨਾ ਹੋਵੇ । ਜੇ ਉਸ ਦੀ ਗੱਲਬਾਤ ਵਿਚ ਕੁੜੱਤਣ ਹੈ ਤਾਂ ਉਹ ਦੂਜਿਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ।ਆਪਣੇ ਮਨ ਦੇ ਬਹੁਤੇ ਹਾਵ ਭਾਵ ਅਸੀਂ ਭਾਸ਼ਾ ਦੀ ਮਦਦ ਨਾਲ ਹੀ ਦਰਸਾਉਂਦੇ ਹਾਂ।ਅਸੀਂ ਆਪਣੇ ਭਾਵ ਉਦੋਂ ਹੀ ਦੂਜੇ ਤੱਕ ਪਹੁੰਚਾ ਸਕਦੇ ਹਾਂ। ਜਦੋਂ ਦੂਜੇ ਲਈ ਵੀ ਸ਼ਬਦਾਂ ਦੇ ਉਹੋ ਅਰਥ ਹੋਣ ਜਿਹੜੇ ਕਿ ਸਾਡੇ ਲਈ ਹਨ। ਜਿਸ ਤਰ੍ਹਾਂ ਇਕ ਵਸਤੂ ਲਈ ਕਈ ਸ਼ਬਦ ਹੋ ਸਕਦੇ ਹਨ। ਠੀਕ ਇਸੇ ਤਰ੍ਹਾਂ ਇਕ ਸ਼ਬਦ ਦੇ ਕਈ ਅਰਥ ਹੋ ਸਕਦੇ ਹਨ। ਮੌਕੇ ਮੁਤਾਬਕ ਅਤੇ ਕਹਿਣ ਦੇ ਅੰਦਾਜ਼ ਨਾਲ ਵੀ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਵਧੀਆ ਜਿਊਣ ਦਾ ਸਲੀਕਾ ਇਹ ਕਹਿੰਦਾ ਹੈ ਕਿ ਆਪਣੇ ਪਰਿਵਾਰ ਨੂੰ ਵਕਤ ਦਿਉ।ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝੋ। ਉਨ੍ਹਾਂ ਦੇ ਜਜ਼ਬਾਤਾਂ ਦੀ ਕਦਰ ਕਰੋ।

ਕਹਿਣ ਨੂੰ ਸਿਰਫ਼ ਤਿੰਨ ਅੱਖਰਾਂ ਦਾ ਸ਼ਬਦ ਹੈ 'ਸਲੀਕਾ'।ਪਰ ਇਸ ਦੇ ਅਰਥ ਬੜੇ ਡੂੰਘੇ ਤੇ ਮਾਅਨੇ ਭਰਪੂਰ ਹਨ। ਸਲੀਕਾ ਜਿਸ ਦਾ ਸੁਖਾਲਾ ਅਰਥ ਜਾਂ ਮਤਲਬ ਹੈ ਢੰਗ-ਤਰੀਕਾ। ਇਹ ਢੰਗ-ਤਰੀਕਾ ਬੇਸ਼ੱਕ ਕਿਸੇ ਚੀਜ਼ ਦਾ ਵੀ ਹੋਵੇ- ਰਹਿਣ ਸਹਿਣ, ਖਾਣ ਪੀਣ ਜਾ ਉੱਠਣ ਬਹਿਣ ਦਾ। ਪੁਰਾਣੇ ਵਕਤਾਂ ਵਿਚ ਜਦੋਂ ਕੋਈ ਵਿਅਕਤੀ ਬਿਨਾਂ ਸੋਚੇ ਸਮਝੇ ਬੋਲਦਾ ਤਾਂ ਅਕਸਰ ਕਿਹਾ ਜਾਂਦਾ ਸੀ। ਇਸ ਬੰਦੇ ਨੂੰ ਬਿਲਕੁਲ ਵੀ ਗੱਲ ਕਰਨ ਦਾ ਸਲੀਕਾ ਨਹੀਂ ਹੈ ਕੇ ਕਿਸੇ ਬੰਦੇ ਨਾਲ ਕਿਵੇਂ ਗੱਲ ਕਰਨੀ ਹੈ ਜਾਂ ਨਹੀਂ ਕਰਨੀ? ਜਿਸ ਦਾ ਮਤਲਬ ਸਾਫ਼ ਹੁੰਦਾ ਸੀ ਕੇ ਇਸ ਬੰਦੇ ਨੂੰ ਸੱਭਿਆਚਾਰਕ ਢੰਗ ਨਾਲ ਗੱਲ ਕਰਨ ਦਾ ਪਤਾ ਨਹੀਂ। ਕਈ ਵਾਰ ਬੋਲਣ ਦਾ ਸਲੀਕਾ ਨਾ ਹੋਣ ਦੀ ਘਾਟ ਹੀ ਦੋ ਬੰਦਿਆਂ ਵਿਚ ਆਪਸੀ ਵਿਵਾਦ ਦੀ ਵਜ੍ਹਾ ਬਣ ਜਾਂਦਾ ਹੈ ਤੇ ਨਿੱਕੀ ਜਿੰਨੀ ਗ਼ਲਤੀ ਇਨਸਾਨ ਵਿਚ ਕੋਹਾਂ ਦੂਰੀਆਂ ਬਣਾ ਦਿੰਦੀ ਹੈ। ਸੋ ਹਰ ਵਿਅਕਤੀ ਨੂੰ ਸੱਭਿਅਕ ਸਮਾਜ ਵਿਚ ਰਹਿੰਦਿਆਂ ਨਿਯਮਾਂ ਵਿਚ ਬੱਝ ਕੇ ਹੀ ਕਾਰ-ਵਿਹਾਰ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।ਤਾਂ ਜੋ ਸਲੀਕੇ ਦੀ ਬਿਹਤਰ ਮਿਸਾਲ ਪੇਸ਼ ਕੀਤੀ ਜਾ ਸਕੇ। ਇਸੇ ਤਰ੍ਹਾਂ ਜਦੋਂ ਕਿਸੇ ਨੇ ਕੱਪੜੇ ਸਹੀ ਢੰਗ ਦੇ ਨਾ ਪਾਏ ਹੋਣੇ ਤਾਂ ਵੀ ਆਖਿਆ ਜਾਂਦਾ ਹੈ ਕੇ ਇਸ ਬੰਦੇ ਨੂੰ ਕੱਪੜੇ ਪਾਉਣ ਦਾ ਭੋਰਾ ਸਲੀਕਾ ਨਹੀਂ ਹੈ। ਜਿਸ ਕਰਕੇ ਉਹ ਵਿਅਕਤੀ ਦੂਜਿਆਂ ਦੀ ਆਲੋਚਨਾ ਦਾ ਪਾਤਰ ਬਣਦਾ ਹੈ। ਕਈ ਵਾਰ ਤਾਂ ਉਸ ਬੰਦੇ ਨੂੰ ਇਸ ਗੱਲ ਵਾਸਤੇ ਟੋਕਿਆ ਵੀ ਜਾਂਦਾ ਹੈ। ਇਸੇ ਕਰਕੇ ਪੁਰਾਣੇ ਵਕਤਾਂ ਵਿਚ ਖੁਸ਼ੀ ਗ਼ਮੀ 'ਤੇ ਕੱਪੜੇ ਪਾਉਣ ਸਮੇ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ ਤੇ ਵਿਆਹ ਵਗੈਰਾ 'ਤੇ ਗੂੜ੍ਹੇ ਤੇ ਮਰਗ ਵੇਲੇ ਫਿੱਕੇ ਜਾਂ ਚਿੱਟੇ ਰੰਗ ਦੇ ਕੱਪੜੇ ਹੀ ਪਾਏ ਜਾਂਦੇ ਸਨ। ਜੋ ਬੰਦੇ ਦੇ ਪਹਿਰਾਵੇ ਦੇ ਸਲੀਕੇ ਦੀ ਨਿਸ਼ਾਨੀ ਹੁੰਦੇ ਸਨ। ਇਸ ਤੋਂ ਬਿਨਾਂ ਉੱਠਣ, ਬਹਿਣ ਤੇ ਖਲੋਣ ਦਾ ਸਲੀਕਾ ਨਾ ਹੋਣ 'ਤੇ ਆਪਣੇ ਬਜ਼ੁਰਗ ਅਕਸਰ ਕਹਿ ਦਿੰਦੇ ਸਨ ਕੇ ਇਸ ਨੂੰ ਬਿਲਕੁਲ ਵੀ ਸਲੀਕਾ ਨਹੀਂ ਹੈ ਕਿ ਕਿਵੇਂ ਕਿਤੇ ਉੱਠਣਾ-ਬਹਿਣਾ ਹੈ। ਬਹੁਤ ਵਾਰ ਵੇਖਿਆ ਜਾਂਦਾ ਹੈ ਕਿ ਬਹਿਣ ਉੱਠਣ ਦਾ ਤਰੀਕਾ ਹੀ ਦੱਸ ਦਿੰਦਾ ਹੈ ਕਿ ਉਸ ਬੰਦੇ ਨੂੰ ਸਮਾਜ ਵਿਚ ਵਿਚਰਨ ਦੀ ਕਿੰਨੀ ਕੁ ਲਿਆਕਤ ਹੈ ਜਾਂ ਉਹ ਕਿੰਨੇ ਕੁ ਸੰਸਕਾਰਾਂ ਦਾ ਮਾਲਕ ਹੈ। ਸਿਆਣੇ ਤਾਂ ਬੰਦੇ ਦੇ ਬਹਿਣ ਖਲੋਣ ਤੋਂ ਹੀ ਪਰਖ ਲੈਂਦੇ ਹਨ ਕੇ ਉਹ ਕੀ ਗੱਲ ਕਰਦੇ ਹੋਣਗੇ ਜਾਂ ਇਕ ਬੰਦਾ ਦੂਜੇ ਬੰਦੇ ਨਾਲ ਕੀ ਗੱਲ ਕਰਦਾ ਹੋ ਸਕਦਾ ਹੈ? ਬੰਦੇ ਦੇ ਹਾਵ ਭਾਵ ਉਸ ਦੇ ਸਲੀਕੇ ਨੂੰ ਦਰਸਾਉਣ ਵਾਲੇ ਦੋ ਮਹੱਤਵਪੂਰਨ ਪੱਖ ਹਨ। ਇਸ ਤੋਂ ਬਿਨਾਂ ਕਿਸੇ ਬੰਦੇ ਨੂੰ ਖਾਣ ਪੀਣ ਦਾ ਚੱਜ ਨਾ ਹੋਣ ਦੀ ਸੂਰਤ ਵਿਚ ਵੀ ਇਨ੍ਹਾਂ ਤਿੰਨ ਅੱਖਰਾਂ ਵਾਲੇ ਸ਼ਬਦ ਦੀ ਵਰਤੋਂ ਅਕਸਰ ਕੀਤੀ ਜਾਂਦੀ ਸੀ। ਵਿਆਹਾਂ ਤੇ ਹੋਰ ਸਮਾਗਮਾਂ 'ਤੇ ਵੀ ਇਹ ਆਮ ਵੇਖਣ ਨੂੰ ਮਿਲਦਾ ਹੈ ਕੇ ਬਹੁਤ ਸਾਰੇ ਵਿਅਕਤੀ ਖਾਣੇ ਦੀ ਪਲੇਟ ਉੱਤੋਂ ਤਕ ਭਰ ਲੈਣਗੇ। ਖਾਣ ਵਾਲਾ ਸਾਮਾਨ ਥੋੜ੍ਹਾ ਪਾਉਣ ਦੀ ਬਜਾਏ ਉਹ ਇਕੋ ਵਾਰ ਹੀ ਸਾਰਾ ਸਾਮਾਨ ਪਲੇਟ ਵਿਚ ਇਕੱਠਾ ਪਾ ਲੈਣਗੇ। ਜੋ ਖਾਣਾ ਖਾਣ ਦਾ ਸਲੀਕਾ ਨਹੀਂ। ਹਮੇਸ਼ਾਂ ਪਲੇਟ ਵਿਚ ਖਾਣ ਵਾਲਾ ਸਾਮਾਨ ਥੋੜ੍ਹਾ ਪਾਓ। ਜੋ ਵੇਖਣ ਵਾਲੇ ਨੂੰ ਵੀ ਚੰਗਾ ਲੱਗੇ।ਤੁਹਾਨੂੰ ਖਾਣ ਲੱਗੇ ਕੋਈ ਮੁਸ਼ਕਲ ਨਾ ਆਵੇ। ਤੁਹਾਡੇ ਉੱਤੇ ਨਾ ਡਿੱਗੇ। ਤੁਹਾਡੇ ਕੱਪੜੇ ਖ਼ਰਾਬ ਨਾ ਹੋਣ। ਇਸ ਵਾਸਤੇ ਸਲੀਕੇ ਚ ਰਹਿ ਕੇ ਖਾਓ ਪਿਓ। ਨਹੀਂ ਤਾ ਸਾਹਮਣੇ ਵਾਲੇ ਨੂੰ ਤੁਸੀਂ ਉਜੱਡ ਹੀ ਲੱਗੋਗੇ। ਇਸ ਕਰਕੇ ਬੇਸ਼ੱਕ ਸਲੀਕਾ ਸ਼ਬਦ ਸਿਰਫ਼ ਤਿੰਨ ਅੱਖਰਾਂ ਦਾ ਹੀ ਹੈ, ਪਰ ਇਸ ਦੇ ਅਰਥ ਬੜੇ ਡੂੰਘੇ ਤੇ ਗਹਿਰੇ ਭਾਵ ਰੱਖਦੇ ਹਨ। ਜੋ ਹਰ ਇਨਸਾਨ ਦੀ ਜ਼ਿੰਦਗੀ ਦਾ ਹਿੱਸਾ ਹੋਣੇ ਲਾਜ਼ਮੀ ਹਨ। ਜਿਨ੍ਹਾਂ ਤੋਂ ਬਿਨਾਂ ਕਿਸੇ ਵੀ ਬੰਦੇ ਦੀ ਜ਼ਿੰਦਗੀ ਅਧੂਰੀ ਜਾਪਦੀ ਹੈ।



ਲੈਕਚਰਾਰ ਅਜੀਤ ਖੰਨਾ
91-76967-54669

# ਨਿਊਜ਼ੀਲੈਂਡ 'ਚ ਅੱਜ ਤੋਂ ਪੰਜਵੇਂ ਪੰਜਾਬੀ ਭਾਸ਼ਾ ਹਫ਼ਤੇ ਦੀ ਮੀਡੀਆ ਕਰਮੀਆਂ ਵੱਲੋਂ ਆਰੰਭਤਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀ-ਲੈਂਡ ਦੇ ਵਿਚ ਅੱਜ ਪੰਜਵੇਂ ਪੰਜਾਬੀ ਭਾਸ਼ਾ ਹਫਤੇ ਦੀ ਸ਼ੁਰੂਆਤ ਰੇਡੀ ਸਪਾਈਸ ਦੇ ਸਟੂਡੀ ਤੋਂ ਸ਼ੁਰੂ ਕਰ ਦਿੱਤੀ ਗਈ।




ਸਥਾਨਿਕ ਪੰਜਾਬੀ ਮੀਡੀਆ ਕਰਮੀਆਂ ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ। ਨਵਤੇਜ ਸਿੰਘ ਰੰਧਾਵਾ, ਨਵਦੀਰ ਕਟਾਰੀਆ, ਗੁਰਸਿਮਰਨ ਮਿੰਟੂ ਸਰਕਾਰੀਆ, ਲੱਕੀ ਸੈਣੀ, ਨਰਿੰਦਰਵੀਰ ਸਿੰਘ, ਜਸਜੋਤ ਸਿੰਘ ਫੁੱਟਬਾਲਰ (ਸਾਰੇ ਕੂਕ ਸਮਾਚਾਰ), ਸ. ਅਮਰਜੀਤ ਸਿੰਘ ਤੇ ਮੈਡਮ ਕੁਲਵੰਤ ਕੌਰ ਕੂਕ ਸਮਾਚਾਰ, ਸ਼ਰਨਦੀਪ ਸਿੰਘ ਤੇ ਸੁੱਖ ਸੋਹਲ ਡੇਲੀ ਖਬਰ, ਸ। ਹਰਜਿੰਦਰ ਸਿੰਘ ਬਸਿਆਲਾ ਪੰਜਾਬੀ ਹੈਰਲਡ, ਪੰਜਾਬੀ ਸਕੂਲ ਤੋਂ ਸ. ਬਿਕਰਮ ਸਿੰਘ ਮਝੈਲ, ਨੌਜਵਾਨ ਪਰਮਜੋਤ ਸਿੰਘ ਵਲਿੰਗਟਨ, ਸ ਗੁਰਦੀਪ ਸਿੰਘ ਲੂਥਰ ਤੋਂ ਇਲਾਵਾ ਕੁਝ ਪੁਲਿਸ ਅਫ਼ਸਰ ਅਤੇ ਦੂਜੀ ਕਮਿਊਨਿਟੀ ਦੇ ਲੋਕ ਵੀ ਇਸ ਮੌਕੇ ਇਕੱਤਰ ਹੋਏ। ਰੇਡੀ ਲਾਈਵ ਪ੍ਰੋਗਰਾਮ ਦੇ ਵਿਚ ਇਕ ਘੰਟਾ ਪੰਜਾਬੀ ਭਾਸ਼ਾ ਹਫ਼ਤੇ ਉਤੇ ਗੱਲਬਾਤ ਹੋਈ ਜਿਸ ਦੇ ਵਿਚ ਵਰਤਮਾਨ ਤੋਂ ਲੈ ਕੇ ਭਵਿੱਖ ਦੀਆਂ ਯੋਜਨਾਵਾਂ ਉਤੇ ਵਿਚਾਰ ਹੋਈ। ਹੇਸਟਿੰਗਜ਼ ਤੋਂ ਸ. ਸੁਖਦੀਪ ਸਿੰਘ ਖਹਿਰਾ ਅਤੇ ਸ੍ਰੀ ਮਨਜੀਤ ਸੰਧੂ ਵੀ ਇਸ ਮੌਕੇ ਲਾਈਵ ਵਿਚਾਰ ਚਰਚਾ ਵਿਚ ਸ਼ਾਮਿਲ ਹੋਏ। ਨਵੰਬਰ 1984 ਦੇ ਸ਼ਹੀਦਾਂ ਨੂੰ ਵੀ ਇਸ ਮੌਕੇ ਯਾਦ ਕੀਤਾ ਗਿਆ। ਬੰਦੀ ਛੋੜ ਦਿਵਸ ਅਤੇ ਦਿਵਾਲੀ ਦੀਆਂ ਖੁਸ਼ੀਆਂ ਵੀ ਸਾਂਝੀਆਂ ਹੋਈਆਂ। ਇਸ ਮੌਕੇ ਰਸਮੀ ਕੇਕ ਕੱਟ ਕੇ ਸਭ ਦਾ ਮੂੰਹ ਮਿੱਠਾ ਕਰਵਾਇਆ ਗਿਆ। ਪ੍ਰੋਗਰਾਮ ਤੋਂ ਬਾਅਦ ਵਿਸ਼ੇਸ਼ ਤੌਰ ਉਤੇ ਕੀਵੀ ਪੰਜਾਬੀ ਵਰਣਮਾਲਾ ਦਾ ਏ-3 ਸਾਈਜ਼ ਕੈਲੰਡਰ ਵੀ ਜਾਰੀ ਕੀਤਾ ਗਿਆ ਤਾਂ ਕਿ ਸਥਾਨਿਕ ਬੱਚੇ ਪੰਜਾਬੀ ਵਰਣਮਾਲਾ ਦੇ ਅੱਖਰਾਂ ਨੂੰ ਸਥਾਨਿਕ ਸ਼ਬਦਾਂ ਦੇ ਵਿਚ ਬਦਲ ਕੇ ਇਕ ਕਦਮ ਹੋਰ ਅੱਗੇ ਹੋ ਕੇ ਸਮਝ ਸਕਣ।

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਦੇਣ



ਪੰਜਾਬੀ ਸਾਹਿਤ ਦੇ ਇਤਿਹਾਸ 'ਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਪੰਜਾਬੀ ਦਾ ਪਹਿਲਾ ਕਵੀ ਗੋਰਖ ਨਾਥ ਸੀ। ਡਾਕਟਰ ਮੋਹਨ ਸਿੰਘ ਦੀਵਾਨਾ ਉਸ ਦਾ ਸਮਾਂ 809 ਈ: ਮੰਨਦੇ ਹਨ। ਪਰ ਗੋਰਖ ਨਾਥ ਦੀ ਭਾਸ਼ਾ ਅੱਜ ਦੀ ਪੰਜਾਬੀ ਭਾਸ਼ਾ ਨਾਲੋਂ ਅਪਭ੍ਰੰਸ਼ ਦੇ ਜ਼ਿਆਦਾ ਨੇੜੇ ਹੈ। ਇਸੇ ਤਰ੍ਹਾਂ ਬਾਕੀ ਨਾਥਾਂ ਦੀ ਰਚਨਾ ਵੀ ਆਧੁਨਿਕ ਭਾਸ਼ਾ ਨਾਲੋਂ ਬਹੁਤ ਵੱਖਰੇਵੇਂ ਵਾਲੀ ਹੈ। ਸ਼ੇਖ ਫ਼ਰੀਦ ਜੀ ਦੀ ਬਾਣੀ ਹੀ ਲਿਖਤੀ ਰੂਪ ਵਿੱਚ ਮਿਲਦੀ ਹੈ ਜੋ ਪੰਜਾਬੀ ਭਾਸ਼ਾ ਨੂੰ ਚਾਰ ਚੰਨ ਲਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਸਾਹਿਤ ਵਿੱਚ ਗਿਣਾਤਮਕ ਤੇ ਗੁਣਾਤਮਕ ਪੱਖੋਂ ਨਿਗਰ ਵਾਧਾ ਕੀਤਾ। ਆਪਦੀ ਬਾਣੀ ਜਿੱਥੇ ਸਮਾਜ ਲਈ ਚਾਨਣ ਮੁਨਾਰਾ ਬਣੀ, ਉੱਥੇ ਆਉਣ ਵਾਲੇ ਲੇਖਕਾਂ ਲਈ ਮਾਰਗ-ਦਰਸ਼ਕ ਵੀ ਸ਼ਸਿੱਧ ਹੋਈ।



ਡਾ ਚਰਨਜੀਤ ਸਿੰਘ ਗੁਮਟਾਲਾ
0019375739812 ਡੇਟਨ (ਓਹਾਇਹੋ), ਯੂ ਐਸ ਏ, 919417533060 ਵਟਸ ਐਪ

ਗੁਰੂ ਜੀ ਨੇ ਅੰਧਕਾਰ ਵਿੱਚ ਭਟਕ ਰਹੀ ਲੋਕਾਈ ਨੂੰ ਸੇਧ ਦੇਣ ਲਈ ਨਾ ਕੇਵਲ ਹਿੰਦੁਸਤਾਨ ਦੀ ਯਾਤਰਾ ਕੀਤੀ ਸਗੋਂ ਗੁਰੂ ਜੀ ਤਿੱਬਤ, ਲੰਕਾ ਅਤੇ ਅਰਬ ਦੇਸ਼ਾਂ ਵਿੱਚ ਵੀ ਗਏ। ਉੱਘੇ ਧਰਮ ਅਸਥਾਨਾਂ ਵਿੱਚ ਜਾ ਕੇ ਪੰਡਤਾਂ, ਮੁਲਾਣਿਆਂ ਅਤੇ ਆਮ ਲੋਕਾਂ ਨੂੰ ਅਸਲੀ ਧਰਮ ਦੀ ਸੋਝੀ ਕਰਵਾਈ। ਸੰਸਾਰ ਦੇ ਧਾਰਮਿਕ ਆਗੂਆਂ ਵਿਚੋਂ ਸਭ ਤੋਂ ਵੱਧ ਸਫ਼ਰ ਕਰਨ ਵਾਲੇ ਆਪ ਹੀ ਸਨ। ਆਪ ਨੇ ਬਾਣੀ ਰਾਹੀਂ ਥਾਂ-ਥਾਂ ਤੇ ਪ੍ਰਚਾਰ ਕੀਤਾ। ਆਪ ਨੇ ਕਾਵਿ ਰਚਨਾ ਬਚਪਨ ਤੋਂ ਹੀ ਆਰੰਭ ਕਰ ਦਿੱਤੀ ਸੀ। 1475 ਈ: ਵਿੱਚ ਆਪ ਨੂੰ ਗੋਪਾਲ ਪੰਡਿਤ ਕੋਲ ਪੜ੍ਹਨ ਭੇਜਿਆ ਗਿਆ। ਪੰਡਿਤ ਨਾਲ ਹੋਏ ਵਿਚਾਰ ਵਟਾਂਦਰੇ ਨੂੰ ਆਪ ਨੇ ਆਪਣੀ ਰਚਨਾ 'ਪੱਟੀ' ਵਿੱਚ ਦਰਜ਼ ਕੀਤਾ ਹੈ। 1478 ਈ: ਵਿੱਚ ਪੰਡਿਤ ਬ੍ਰਿਜਨਾਥ ਸ਼ਰਮਾ ਪਾਸ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਉਸ ਨੂੰ ਵੀ ਗੁਰੂ ਜੀ ਨੇ ਵਿਚਾਰ ਵਟਾਂਦਰੇ ਨਾਲ ਨਿਹਾਲ ਕਰ ਦਿੱਤਾ। 1480 ਈ: ਵਿੱਚ ਫ਼ਾਰਸੀ ਪੜ੍ਹਨ ਲਈ ਕੁਤਬ ਦੀਨ ਮੌਲਾਨਾ ਪਾਸ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਇਸ ਸਮੇਂ ਆਪ ਨੇ 'ਸੀਹਰਫੀ' ਉਚਾਰੀ ਜੋ ਜਨਮ ਸਾਖੀਆਂ ਵਿੱਚ ਮਿਲਦੀ ਹੈ। ਸਨਾਤਨ ਧਰਮ ਵਿੱਚ ਨਿਰਧਾਰਿਤ ਕੀਤੇ ਗਏ 16 ਸੰਸਕਾਰਾਂ ਵਿੱਚੋਂ ਦਸਵਾਂ ਸੰਸਕਾਰ ਹੁੰਦਾ ਹੈ ਉਪਨਯਨ ਸੰਸਕਾਰ, ਅਰਥਾਤ ਜਨੇਊ ਸੰਸਕਾਰ। ਸਨਾਤਨ ਧਰਮ ਦੇ ਮਰਦਾਂ ਵਿੱਚ ਜਨੇਊ ਧਾਰਣ ਕਰਨ ਦੀ ਪਰੰਪਰਾ ਸਾਲਾਂ ਤੋਂ ਚੱਲੀ ਆ ਰਹੀ ਹੈ। ਉਪਨਯਨ ਸ਼ਬਦ ਦਾ ਅਰਥ ਹੁੰਦਾ ਹੈ, ਆਪਣੇ ਆਪ ਨੂੰ ਹਨੇਰੇ ਤੋਂ ਦੂਰ ਕਰਕੇ ਪ੍ਰਕਾਸ਼ ਵੱਲ ਵਧਣਾ। ਮਾਨਤਾ ਦੇ ਅਨੁਸਾਰ ਕਿਹਾ ਜਾਂਦਾ ਹੈ ਕਿ ਉਪਨਯਨ ਸੰਸਕਾਰ ਹੋਣ ਤੋਂ ਬਾਅਦ ਹੀ ਬਾਲਕ ਧਾਰਮਿਕ ਕਾਰਜ ਵਿੱਚ ਸ਼ਾਮਿਲ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਹਿੰਦੂ ਧਰਮ ਵਿੱਚ ਜਨੇਊ ਸੰਸਕਾਰ ਨੂੰ ਬਹੁਤ ਮਹੱਤਵਪੂਰਣ ਮੰਨਿਆ ਜਾਂਦਾ ਹੈ।1480 ਈ: ਵਿੱਚ ਜਨੇਊ ਸੰਸਕਾਰ ਲਈ ਬੁਲਾਏ ਗਏ ਪ੍ਰੋਹਤ ਨੂੰ ਗੁਰੂ ਜੀ ਨੇ ਜੰਞੂ ਬਾਰੇ ਗਿਆਨ ਦਿੱਤਾ। ਇਸ ਤਰ੍ਹਾਂ ਬਚਪਨ ਤੋਂ ਆਪ ਦਾ ਕਾਵਿ ਸਫ਼ਰ ਆਰੰਭ ਹੁੰਦਾ ਹੈ ਤੇ ਸਮਾਂ ਬੀਤਣ ਨਾਲ ਇਸ ਦਾ ਵਿਕਾਸ ਹੁੰਦਾ ਹੈ।

ਗੁਰੂ ਜੀ ਦੀਆਂ ਰਚਨਾਵਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਉਹ ਜੋ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿੱਚ ਦਰਜ਼ ਹਨ। ਦੂਜੀਆਂ ਉਹ ਜੋ ਆਦਿ ਗ੍ਰੰਥ ਵਿੱਚ ਸ਼ਾਮਿਲ ਨਹੀਂ।

ਆਦਿ ਗ੍ਰੰਥ ਵਿੱਚ ਸ਼ਾਮਿਲ ਬਾਣੀ ਵਿੱਚ ਜਪੁਜੀ, ਪੱਟੀ, ਥਿਤੀ, ਦੱਖਣੀ ਅੰਕਾਰ, ਸਿੱਧ ਗੋਸ਼ਟਿ, ਬਾਰਹਮਾਹਾ ਮਾਝ, ਆਸਾ ਅਤੇ ਮਲਾਰ ਦੀਆਂ ਤਿੰਨ ਵਾਰਾਂ ਲੰਮੇਰੀਆਂ ਰਚਨਾਵਾਂ ਹਨ। ਇਹਨਾਂ ਤੋਂ ਇਲਾਵਾ ਚਉਪਦੇ, ਅਸ਼ਟਪਦੀਆਂ, ਛੰਤ, ਪਹਰੇ ਤੇ ਸ਼ਲੋਕ ਵੀ ਮਿਲਦੇ ਹਨ।

ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀਆਂ ਰਚਨਾਵਾਂ ਵਿੱਚ ਸੀਹਰਫ਼ੀ, ਪੂਰਬ ਦੀ ਉਦਾਸੀ ਵਿੱਚ ਉਚਾਰੇ ਕੁਝ ਸ਼ਬਦ ਤੇ ਸ਼ਲੋਕ, ਦੱਖਣ ਦੀ ਉਦਾਸੀ ਵਿੱਚ ਉਚਾਰੇ ਕੁਝ ਸ਼ਬਦ ਤੇ ਸ਼ਲੋਕ, ਉੱਤਰ ਵਿੱਚ ਜੋਗੀਆਂ ਪ੍ਰਤੀ ਉਚਾਰੇ ਕੁਝ ਬਚਨ, ਪੱਛਮ ਵਿੱਚ ਮੁਸਲਮਾਨਾਂ ਪ੍ਰਤੀ ਉਚਾਰੇ ਨਾਮੇ ਆਦਿ, ਦੱਖਣ ਦੀ ਉਦਾਸੀ ਸਮੇਂ ਸੰਗਲਾਦੀਪ ਵਿੱਚ ਤਿਆਰ ਕੀਤੀ ਗਈ "ਪ੍ਰਾਣ ਸੰਗਲੀ" ਤੇ ਹੋਰ ਰਚਨਾਵਾਂ ਸ਼ਾਮਿਲ ਹਨ। ਇਹ ਰਚਨਾਵਾਂ ਜਨਮ ਸਾਖੀਆਂ ਦੇ ਵੱਖ-ਵੱਖ ਨੁਸਖਿਆਂ ਵਿੱਚ ਮਿਲਦੀਆਂ ਹਨ, ਜਿਹਨਾਂ ਦੇ ਲਿਖਣਹਾਰਿਆਂ ਦੇ ਸੋਮਿਆਂ ਦਾ ਪਤਾ ਨਹੀਂ ਚਲਦਾ। ਆਦਿ ਗ੍ਰੰਥ ਤੋਂ ਬਾਹਰਲੀਆਂ ਰਚਨਾਵਾਂ ਬਾਰੇ ਸ਼ੰਕਾ ਪ੍ਰਗਟ ਕੀਤਾ ਜਾਂਦਾ ਹੈ ਕਿ ਇਹ ਗੁਰੂ ਨਾਨਕ ਦੇਵ ਦੀਆਂ ਨਹੀਂ ਕਿਉਂਕਿ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਨਹੀਂ ਕੀਤਾ।

'ਜਪੁਜੀ', ਗੁਰੂ ਜੀ ਦਾ ਸ਼ਾਹਕਾਰ ਹੈ। ਇਸਨੂੰ ਸਾਰੀਆਂ ਬਾਣੀਆਂ ਵਿਚੋਂ ਪਹਿਲੀ ਥਾਂ ਪ੍ਰਾਪਤ ਹੈ। ਆਦਿ ਗ੍ਰੰਥ ਦਾ ਸਾਰਾ ਦਰਸ਼ਨ ਇਸ ਵਿੱਚ ਮੌਜੂਦ ਹੈ। ਇਸ ਵਿੱਚ ਗੁਰਮਤਿ ਦੇ ਸਿਧਾਂਤਾ ਦਾ ਪ੍ਰਗਟਾਉ ਕੀਤਾ ਗਿਆ ਹੈ। ਇਹ ਬਾਣੀ ਗੁਰੂ ਜੀ ਨੇ ਜ਼ਿੰਦਗੀ ਦੇ ਅੰਤਲੇ ਭਾਗ ਵਿੱਚ ਰਚੀ। ਇਹ ਨਿਤਨੇਮ ਦੀ ਬਾਣੀ ਹੈ। 'ਆਸਾ ਦੀ ਵਾਰ' ਵਿੱਚ ਦਾਰਸ਼ਨਿਕ ਵਿਚਾਰਾਂ ਦੇ ਨਾਲ ਉਸ ਸਮੇਂ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਹਾਲਤ ਦਾ ਵਰਨਣ ਕੀਤਾ ਗਿਆ ਹੈ। ਮੁਸਲਮਾਨੀ ਰਾਜ ਦੇ ਜਬਰ ਅਤੇ ਜੁਲਮ ਨੂੰ ਨੰਗਾ ਕੀਤਾ ਹੈ ਤੇ ਇਸਤਰੀ ਦੇ ਹੱਕ ਵਿੱਚ "ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ" ਕਹਿ ਕੇ ਆਵਾਜ਼ ਉਠਾਈ ਹੈ। 'ਸਿੱਧ ਗੋਸ਼ਟਿ' ਵੀ ਦਾਰਸ਼ਨਿਕ ਰਚਨਾ ਹੈ ਜੋ ਅਚਲ ਵਟਾਲੇ ਸਿੱਧਾਂ ਨਾਲ ਗੋਸ਼ਟੀ ਸਮੇਂ ਉਚਾਰੀ ਗਈ।'ਬਾਰਾ ਮਾਹਾ ਰਾਗ ਤੁਖਾਰੀ' ਪੰਜਾਬੀ ਸਾਹਿਤ ਦਾ ਪਹਿਲਾ ਪ੍ਰਾਪਤ ਹੋਇਆ ਬਾਰਾਮਾਹਾ ਹੈ।

ਗੁਰੂ ਜੀ ਦੇ ਸ਼ਬਦ- ਭੰਡਾਰ ਵਿੱਚ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਸੰਤ ਭਾਸ਼ਾ, ਅਰਬੀ, ਫ਼ਾਰਸੀ, ਪੂਰਬੀ ਪੰਜਾਬੀ ਤੇ ਲਹਿੰਦੀ ਦੇ ਸ਼ਬਦ ਬਹੁਤ ਮੌਜੂਦ ਹਨ। ਗੁਰੂ ਜੀ ਨੇ ਦੂਜੀਆਂ ਭਾਸ਼ਾਵਾਂ ਦੇ ਤਤਸਮ ਤੇ ਤਦਭਵ ਦੋਹਾਂ ਪ੍ਰਕਾਰ ਦੇ ਸ਼ਬਦਾਂ ਦੀ ਵਰਤੋਂ ਕੀਤੀ। ਗੁਰੂ ਜੀ ਨੇ ਜੈਨੀਆਂ, ਬੋਧੀਆਂ, ਮੁਸਲਮਾਨਾਂ, ਸ਼ੈਵਾਂ, ਜੋਗੀਆਂ ਤੇ ਵੈਸ਼ਨਵਾਂ ਆਦਿ ਧਰਮਾਂ ਦੇ ਸ਼ਬਦਾਂ ਦੀ ਵੀ ਵਰਤੋਂ ਕੀਤੀ।ਗੁਰੂ ਜੀ ਜਿੱਥੇ ਵੀ ਗਏ ਉੱਥੋਂ ਦੀ ਬੋਲੀ ਵਿਚ ਉਨ੍ਹਾਂ ਨੇ ਗੱਲਬਾਤ ਕੀਤੀ ।ਇਸ ਤਰ੍ਹਾਂ ਗੁਰੂ ਜੀ ਨੇ ਪੰਜਾਬੀ ਦੇ ਸ਼ਬਦ ਭੰਡਾਰ ਵਿੱਚ ਅਦੁਤੀ ਵਾਧਾ ਕੀਤਾ।

ਗੁਰੂ ਜੀ ਨੇ ਕਈ ਛੰਦਾਂ ਤੇ ਕਾਵਿ ਭੇਦਾਂ ਵਿੱਚ ਆਪਣੀ ਰਚਨਾ ਰਚੀ ਹੈ। ਗੁਰੂ ਜੀ ਦੀ ਬਾਣੀ ਛੰਦਬੱਦ ਤੇ ਸੰਗੀਤ-ਬੱਧ ਹੈ। ਉਹਨਾਂ ਨੇ ਚੌਪਈ, ਦੋਹਿਰਾ, ਦਵੱਯਾ, ਕੁੰਡਲੀਆਂ, ਚਿਤ੍ਰਕਲਾ ਤੇ ਤਾਟੰਕ ਛੰਦਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਨੇ ਕਈ ਕਾਵਿ ਭੇਦਾਂ ਨੂੰ ਅਪਣਾਇਆ। ਪਰ ਇਹ ਸਾਰੇ ਹਰਮਨ ਪਿਆਰੇ ਸਨ। ਗੁਰੂ ਜੀ ਨੇ ਤਿੰਨ ਵਾਰਾਂ ਲਿਖੀਆਂ, ਪੱਟੀ ਲਿਖੀ, ਛੰਦ ਲਿਖੇ, ਸ਼ਲੋਕ ਲਿਖੇ, ਬਾਰਾਂ-ਮਾਹਾ ਲਿਖਿਆ, ਪਹਿਰੇ ਲਿਖੇ, ਆਰਤੀ ਲਿਖੀ ਤੇ ਥਿਤੀ ਲਿਖੀ।

ਗੁਰੂ ਜੀ ਦੀ ਬਿੰਬਾਵਲੀ ਦਾ ਖੇਤਰ ਬੜਾ ਵਿਸ਼ਾਲ ਹੈ। ਉਹਨਾਂ ਦੇ ਬਿੰਬ, ਵਿਸ਼ਾਲ ਤਜਰਬੇ ਤੇ ਡੂੰਘੀ ਦ੍ਰਿਸ਼ਟੀ ਦੇ ਲਖਾਇਕ ਹਨ। ਗੁਰੂ ਜੀ ਨੇ ਮਿਥਹਾਸ ਤੇ ਘਰੋਗੀ ਜ਼ਿੰਦਗੀ ਵਿਚੋਂ ਬਿੰਬ ਲਏ ਹਨ। ਆਰਤੀ ਵਿੱਚ ਗੁਰੂ ਜੀ ਵਿਸ਼ਾਲ ਦ੍ਰਿਸ਼ਟੀ ਤੇ ਬਿੰਬ ਉਸਾਰੀ ਵੇਖਣ ਨੂੰ ਮਿਲਦੀ ਹੈ। ਪੰਜਾਬੀ ਵਿੱਚ ਪਹਿਲੀ ਵਾਰ ਕੁਦਰਤ ਦਾ ਚਿੱਤਰ ਖੁੱਲ੍ਹ ਕੇ ਗੁਰੂ ਜੀ ਦੀ ਬਾਣੀ ਵਿੱਚ ਰੂਪਮਾਨ ਹੋਇਆ ਹੈ। ਗੁਰੂ ਜੀ ਦੀ ਬਾਣੀ ਵਿੱਚ ਸਾਨੂੰ ਕਈ ਪ੍ਰਕਾਰ ਦੇ ਪਸ਼ੂਆਂ, ਪੰਛੀਆਂ, ਕੀੜਿਆਂ, ਮਕੌੜਿਆਂ ਆਦਿ ਦਾ ਜ਼ਿਕਰ ਮਿਲਦਾ ਹੈ। ਗੁਰੂ ਜੀ ਨੇ ਜੋ ਲਿਖਿਆ ਨਿਧੜਕ ਹੋ ਕੇ ਲਿਖਿਆ। ਬਾਬਰ ਦੇ ਹਮਲੇ ਸਮੇਂ ਜਿਹੜੀ ਰਾਜਗਰਦੀ ਹੋਈ, ਉਸ ਨੂੰ ਬੜੇ ਸੁੰਦਰ ਬਿੰਬਾਂ ਨਾਲ ਪੇਸ਼ ਕੀਤਾ।

ਇਸ ਤਰ੍ਹਾਂ ਗੁਰੂ ਜੀ ਦੀ ਬਾਣੀ ਵਿਸ਼ਾਲ ਅਨੁਭਵ ਦੀ ਲਖਾਇਕ ਹੈ। ਪੰਜਾਬੀ ਕਵਿਤਾ ਦੇ ਖੇਤਰ ਵਿੱਚ ਜਿਹੜੀਆਂ ਲੀਹਾਂ ਗੁਰੂ ਨਾਨਕ ਦੇਵ ਜੀ ਨੇ ਪਾਈਆਂ, ਉਹਨਾਂ 'ਤੇ ਮਗਰਲੇ ਗੁਰੂ ਸਾਹਿਬਾਨ ਤੁਰੇ ਤੇ ਵਿਰਸੇ ਨੂੰ ਅਮੀਰ ਕੀਤਾ। ਪੰਜਾਬੀ ਵਿੱਚ ਸਾਹਿਤਕ ਪੱਖ ਤੋਂ ਗੁਰੂ ਜੀ ਦੀ ਬਾਣੀ ਇੱਕ ਮੀਲ ਪੱਥਰ ਹੈ। ਗੁਰਮਤਿ ਸਾਹਿਤ ਦੀ ਉਤਪਤੀ ਵਿੱਚ ਪਹਿਲਾ ਸਥਾਨ ਇਸ ਦਾ ਹੀ ਰਹੇਗਾ।

**ਸ਼ਹੀਦੀ ਦਿਨ 'ਤੇ ਵਿਸ਼ੇਸ਼**

# ਸ਼ਹੀਦ ਬਾਬਾ ਦੀਪ ਸਿੰਘ ਜੀ

**ਡਾ ਚਰਨਜੀਤ ਸਿੰਘ ਗੁਮਟਾਲਾ**

--------------



ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ, ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ। ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ। ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ। ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ। ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ । ਬਾਬਾ ਦੀਪ ਸਿੰਘ, ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ ਸੰਨ 1762 ਈ। ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ ।ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਨ੍ਹਾਂ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈਡ ਜਥੇਦਾਰ

**(ਬਾਕੀ ਅਗਲੇ ਸਫੇ 'ਤੇ)**

# ਜਨਮ ਸਾਖੀ ਭਾਈ ਬਾਲਾ ਦੀ ਅਸਲੀਅਤ, ਕੱਤਕ ਨਹੀਂ ਵੈਸਾਖ



ਸਰਵਜੀਤ ਸਿੰਘ ਸੈਕਰਾਮੈਂਟੋ

ਜਨਮ ਅਤੇ ਸਾਖੀ ਦੇ ਮੇਲ ਤੋਂ ਬਣੇ ਜਨਮ ਸਾਖੀ ਦਾ ਭਾਵ ਹੈ ਜਨਮ ਦੀ ਗਵਾਹੀ। ਸਿੱਖ ਇਤਿਹਾਸ ਨਾਲ ਸਬੰਧਿਤ ਜਨਮ ਸਾਖੀ, ਕੇਵਲ ਜਨਮ ਦੀ ਗਵਾਹੀ ਹੀ ਨਹੀ ਸਗੋਂ ਜੀਵਨ ਦੀ ਕਹਾਣੀ ਹੈ। ਵਿਦਵਾਨਾਂ ਦਾ ਮੱਤ ਹੈ ਕਿ ਜਨਮ ਸਾਖੀ ਗੁਰੂ ਜੀ ਦੇ ਜਨਮ ਨਾਲ ਸਬੰਧਿਤ ਸਾਖੀ ਦਾ ਸਿਰਲੇਖ ਸੀ ਜੋ ਹੌਲੀ-ਹੌਲੀ ਸਾਖੀਆਂ ਦੇ ਸਮੂਹ ਦਾ ਹੀ ਸਿਰਲੇਖ ਬਣ ਗਿਆ। ਸਿੱਖ ਇਤਿਹਾਸ ਦੇ ਪੁਰਾਤਨ ਵਸੀਲਿਆਂ ਵਿਚ ਜਨਮ ਸਾਖੀਆਂ ਦਾ ਮਹੱਤਵਪੂਰਨ ਅਸਥਾਨ ਹੈ। ਸਿੱਖ ਸਾਹਿਤ ਵਿਚ ਮਿਲਦੀਆਂ ਜਨਮ ਸਾਖੀਆਂ, "ਪੁਰਾਤਨ ਜਨਮ ਸਾਖੀ" ਜੋ ਹਾਫਜ਼ਾ ਵਾਦੀ, ਵਲਾਇਤ ਵਾਲੀ ਅਤੇ ਕੌਲਬਰੁਕ ਵਾਲੀ ਜਨਮ ਸਾਖੀ ਆਦਿ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ, "ਪੋਥੀ ਸਚ ਖੰਡ" ਮਿਹਰਬਾਨ ਵਾਲੀ ਜਨਮ ਸਾਖੀ, "ਆਦਿ ਸਾਖੀਆਂ" ਸ਼ੰਭੂ ਨਾਥ ਵਾਲੀ ਜਨਮ ਪਤ੍ਰੀ, ਭਾਈ ਬਾਲੇ ਵਾਲੀ ਜਨਮ ਸਾਖੀ, "ਗਿਆਨ ਰਤਨਾਵਲੀ" ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, "ਜਨਮ ਸਾਖੀ ਨਾਨਕ ਸ਼ਾਹ ਕੀ"ਕ੍ਰਿਤ ਸੰਤ ਦਾਸ ਛਿੱਬਰ, ਜੋ ਭਾਈ ਬਾਲੇ ਵਾਲੀ ਦਾ ਹੀ ਕਾਵਿਕ ਰੂਪ ਹੈ, "ਆਦਿ ਸਾਖੀਆਂ"ਭਾਈ ਬੂਲਾ ਦੀ ਕ੍ਰਿਤ ਅਤੇ ਸ਼ੀਹਾ ਉੱਪਲ ਦੀ ਕ੍ਰਿਤ "ਸਾਖੀ ਮਹਿਲ ਪਹਿਲੇ ਕੀ" ਪ੍ਰਸਿੱਧ ਹਨ। ਜਨਮ ਸਾਖੀਆਂ ਵਿੱਚ ਸਭ ਤੋਂ ਵੱਧ ਪ੍ਰਚੱਲਤ ਹੈ ਭਾਈ ਬਾਲੇ ਵਾਲੀ ਜਨਮ ਸਾਖੀ।ਇਸ ਦੇ ਪ੍ਰਚੱਲਤ ਹੋਣ ਦਾ ਕਾਰਨ ਹੈ ਪਿਛਲੀ ਡੇਢ ਸਦੀ ਤੋਂ ਗੁਰਦਵਾਰਿਆਂ ਵਿੱਚ ਭਾਈ ਸੰਤੋਖ ਸਿੰਘ ਦੇ ਲਿਖੇ ਸੂਰਜ ਪ੍ਰਕਾਸ਼ ਦੀ ਹੋ ਰਹੀ ਕਥਾ। ਇਸ ਜਨਮ ਸਾਖੀ ਦੇ ਹੱਥ ਲਿਖਤ ਉਤਾਰੇ ਬਹੁਤ ਮਿਲਦੇ ਹਨ ਅਤੇ ਛਾਪੇ ਖ਼ਾਨੇ ਵਾਲਿਆਂ ਨੇ ਵੀ ਵਾਰ-ਵਾਰ ਇਸੇ ਨੂੰ ਹੀ ਛਾਪਿਆ ਹੈ। ਇਸ 'ਚ ਕੋਈ ਸ਼ੱਕ ਨਹੀ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਦਾ ਹੀ ਪ੍ਰਚਾਰ ਸਭ ਤੋਂ ਵੱਧ ਹੋਇਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ ਕਿ ਜਨਮ ਸਾਖੀਆਂ ਦੀ ਪ੍ਰਮਾਣਿਕਤਾ ਬਾਰੇ ਵੀ ਸਭ ਤੋਂ ਵੱਧ ਪਰਖ-ਪੜਚੋਲ, ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੀ ਹੋਈ ਹੈ।

ਭਾਈ ਬਾਲੇ ਵਾਲੀਜਨਮ ਸਾਖੀ ਦੀ ਪਰਖਦੇ ਆਰੰਭਕਉਪਰਾਲੇ ਵਜੋਂ, ਸਿੰਘ ਸਭਾ ਦੇ ਸਮੇਂ 1884 ਈ:ਵਿਚ ਪ੍ਰੋ: ਗੁਰਮੁਖ ਸਿੰਘ ਜੀ ਨੇ 'ਜਨਮ ਕੁੰਡਲੀਆਂ' ਲੇਖ ਆਪਣੇ ਮਾਸਿਕ ਪਤ੍ਰਿਕਾ ਸੁਧਾਰਕ ਵਿੱਚ ਛਾਪਿਆ ਸੀ। ਪਰ ਠੋਸ ਆਲੋਚਨਾਤਮਿਕ ਅਧਿਐਨ ਦਾ ਮੁੱਢ ਸ। ਕਰਮ ਸਿੰਘ ਹਿਸਟੋਰੀਅਨ ਨੇ 1912 ਈ:ਵਿਚ, 'ਕੱਤਕ ਕਿ ਵੈਸਾਖ' ਲਿਖ ਕੇ ਬੰਨ੍ਹਿਆਂ ਸੀ। ਇਸੇ ਤਰ੍ਹਾਂ ਹੀ ਪੁਰਾਤਨ ਜਨਮ ਸਾਖੀਆਂ ਦੀ ਸਾਂਭ-ਸੰਭਾਲ ਅਤੇ ਮੁੜ ਸੰਪਾਦਨਾ ਦਾ ਕਾਰਜ ਭਾਈ ਵੀਰ ਸਿੰਘ ਨੇ 1926 ਈ: ਵਿਚ, ਵਲੈਤ ਵਾਲੀ ਜਨਮਸਾਖੀ ਅਤੇ ਹਾਫਜਾਵਾਦੀ ਜਨਮਸਾਖੀ, ਜੋ ਲੱਗ ਭੱਗ ਸਮਰੂਪ ਹੀ ਹਨ, ਦੇ ਅਧਾਰ ਤੇ ਪੁਰਾਤਨ ਜਨਮਸਾਖੀ ਦੀ ਸੰਪਾਦਨਾ ਕਰਕੇ ਆਰੰਭ ਦਿੱਤਾ ਸੀ। ਪਰ ਵਿਦਿਅਕ ਅਦਾਰਿਆਂ ਵਿਚ ਵੱਡੀ ਪੱਧਰ ਤੇ ਇਸ ਵਿਸ਼ੇ ਤੇ ਖੋਜ ਕਾਰਜ ਦਾ ਆਰੰਭ, ਗੁਰੂ ਨਾਨਕ ਜੀ ਦੇ ਪ੍ਰਕਾਸ਼ ਦੀ ਪੰਜਵੀਂ ਸ਼ਤਾਬਦੀ ਭਾਵ 1969 ਈ:ਦੇ ਆਸ-ਪਾਸ ਹੀ ਹੋਇਆ ਸੀ।

ਸ। ਕਰਮ ਸਿੰਘ ਹਿਸਟੋਰੀਅਨ ਜੀ ਲਿਖਦੇ ਹਨ, "ਭਾਈ ਬਾਲੇ ਵਾਲੀ ਜਨਮ ਸਾਖੀ ਦੀ ਪੁਰਾਣੀ ਤੋਂ ਪੁਰਾਣੀ ਕਾਪੀ ਜੋ ਮਿਲ ਸਕੀ ਹੈ ਉਹ ਜਗਰਾਵੀਂ ਇਕ ਡੇਰੇ ਵਿਚੋਂ ਮਿਲੀ ਹੈ, ਇਸ ਦੇ ਲਿਖੇ ਜਾਣ ਦਾ ਸੰਮਤ ੧੭੯੧ ਮਿਤੀ ਮੱਘਰ ਵਦੀ ਦਸਮੀ ਹੈ। ਇਸ ਤੋਂ ਪਹਿਲਾਂ ਦੀ ਲਿਖੀ ਹੋਈ ਕਾਪੀ ਨਹੀਂ ਮਿਲਦੀ"।(ਪੰਨਾ 115) ਹੁਣ ਖੋਜੀ ਵਿਦਵਾਨਾਂ ਨੂੰ ਬਿਕ੍ਰਮੀ 1715 ਸੰਮਤ ਦੀ ਲਿਖੀ ਹੋਈ ਹੱਥ ਲਿਖਤ ਮਿਲੀ ਹੈ ਜੋ ਸ੍ਰੀ ਪਿਆਰੇ ਲਾਲ ਕਪੂਰ, ਦੀ ਸੰਤਾਨ ਪਾਸ ਸੁਰਖਿਅਤ ਹੈ। ਹੁਣ ਤਾਈਂ ਮਿਲੀਆਂ ਹੱਥ ਲਿਖਤਾਂ 'ਚ ਇਹ ਸਭ ਤੋਂ ਪੁਰਾਣੀ ਹੱਥ ਲਿਖਤ ਮੰਨੀ ਗਈ ਹੈ। ਇਹ ਇਕੋ ਹੱਥ ਦੀ ਲਿਖਤ ਹੈ। ਇਸ ਦਾ ਲੇਖਕ ਲਾਹੌਰ ਨਿਵਾਸੀ ਗੋਰਖ ਨਾਥ ਹੈ। "ਸੰਮਤ ੧੭੧੫ ਮਾਘ ਸੁਦੀ ੬ ਪੋਥੀ ਲਿਖੀ ਗੁਰਪ੍ਰਸਾਦ ਗੋਰਖ ਦਾਸ ਸੰਗਤ ਗੁਰੂ ਜਾਚਕ"। ਇਹ ਤਾਰੀਖ 18 ਜਨਵਰੀ 1659 ਈ: (ਜੂਲੀਅਨ) ਬਣਦੀ ਹੈ। ਪਰ ਇਸ ਜਨਮ ਸਾਖੀ ਦੇ ਆਰੰਭ ਵਿੱਚ ਹੀ ਇਸ ਦਾ ਲੇਖਕ ਲਿਖਦਾ ਹੈ, "ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਾ ਸੈ ਬੈਆਸੀਆਂ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ"। ਇਹ ਤਾਰੀਖ 27 ਅਪ੍ਰੈਲ 1525 ਈ: ਬਣਦੀ ਹੈ। ਜਦੋਂ ਕਿ ਗੁਰੂ ਜੀ ਅੱਸੂ ਵਦੀ 10 ਸੰਮਤ 1596 ਬਿਕ੍ਰਮੀ (7 ਸਤੰਬਰ 1539 ਈ:) ਜੋਤੀ ਜੋਤ ਸਮਾਏ ਸਨ।



ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਕਮੀ ਕਾਰਨ ਸਿੱਖਾਂ ਵਿੱਚ ਪੜ੍ਹਨ ਦੀ ਬਹੁਤੀ ਰੁਚੀ ਨਹੀ ਸੀ। ਆਪ ਪੜ੍ਹਨ ਅਤੇ ਪਰਖ ਪੜਚੋਲ ਦੀ ਬਜਾਏ, ਪ੍ਰਚਾਰਕਾਂ ਵੱਲੋਂ ਸੁਣਾਈਆਂ ਸਾਖੀਆਂ ਨੂੰ ਹੀ ਸੱਚ ਮੰਨ ਲਿਆ ਜਾਂਦਾ ਸੀ। ਅੱਜ ਸਾਡੇ ਪਾਸ ਬਹੁਤ ਸਾਰੇ ਸਾਧਨ ਹਨ ਅਤੇ ਪ੍ਰਚਾਰਕਾਂ ਦੀ ਨਵੀਂ ਪੀੜ੍ਹੀ, ਕੁਝ ਇਕ ਨੂੰ ਛੱਡ ਕੇ, ਪੜ੍ਹੀ ਲਿਖੀ ਹੈ, ਜੋ ਇਤਿਹਾਸ 'ਚ ਦਰਜ ਸਾਖੀਆਂ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਵਿਗਿਆਨਕ ਨਿਯਮਾ ਨਾਲ ਪਰਖ ਪੜਚੋਲ ਕੇ ਪੇਸ਼ ਕਰਦੇ ਹਨ। ਪੜ੍ਹਨ-ਲਿਖਣ ਦੀ ਰੁਚੀ ਰੱਖਣ ਵਾਲੇ ਸੱਜਣ ਇਹ ਜਾਣਦੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਜੋ ਅੱਜ ਪ੍ਰਚਲਿਤ ਹੈ, ਇਹ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਾਈ, ਜਨਮ ਸਾਖੀ ਨਹੀਂ ਹੈ। ਬਹੁਗਿਣਤੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਭਾਈ ਬਾਲੇ ਦੇ ਨਾਮ ਨਾਲ ਜਾਣੀ ਜਾਂਦੀ ਜਨਮ ਸਾਖੀ ਹੰਦਾਲੀਆਂ ਵੱਲੋਂ ਲਿਖਵਾਈ ਹੋਈ ਹੈ। ਇਸ ਵਿੱਚ ਹੰਦਾਲ ਨੂੰ ਗੁਰੂ ਜੀ ਤੋਂ ਵੱਡਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਇਸ ਜਨਮ ਸਾਖੀ ਵਿੱਚ ਬੇਅੰਤ ਭੁੱਲਾਂ ਦੇ ਨਾਲ-ਨਾਲ ਗੁਰੂ ਜੀ ਦਾ ਨਿਰਾਦਰ ਕਰਨ ਵਾਲੀਆਂ ਸਾਖੀਆਂ ਵੀ ਦਰਜ ਹਨ।ਜਿਵੇ ਕਿ ਮਝੌਤ ਵਾਲੀ (57) ਅਤੇ ਸਹਿਜਕੁਸਹਿਜ ਵਾਲੀ ਸਾਖੀ (75) ।

ਹੰਦਾਲ ਦਾ ਜਨਮ, ਸੰਮਤ 1630 ਬਿਕ੍ਰਮੀ ਵਿਚ ਹੋਇਆ ਸੀ। "ਸੰਮਤ ੧੬੩੦ ਵਿਸਾਖ ਸੁਦੀ ਪੂਰਨਮਾਸ਼ੀ ਸਵਾਂਤੀ ਨਿਛੱਤ੍ਰ ਡੇਢ ਪਹਿਰ ਰਾਤ ਰਹਿੰਦੀ ਐਤਵਾਰ ਗੁਰੂ ਜੀ ਦਾ ਜਨਮ ਹੋਇਆ" (ਸ੍ਰੀ ਗੁਰੂ ਹੰਦਾਲ ਪ੍ਰਕਾਸ਼, ਪੰਨਾ 31) (ਯਾਦ ਰਹੇ ਵੈਸਾਖ ਸੁਦੀ ਪੂਰਨਮਾਸ਼ੀ ਨੂੰ 17 ਅਪ੍ਰੈਲ ਦਿਨ ਸ਼ੁੱਕਰਵਾਰਸੀ ਨਾਕਿ ਐਤਵਾਰ)ਹੰਦਾਲਦੀ ਮੌਤ ਸੰਮਤ ੧੭05 ਬਿਕ੍ਰਮੀ ਨੂੰ ਹੋਈ ਸੀ। ਇਸ ਦੇ ਪੁੱਤਰ ਬਿਧੀ ਚੰਦ ਦਾ ਜਨਮ ਸੰਮਤ 1660 ਬਿਕ੍ਰਮੀ ਅਤੇ ਮੌਤ ਸੰਮਤ 1715 ਬਿਕ੍ਰਮੀ ਨੂੰ ਹੋਈ ਸੀ। ਬਾਲ ਚੰਦ, ਬਿਧੀ ਚੰਦ ਤੋਂ 3 ਸਾਲ ਡਾ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਬਾਲ ਚੰਦ ਹੀ ਬਾਲਾ ਹੈ।

ਡਾ. ਗੁਰਬਚਨ ਕੌਰ ਜੀ ਲਿਖਦੇ ਹਨ, "ਬਾਲਾ, ਇਸ ਜਨਮ ਸਾਖੀ ਦਾ ਵਿਸ਼ੇਸ਼ ਪਾਤਰ ਹੈ ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ। ਪਰ ਜਨਮ ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਅਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਖੜ ਜੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ, ਹੰਦਾਲ ਦੇ ਜੇਠੇ ਲੜਕੇ 'ਬਾਲ ਚੰਦ ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ"। (ਜਨਮ ਸਾਖੀ ਭਾਈ ਬਾਲਾ ਦਾ ਪਾਠ-ਪ੍ਰਮਾਣੀਕਰਣ ਤੇ ਆਲੋਚਨਾਤਮਿਕ ਸੰਪਾਦਨ, ਪੰਨਾ 146) (1987 ਈ: ਛਪੀ ਸੀ 27 ਮਈ 2015 ਈ: ਵਿੱਚ ਫੂਕੀ ਗਈ ਸੀ)

ਕਵੀ ਸੰਤੋਖ ਸਿੰਘ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਦ' ਦੇ 37ਵੇਂ ਅਧਿਆਇ "ਨਾਨਕ ਪ੍ਰਕਾਸ਼ ਕਿਨ੍ਹਾਂ ਪੁਸਤਕਾਂ ਤੋਂ ਬਣਿਆ" ਵਿੱਚ ਆਪਣੇ ਸਰੋਤਾਂ ਦਾ ਜਿਕਰ ਕਰਦੇ ਲਿਖਦੇ ਹਨ:

ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ। ਲਿਖਵਾਈ ਅੰਗਦ ਗੁਰੂ ਬਾਲੇ ਬਦਨ ਪ੍ਰਕਾਸ਼॥੧੩॥

ਉਪ੍ਰੋਕਤ ਪੰਗਤੀ ਤੋਂ ਸਪੱਸ਼ਟ ਹੈ ਕਿ ਕਵੀ ਭਾਈ ਸੰਤੋਖ ਸਿੰਘ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਜਿਕਰ ਕਰ ਰਹੇ ਹਨ ਜੋ ਇਨ੍ਹਾਂ ਦਾ ਇਤਿਹਾਸਕ ਸਰੋਤ ਹੈ। ਇਸ ਤੋਂ ਅੱਗੇ ਕਵੀ ਜੀ, ਹੰਦਾਲ ਦਾ ਜਿਕਰ ਕਰਦੇ ਹੋਏ ਲਿਖਦੇ ਹਨ ਕਿ ਹੰਦਾਲ ਦੇ ਘਰ ਇਕ ਨੀਚ ਪੈਦਾ ਹੋ ਗਿਆ। ਜਿਸ ਦੇ ਹੱਥ ਗੁਰੂ ਅੰਗਦ ਜੀ ਵੱਲੋਂ ਲਿਖਵਾਈ ਪੋਥੀ ਆ ਗਈ। ਉਸ ਨੇ ਇਕ ਕਬੀਰ ਪੰਥੀ ਨਾਲ ਮਿਲ ਕੇ ਮਿਲਾਵਟੀ ਪੋਥੀ ਤਿਆਰ ਕਰ ਦਿੱਤੀ ਜਿਸ ਵਿੱਚ ਉਸ ਨੇ ਹੰਦਾਲ ਦੀ ਵਡਿਆਈ ਕੀਤੀ ਅਤੇ ਗੁਰੂ ਨਾਨਕ ਜੀ ਸਬੰਧੀ ਅਯੋਗ ਸਾਖੀਆਂ ਇਸ ਆਸ ਨਾਲ ਲਿਖ ਦਿੱਤੀਆਂ ਕਿ ਗੁਰੂ ਦੇ ਸਿੱਖ ਸਾਨੂੰ ਮੰਨਣ ਲੱਗ ਪੈਣਗੇ। ਅਸਲ ਪੋਥੀ ਨੂੰ ਪਾੜ ਕੇ ਬਿਆਸ ਦਰਿਆ ਦੇ ਸਪੁਰਦ ਕਰ ਦਿੱਤਾ।

ਹਮਕੋ ਮਨਹਿੰਗੇ ਬਹੁ ਮਾਨਵ। ਲਿਖੀ ਅਧਿਕਤਾ ਉਰ ਆਨਵ।
ਪੂਰਬ ਪੋਥੀ ਹੁਤੀ ਜੋ ਸੋਈ ਦਈ ਬਿਆਸ ਬੀਚ ਡਬੋਇ॥੨੭॥
ਪੰਨੇ ਛੇਦੇ ਦਈ ਬਹਾਈ। ਜੋ ਸ੍ਰੀ ਗੁਰੂ ਅੰਗਦ ਲਿਖਵਾਈ।
ਤਿਹਕੋ ਤਾਤਪਰਜ ਸਭਿ ਚੀਨੇ। ਅਧਿਕ ਬਚਨ ਅਪਨੇ ਲਿਖਿ ਦੀਨੇ॥੨੮॥

ਕਵੀ ਸੰਤੋਖ ਸਿੰਘ ਦੀ ਉਪ੍ਰੋਕਤ ਲਿਖਤ ਤੋਂ ਇਹ ਸਪੱਸ਼ਟ ਹੈ, ਕਵੀ ਦੀ ਜਾਣਕਾਰੀ ਦਾ ਵਸੀਲਾ ਭਾਈ ਬਾਲੇ ਵਾਲੀ ਮਿਲਾਵਟੀ ਜਨਮ ਸਾਖੀ ਹੈ। "ਕਰਿ ਕੁਕਰਮ ਅਨਸ਼ੋਧ ਬਨਾਈ ਅਪਨ ਵਡਿਨ ਕੀ ਕੀਰਤਿ ਪਾਈ"। ਕਵੀ ਜੀ ਲਿਖਦੇ ਹਨ ਕਿ ਹੰਦਾਲੀਆਂ ਨੇ ਅਸਲ ਜਨਮ ਸਾਖੀ ਨੂੰ ਪਾੜ ਕੇ ਬਿਆਸ ਦਰਿਆ 'ਚ ਰੋੜ ਦਿੱਤਾ ਸੀ। ਜੇ ਇਹ ਸੱਚ ਹੈ ਤਾਂ ਇਹ ਘਟਨਾ ਸੰਮਤ 1715ਬਿਕ੍ਰਮੀ (1658 ਈ:) ਤੋਂ ਪਹਿਲਾ ਦੀ ਹੀ ਹੋ ਸਕਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਵੀ ਜੀ ਖ਼ੁਦ ਮੰਨਦੇ ਹਨ ਕਿ ਉਨ੍ਹਾਂ ਦਾ ਸਰੋਤ ਹੰਦਾਲੀਆਂ ਵਾਲੀ ਮਿਲਾਵਟੀ ਜਨਮ ਸਾਖੀ ਹੈ ਤਾ ਉਨ੍ਹਾਂ ਦੀ ਲਿਖਤ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਸ਼ਵਾਸ ਯੋਗ ਕਿਵੇਂ ਮੰਨੀ ਜਾ ਸਕਦੀ ਹੈ?

ਇਸ ਜਨਮ ਸਾਖੀ ਬਾਰੇ ਕਰਮ ਸਿੰਘ ਹਿਸਟੋਰੀਅਨ ਦੀ ਖੋਜ ਦਾ ਤੱਤ ਸਾਰ, "ਪਾਠਕ ਜੀ! ਮੈਂ ਭਾਈ ਗੁਰਮੁਖ ਸਿੰਘ ਜੀ ਸਵਰਗਵਾਸੀ ਨਾਲ ਇਕ ਸੁਰ ਹੋ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਸਾਖੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਜਾਲੀ ਹੈ, ਝੂਠੀ ਹੈ, ਬਨਾਉਟੀ ਹੈ, ਨਿੰਦਿਆ ਨਾਲ ਭਰੀ ਪਈ ਹੈ, ਸੁਨਣ ਦੇ ਯੋਗ ਨਹੀ, ਦੇਖਣ ਦੇ ਕੰਮ ਨਹੀਂ, ਮੰਨਣ ਦੇ ਲੈਕ ਨਹੀਂ, ਏਸ ਨੂੰ ਬੰਨ੍ਹ ਕੇ ਅਜਿਹੇ ਥਾਂ ਪੁਚਾਉਣਾ ਚਾਹੀਂਏ ਜਿਥੋਂ ਇਸ ਦਾ ਖੁਰਾ ਖੋਜ ਨਾ ਮਿਲੇ"।

(ਕੱਤਕ ਕਿ ਵਿਸਾਖ- ਪੰਨਾ 131)

ਪੁਰਾਤਨ ਜਨਮ ਸਾਖੀਆਂ, ਪੋਥੀ ਸੱਚ ਖੰਡ (1619 ਈ:), ਜਨਮ ਪਤ੍ਰੀ ਬਾਬੇ ਜੀ ਕੀ (1597 ਈ:) ਅਤੇ ਸਾਖੀ ਮਹਿਲ ਪਹਿਲੇ ਕੀ (1574 ਈ:)ਵਿੱਚ ਕਿਤੇ ਵੀ ਭਾਈ ਬਾਲੇ ਦਾ, ਗੁਰੂ ਨਾਨਕ ਜੀ ਦੇ ਨਿਕਟਵਰਤੀ ਵਜੋਂ ਜਿਕਰ ਨਹੀਂ ਹੈ। ਸਪੱਸ਼ਟ ਹੈ ਕਿ ਭਾਈ ਬਾਲੇ ਨਾਮ ਦਾ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਨਹੀਂ ਸੀ। ਭਾਈ ਬਾਲੇ ਵਾਲੀ ਮੌਜੂਦਾ ਜਨਮ ਸਾਖੀ, ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਈ ਹੋਈ ਨਹੀਂ ਹੈ। ਇਸ ਜਨਮਸਾਖੀ ਦੇ ਆਰੰਭ ਵਿੱਚ ਲਿਖੀ ਤਾਰੀਖ ਇਸ ਨੂੰ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੱਗ ਭੱਗ 14 ਸਾਲ ਪਹਿਲਾ ਦੀ ਲਿਖੀ ਦੱਸ ਰਹੀ ਹੈ। ਇਸ ਦੇ ਆਰੰਭ ਵਿੱਚ ਲਿਖਿਆ ਸਾਲ (1582) ਅਤੇ ਅੰਤ ਵਿੱਚ ਦਰਜ ਇਸ ਦੇ ਲਿਖੇ ਜਾਣ ਦੇ ਸਾਲ (1715) ਵਿੱਚ 133 ਸਾਲ ਦਾ ਫਰਕ ਹੈ। "੧ਓ ਸਤਿਗੁਰ ਪ੍ਰਸਾਦਿ ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ - ਸੰਮਤ 1582 ਪੰਦ੍ਰਹ ਸੈ ਬਿਆਸੀਆਂ ਮਿਤੀ ਵੈਸਾਖ ਸੁਦੀ ਪੰਚਮੀਂ" ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦ ਲਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌ ਡੂਢਿ ਕੈ ਲਧਾ ਆਹਾ॥ ਦੁਇ ਮਹੀਨੇ ਸਤਾਰਹ ਦਿਨ ਲਿਖਦਿਆ ਲਗੇ ਅਹੇ। ਜੋ ਹਕੀਕਤ ਜਿਥੇ ਜਿਥੇ ਫਿਰੇ ਆਹੈ ਤਿਥੋ ਤਿਥੋ ਦੀ ਹਕੀਕਤ ਸਹਜਿ ਨਾਲ ਭਾਈ ਬਾਲੇ ਲਖਾਈ। ਬਾਲੇ ਉਪਰਿ ਗੁਰੂ ਅੰਗਦ ਬਹੁਤੁ ਖੁਸੀ ਹੋਇਆ। ਭਾਈ ਬਾਲੇ ਅਤੇ ਮੁਰਦਾਨਾ ਰਬਾਬੀ ਨਾਲਿ ਫਿਰੇ ਆਹਾ ਮੋਦੀਖਾਨੇ ਕੇ ੜਖਤ, ਬਾਲਾ ਨਾਲੇ ਆਹਾ।ਸਭ ਤੋਂ ਮਹੱਤਵ ਪੂਰਨ ਸਵਾਲ ਹੈ, ਗੁਰੂ ਅੰਗਦ ਦੇਵ ਜੀ ਵੱਲੋਂ ਭਾਈ ਬਾਲੇ ਨੂੰ ਪੁੱਛਣਾ, "ਸਿਖਾ ਕਿਥੋਂਆਇਓ ਸੁ ਕਿਵਕਰਿ ਆਵਣ ਹੋਇਆ ਹੈਜੀ। ਕਉਣ ਹੁੰਦੇਹੋ"?ਕੀ ਇਸ ਜਨਮ ਸਾਖੀਦੇ ਅੰਦਰਲੀਆਂ ਗਵਾਈਆਂ ਹੀ ਇਸ ਨੂੰ ਰੱਦ ਕਰਨ ਲਈ ਕਾਫੀ ਨਹੀਂ ਹਨ?ਬਾਲਾ, ਇਕ ਕਾਲਪਨਿਕ ਪਾਤਰ ਹੈ ਅਤੇ ਉਸ ਦੇ ਨਾਮ ਨਾਲ ਜਾਣੀ ਜਾਂਦੀ ਮੌਜੂਦਾ ਜਨਮ ਸਾਖੀ ਝੂਠੀ ਅਤੇ ਜਾਹਲੀ ਹੈ। ਸਾਡਾ ਇਹ ਦਾਵਾ ਉਨ੍ਹਾਂ ਚਿਰ ਕਾਇਮ ਰਹੇਗਾ, ਜਿੰਨਾ ਚਿਰ ਸਬੰਧਿਤ ਧਿਰਾਂ ਸੰਮਤ 1596 ਬਿਕ੍ਰਮੀ (1539-40 ਈ:) ਦੀ ਲਿਖੀ ਹੋਈ ਭਾਈ ਬਾਲੇ ਦੀ ਅਸਲ ਲਿਖਤ ਪੇਸ਼ ਨਹੀ ਕੀਤੀ ਜਾਂਦੀ।

# ਸ਼ਹੀਦ ਬਾਬਾ ਦੀਪ ਸਿੰਘ ਜੀ

(ਸਫਾ 24 ਦੀ ਬਾਕੀ)

2. ਬਾਬਾ ਬਲਵੰਤ ਸਿੰਘ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

# ਪਰਾਲੀ



ਐਂਤਕੀ ਪਰਾਲੀ ਨਹੀਂ ਜਲਾਉਂਣੀ,
ਕਿਸਾਨ ਵੀਰੋ ਨਵੀਂ ਪਿਰਤ ਪਾਉਂਣੀ।
ਸਰਕਾਰਾਂ ਦਾ ਆਪਾਂ ਨੂੰ ਸਭ ਹੈ ਪਤਾ,
ਦੇਣਾ ਨਹੀਂ ਤੁਹਾਨੂੰ ਕੋਈ ਪੈਸਾ ਟਕਾ।
ਵੋਟਾਂ ਵੇਲੇ ਵੱਡੀਆਂ ਗੱਲਾਂ ਨੇ ਕਰਦੇ,
ਜਿੱਤਣ ਮਗਰੋਂ ਨਹੀਂ ਆਉਂਦੇ ਡਰਦੇ।
ਅੱਗ ਲਾਉਣ ਦੇ ਬਹੁਤ ਨੇ ਨੁਕਸਾਨ,
ਤੁਹਾਨੂੰ ਇਸ ਦਾ ਹੈ ਪੂਰਾ ਗਿਆਨ।
ਪਰਾਲੀ ਨੂੰ ਖੇਤਾਂ ਵਿੱਚ ਦਿਓ ਵਾਹ,
ਵਾਤਾਵਰਨ ਬਚਾਉਣ ਦਾ ਇੱਕੋ ਰਾਹ।
ਬਹੁਤ ਪ੍ਰਦੂਸ਼ਿਤ ਹੋ ਚੁੱਕੀ ਹੁਣ ਹਵਾ,
ਲੁੱਟੀ ਜਾਣ ਡਾਕਟਰ ਵੇਚ ਵੇਚ ਦਵਾ।
ਮੁਸ਼ਕਿਲ ਹੋਇਆ ਪਿਆ ਸਾਹ ਲੈਣਾ,
ਭਰਾਵੋ ਹੱਲ ਤੁਹਾਨੂੰ ਹੀ ਕੱਡਣਾ ਪੈਣਾ।
ਪਰਾਲੀ ਨੂੰ ਵਾਹ ਕੇ ਖਾਧ ਬਣਾ ਲਓ,
ਧਰਤੀ ਮਾਂ ਨੂੰ ਬੰਜ਼ਰ ਹੋਣੋ ਬਚਾ ਲਓ।
ਸਮਝਦੇ ਹਾਂ ਤੁਹਾਡੀ ਵੀ ਹੈ ਮਜ਼ਬੂਰੀ,
ਪਰ ਸ਼ੁੱਧ ਹਵਾ ਜਿਉਂਣ ਲਈ ਜਰੂਰੀ।

**- ਚਮਨਦੀਪ ਸ਼ਰਮਾ**
**91-95010-33005**



# ਵਿਅੰਗ ਵਾਰਤਾ ਮਾਈ ਝੂੰਦਾ ਕਮੇਟੀ ਕੌਰ?

ਪਿੰਡ ਦੇ ਖਾਨਦਾਨੀ ਪ੍ਰਵਾਰ ਦਾ ਇਕ ਨੌਜਵਾਨ ਲੜਕਾ ਕਾਲਜ ਦੀ ਪੜ੍ਹਾਈ ਕਰਨ ਸ਼ਹਿਰ ਜਾਣ ਲੱਗਾ। ਮੁੰਡਾਂ ਤਾਂ ਨੇਕ ਹੀ ਸੀ ਪਰ ਮਾੜੀ ਕਿਸਮਤ ਨੂੰ ਉਹ ਵਿਗੜਿਆਂ ਦੀ ਸੰਗਤ ਕਾਰਨ ਸ਼ਰਾਬ ਪੀਣ ਦਾ ਆਦੀ ਹੋ ਗਿਆ। ਪੀਣ-ਪਿਲਾਣ ਦਾ ਸਿਲਸਿਲਾ ਕਾਫੀ ਚਿਰ ਤਾਂ ਚਲਦਾ ਰਿਹਾ ਪਰ ਸ਼ਾਇਦ ਘਰ ਦਿਆਂ ਨੂੰ ਪਤਾ ਲੱਗ ਗਿਆ,ਉਨ੍ਹਾਂ ਉਸਨੂੰ ਕਾਲਜ ਤੋਂ ਹਟਾ ਲਿਆ।

ਕਾਲਜ ਜਾਣੋ ਹਟੇ ਨੂੰ ਹਫਤਾ ਕੁ ਹੋਇਆ ਸੀ ਕਿ ਇਕ ਸ਼ਾਮ ਉਹ ਆਪਣੇ ਘਰ ਦੇ ਵਿਹੜੇ 'ਚ ਲਿਟਣ ਲੱਗ ਪਿਆ-

'ਹਾਏ ਉਏ ਮੈਂ ਮਰ ਗਿਆ...॥ ਮੇਰੇ ਲੱਤਾਂ ਬਾਹਾਂ 'ਚ ਦਰਦਾਂ ਹੋ ਰਹੀਆਂ! ਮੇਰਾ ਮੂੰਹ ਸੁੱਕਣ ਡਿਹਾ...॥ ਹਾਏ ਮਾਂ ਮੇਰਾ ਇਲਾਜ ਕਰਾਵੋ !'

ਉਹਦਾ ਚੀਕ-ਚਿਹਾੜਾ ਜਿਹਾ ਸੁਣਕੇ ਸਾਰਾ ਆਂਢ-ਗੁਆਂਢ ਵਿਹੜੇ ਵਿੱਚ ਆਣ ਜੁੜਿਆ! ਉਹਦੇ ਕੜਵੱਲਾਂ ਪੈਂਦੀਆਂ ਦੇਖ ਕੇ ਲੱਗ ਪਏ ਆਲ਼ੇ ਦੁਆਲ਼ਿਉਂ ਸੁਝਾਅ ਆਉਣ !

ਕੋਈ ਕਹੇ ਇਹਦੇ ਸਿਰ 'ਚ ਤੇਲ ਝੱਸੋ। ਕੋਈ ਕਹੇ ਤਲ਼ੀਆਂ ਝੱਸੋ...। ਕਿਸੇ ਦਾ ਨੁਸਖਾ ਸੀ ਕਿ ਇਹਨੂੰ ਦੁੱਧ 'ਚ ਦੇਸੀ ਘਿਉ ਪਾ ਕੇ ਦਿਉ! ਕੁੱਝ ਮਾਈਆਂ ਕਹਿਣ ਕਿ ਗਰਮ ਗਰਮ ਕਾੜ੍ਹਾ ਪਿਲ਼ਾਉ ਇਹਨੂੰ ! ਜਿੰਨੇ ਮੂੰਹ ਓਨੇ ਹੀ ਨੁਸਖੇ!

ਇਸ ਘਰ ਦੀ ਗੁਆਂਢਣ ਇਕ ਮਾਈ ਜੋ ਭੀੜ ਦੇ ਪਿੱਛੇ ਖੜ੍ਹੀ ਸੀ, ਉਹ ਬੋਲੀ- 'ਇਹਨੂੰ ਕੁਸ਼ ਨੀ ਹੋਇਆ ਵਾ,ਨਸ਼ੇ ਦੀ ਤਲਬ ਦਾ ਮਾਰਿਆ ਕ਼ਲਪਦਾ ਐ...।ਇਹਨੂੰ ਦੇਵੋ ਅਧੀਆ-ਪਊਆ ਲਿਆ ਕੇ...।!'

'ਕੱਠੇ ਹੋਏ ਲੋਕ ਜਦ ਉਸ ਮਾਈ ਦੀ ਅਵਾਜ ਨੂੰ ਅਣਗੌਲ਼ਿਆ ਜਿਹਾ ਕਰਕੇ ਰੰਗ-ਬਰੰਗੇ ਨੁਸਖੇ ਦੱਸੀ ਜਾ ਰਹੇ ਸੀ ਤਾਂ ਕ਼ਲਪਦਾ ਹੋਇਆ ਮੁੰਡਾ ਓਸ ਮਾਈ ਵੱਲ੍ਹ ਇਸ਼ਾਰਾ ਕਰਕੇ ਬੋਲਿਆ-

"ਉਹ ਲੋਕੋ ਤੁਸੀਂ ਯੱਭ਼ਲੀਆਂ ਕਿਉਂ ਮਾਰੀ ਜਾਨੇ ਐਂ॥ ਔਹ ਵਿਚਾਰੀ ਮਾਈ ਦੀ ਤਾਂ ਗੱਲ ਸੁਣ ਲਉ ਕੋਈ ?"

ਇਹ ਕਹਾਣੀ ਸੁਣ ਕੇ ਹੁਣ ਚਲਦੇ ਹਾਂ ਅਕਾਲੀ ਸਿਆਸਤ ਦੇ ਪਿੜ ਵੱਲ੍ਹ ! ਬਾਦਲ ਦਲੀਏ ਹੋਰ ਹੋਰ ਯੱਭ਼ਲੀਆਂ ਤਾਂ ਬਥੇਰੀਆਂ ਮਾਰੀ ਜਾ ਰਹੇ ਹਨ ਪਰ ਝੂੰਦਾ ਕਮੇਟੀ ਵਲੋਂ ਸੁਝਾਏ 'ਨੁਸਖੇ' ਬਾਰੇ ਮੂੰਹ ਨਹੀਂ ਖੋਲ੍ਹਦੇ!

ਉਕਤ ਲੋਕ-ਵਾਰਤਾ ਵਿਚਲੀ ਮਾਤਾ ਦਾ ਨਾਂ 'ਮਾਈ ਝੂੰਦਾ ਕਮੇਟੀ ਕੌਰ' ਹੋਣਾ ਚਾਹੀਦਾ ਐ !

**-ਤਰਲੋਚਨ ਸਿੰਘ**
**ਦੁਪਾਲ ਪੁਰ**
**001-408-915-1268**



# ਮੇਰਾ ਪਿੰਡ ਸੁਲਹਾਣੀ



ਲਾਲ ਸਿੰਘ ਸੁਲਹਾਣੀ
91-98721-55120

ਮੇਰੀ ਜੰਮਣ ਭੋਇੰ ਹੈ ਪਿੰਡ ਸੁਲਹਾਣੀ। ਜਿਥੋਂ ਦੀ ਮਿੱਟੀ ਵਿਚ ਮੈਂ ਖੇਡਿਆ, ਪਲਿਆ, ਪੜ੍ਹਿਆ ਤੇ ਵੱਡਾ ਹੋਇਆ। ਇਹ ਫਿਰੋਜ਼ਪੁਰ ਜ਼ਿਲ੍ਹੇ ਦਾ ਛੋਟਾ ਜਿਹਾ ਪਿੰਡ ਹੈ। ਇਹ ਪਿੰਡ ਦੇਸ਼ ਦੁਨੀਆਂ ਵਿੱਚ ਮੇਰੀ ਪਛਾਣ ਬਣ ਗਿਆ ਹੈ। ਸੁਲਹਾਣੀ ਮੇਰਾ ਕੇਵਲ ਤਖੱਲਸ ਹੀ ਨਹੀਂ ਮੇਰਾ ਵਜੂਦ ਬਣ ਗਿਆ ਹੈ। ਮੇਰੀ ਹੋਂਦ ਦਾ ਪ੍ਰਤੀਕ ਹੈ ਸੁਲਹਾਣੀ। ਇਸ ਤੋਂ ਬਿਨਾਂ ਮੇਰਾ ਨਾਂ ਅੱਧਾ ਅਧੂਰਾ ਜਿਹਾ ਲੱਗਦਾ ਹੈ।

ਫਿਰੋਜ਼ਪੁਰ ਤੋਂ ਚੜ੍ਹਦੇ ਵੱਲ 25 ਕੁ ਕਿਲੋਮੀਟਰ ਅਤੇ ਏਨਾ ਕੁ ਮੋਗੇ ਤੋਂ ਲਹਿੰਦੇ ਵੱਲ ਪੈਂਦਾ ਹੈ ਪਿੰਡ ਸੁਲਹਾਣੀ ਜੋ ਚੜ੍ਹਦੇ ਵੱਲ ਪੈਂਦੇ ਛੇ ਕੁ ਕਿਲੋਮੀਟਰ ਤੇ ਤਲਵੰਡੀ ਭਾਈ ਕਸਬੇ ਦੇ ਨੇੜੇ ਵਸਿਆ ਹੈ। ਮੇਰਾ ਪਿੰਡ ਸੁਲਹਾਣੀ ਚੜ੍ਹਦੇ ਪੰਜਾਬ ਦੇ ਮਹਾਂ ਨਗਰ ਲੁਧਿਆਣਾ ਅਤੇ ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਲੱਗਭਗ ਵਿਚਕਾਰ ਸਥਿਤ ਹੈ। ਵੰਡ ਤੋਂ ਪਹਿਲਾਂ ਬਜ਼ੁਰਗ ਲੁਧਿਆਣੇ ਦੀ ਬਜਾਏ ਗੱਡਿਆਂ ਉਪਰ ਲਾਹੌਰ ਜਾਣ ਨੂੰ ਤਰਜੀਹ ਦੇਂਦੇ ਸਨ ਅਤੇ ਉਹ ਬੜੇ ਮਾਣ ਨਾਲ ਆਖਦੇ ਹੁੰਦੇ ਸਨ ਜੀਹਨੇ ਲਾਹੌਰ ਨਹੀਂ ਵੇਖਿਆ ਉਹ ਤਾਂ ਜੰਮਿਆਂ ਹੀ ਨਹੀਂ।

ਮੇਰੇ ਪਿੰਡ ਸੁਲਹਾਣੀ ਨੂੰ ਪਹਿਲਾਂ ਡਾਕਖਾਨਾ ਮਾਛੀ ਬੁਗਰਾ ਲੱਗਦਾ ਹੁੰਦਾ ਸੀ ਹੁਣ ਸੁਖ ਨਾਲ ਡਾਕਖਾਨਾ ਖਾਸ ਹੋ ਗਿਆ ਹੈ ਪਰ ਜਦੋਂ ਦੇ ਟੈਲੀਫੋਨ/ ਮੋਬਾਈਲ ਆਏ ਹਨ ਚਿੱਠੀਆਂ ਲਿਖਣਾ ਤਾਂ ਭੁੱਲ ਹੀ ਗਏ ਲੋਕ। ਨਵੇਂ ਪੋਸ਼ ਨੂੰ ਤਾਂ ਸ਼ਾਇਦ ਚਿੱਠੀ ਲਿਖਣੀ ਵੀ ਨਹੀਂ ਆਉਂਦੀ। ਪਹਿਲਾਂ ਤਲਵੰਡੀ ਭਾਈ ਜਾਂ ਫਿਰੋਜ਼ਸ਼ਾਹ ਜੀਹਨੂੰ ਫੇਰੂ ਸ਼ਹਿਰ ਕਹਿੰਦੇ ਹੁੰਦੇ ਸੀ ਜਾਕੇ ਰੇਲ ਗੱਡੀ ਤੇ ਚੜ੍ਹਨ ਲਈ ਤੁਰਕੇ ਜਾਣਾ ਪੈਂਦਾ ਸੀ ਅਤੇ ਉਥੋਂ ਉਤਰ ਕੇ ਪਿੰਡ ਤੱਕ ਪੈਦਲ ਆਉਣਾ ਪੈਂਦਾ ਸੀ। ਮੇਰੇ ਜੰਮਣ ਤੋਂ ਪਿੱਛੋਂ ਕੁਝ ਸਮਾਂ ਪਿੰਡ ਦਾ ਰੇਲਵੇ ਸਟੇਸ਼ਨ ਬਣ ਗਿਆ ਸੀ ਅਤੇ ਪਿੰਡ ਨੂੰ ਲੋਕ ਟੇਸ਼ਨ ਵਾਲੀ ਸੁਲਹਾਣੀ ਕਹਿਣ ਲੱਗ ਪਏ। ਮਾਛੀ ਬੁਗਰਾ, ਝੰਜੀਆਂ, ਹਰਾਜ, ਕਾਲੀਏ ਵਾਲਾ, ਠੇਠਰ ਕਲਾਂ, ਠੇਠਰ ਖੁਰਦ, ਭੰਗਾਲੀ, ਨਰਾਇਣਗੜ੍ਹ, ਵਾੜਾ ਜਵਾਹਰ ਸਿੰਘ, ਹੱਡਾਂ ਵਾਲੀ, ਬੂਈਆਂ ਵਾਲਾ ਵਰਗੇ ਲਾਗਲੇ ਦਰਜਨਾਂ ਪਿੰਡਾਂ ਲਈ ਆਵਾਜਾਈ ਦਾ ਕੇਂਦਰ ਸੀ ਸੁਲਹਾਣੀ ਰੇਲਵੇ ਸਟੇਸ਼ਨ। ਸੁਲਹਾਣੀ ਪਿੰਡ ਦਾ ਪਾਣੀ ਬੜਾ ਠੰਡਾ ਤੇ ਮਿੱਠਾ ਸੀ ਸ਼ਰਬਤ ਵਰਗਾ। ਰੋਜ਼ਾਨਾ ਆਉਣ ਜਾਣ ਵਾਲੀਆਂ ਰੇਲ ਗੱਡੀ ਦੀਆਂ ਸੁਆਰੀਆਂ ਪਹਿਲਾਂ ਹੀ ਮਨ ਵਿਚ ਧਾਰ ਲੈਂਦੀਆਂ ਸਨ ਕਿ ਸੁਲਹਾਣੀ ਟੇਸ਼ਨ ਤੋਂ ਪੀਵਾਂਗੇ ਪਾਣੀ। ਰੇਲ ਗੱਡੀਆਂ ਦੀ ਆਵਾਜਾਈ ਮੌਕੇ ਸਟੇਸ਼ਨ ਤੇ ਪੂਰੀ ਚਹਿਲ ਪਹਿਲ ਹੁੰਦੀ ਸੀ ਇਕ ਤਰ੍ਹਾਂ ਮੇਲੇ ਦਾ ਰੂਪ ਧਾਰ ਲੈਂਦਾ ਸੀ ਰੇਲਵੇ ਸਟੇਸ਼ਨ ਸੁਲਹਾਣੀ। ਘਰ ਘਰ ਆਵਾਜਾਈ ਦੇ ਨਿੱਜੀ ਸਾਧਨਾਂ ਦੀ ਬਹੁਤਾਤ ਸਦਕਾ ਹੁਣ ਉਹ ਰੌਣਕਾਂ ਕਿਧਰੇ ਨਜ਼ਰ ਨਹੀਂ ਆਉਂਦੀਆਂ। ਸ਼ਾਇਦ ਤਾਂ ਹੀ ਉਦਾਸ, ਬੇ ਰੌਣਕ ਤੇ ਬੇਜਾਨ ਜਿਹੀ ਇਮਾਰਤ ਬਣ ਕੇ ਰਹਿ ਗਿਆ ਹੁਣ ਸੁਲਹਾਣੀ ਦਾ ਸਟੇਸ਼ਨ।

ਸੀਨਾ ਬ ਸੀਨਾ ਚਲਦੀ ਆ ਰਹੀ ਮਨੌਤ ਹੈ ਕਿ ਇਹ ਪਿੰਡ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਵਸਿਆ ਹੈ। ਬਜ਼ੁਰਗ ਦਸਿਆ ਕਰਦੇ ਸਨ ਕਿ ਉਸ ਜ਼ਮਾਨੇ ਵਿਚ ਇੱਥੇ ਮੁਗਲਾਂ ਦਾ ਬੋਲਬਾਲਾ ਸੀ। ਮੱਲਾ ਤੇ ਬਜੀਦਾ ਨਾਂ ਦੇ ਲੱਠਮਾਰ ਮੁਗਲ ਭਰਾਵਾਂ ਦਾ ਦਬਦਬਾ ਸੀ। ਉਹਨਾਂ ਨੇ ਫਿਰੋਜ਼ਪੁਰ ਲਾਗੇ ਆਪਣੇ ਨਾਮ ਤੇ ਮੱਲਵਾਲ ਤੇ ਬਜੀਦਪੁਰ ਪਿੰਡ ਵਸਾਏ ਸਨ। ਉਹ ਦੂਰ ਦੁਰਾਡੇ ਕਿਧਰੇ ਪਿੰਡ ਨਹੀਂ ਬੰਨ੍ਹਣ ਦਿੰਦੇ ਸਨ। ਇਤਿਹਾਸਕ ਪਿੰਡ ਮੁੱਦਕੀ ਲਾਗਲੇ ਪਿੰਡ ਭਲੂਰ ਦਾ ਇਕ ਚੋਬਰ ਸਰਦਾਰ ਸਾਹਿਬ ਸਿੰਘ ਸੀ। ਉਹ ਬੜਾ ਫੁਰਤੀਲਾ, ਜਰਵਾਣਾ, ਅਣਖੀਲਾ, ਸੂਰਬੀਰ ਤੇ ਜੁਝਾਰੂ ਗੱਭਰੂ ਸੀ। ਉਹਨੇ ਮੱਲੇ ਤੇ ਬਜੀਦੇ ਦੀ ਵੰਗਾਰ ਕਬੂਲ ਕੀਤੀ। ਉਹਨਾਂ ਨਾਲ ਸਰਦਾਰ ਸਾਹਿਬ ਸਿੰਘ ਦੀ ਲਹੂ ਵੀਟਵੀਂ ਲੜਾਈ ਹੋਈ। ਇਸ ਲੜਾਈ ਦੌਰਾਨ ਮੱਲੇ ਬਜੀਦੇ ਦੋਹਾਂ ਭਰਾਵਾਂ ਦਾ ਭਾਰੀ ਜਾਨੀ ਮਾਲੀ ਨੁਕਸਾਨ ਹੋਇਆ ਤੇ ਉਹਨਾਂ ਨੇ ਹਾਰ ਮੰਨ ਲਈ। ਸਰਦਾਰ ਸਾਹਿਬ ਸਿੰਘ ਦੀ ਭੈਣ ਦਾ ਨਾਂ ਸੁਲਹੀ ਸੀ ਜਿਸਨੂੰ ਉਹ ਬੇਹੱਦ ਪਿਆਰ ਕਰਦੇ ਸਨ। ਇੱਥੇ ਪਿੰਡ ਦੀ ਮੋਹੜੀ ਗੱਡਣ ਉਪਰੰਤ ਉਹਨਾਂ ਨੇ ਆਪਣੀ ਉਸ ਭੈਣ ਦੇ ਨਾਮ ਤੇ ਪਿੰਡ ਦਾ ਨਾਂ ਸੁਲਹਾਣੀ ਰੱਖਿਆ ਸੀ।

ਸਰਦਾਰ ਸਾਹਿਬ ਸਿੰਘ ਜਟਾਣਾਂ ਗੋਤ ਨਾਲ ਸਬੰਧਤ ਸੀ ਏਸੇ ਕਰਕੇ ਪਿੰਡ ਸੁਲਹਾਣੀ ਦੇ ਵਸਨੀਕ ਵਧੇਰੇ ਗਿਣਤੀ ਵਿਚ ਜਟਾਣਾਂ ਗੋਤ ਦੇ ਜੱਟ ਹਨ। ਕੁਝ ਘਰ ਘਰ ਗਿੱਲ ਅਤੇ ਢਿੱਲੋਂ ਗੋਤ ਦੇ ਰਹਿੰਦੇ ਹਨ ਅਤੇ ਹੁਣ ਇਕ ਦੋ ਘਰ ਸੰਧੂ ਵੀ ਆ ਵਸੇ ਹਨ। ਦੇਸ਼ ਦੀ ਵੰਡ ਤੋਂ ਬਾਅਦ ਦੋ ਕੁ ਘਰ ਪਾਕਿਸਤਾਨ ਤੋਂ ਉਜੜ ਕੇ ਆਏ ਸਨ ਜਿਹਨਾਂ ਨੂੰ ਇਧਰੋਂ ਗਏ ਮੁਸਲਮਾਨਾਂ ਦੀ ਜ਼ਮੀਨ ਅਲਾਟ ਹੋਈ ਉਹਨਾਂ ਨੂੰ ਲਹੌਰੀਏ ਜਾਂ ਪਨਾਹਗੀਰ ਆਖਿਆ ਜਾਂਦਾ ਸੀ। ਸਰਦਾਰ ਸਾਹਿਬ ਸਿੰਘ ਨਾਲ ਹੀ ਸਾਡੇ ਪੁਰਖੇ ਵੀ ਭਲੂਰ ਤੋਂ ਇਸ ਪਿੰਡ ਵਿੱਚ ਆ ਵਸੇ ਸਨ। ਪਿੰਡ ਵਿਚ ਤਰਖਾਣ, ਨਾਈ ਤੇ ਸੁਨਿਆਰਿਆਂ ਦੇ ਥੋੜ੍ਹੇ ਜਿਹੇ ਪ੍ਰਵਾਰ ਰਹਿੰਦੇ ਹਨ। ਲੰਮਾ ਸਮਾਂ ਪਹਿਲਾਂ ਖੱਤਰੀ ਪਰਿਵਾਰਾਂ ਵਿਚੋਂ ਨਾਨਕ ਚੰਦ, ਬੁੱਧ ਰਾਮ ਤੇ ਕੁਝ ਹੋਰ ਟੱਬਰ ਤਲਵੰਡੀ ਭਾਈ ਕਸਬੇ 'ਚ ਜਾ ਵਸੇ ਸਨ। ਉਥੇ ਉਹਨਾਂ ਦੇ ਪਰਿਵਾਰਾਂ ਵੱਡੇ ਕਾਰੋਬਾਰ ਤੇ ਵਪਾਰ ਕਰਦੇ ਹਨ ਉਹ ਕਸਬੇ ਵਿਚ ਬਾਰਸੂਖ਼ ਪਰਿਵਾਰਾਂ ਵਜੋਂ ਜਾਣੇ ਜਾਂਦੇ ਹਨ। ਹੁਣ ਸੁਲਹਾਣੀ ਪਿੰਡ ਵਿਚ ਟਾਂਵੇਂ ਟਾਂਵੇਂ ਹੀ ਖੱਤਰੀ ਪਰਿਵਾਰਾਂ ਦੇ ਘਰ ਹਨ ਉਹਨਾਂ ਵਿਚੋਂ ਹੋਣਹਾਰ ਨੌਜੁਆਨ ਮੁਨੀਸ਼ ਕੁਮਾਰ ਝੱਟਾ ਰਾਜਨੀਤੀ ਵਿਚ ਪੈਰ ਜਮਾਉਣ ਲਈ ਯਤਨਸ਼ੀਲ ਹੈ। ਦੋ ਕੁ ਬ੍ਰਾਹਮਣ ਪਰਿਵਾਰ ਵੀ ਪਿੰਡ ਵਿਚ ਰਹਿੰਦੇ ਹਨ। ਮਜ਼ਬੀ ਸਿੱਖਾਂ ਦੀ ਪਿੰਡ ਵਿਚ ਲੱਗਭਗ ਅੱਧੀ ਆਬਾਦੀ ਹੈ। ਜਿਹਨਾਂ ਵਿਚੋਂ ਬਹੁਤੇ ਸਹੋਤਾ ਗੋਤ ਦੇ ਹਨ। ਜੋ ਭਲੂਰ ਤੋਂ ਪਰਵਾਸ ਕਰਕੇ ਆਏ। ਸਾਡੇ ਵਡਿੱਕੇ ਬਾਬਾ ਮਲੂਕਾ ਜੀ ਦੀ ਅੰਸ਼ ਵੰਸ਼ ਵਿਚੋਂ ਹਨ। ਬਾਬਾ ਮਲੂਕਾ ਜੀ ਦੇ ਤਿੰਨ ਪੁੱਤਰ ਸਨ, ਬਾਬਾ ਦਿੱਤਾ, ਬਾਬਾ ਸੁੰਦਰ ਤੇ ਬਾਬਾ ਛੁੰਮਣ। ਬਾਬਾ ਦਿੱਤਾ ਸੀ ਜੋ ਮਲ੍ਹੀਆਂ ਵਾਲੇ ਵਿਆਹਿਆ ਸੀ। ਉਹਦੇ ਤਿੰਨ ਪੁੱਤਰ ਸਨ ਬਾਬਾ ਖੇਤਾ ਸਿੰਘ, ਬਾਬਾ ਬਦਨ ਸਿੰਘ ਤੇ ਬਾਬਾ ਗੁਜਰ ਸਿੰਘ ਸ਼ਹੀਦ। ਬਾਬਾ ਖੇਤਾ ਸਿੰਘ ਜੋ ਮਚਾਕੀ ਮੱਲ ਸਿੰਘ ਵਾਲੀ ਵਿਖੇ ਮਾਤਾ ਸ਼ਮ੍ਹਾ ਨਾਲ ਵਿਆਹਿਆ ਸੀ ਦੇ ਤਿੰਨ ਪੁੱਤਰ ਸਨ ਬਾਬਾ ਗੁਰਦਿਆਲ ਸਿੰਘ, ਬਾਬਾ ਚੰਨਣ ਸਿੰਘ ਤੇ ਬਾਬਾ ਕਪੂਰ ਸਿੰਘ ਅਤੇ ਇਕ ਧੀ ਸੀ। ਬਾਬਾ ਗੁਰਦਿਆਲ ਸਿੰਘ ਜੋ ਮਾਣਾ ਸਿੰਘ ਵਾਲੇ ਵਿਆਹਿਆ ਵਿਖੇ ਸੀ ਉਹਨਾਂ ਦੀ ਪਤਨੀ ਦਾ ਨਾਂ ਸੀ ਮਾਤਾ ਭਾਨੋ। ਉਹਨਾਂ ਦੇ ਗ੍ਰਹਿ ਵਿਖੇ ਤਿੰਨ ਪੁੱਤਰ ਅਤੇ ਇਕ ਧੀ ਨੇ ਜਨਮ ਲਿਆ। ਸਰਦਾਰ ਨਗਿੰਦਰ ਸਿੰਘ, ਸਰਦਾਰ ਲਛਮਣ ਸਿੰਘ ਸਰਦਾਰ ਸੁੱਚਾ ਸਿੰਘ ਅਤੇ ਬੀਬੀ ਕਰਤਾਰ ਕੌਰ।

ਸਰਦਾਰ ਨਗਿੰਦਰ ਸਿੰਘ ਤੇ ਮਾਤਾ ਮੁਖਤਿਆਰ ਕੌਰ ਦੇ ਗ੍ਰਹਿ ਵਿਖੇ ਤਿੰਨ ਜਨਵਰੀ 1951 ਨੂੰ ਮੈਂ ਪਹਿਲੀ ਕਿਲਕਾਰੀ ਮਾਰੀ। ਉਂਝ ਮੇਰੇ ਮਾਂ ਜੀ ਮੇਰਾ ਜਨਮ ਜੇਠ ਮਹੀਨੇ ਦਾ ਦੱਸਿਆ ਕਰਦੇ ਸਨ।

ਮੇਰੇ ਪਿੰਡ ਵਿਚ ਇਕ ਉਦਾਸੀ ਸਾਧੂ ਨੇ ਰਾਜਸਥਾਨ ਤੋਂ ਆ ਕੇ ਪਿੰਡ ਦੇ ਲਹਿੰਦੇ ਪਾਸੇ ਡੇਰਾ ਬਣਾ ਲਿਆ ਸੀ। ਉਸ ਸਾਧੂ ਦਾ ਨਾਂ ਬਾਬਾ ਬਰ੍ਹੱਮ ਦਰਿਆ ਸੀ। ਸੁਲਹਾਣੀ ਪਿੰਡ ਦੇ ਵਸਨੀਕਾਂ ਦੀ ਉਹਨਾਂ ਵਿਚ ਅਥਾਹ ਆਸਥਾ ਚਲੀ ਆ ਰਹੀ ਹੈ। ਡੇਰੇ ਵਿਚ ਸਨਾਤਨੀ ਵਿਚਾਰਧਾਰਾ ਦਾ ਬੋਲਬਾਲਾ ਰਿਹਾ ਹੈ। ਸਨਾਤਨੀ ਰਹੁਰੀਤਾਂ ਅਨੁਸਾਰ ਅਛੂਤਾਂ ਦਾ ਡੇਰੇ ਅੰਦਰ ਦਾਖ਼ਲਾ ਬੰਦ ਸੀ। ਇਸ ਪ੍ਰਭਾਵ ਸਦਕਾ ਮੇਰੇ ਸੁਰਤ ਸੰਭਾਲਣ ਤੱਕ ਪਿੰਡ ਦੇ ਅਮ੍ਰਿਤਧਾਰੀ ਤੇ ਗੁਰੂ ਦੇ ਸਿੱਖ ਕਹਾਉਣ ਵਾਲੇ ਵਿਅਕਤੀ ਵੀ ਛੂਤ ਛਾਤ ਦੀ ਬੀਮਾਰੀ ਦੇ ਪੂਰੀ ਤਰ੍ਹਾਂ ਸ਼ਿਕਾਰ ਸਨ। ਸਿੱਖ ਪੰਥ ਦੀ ਉਸਾਰੀ ਲਈ ਵੱਡੇ ਯੋਗਦਾਨ ਤੇ ਲਾਸਾਨੀ ਕੁਰਬਾਨੀਆਂ ਦੇਣ ਦੇ ਬਾਵਜੂਦ ਵੀ ਪਿੰਡ ਵਿਚ ਮਜ਼ਬੀ ਸਿੱਖਾਂ ਨੂੰ ਅਛੂਤ ਤੇ ਚੌਥੇ ਪਉੜੇ ਵਾਲੇ ਆਖਕੇ ਉਹਨਾਂ ਨੂੰ ਜੁੱਤੀਆਂ ਵਿਚ ਖੜ੍ਹਾ ਕੇ ਕੜਾਹ ਪ੍ਰਸ਼ਾਦ ਦੂਰੋਂ ਸੁੱਟਿਆ ਜਾਂਦਾ ਸੀ। ਕੋਈ ਅੱਧੀ ਸਦੀ ਪਹਿਲਾਂ ਡੇਰੇ ਅੰਦਰ ਇਕ ਅਜੀਬ ਘਟਨਾ ਵਾਪਰ ਗਈ ਜਿਸ ਕਰਕੇ ਗੁਰੂ ਦੇ ਸਿੱਖ ਕਹਾਉਂਦੇ ਪੰਜ ਕਕਾਰਾਂ ਦੇ ਧਾਰਨੀ ਸਿੱਖਾਂ ਦੀ ਸਥਿਤੀ ਹਾਸੋਹੀਣੀ ਬਣ ਗਈ। ਉਸ ਸਮੇਂ ਆਮ ਤੌਰ ਤੇ ਸੱਭ ਵਰਗਾਂ ਦੀਆਂ ਔਰਤਾਂ ਘੁੰਡ ਕੱਢਦੀਆਂ ਸਨ। ਉਸ ਸਮੇਂ ਘੁੰਡ ਦੀ ਆੜ ਵਿੱਚ ਇਕ ਵਾਰ ਮਾਤਾ ਸ਼ਾਮ ਕੌਰ ਜੋ ਬਹੁਤ ਖੂਬਸੂਰਤ, ਉੱਚੀ ਲੰਮੀ, ਗੋਰੀ ਨਿਛੋਹ ਮਜ਼ਬੀ ਸਿੱਖ ਪਰਿਵਾਰ ਦੀ ਔਰਤ ਸੀ ਜੋ ਸੰਗਰਾਂਦ ਦੇ ਦਿਹਾੜੇ 'ਤੇ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਸਾਹਵੇਂ ਕੜਾਹ ਪਰਸਾਦਿ ਚੜ੍ਹਾ ਆਈ। ਇਸ ਗੱਲ ਦਾ ਬਾਅਦ ਵਿੱਚ ਪਤਾ ਲੱਗਣ ਤੇ ਕਹਿੰਦੇ ਕਹਾਉਂਦੇ ਅੰਮ੍ਰਿਤਧਾਰੀ ਅਕਾਲੀ ਮੂੰਹ 'ਚ ਉਂਗਲਾਂ ਮਾਰਕੇ ਸ਼ੁਧੀਕਰਨ ਕਰਦੇ ਰਹੇ।

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਏਥੇ ਗੁਰੂ ਨਾਨਕ ਸਾਹਿਬ ਦਾ ਸ਼ਰਾਧ ਕੀਤਾ ਜਾਂਦਾ ਰਿਹਾ ਹੈ। ਜਦੋਂ ਕਿ ਗੁਰਬਾਣੀ ਸ਼ਰਾਧਾਂ ਦਾ ਜ਼ੋਰਦਾਰ ਖੰਡਣ ਕਰਦੀ ਹੈ। ਹੁਣ ਗੁਰੂ ਨਾਨਕ ਦੀ ਥਾਂ ਬਾਬੇ ਬਰ੍ਹਮ ਦਰਿਆ ਦਾ ਸਰਾਧ ਕਹਿਆ ਜਾਣ ਲੱਗ ਪਿਆ ਹੈ। ਬਾਬਾ ਜੀ ਦੇ ਉੱਤਰਾਧਿਕਾਰੀਆਂ ਦੀਆਂ ਮੜ੍ਹੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੀ ਮੱਥਾ ਟੇਕਿਆ ਜਾਂਦਾ ਹੈ। ਜਦੋਂ ਕਿ ਗੁਰੂ ਸਾਹਿਬ ਸਿੱਖਾਂ ਨੂੰ "ਗੋਰ ਮੜ੍ਹੀ ਮਠ ਭੂਲ ਨਾ ਮਾਨੈ" ਦਾ ਆਦੇਸ਼ ਤੇ ਉਪਦੇਸ਼ ਦਿੰਦੇ ਹਨ। ਸਰਦਾਰ ਗੁਰਚਰਨ ਸਿੰਘ ਵਲੋਂ ਸਰਪੰਚ ਬਣਨ ਉਪਰੰਤ ਡੇਰੇ ਦੀ ਖ਼ਸਤਾ ਹੋ ਚੁੱਕੀ ਇਮਾਰਤ ਦੀ ਥਾਂ ਨਵੀਂ ਇਮਾਰਤ ਤਾਮੀਰ ਕਰਵਾਉਂਦਿਆਂ ਮੜ੍ਹੀਆਂ ਵਿਚਲੀਆਂ ਅਸਥੀਆਂ ਤੇ ਰਾਖ਼ ਨੂੰ ਇਕ ਥੜ੍ਹੇ ਹੇਠ ਇਕੱਤਰ ਕਰਕੇ ਉਪਰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਵਾ ਦਿੱਤਾ ਸੀ। ਪਰ ਉਹਨਾਂ ਤੋਂ ਬਾਅਦ ਮਨਮਤੀ ਅੰਧ ਭਗਤਾਂ ਵਲੋਂ ਅਸਥੀਆਂ ਤੇ ਰਾਖ ਨੂੰ ਗੁਰੂ ਗ੍ਰੰਥ ਸਾਹਿਬ ਵਾਲੇ ਹਾਲ ਦੇ ਨਾਲ ਵੱਖਰਾ ਕਮਰਾ ਬਣਾ ਕੇ ਮੁੜ ਪੂਜਿਆ ਜਾਣ ਲੱਗਾ। ਇਹ ਅਵੱਗਿਆ ਬਾਦਸਤੂਰ ਜਾਰੀ ਹੈ। 84 ਦੀ ਖਾੜਕੂ ਲਹਿਰ ਦੌਰਾਨ ਭਾਈ ਨਿਰੰਜਨ ਸਿੰਘ ਤੇ ਕੁਝ ਹੋਰ ਗੁਰਸਿੱਖ ਨੌਜਵਾਨਾਂ ਨੇ ਏਥੇ ਨਿਸ਼ਾਨ ਸਾਹਿਬ ਸਥਾਪਤ ਕਰ ਦਿਤਾ ਅਤੇ ਇਹ ਸਥਾਨ ਡੇਰੇ ਦੀ ਥਾਂ ਗੁਰਦੁਆਰਾ ਬਾਬਾ ਬਰ੍ਹੱਮ ਦਰਿਆ ਬਣ ਗਿਆ ਜੋ ਨਗਰ ਨਿਵਾਸੀਆਂ ਦੀ ਸ਼ਰਧਾ ਤੇ ਆਸਥਾ ਦਾ ਕੇਂਦਰ ਹੈ।

ਪਿੰਡ ਦੇ ਬਾਹਰਵਾਰ ਪਿੰਡ ਝੰਜੀਆਂ ਦੇ ਰਾਹ 'ਤੇ ਇਕ ਹੋਰ ਸ਼ਰਧਾ ਤੇ ਆਸਥਾ ਦਾ ਕੇਂਦਰ ਮਾਤਾ ਪੈਧਾਂ ਦਾ ਸਥਾਨ ਹੈ। ਜਿੱਥੇ ਹਰ ਵੈਸਾਖੀ ਨੂੰ ਭਾਰੀ ਸਾਲਾਨਾ ਜੋੜ ਮੇਲਾ ਜੁੜਦਾ ਹੈ। ਮੇਰਾ ਪਿੰਡ ਸੁਲਹਾਣੀ ਰੇਤ ਦੇ ਉੱਚੇ ਉੱਚੇ ਟਿੱਬਿਆਂ ਨਾਲ ਘਿਰਿਆ ਹੋਇਆ ਸੀ ਜੋ ਦੂਰੋਂ ਦੇਖਣ ਤੇ ਪਹਾੜਾਂ ਦਾ ਭੁਲੇਖਾ ਪਾਉਂਦੇ ਸਨ। ਹੁਣ ਤਾਂ ਆਧੁਨਿਕ ਮਸ਼ੀਨਰੀ ਨੇ ਉਨ੍ਹਾਂ ਟਿੱਬਿਆਂ ਦਾ ਨਾਮੋ ਨਿਸ਼ਾਨ ਹੀ ਮਿਟਾ ਦਿਤਾ ਹੈ। ਲੰਮਾ ਸਮਾਂ ਮੇਰਾ ਪਿੰਡ ਸੇਮ ਦੀ ਮਾਰ ਹੇਠ ਰਿਹਾ ਹੈ। ਸੇਮ ਨਾਲਾ ਨਿਕਲਣ ਨਾਲ ਹੌਲੀ ਹੌਲੀ ਸੇਮ ਤੋਂ ਛੁਟਕਾਰਾ ਮਿਲ ਗਿਆ ਅਤੇ ਫਸਲਾਂ ਲਹਿ ਲਹਾਉਣ ਲੱਗ ਪਈਆਂ। ਮੇਰੇ ਪਿੰਡ ਵਿੱਚ ਕਣਕ, ਜੌਂ, ਛੋਲੇ, ਮੱਕੀ, ਜਵਾਰ, ਬਾਜਰਾ,ਸਰ੍ਹੋਂ, ਤਾਰਾ ਮੀਰਾ, ਮੂੰਗੀ, ਮਾਂਹ, ਗੁਆਰਾ ਮੂੰਗਫਲੀ ਵਰਗੀਆਂ ਰਵਾਇਤੀ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਝੋਨਾ (ਚੌਲ) ਤਾਂ ਸੱਤਰਵਿਆਂ ਵਿਚ ਟਾਂਵੇਂ ਟਾਂਵੇਂ ਕਿਸਾਨ ਲਾਉਣ ਲੱਗੇ ਸਨ। ਹੁਣ ਕਣਕ ਤੋਂ ਬਾਅਦ ਝੋਨਾ ਹੀ ਮੁੱਖ ਫ਼ਸਲ ਬਣ ਕੇ ਰਹਿ ਗਈ ਹੈ। ਭਾਵੇਂ ਚੌਲ ਪੰਜਾਬੀਆਂ ਦੀ ਖੁਰਾਕ ਨਹੀਂ ਪਰ ਚੌਲਾਂ ਦੀ ਰੀਸੋ ਰੀਸ ਤੇ ਅੰਧਾ ਧੁੰਦ ਬਿਜਾਈ ਨਾਲ ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਰੇਗਸਤਾਨ ਬਣਨ ਵੱਲ ਵਧ ਰਹੀ ਹੈ। ਪਹਿਲਾਂ ਖੇਤਾਂ ਵਿਚ ਵਣ ਅਤੇ ਬੇਰੀਆਂ ਦੀ ਭਰਮਾਰ ਸੀ।

ਬੇਜ਼ਮੀਨਾਂ ਮਜ਼ਬੀ ਸਿੱਖ ਭਾਈਚਾਰਾ ਖੇਤ ਮਜ਼ਦੂਰ ਜਾਂ ਬੰਧੂਆ ਮਜ਼ਦੂਰ (ਸੀਰੀ) ਬਣਨ ਲਈ ਮਜ਼ਬੂਰ ਰਿਹਾ ਹੈ। ਉਹਨਾਂ ਦਾ ਜੀਵਨ ਜ਼ਿਮੀਂਦਾਰਾਂ ਦੇ ਰਹਿਮੋ-ਕਰਮ ਤੇ ਹੀ ਨਿਰਭਰ ਰਿਹਾ ਹੈ। ਗ਼ੁਰਬੱਤ ਨੂੰ ਉਹ ਆਪਣੀ ਕਿਸਮਤ ਸਮਝ ਕੇ ਭੋਗਦੇ ਆ ਰਹੇ ਹਨ।

ਪਿੰਡ ਦੇ ਵਿਚਕਾਰ ਇਕ ਧਰਮਸ਼ਾਲਾ ਬਣੀ ਹੋਈ ਹੈ ਜਿੱਥੇ ਅਸੀਂ ਪ੍ਰਾਇਮਰੀ ਤੱਕ ਵਿਦਿਆ ਹਾਸਲ ਕੀਤੀ ਸੀ। ਇਸ ਧਰਮਸ਼ਾਲਾ ਦਾ ਇਕ ਵੱਡਾ ਹਾਲ ਸੀ ਤੇ ਆਸੇ ਪਾਸੇ ਦੋ ਛੋਟੇ ਛੋਟੇ ਕਮਰੇ ਸਨ ਇਕ ਕਮਰੇ ਵਿਚ ਸਕੂਲ ਦਾ ਦਫ਼ਤਰ ਸੀ ਅਤੇ ਇਸ ਦੇ ਦੂਜੇ ਸਿਰੇ ਤੇ ਬਣੇ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹੁੰਦਾ ਸੀ। ਏਥੇ ਵੀ ਸੰਗਰਾਂਦ ਦੇ ਦਿਹਾੜੇ ਤੇ ਭੋਗ ਪਾਇਆ ਜਾਂਦਾ ਸੀ। ਜਿਹਨਾਂ ਦੀ ਆਸਥਾ ਡੇਰੇ ਵਿਚ ਨਹੀਂ ਸੀ ਉਹ ਲੋਕ ਏਥੇ ਹਾਜ਼ਰੀ ਭਰਦੇ ਸਨ। ਜਿਸ ਦੀ ਸੇਵਾ ਸੰਭਾਲ ਭਾਈ ਮਿਹਰ ਸਿੰਘ ਨਾਂ ਦਾ ਬਜ਼ੁਰਗ ਗ੍ਰੰਥੀ ਕਰਦਾ ਹੁੰਦਾ ਸੀ। ਨਾਂ ਡੇਰੇ ਦਾ ਕੋਈ ਸਾਧ ਤੇ ਨਾ ਹੀ ਗ੍ਰੰਥੀ ਬਾਬਾ ਮਿਹਰ ਸਿੰਘ ਮਜ਼ਬੀ ਸਿੱਖਾਂ ਦੇ ਘਰਾਂ 'ਚ ਖੁਸ਼ੀ ਗਮੀ ਜਾਂ ਮਰਨੇ ਪਰਨੇ ਮੌਕੇ ਪਾਠ ਕਰਨ ਜਾਂਦਾ ਸੀ। ਉਹਨਾਂ ਨੂੰ ਬਾਹਰੋਂ ਕੋਈ ਹੋਰ ਆਪਣੀ ਜਾਤ ਬਰਾਦਰੀ ਦਾ ਗ੍ਰੰਥੀ ਲਿਆਉਣਾ ਪੈਂਦਾ ਸੀ। ਉਹਨਾਂ ਨੂੰ ਕੜਾਹ ਪ੍ਰਸ਼ਾਦ ਏਥੇ ਵੀ ਜੁੱਤੀਆਂ ਵਿਚ ਖੜ੍ਹਾ ਕੇ ਹੀ ਦਿਤਾ ਜਾਂਦਾ ਸੀ। ਇਕ ਅੰਮ੍ਰਿਤਧਾਰੀ ਅਕਾਲੀ ਦੇ ਨਿਆਈਂ ਵਾਲੇ ਖੂਹ 'ਤੇ ਪਾੜਸੇਂ ਲਾਗਿਉਂ ਪਾਣੀ ਪੀਣ ਤੇ ਮਜ਼ਹਬੀਆਂ ਦੇ ਜੁਆਕਾਂ ਨੂੰ ਮਾਵਾਂ ਭੈਣਾਂ ਦੀਆਂ ਗਾਲ਼ਾਂ ਦੇ ਨਾਲ ਕੁੱਟ ਖਾਣੀ ਪੈਂਦੀ ਸੀ ਤੇ ਮਾਂ ਪਿਓ ਨੂੰ ਚਿਤਾਵਨੀ ਵਰਗਾ ਉਲਾਂਭਾ ਵੀ ਮਿਲਦਾ ਸੀ। ਹੁਣ ਪਿੰਡ ਵਿਚ ਇਕੋ ਸਾਂਝਾ ਗੁਰਦੁਆਰਾ ਬਾਬਾ ਬਰ੍ਹਮ ਦਰਿਆ ਹੈ। ਉਸ ਗੁਰਦੁਆਰਾ ਸਾਹਿਬ ਵਿਚ ਹੁਣ ਜਾਤਪਾਤ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਂਦਾ ਸਗੋਂ ਬਿਨਾਂ ਭਿੰਨ ਭੇਦ ਸਾਰੇ ਨਗਰ ਨਿਵਾਸੀ ਰਲ ਮਿਲਕੇ ਲੰਗਰ ਤਿਆਰ ਕਰਦੇ ਅਤੇ ਇਕੱਠੇ ਬੈਠ ਕੇ ਇਕੋ ਪੰਗਤ ਵਿਚ ਛਕਦੇ ਹਨ। ਮੇਰੇ ਪਿੰਡ ਵਿਚ ਵੀ ਨਵੇਂ ਯੁਗ ਦੀ ਸ਼ੁਰੂਆਤ ਹੋ ਚੁੱਕੀ ਹੈ ਪਿੰਡ ਵਿਚੋਂ ਮਜ਼ਬੀ ਸਿੱਖਾਂ ਦਾ ਵੱਖਰਾ ਸ਼ਮਸ਼ਾਨਘਾਟ ਖਤਮ ਕਰਕੇ ਇਕੋ ਥਾਂ ਸਸਕਾਰ ਕੀਤਾ ਜਾਣ ਲੱਗ ਪਿਆ ਹੈ।

ਬਰਤਾਨਵੀ ਸਰਕਾਰ ਨੇ ਮਾਲੀਆ ਇਕੱਠਾ ਕਰਨ ਲਈ ਪਿੰਡ ਪੱਧਰ ਤੇ ਲੰਬਰਦਾਰ (ਨੰਬਰਦਾਰ) ਨਿਯੁਕਤ ਕੀਤੇ ਹੋਏ ਸਨ। ਉਸ ਸਮੇਂ 40 ਤੋਂ ਲੈਕੇ 100 ਪਿੰਡਾਂ ਲਈ ਬਰਤਾਨਵੀ ਸਰਕਾਰ ਵਲੋਂ ਲੋਕਾਂ ਵਿਚੋਂ ਜੋ ਨੁਮਾਇੰਦੇ ਨਿਯੁਕਤ ਕੀਤੇ ਜਾਂਦੇ ਸਨ ਉਸਨੂੰ ਜ਼ੈਲਦਾਰ ਦੀ ਉਪਾਧੀ ਨਾਲ ਨਿਵਾਜਿਆ ਜਾਂਦਾ ਸੀ। ਜ਼ੈਲਦਾਰ ਉਸ ਵਿਅਕਤੀ ਨੂੰ ਨਿਯੁਕਤ ਕੀਤਾ ਜਾਂਦਾ ਸੀ ਜੋ ਉਸ ਇਲਾਕੇ ਦਾ ਰਸੂਖ਼ ਦਾਰ, ਵੱਡਾ ਜ਼ਮੀਂਦਾਰ ਤੇ ਬਰਤਾਨਵੀ ਸਰਕਾਰ ਦਾ ਵਫ਼ਾਦਾਰ ਹੁੰਦਾ ਸੀ। ਉਸਦੀ ਸਿਫਾਰਸ਼ ਜ਼ਿਲ੍ਹੇ ਦੇ ਬੰਦੋਬਸਤ ਅਫ਼ਸਰ ਵਲੋਂ ਜ਼ਿਲ੍ਹਾ ਕੁਲੈਕਟਰ ਨੂੰ ਕੀਤੀ ਜਾਂਦੀ ਸੀ ਤੇ ਉਹ ਇਹ ਰਿਪੋਰਟ ਆਪਣੀ ਸਿਫਾਰਸ਼ ਸਹਿਤ ਵਿਤ ਕਮਿਸ਼ਨਰ ਰਾਹੀਂ ਸਰਕਾਰ ਨੂੰ ਭੇਜਦਾ ਸੀ। ਇਸ ਤਰ੍ਹਾਂ ਜ਼ੈਲਦਾਰ ਦੀ ਨਿਯੁਕਤੀ ਕੀਤੀ ਜਾਂਦੀ ਸੀ। ਜ਼ੈਲਦਾਰ ਦਾ ਕੰਮ ਨਾ ਸਿਰਫ਼ ਮਾਲੀਆ ਇਕੱਠਾ ਕਰਵਾਉਣਾ ਹੀ ਹੁੰਦਾ ਸੀ ਸਗੋਂ ਉਹ ਸਰਕਾਰ ਦੀਆਂ ਨੀਤੀਆਂ ਲਾਗੂ ਕਰਵਾਉਣ ਵਿਚ ਵੀ ਆਪਣਾ ਯੋਗਦਾਨ ਪਾਉਂਦਾ ਸੀ। ਅਮਨ ਕਾਨੂੰਨ ਲਾਗੂ ਕਰਵਾਉਣ ਵਿਚ ਉਸਦੀ ਵੱਡੀ ਭੂਮਿਕਾ ਮੰਨੀ ਜਾਂਦੀ ਸੀ। ਜ਼ੈਲਦਾਰ ਦੀ ਸਹਾਇਤਾ ਲਈ ਇਲਾਕੇ ਵਿਚੋਂ ਹੋਰ ਵੱਡੇ ਜ਼ਿਮੀਂਦਾਰ ਲਾਏ ਜਾਂਦੇ ਸਨ ਜਿਨ੍ਹਾਂ ਨੂੰ ਸਫੈਦ ਪੋਸ਼ ਆਖਿਆ ਜਾਂਦਾ ਸੀ। ਸੁਲਹਾਣੀ ਪਿੰਡ ਦੇ ਸਰਦਾਰ ਗੁਰਮੁਖ ਸਿੰਘ ਨੂੰ ਜ਼ੈਲਦਾਰ ਨਿਯੁਕਤ ਕੀਤਾ ਗਿਆ ਸੀ। ਉਸਦਾ ਪੋਤਰਾ ਸੀ ਸਰਦਾਰ ਸ਼ਾਮ ਸਿੰਘ ਜਿਸਨੇ ਉਚ ਵਿਦਿਆ ਹਾਸਲ ਕਰ ਲਈ ਸੀ। ਸਰਕਾਰ ਵੱਲੋਂ ਉਸਨੂੰ ਨਾਇਬ ਤਹਿਸੀਲਦਾਰ ਦੀ ਪਦਵੀ ਦੀ ਪੇਸ਼ਕਸ਼ ਕੀਤੀ ਗਈ ਸੀ। ਉਹਨੀਂ ਦਿਨੀਂ ਜੈਤੋ ਵਿਖੇ ਨਾਭੇ ਦੇ ਮਹਾਰਾਜਾ ਪ੍ਰਦੁਮਣ ਸਿੰਘ ਦੇ ਹੱਕ ਵਿੱਚ ਅਤੇ ਬਰਤਾਨਵੀ ਸਰਕਾਰ ਦੀਆਂ ਵਧੀਕੀਆਂ ਵਿਰੁੱਧ ਸਿੱਖਾਂ ਵਲੋਂ ਜੈਤੋ ਵਿਖੇ ਮੋਰਚਾ ਖੋਲ੍ਹਿਆ ਹੋਇਆ ਸੀ। ਸਰਦਾਰ ਸ਼ਾਮ ਸਿੰਘ ਨੇ ਨਾਇਬ ਤਹਿਸੀਲਦਾਰ ਦੀ ਨੌਕਰੀ ਠੁਕਰਾ ਦਿੱਤੀ। ਉਹਨੇ ਜੈਤੋ ਦੇ ਮੋਰਚੇ ਵਿਚ ਕੁੱਦਣ ਦਾ ਇਨਕਲਾਬੀ ਕਦਮ ਚੁੱਕ ਲਿਆ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਰਵਾਨਾ ਹੋਣ ਵਾਲੇ ਬਾਰ੍ਹਵੇਂ ਜਥੇ ਵਿਚ ਜਾ ਸ਼ਾਮਲ ਹੋ ਗਿਆ। ਉਸ ਦੇ ਨਾਲ ਮੇਰੇ ਪੜਦਾਦਾ ਜੀ ਦਾ ਛੋਟਾ ਭਰਾ ਬਾਬਾ ਗੁਜ਼ਰ ਸਿੰਘ ਵੀ ਅੰਮ੍ਰਿਤ ਪਾਨ ਕਰਕੇ ਜੈਤੋ ਦੇ ਮੋਰਚੇ ਵਿੱਚ ਸ਼ਾਮਲ ਹੋ ਗਿਆ ਸੀ ਜੋ ਬਰਤਾਨਵੀ ਪੁਲਸ ਦੇ ਤਸ਼ੱਦਦ ਸਦਕਾ ਉਥੇ ਹੀ ਸ਼ਹੀਦ ਹੋ ਗਿਆ ਸੀ। ਉਹਨਾਂ ਦੀ ਮੜ੍ਹੀ ਜ਼ੈਲਦਾਰਾਂ ਦੀ ਹਵੇਲੀ ਵਿੱਚ ਵੱਡੇ ਵਣ ਦੇ ਦਰੱਖਤ ਹੇਠ ਬਣਾਈ ਗਈ ਸੀ। ਸਾਡੇ ਖ਼ਾਨਦਾਨ ਵੱਲੋਂ ਚੌਦੇਂ ਮੱਸਿਆ ਮੌਕੇ ਸ਼ਹੀਦ ਬਾਬੇ ਦੀ ਰੋਟੀ ਖਵਾਉਣ ਤੇ ਕੰਘਾ ਸਾਫ਼ਾ ਜਾਂ ਪੰਜ ਕਾਪੜੀ ਦੇਣ ਦੀ ਪਿਰਤ ਚਲਦੀ ਆ ਰਹੀ ਹੈ। ਬਾਬਾ ਸ਼ਾਮ ਸਿੰਘ ਨੂੰ ਮੋਰਚੇ ਵਿਚ ਹਿੱਸਾ ਲੈਣ ਕਰਕੇ ਕੈਦ ਕੱਟਣੀ ਪਈ ਸੀ। ਪੰਜਾਬ ਸਰਕਾਰ ਵੱਲੋਂ ਉਹਨਾਂ ਨੂੰ ਹੋਰ ਆਜ਼ਾਦੀ ਘੁਲਾਟੀਆਂ ਵਾਂਗ ਸੁਤੰਤਰਤਾ ਸੈਨਾਨੀ ਵਜੋਂ ਤਾਮਰ ਪੱਤਰ ਤੇ ਮਾਸਿਕ ਪੈਨਸ਼ਨ ਨਾਲ ਨਿਵਾਜਿਆ ਗਿਆ ਸੀ। ਉਹਨਾਂ ਵਲੋਂ ਇਹ ਕ੍ਰਾਂਤੀਕਾਰੀ ਕਦਮ ਚੁੱਕਣ ਕਰਕੇ ਸਰਦਾਰ ਗੁਰਮੁਖ ਸਿੰਘ ਨੂੰ ਜ਼ੈਲਦਾਰੀ ਵਰਗੇ ਉੱਚੇ ਤੇ ਸਨਮਾਨਿਤ ਰੁਤਬੇ ਤੋਂ ਹੱਥ ਤਾਂ ਧੋਣੇ ਹੀ ਪਏ ਸਨ ਨਾਲ ਹੀ ਸਰਕਾਰ ਦੇ ਪ੍ਰਕੋਪ ਦਾ ਸ਼ਿਕਾਰ ਵੀ ਹੋਣਾ ਪਿਆ। ਆਜ਼ਾਦ ਭਾਰਤ ਅੰਦਰ 1952 'ਚ ਪੰਚਾਇਤ ਰਾਜ ਦੀ ਸ਼ੁਰੂਆਤ ਹੋਈ ਤਾਂ ਸਰਦਾਰ ਇੰਦਰ ਸਿੰਘ ਪਿੰਡ ਦਾ ਪਹਿਲਾ ਸਰਪੰਚ ਚੁਣਿਆਂ ਗਿਆ। ਉਹਨਾਂ ਤੋਂ ਪਿੱਛੋਂ ਸਰਦਾਰ ਕਰਤਾਰ ਸਿੰਘ ਜਟਾਣਾਂ, ਸਰਦਾਰ ਗੁਰਚਰਨ ਸਿੰਘ ਜਟਾਣਾਂ, ਸਰਦਾਰ ਹਰਨੇਕ ਸਿੰਘ ਜਟਾਣਾਂ, ਸਰਦਾਰ ਮਹਿੰਦਰ ਸਿੰਘ ਭਾਊ, ਸਰਦਾਰ ਅੰਗਰੇਜ਼ ਸਿੰਘ ਜਟਾਣਾਂ ਅਤੇ ਮਜ਼ਬੀ ਸਿੱਖਾਂ ਵਿਚੋਂ ਸਰਦਾਰ ਰੁਪਿੰਦਰ ਸਿੰਘ, ਬੀਬੀ ਮਨਜੀਤ ਕੌਰ ਤੇ ਬੀਬੀ ਭੁਪਿੰਦਰ ਕੌਰ ਰਹੇ ਹਨ ਅਤੇ ਹੁਣ ਰਾਮਗੜ੍ਹੀਆ ਭਾਈਚਾਰੇ ਵਿਚੋਂ ਸਰਦਾਰ ਕੁਲਵਿੰਦਰ ਸਿੰਘ ਸਰਪੰਚ ਬਣਿਆਂ ਹੈ।

ਵਿੱਦਿਅਕ ਪੱਖੋਂ ਮੇਰਾ ਪਿੰਡ ਅਗਾਂਹ ਵਧੂ ਰਿਹਾ ਹੈ। ਸਰਦਾਰ ਦਲੀਪ ਸਿੰਘ ਪਹਿਲੇ ਅਧਿਆਪਕ ਬਣੇ। ਸਰਦਾਰ ਭਜਨ ਸਿੰਘ ਸਹਿਕਾਰੀ ਵਿਭਾਗ ਵਿਚ ਇੰਨਸਪੈਕਟਰ ਰਹੇ ਹਨ ਜਿਨ੍ਹਾਂ ਦੀ ਉਮਰ 90 ਸਾਲ ਤੋਂ ਵਧ ਹੈ। ਸਰਦਾਰ ਜਗਜੀਤ ਸਿੰਘ ਜਟਾਣਾਂ ਤੇ ਸਰਦਾਰ ਗੁਰਜੰਟ ਸਿੰਘ ਗਿੱਲ ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਸਬ ਡਵੀਜ਼ਨਲ ਅਫਸਰ ਰਿਟਾਇਰ ਹੋਏ ਹਨ। ਸਰਦਾਰ ਸੁਰਜੀਤ ਸਿੰਘ ਬਿਜਲੀ ਬੋਰਡ ਵਿਚ ਮੀਟਰ ਇੰਸਪੈਕਟਰ ਰਹੇ ਹਨ। ਸਰਦਾਰ ਅਮਰਜੀਤ ਸਿੰਘ ਲੱਧੜ ਪੰਜਾਬ ਪੁਲਿਸ ਵਿਚ ਸੁਪਰਡੈਂਟ ਪੁਲਿਸ (ਐਸ. ਪੀ.) ਰਿਟਾਇਰ ਹੋਏ ਸਨ। ਲੇਖਕ ਖੁਦ (ਲਾਲ ਸਿੰਘ) ਪੰਜਾਬ ਸਰਕਾਰ ਦੇ ਖੁਰਾਕ ਤੇ ਸਪਲਾਈਜ ਵਿਭਾਗ ਵਿਚ ਬਤੌਰ ਆਡੀਟਰ ਤੈਨਾਤ ਰਿਹਾ ਹੈ। ਵਰਤਮਾਨ ਮੌਕੇ ਸਰਦਾਰ ਅਜੀਤਪਾਲ ਸਿੰਘ ਜਟਾਣਾਂ ਪੀ। ਐਚ। ਡੀ। ਪੱਧਰ ਦੀ ਉਚ ਵਿਦਿਆ ਹਾਸਲ ਕਰਕੇ ਜ਼ਿਲ੍ਹਾ ਭਾਸ਼ਾ ਅਫ਼ਸਰ ਵਜੋਂ ਮੋਗਾ ਵਿਖੇ ਤੈਨਾਤ ਹੈ। ਸਰਦਾਰ ਗੁਰਿੰਦਰ ਪਾਲ ਸਿੰਘ ਸੁਲਹਾਣੀ, ਸਹਿਕਾਰੀ ਬੈਂਕ ਵਿੱਚ ਬਤੌਰ ਬ੍ਰਾਂਚ ਮੈਨੇਜਰ ਵਿਖੇ ਸੇਵਾਵਾਂ ਨਿਭਾ ਰਿਹਾ ਹੈ। ਸਰਦਾਰ ਪਵਿੱਤਰ ਸਿੰਘ ਸੀਨੀਅਰ ਰੇਡੀਓ ਗਰਾਫਰ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਸਰਦਾਰ ਤੀਰਥ ਸਿੰਘ ਜਟਾਣਾਂ ਤੇ ਸਰਦਾਰ ਤਰੁਣਜੀਤ ਸਿੰਘ ਐਡਵੋਕੇਟ ਜ਼ਿਲ੍ਹਾ ਕਚਹਿਰੀਆਂ ਫਿਰੋਜ਼ਪੁਰ ਵਿਚ ਪਰੈਕਟਿਸ ਕਰ ਰਹੇ ਹਨ। ਹੋਰ ਵੱਖ ਵੱਖ ਮਹਿਕਮਿਆਂ 'ਚ ਪਿੰਡ ਦੇ ਕਈ ਵਿਅਕਤੀ ਤੈਨਾਤ ਹਨ। ਹੁਣ ਪਿੰਡ ਵਿਚ ਲੜਕਿਆਂ ਲਈ ਪ੍ਰਾਇਮਰੀ ਅਤੇ ਲੜਕੀਆਂ ਲਈ ਅਠਵੀਂ ਜਮਾਤ ਤੱਕ ਸਰਕਾਰੀ ਸਕੂਲ ਹੈ। ਗ੍ਰੈਜੂਏਸ਼ਨ ਤੇ ਮਾਸਟਰ ਡਿਗਰੀ ਕਰਕੇ ਪਿੰਡ ਦੇ ਬਥੇਰੇ ਨੌਜਵਾਨ ਬੇਰੁਜ਼ਗਾਰੀ ਦਾ ਸ਼ਿਕਾਰ ਹਨ। ਕੀ ਇਹ ਪਰਵਾਰ ਬਦੇਸ਼ਾਂ ਵਿਚ ਚਲੇ ਗਏ ਹਨ।

ਸਟੇਸ਼ਨ ਤੋਂ ਉਤਰਕੇ ਪਿੰਡ ਵਿਚ ਵੜਦਿਆਂ ਹੀ ਖੂਬਸੂਰਤ ਪਾਰਕ ਵਿੱਚ ਬਣੀ ਵਾਟਰ ਵਰਕਸ ਦੀ ਟੈਂਕੀ ਆਪ ਨੂੰ ਜੀਅ ਆਇਆਂ ਆਖਦੀ ਹੈ। 1980 ਤੋਂ ਪਿੰਡ ਵਿਚ ਸਰਕਾਰੀ ਡਿਸਪੈਂਸਰੀ ਚੱਲ ਰਹੀ ਹੈ। ਡਾਕਟਰ ਰਕੇਸ਼ ਮਹਿਤਾ ਉਰਫ ਡਾਕਟਰ ਕਾਲਾ ਨਿੱਜੀ ਪੱਧਰ ਤੇ ਸਿਹਤ ਸੇਵਾਵਾਂ ਮੁਹਈਆ ਕਰਵਾ ਰਿਹਾ ਹੈ। ਪਿੰਡ ਵਿਚ ਸਹਿਕਾਰੀ ਸਭਾ ਦਾ ਕੇਂਦਰ ਵੀ ਹੈ। ਦੁੱਧ ਇਕੱਠਾ ਕਰਨ ਲਈ ਡੇਅਰੀ ਦਾ ਕੇਂਦਰ ਮੌਜੂਦ ਹੈ। ਆਲੇ ਦੁਆਲੇ ਦੇ ਸਾਰੇ ਪਿੰਡਾਂ ਤੱਕ ਪਹੁੰਚਣ ਲਈ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। ਕਈ ਸਾਲਾਂ ਤੋਂ ਪਿੰਡ ਵਿਚ ਅਨਾਜ ਮੰਡੀ ਵੀ ਚੱਲ ਰਹੀ ਹੈ।

ਖੇਡਾਂ ਦੇ ਖੇਤਰ ਵਿੱਚ ਮੇਰੇ ਪਿੰਡ ਦਾ ਇਲਾਕੇ ਵਿੱਚ ਵੱਡਾ ਨਾਮ ਰਿਹਾ ਹੈ। ਇਸ ਦੇ ਬਾਵਜੂਦ ਵੀ ਨਸ਼ਿਆਂ ਦੇ ਪ੍ਰਕੋਪ ਤੋਂ ਪੰਜਾਬ ਦੇ ਹੋਰਨਾਂ ਪਿੰਡਾਂ ਵਾਂਗ ਮੇਰਾ ਪਿੰਡ ਵੀ ਅਛੂਤਾ ਨਹੀਂ ਰਿਹਾ ਜੋ ਚਿੰਤਾ ਦਾ ਵਿਸ਼ਾ ਹੈ।

ਡੀ. ਐਸ. ਫ਼ੋਰ. ਤੇ ਬਹੁਜਨ ਸਮਾਜ ਪਾਰਟੀ ਦੇ ਆਗਾਜ਼ ਤੋਂ ਪਹਿਲਾਂ ਰਾਜਨੀਤਕ ਤੌਰ ਤੇ ਮੇਰਾ ਪਿੰਡ ਅਕਾਲੀ ਅਤੇ ਕਾਂਗਰਸੀ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ। ਨੱਬੇਵਿਆਂ ਦੌਰਾਨ ਸਾਹਿਬ ਕਾਂਸ਼ੀ ਰਾਮ ਦੀ ਮਿਕਨਾਤੀਸੀ ਸ਼ਖ਼ਸੀਅਤ ਨੇ ਮੇਰੇ ਵਰਗੇ ਗਭਰੀਟਾਂ ਨੂੰ ਆਪਣੀ ਸਰਕਾਰੀ ਨੌਕਰੀ ਛੱਡਕੇ ਬਹੁਜਨ ਸਮਾਜ ਪਾਰਟੀ ਵਿਚ ਕੁੱਦਣ ਲਈ ਪ੍ਰੇਰਿਤ ਕੀਤਾ। ਮੇਰੀ ਲਗਨ, ਮਿਹਨਤ ਅਤੇ ਪੈਦਾ ਕੀਤੀ ਚੇਤਨਾ ਸਦਕਾ ਪਿੰਡ ਅੰਦਰ ਧਨਾਢ ਪਾਰਟੀਆਂ ਦੇ ਮੁਕਾਬਲੇ ਬਸਪਾ ਤੀਜੀ ਧਿਰ ਬਣ ਕੇ ਉਭਰੀ। ਮਾਲਵੇ ਵਿਚ ਪਰਿਵਰਤਨ ਲਹਿਰ ਦਾ ਕੇਂਦਰ ਬਿੰਦੂ ਬਣਿਆਂ ਰਿਹਾ ਹੈ ਮੇਰਾ ਪਿੰਡ ਸੁਲਹਾਣੀ। ਬਹੁਜਨ ਸਮਾਜ ਪਾਰਟੀ ਪੰਜਾਬ ਦਾ ਸੀਨੀਅਰ ਉਪ ਪ੍ਰਧਾਨ ਬਣਨ ਉਪਰੰਤ ਦੇਸ਼ ਦੇ ਹੋਰ ਖੇਤਰਾਂ ਵਿਚ ਜਿੱਥੇ ਜਿੱਥੇ ਮੇਰਾ ਨਾਂ ਆਉਂਦਾ ਹੈ ਉਥੇ ਮੇਰੇ ਨਾਂ ਦੇ ਨਾਲ ਨਾਲ ਉਭਰਦਾ ਹੈ ਪਿੰਡ ਸੁਲਹਾਣੀ। ਪੰਜਾਬ ਤੋਂ ਇਲਾਵਾ ਕੈਲੀਫੋਰਨੀਆ ਅਮਰੀਕਾ, ਇਟਲੀ, ਕੈਨੇਡਾ, ਜਰਮਨੀ, ਪਾਕਿਸਤਾਨ ਸਮੇਤ ਬਦੇਸ਼ਾਂ ਵਿਚ ਵੱਖ ਵੱਖ ਰਸਾਲਿਆਂ ਅਖ਼ਬਾਰਾਂ ਤੇ ਸੋਸ਼ਲ ਮੀਡੀਆ ਵਿਚ ਛਪਦੀਆਂ ਮੇਰੀਆਂ ਰਚਨਾਵਾਂ ਅੰਦਰ ਸੁਲਹਾਣੀ ਨਾਮ ਨੇ ਲਾਲ ਸਿੰਘ ਨੂੰ ਵੱਖਰੀ ਪਛਾਣ ਦਿੱਤੀ ਹੈ। ਮੈਨੂੰ ਬੇਹੱਦ ਖੁਸ਼ੀ ਮਿਲਦੀ ਹੈ ਜਦੋਂ ਕਦੇ ਲੋਕ ਸੁਲਹਾਣੀ ਪਿੰਡ ਨੂੰ ਲਾਲ ਸਿੰਘ ਵਾਲੀ ਸੁਲਹਾਣੀ ਆਖਦੇ ਹਨ। ਜਿਵੇਂ ਲੋਕਾਂ ਵਿੱਚ ਪ੍ਰਤਾਪ ਸਿੰਘ ਕੈਰੋਂ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਬਲਵੰਤ ਸਿੰਘ ਰਾਮੂਵਾਲੀਆ ਉਹਨਾਂ ਦੇ ਪਿੰਡਾਂ ਕਰਕੇ ਉਹਨਾਂ ਦੀ ਵੱਖਰੀ ਪਛਾਣ ਬਣਾਉਂਦੇ ਹਨ ਉਹ ਆਪਸ ਵਿਚ ਇਕ ਮਿੱਕ ਹੋ ਗਏ ਹਨ। ਓਵੇਂ ਹੀ ਇਕ ਮਿਕ ਹੋ ਗਿਆ ਹੈ ਲਾਲ ਸਿੰਘ ਤੇ ਸੁਲਹਾਣੀ। ਮੇਰੇ ਪਿੰਡ ਸੁਲਹਾਣੀ ਨੇ ਮੈਨੂੰ ਆਮ ਤੋਂ ਖ਼ਾਸ ਬਣਾ ਦਿੱਤਾ ਹੈ। ਲਾਲ ਸਿੰਘ ਤਾਂ ਹੋਰ ਬਥੇਰੇ ਹੋਣਗੇ।

ਸ਼ਾਲਾ! ਸੱਤੇ ਖੈਰਾਂ ਹੋਵਣ, ਜੁਗ ਜੁਗ ਵਸੇ ਮੇਰਾ ਪਿੰਡ ਸੁਲਹਾਣੀ।

### 14 ਨਵੰਬਰ ਬਾਲ ਦਿਵਸ ਸਬੰਧੀ ਵਿਸ਼ੇਸ਼

# ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲੱਗਭੱਗ 4.5 ਫੀਸਦੀ ਵਾਧਾ



ਕੁਲਦੀਪ ਚੰਦ
91-9417563054

ਬੱਚੇ ਸਾਡਾ ਭਵਿੱਖ ਹਨ ਅਤੇ ਜੇਕਰ ਅਸੀਂ ਅਪਣਾ ਭਵਿੱਖ ਸੁਨਿਹਰੀ ਬਣਾਉਣਾਂ ਚਾਹੁੰਦੇ ਹਾਂ ਤਾਂ ਬੱਚਿਆਂ ਨੂੰ ਵਧੀਆ ਖੁਸ਼ਹਾਲ ਬਚਪਨ ਦੇਣਾ ਪਵੇਗਾ ਪਰੰਤੂ ਭਾਰਤ ਸਮੇਤ ਕਈ ਹੋਰ ਦੇਸਾਂ ਵਿੱਚ ਖੁਸ਼ਹਾਲ ਬਚਪਨ ਅਜੇ ਵੀ ਇੱਕ ਸੁਪਨਾ ਹੀ ਹੈ। ਖੁਸ਼ਹਾਲ ਬਚਪਨ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ ਵੱਖ ਭਾਗਾਂ ਅਤੇ ਦੇਸਾਂ ਵਿੱਚ ਵੱਖ ਵੱਖ ਮਹੀਨਿਆਂ ਦੀਆਂ ਵੱਖ ਵੱਖ ਮਿਤੀਆਂ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ। ਜੇਕਰ ਬਾਲ ਦਿਵਸ ਦਾ ਇਤਿਹਾਸ ਵੇਖੀਏ ਤਾਂ ਇਸਦੀ ਸ਼ੁਰੂ-ਆਤ ਜੂਨ 1856 ਵਿੱਚ ਮੈਸਚਿਉਸਟੇਸ ਵਿੱਚ ਯੂਨੀਵਰਸਲ ਚਰਚ ਆਫ ਰਿਡਿਉਮਰ ਦੇ ਪਾਦਰੀ ਡਾਕਟਰ ਚਾਰਲਸ ਲਉਨੇਡ ਨੇ ਦੂਜਾ ਐਤਵਾਰ ਨੂੰ ਕੀਤੀ। ਅਧਿਕਾਰਤ ਤੋਰ ਤੇ ਬਾਲ ਦਿਵਸ ਦੀ ਸ਼ੁਰੂਆਤ ਸਾਲ 1929 ਵਿੱਚ ਟੂਰਕੀ ਦੇ ਗਣਤੰਤਰ ਦੁਆਰਾ 23 ਅਪ੍ਰੈਲ ਨੂੰ ਘੋਸ਼ਿਤ ਰਾਸ਼ਟਰੀ ਛੁੱਟੀ ਦੇ ਐਲਾਨ ਨਾਲ ਕੀਤੀ ਗਈ। ਇਸ ਸਬੰਧੀ ਸਮੇਂ ਸਮੇਂ ਤੇ ਕਈ ਅੰਤਰਰਾਸ਼ਟਰੀ ਸੰਸਥਾਵਾਂ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਭਾਰਤ ਵਿੱਚ 14 ਨਵੰਬਰ ਦਾ ਦਿਨ ਜੋਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਹੈ ਬਾਲ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ ਅਤੇ ਇਸਦੀ ਸ਼ੁਰੁਆਤ 14 ਨਵੰਬਰ, 1964 ਨੂੰ ਕੀਤੀ ਗਈ ਹੈ। ਡਾਕ ਵਿਭਾਗ ਵਲੋਂ ਬਾਲ ਦਿਵਸ ਸਬੰਧੀ ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ। ਬੇਸ਼ਕ ਪੂਰੇ ਭਾਰਤ ਵਿੱਚ ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ ਅਤੇ ਵੱਖ ਵੱਖ ਥਾਵਾਂ ਤੇ ਬੱਚਿਆਂ ਦੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ ਪਰ ਸਾਡੇ ਦੇਸ਼ ਵਿੱਚ ਆਮ ਬੱਚਿਆਂ ਦੀ ਖਸਤਾ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ। ਫਿਲਮੀ ਹੀਰੋ ਅਮੀਰ ਖਾਨ ਨੇ ਵੀ ਅਪਣੇ ਇੱਕ ਪ੍ਰੋਗਰਾਮ ਸਤਿਆਮੇਵ ਜਯਤੇ ਵਿੱਚ ਦੇਸ ਅੰਦਰ ਬੱਚਿਆਂ ਦੀ ਖਸਤਾ ਹਾਲਤ ਬਿਆਨ ਕੀਤੀ ਹੈ। ਭਾਰਤ ਸਰਕਾਰ ਵਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੀ ਮੱਦਦ ਨਾਲ ਹਰ ਸਾਲ ਕਰੋੜਾਂ ਰੁਪਏ ਬੱਚਿਆਂ ਦੇ ਨਾਮ ਤੇ ਖਰਚੇ ਜਾਂਦੇ ਹਨ ਪਰ ਬੱਚਿਆਂ ਦੀ ਹਾਲਤ ਵੇਖਕੇ ਪਤਾ ਲੱਗਦਾ ਹੈ ਕਿ ਇਨ੍ਹਾਂ ਫੰਡਾਂ ਨਾਲ ਕਿਸਦਾ ਵਿਕਾਸ ਹੋ ਰਿਹਾ ਹੈ। ਕਿਸੇ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਬੱਚਿਆਂ ਦੀ ਮੋਤ ਹੋਣਾ, ਬੱਚਿਆਂ ਨੂੰ ਅਪਣੇ ਮੰਨੋਰੰਜਨ ਦੇ ਸਾਧਨ ਵਜੋਂ ਵਰਤਣਾ, ਬੱਚਿਆਂ ਦਾ ਭੁੱਖਮਰੀ ਨਾਲ ਮਰਨਾ, ਅਧਿਆਪਕਾਂ ਵਲੋਂ ਹੀ ਵਿਦਿਆਰਥੀਆਂ ਦਾ ਸਰੀਰਕ ਸ਼ੋਸ਼ਣ, ਬੱਚਿਆਂ ਲਈ ਬਣਾਏ ਗਏ ਸੈਲਟਰ ਘਰਾਂ ਵਿੱਚ ਪ੍ਰਬੰਧਕਾਂ ਵਲੋਂ ਇਨ੍ਹਾਂ ਵਿੱਚ ਰਹਿਣ ਵਾਲੇ ਬੱਚਿਆਂ ਦਾ ਸ਼ੋਸ਼ਣ ਵਰਗੀਆਂ ਘਟਨਾਵਾਂ ਬਾਲ ਦਿਵਸ ਸਬੰਧੀ ਪੋਲ ਖੋਲਦੀਆਂ ਹਨ। ਭਾਰਤ ਵਿੱਚ ਲੱਗਭੱਗ 39 ਫਿਸਦੀ ਅਬਾਦੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੀ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ । ਬੇਸ਼ੱਕ ਬਹੁਤੇ ਮਾਮਲੇ ਤਾਂ ਸਾਹਮਣੇ ਹੀ ਨਹੀਂ ਆਂਦੇ ਹਨ। ਸਰਕਾਰੀ ਤੌਰ ਤੇ ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਵਲੋਂ ਜਾਰੀ ਰਿਪੋਰਟ ਅਨੁਸਾਰ ਸਾਲ ਇੱਕ ਸਾਲ ਵਿੱਚ ਹੀ ਬੱਚਿਆ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲੱਗਭੱਗ 4.5 ਫਿਸਦੀ ਵਾਧਾ ਹੋ ਗਿਆ ਹੈ ਜੋਕਿ ਇੱਕ ਖਤਰਨਾਕ ਸੰਕੇਤ ਹੈ। ਬੱਚਿਆਂ ਨੂੰ ਯੋਨ ਸ਼ੋਸ਼ਣ ਤੋਂ ਬਚਾਉਣ ਲਈ ਬਣਾਏ ਗਏ ਪੋਕਸੋ ਐਕਟ ਅਧੀਨ ਰਜਿਸਟਰਡ ਹੋਏ ਮਾਮਲਿਆਂ ਵਿੱਚ ਵੀ ਲੱਗਭੱਗ 18.9 ਫਿਸਦੀ ਵਾਧਾ ਹੋ ਗਿਆ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਅਨੁਸਾਰ ਸਾਲ 2019 ਵਿੱਚ ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਦੇ 148185 ਮਾਮਲੇ ਰਿਪੋਰਟ ਹੋਏ ਹਨ ਅਤੇ ਇਨ੍ਹਾਂ ਵਿੱਚੋਂ 26192 ਮਾਮਲੇ ਪੋਕਸੋ ਐਕਟ ਅਧੀਨ ਰਜਿਸਟਰਡ ਹੋਏ ਹਨ। ਹਰ ਰੋਜ ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਦੇ ਲੱਗਭੱਗ 350 ਮਾਮਲੇ ਸਾਹਮਣੇ ਆਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਲੱਗਭੱਗ 50 ਫਿਸਦੀ ਤੋਂ ਵੀ ਵੱਧ ਅਪਰਾਧਕ ਮਾਮਲੇ ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਮੱਧ ਪ੍ਰਦੇਸ, ਛਤੀਸਗੜ੍ਹ, ਦਿੱਲੀ ਅਤੇ ਪੱਛਮੀ ਬੰਗਾਲ ਵਿੱਚ ਹੀ ਵਾਪਰੇ ਹਨ। ਉੱਤਰ ਪ੍ਰਦੇਸ਼ ਵਿੱਚ 14.8 ਫਿਸਦੀ, ਮੱਧ ਪ੍ਰਦੇਸ ਵਿੱਚ 14.8 ਫਿਸਦੀ, ਮਹਾਂਰਾਸ਼ਟਰ ਵਿੱਚ 13.1 ਫੀਸਦੀ, ਦਿੱਲੀ ਵਿੱਚ 6.1 ਫਿਸਦੀ, ਛਤੀਸਗੜ ਵਿੱਚ 5.1 ਫੀਸਦੀ ਅਤੇ ਪੱਛਮੀ ਬੰਗਾਲ ਵਿੱਚ 5.1 ਫਿਸਦੀ ਅਪਰਾਧਿਕ ਮਾਮਲੇ ਸਾਹਮਣੇ ਆਏ ਹਨ। ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਕਤਲ, ਬਲਾਤਕਾਰ, ਜਿਨਸੀ ਸੋਸਣ, ਬਾਲ ਵਿਆਹ ਆਦਿ ਪ੍ਰਮੁੱਖ ਸਾਮਲ ਹਨ। ਅਜਾਦੀ ਦੇ 73 ਸਾਲਾਂ ਬਾਦ ਵੀ ਸਕੂਲ ਜਾਣ ਵਾਲੀ ਉਮਰ ਦੇ 4 ਬੱਚਿਆਂ ਵਿੱਚੋਂ 01 ਬੱਚਾ ਸਕੂਲ ਨਹੀਂ ਜਾਂਦਾ ਹੈ ਅਤੇ ਸਿਰਫ 32 ਫਿਸਦੀ ਬੱਚੇ ਹੀ ਅਪਣੀ ਸਕੂਲੀ ਪੜ੍ਹਾਈ ਪੂਰੀ ਕਰਦੇ ਹਨ, ਹਰ 08 ਮਿੰਟ ਬਾਦ ਭਾਰਤ ਵਿੱਚ ਇੱਕ ਬੱਚਾ ਲਾਪਤਾ ਹੁੰਦਾ ਹੈ, 06 ਸਾਲ ਤੋਂ ਘੱਟ ਉਮਰ ਦੇ ਲੱਗਭੱਗ 19.8 ਮਿਲੀਅਨ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, 06 ਮਹੀਨੇ ਤੋਂ 05 ਸਾਲ ਦੇ 58 ਫਿਸਦੀ ਬੱਚੇ ਅਨੀਮਿਕ ਹਨ। ਸਿਰਫ 62 ਫਿਸਦੀ ਬੱਚਿਆਂ ਨੂੰ ਹੀ ਮੁਕੰਮਲ ਟੀਕ-ਾਕਰਣ ਦੀ ਸਹੂਲਤ ਮਿਲਦੀ ਹੈ। ਪੂਰੇ ਵਿਸ਼ਵ ਵਿੱਚ ਹੋਣ ਵਾਲੇ ਬਾਲ ਵਿਆਹਾਂ ਵਿੱਚ ਤੀਜਾ ਹਿੱਸਾ ਭਾਰਤ ਦਾ ਹੀ ਹੈ। ਸਰਕਾਰ ਵਲੋਂ ਬੇਸ਼ੱਕ ਹਰ ਬੱਚੇ ਨੂੰ ਸਿੱਖਿਅਕ ਕਰਨ ਦੇ ਉਦੇਸ਼ ਨਾਲ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਅੱਜ ਵੀ ਬਹੁਤੇ ਗਰੀਬ ਘਰਾਂ ਦੇ ਬੱਚੇ ਸਕੂਲ ਜਾਣ ਦੀ ਬਜਾਏ ਕੰਮ ਕਰਨਾ, ਕੂੜੇ ਵਿੱਚੋਂ ਕਬਾੜ ਇਕੱਠਾ ਕਰਨਾ, ਭੀਖ ਮੰਗਣਾ, ਆਦਿ ਚੰਗਾ ਸਮਝਦੇ ਹਨ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਲੈਣਾ ਬੇਸ਼ੱਕ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਉਣ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ। ਸਰਕਾਰ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ ਫਿਰ ਵੀ ਹਰ ਛੋਟੇ ਵੱਡੇ ਸ਼ਹਿਰ, ਕਸਬੇ ਵਿੱਚ ਬਾਲ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਹੋਟਲਾਂ, ਢਾਬਿਆਂ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦ-ਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਵਿੱਚ ਜ਼ਿਆਦਾ ਗਿਣਤੀ ਬਾਲ ਮਜ਼ਦੂਰਾਂ ਦੀ ਹੁੰਦੀ ਹੈ। ਇਹਨਾਂ ਬਾਲ ਮਜ਼ਦੂਰਾਂ ਤੋਂ ਜ਼ੋਖਿਮ ਭਰੇ ਕੰਮ ਕਰਵਾਏ ਜਾਂਦੇ ਹਨ ਅਤੇ ਮਜ਼-ਦੂਰੀ ਵੀ ਨਾਂ-ਮਾਤਰ ਦਿਤੀ ਜਾਂਦੀ ਹੈ। ਕਈ ਸਰਕਾਰੀ ਅਧਿ-ਕਾਰੀਆਂ ਵਲੋਂ ਵੀ ਅਪਣੇ ਘਰਾਂ ਵਿੱਚ ਛੋਟੇ-ਛੋਟੇ ਬੱਚਿਆਂ ਤੋਂ ਹੀ ਘਰਾਂ ਦੇ ਕੰਮ ਕਰਵਾਏ ਜਾਂਦੇ ਹਨ। ਇਹਨਾਂ ਬਾਲ ਮਜਦੂਰਾਂ ਨੂੰ ਅਜੇ ਤੱਕ ਬਾਲ ਦਿਵਸ ਦੇ ਦਿਹਾੜ੍ਹੇ ਬਾਰੇ ਕੋਈ ਵੀ ਜਾਣਕ-ਾਰੀ ਨਹੀਂ ਹੈ। ਇਸ ਸਾਲ ਕੋਵਿਡ- 19 ਕਾਰਨ ਵੀ ਬੱਚਿਆਂ ਤੇ ਅਸਰ ਹੋਇਆ ਹੈ। ਹਜਾਰਾਂ ਬੱਚਿਆਂ ਨੂੰ ਸੈਕੜੇ ਕਿਲੋਮੀਟਰ ਸਫਰ ਪੈਦਲ ਚੱਲਣਾ ਪਿਆ ਹੈ ਅਤੇ ਅਸੁਰਖਿੱਅਤ ਹਾਲਤਾਂ ਵਿੱਚ ਰਹਿਣਾ ਪਿਆ ਹੈ। ਇਸ ਕਾਰਨ ਵਿੱਦਿਅਕ ਅਦਾਰਿਆਂ ਵਲੋਂ ਸੁਰੂ ਕੀਤੀ ਗਈ ਆਨਲਾਇਨ ਪੜ੍ਹਾਈ ਤੋਂ ਵੀ ਕਈ ਬੱਚੇ ਬਾਂਝੇ ਰਹਿ ਗਏ ਹਨ। ਸਰਕਾਰ ਵਲੋਂ ਸਕੂਲੀ ਬੱਚਿਆਂ ਅਤੇ ਲੜਕੀਆ ਲਈ ਹਰ ਤਰਾਂ ਦੀਆਂ ਸਿਹਤ ਸੇਵਾਵਾਂ ਮੁੱਫਤ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਹਕੀਕਤ ਇਹ ਹੈ ਕਿ ਬਹੁਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਪ੍ਰਬੰਧਕਾਂ ਨੂੰ ਵੀ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਸਰਕਾਰੀ ਅਤੇ ਗੈਰ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਬੱਚਿਆਂ ਵਿਸ਼ੇਸ਼ ਤੋਰ ਤੇ ਲੜਕੀਆਂ ਨਾਲ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਜਿਨ੍ਹਾਂ ਵਿੱਚ ਅਕਸਰ ਸਕੂਲ ਦੇ ਅਧਿਆਪਕ ਹੀ ਸ਼ਾਮਲ ਹੁੰਦੇ ਹਨ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਬੇਸ਼ੱਕ ਰੋਜਾਨਾਂ ਹਜਾਰਾਂ ਸ਼ਿਕਾਇਤਾਂ ਦਰਜ਼ ਹੁੰਦੀਆਂ ਹਲ ਪ੍ਰੰਤੂ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਹੀ ਰਾਜਨੀਤੀਕਰਣ ਕੀਤਾ ਜਾਂਦਾ ਹੈ ਜਿਸ ਕਾਰਨ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾਂ ਦਾ ਕੋਈ ਠੋਸ ਹੱਲ ਨਹੀਂ ਹੁੰਦਾ ਹੈ ਅਤੇ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਸਰਕਾਰ ਵਲੋਂ ਬਾਲ ਦਿਵਸ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਵੀ ਅਕਸਰ ਇਨ੍ਹਾਂ ਗਰੀਬ ਬੱਚਿਆਂ ਤੋਂ ਦੂਰ ਹੀ ਰਹਿੰਦੇ ਹਨ ਅਤੇ ਅਜਿਹੇ ਸਮਾਗਮਾਂ ਦਾ ਇਨ੍ਹਾ ਬੱਚਿਆਂ ਨੂੰ ਕੋਈ ਵੀ ਲਾਭ ਨਹੀਂ ਹੁੰਦਾ ਹੈ। ਜੇਕਰ ਸਰਕਾਰ ਦੇਸ਼ ਦਾ ਭਵਿੱਖ ਮੰਨੇ ਜਾਣ ਵਾਲੇ ਬੱਚਿਆਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਅਤੇ ਬੱਚਿਆਂ ਦੀਆਂ ਸਮੱਸਿਆਵਾਂ ਦਾ ਠੋਸ ਹੱਲ ਕਰਨਾ ਚਾਹੁੰਦੀ ਹੈ ਤਾਂ ਬੱਚਿਆਂ ਦੇ ਵਿਕਾਸ ਲਈ ਅਤੇ ਸਮਸਿਆਵਾਂ ਦੇ ਹੱਲ ਅਤੇ ਸੁਰਖਿੱਆ ਲਈ ਠੋਸ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੀਦੀਆਂ ਹਨ, ਇਨ੍ਹਾਂ ਨੀਤੀਆਂ ਵਿੱਚ ਦੇਰੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਬਾਲ ਦਿਵਸ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਬੱਚਿਆ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾ ਦੀ ਹੋ ਰਹੀ ਲੁਟ ਖਸੁੱਟ ਬੰਦ ਹੋਵੇਗੀ ਅਤੇ ਸਾਰੇ ਬੱਚੇ ਵਿੱਦਿਆ ਹਾਸਲ ਕਰਨਗੇ। ਜੇਕਰ ਸਰਕਾਰ ਨੇ ਸਮੇਂ ਸਿਰ ਬੱਚਿਆਂ ਵਿਸੇਸ ਤੋਰ ਤੇ ਆਮ ਬੱਚਿਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ, ਉਨ੍ਹਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਜਲਦੀ ਕੋਈ ਠੋਸ ਕਾਰਵਾਈ ਨਾਂ ਕੀਤੀ ਤਾਂ 14 ਨਵੰਬਰ ਨੂੰ ਮਨਾਇਆ ਜਾਣ ਵਾਲਾ ਬਾਲ ਦਿਵਸ ਹੋਰ ਸਮਾਗਮਾਂ ਦੀ ਤਰ੍ਹਾ ਹੀ ਇੱਕ ਖਾਨਾਪੂਰਤੀ ਬਣਕੇ ਰਹਿ ਜਾਵੇਗਾ।




## ਘੱਟੋ ਘੱਟ ਸਮਰਥਨ ਮੁੱਲ ਅਤੇ ਵੱਧ ਤੋਂ ਵੱਧ ਪ੍ਰਚੂਨ ਮੁੱਲ ਦੀ ਅਸਲੀਅਤ

ਘੱਟੋ ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਇੱਕ ਖੇਤੀਬਾੜੀ ਉਤਪਾਦ ਕੀਮਤ ਹੈ ਜੋ ਭਾਰਤ ਸਰਕਾਰ ਦੁਆਰਾ ਕਿਸਾਨੀ ਤੋਂ ਸਿੱਧੇ ਖੇਤੀਬਾੜੀ ਉਤਪਾਦ ਖਰੀਦਣ ਲਈ ਨਿਰਧਾਰਤ ਕੀਤੀ ਜਾਂਦੀ ਹੈ । ਭਾਰਤ ਸਰਕਾਰ ਸਾਲ ਵਿਚ ਦੋ ਵਾਰੀ 2 3 ਚੀਜ਼ਾਂ ਦੀ ਕੀਮਤ ਤੈਅ ਕਰਦੀ ਹੈ। ਇਹ ਰੇਟ ਕਿਸਾਨ ਦੀ ਫਸਲ ਦੇ ਘੱਟੋ ਘੱਟ ਮੁਨਾਫਿਆਂ ਦੀ ਰਾਖੀ ਲਈ ਹੈ। ਪਰ ਕਿਸਾਨ ਨੂੰ ਦੋ ਚਾਰ ਮੁੱਖ ਫ਼ਸਲਾਂ ਤੋਂ ਬਿਨਾਂ ਬਾਕੀ ਫ਼ਸਲਾਂ ਇਸ ਤੈਅ ਘੱਟੋ-ਘੱਟ ਸਮਰਥਨ ਮੁੱਲ ਤੋਂ ਵੀ ਘੱਟ ਮੁੱਲ ਤੇ ਵੇਚਣੀਆਂ ਪੈਦੀਆਂ ਹਨ। ਇਹੀ ਕਾਰਨ ਹੈ ਕਿ ਕਿਸਾਨ ਫ਼ਸਲੀ ਵਿਭਿੰਨਤਾ ਅਪਣਾਉਣ ਤੋਂ ਕੰਨੀ ਕਤਰਾਉਂਦੇ ਹਨ ਕਿਉਂਕਿ ਜਾਂ ਤਾਂ ਉਨ੍ਹਾਂ ਦੀ ਵਿਭਿੰਨ ਫ਼ਸਲ ਦਾ ਮੰਡੀਕਰਨ ਨਹੀਂ ਹੁੰਦਾ ਜੇ ਹੁੰਦਾ ਹੈ ਤਾਂ ਕੀਮਤ ਪੂਰੀ ਨਹੀਂ ਮਿਲਦੀ। ਦੂਜੇ ਪਾਸੇ ਤਿਆਰ ਤੇ ਪੈਕਟ ਬੰਦ ਉਤਪਾਦਾਂ ਲਈ ਵੱਧ ਤੋਂ ਵੱਧ ਪ੍ਰਚੂਨ ਕੀਮਤ (ਐਮ. ਆਰ. ਪੀ.) ਇੱਕ ਨਿਰਮਾਤਾ ਦੀ ਗਣਨਾ ਕੀਤੀ ਕੀਮਤ ਹੈ ਜੋ ਕਿ ਸਭ ਤੋਂ ਵੱਧ ਕੀਮਤ ਹੈ ਜੋ ਭਾਰਤ ਵਿੱਚ ਵੇਚੇ ਗਏ ਉਤਪਾਦ ਲਈ ਵਸੂਲ ਕੀਤੀ ਜਾ ਸਕਦੀ ਹੈ। ਹਾਲਾਂਕਿ ਨਿਰਮਾਤਾ ਦੁਆਰਾ ਿ ਨਰਧਾਰਤ ਕੀਤੀ ਕੀਮਤ ਸਿਰਫ ਇਕ ਸਿਫਾਰਸ਼ ਹੁੰਦੀ ਹੈ ਇਹ ਕਾਨੂੰਨ ਦੁਆਰਾ ਲਾਗੂ ਨਹੀਂ ਹੁੰਦੀ ਰਿਟੇਲਰ ਐਮਆਰਪੀ ਤੋਂ ਘੱਟ ਵਿੱਚ ਉਤਪਾਦ ਵੇਚਣ ਦੀ ਚੋਣ ਕਰ ਸਕਦੇ ਹਨ। ਭਾਰਤ ਵਿਚ ਸਾਰੇ ਪ੍ਰਚੂਨ ਉਤਪਾਦਾਂ ਨੂੰ ਐਮਆਰਪੀ ਨਾਲ ਮਾਰਕ ਕਰਨਾ ਲਾਜ਼ਮੀ ਹੈ। ਦੁਕਾਨਾਂ ਗਾਹਕਾਂ ਤੋਂ ਐਮਆਰਪੀ ਤੋਂ ਵੱਧ ਪੈਸੇ ਨਹੀਂ ਲੈ ਸਕਦੀਆਂ। ਕੁਝ ਦੁਕਾਨਾਂ ਆਪਣੇ ਗਾਹਕਾਂ ਨੂੰ ਆਪਣੇ ਵੱਲ ਖਿੱਚਣ ਲਈ ਐਮਆਰਪੀ ਤੋਂ ਥੋੜ੍ਹੀ ਜਿਹੀ ਘੱਟ ਕੀਮਤ ਵਸੂਲ ਕਰਦੀਆਂ ਹਨ। ਪਰ ਕੁਝ ਦੂਰ-ਦੁਰਾਡੇ ਇਲਾਕਿਆਂ ਵਿੱਚ ਸੈਰ-ਸਪਾਟਾ ਸਥਾਨਾਂ ਅਤੇ ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਇਕ ਉਤਪਾਦ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ, ਖਪਤਕਾਰਾਂ ਤੋਂ ਅਕਸਰ ਗੈਰ ਕਾਨੂੰਨੀ ਢੰਗ ਨਾਲ ਐਮਆਰਪੀ ਤੋਂ ਵੱਧ ਸ਼ੁਲਕ ਲਏ ਜਾਂਦੇ ਹਨ।

ਅਸੀਂ ਅਕਸਰ ਵੇਖਦੇ ਹਾਂ ਕਿ ਵੱਡੇ ਵੱਡੇ ਬ੍ਰਾਂਡ ਐਮ. ਆਰ. ਪੀ. ਤੇ 20 ਪ੍ਰਤੀਸ਼ਤ ਤੋਂ ਲੈ ਕੇ 70 ਪ੍ਰਤੀਸ਼ਤ ਤੱਕ ਡਿਸਕਾਊਂਟ ਦਾ ਐਲਾਨ ਕਰਦੇ ਰਹਿੰਦੇ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਹ ਲਾਗਤ ਅਤੇ ਮੁਨਾਫ਼ੇ ਤੋਂ ਕਿੰਨੀ ਜ਼ਿਆਦਾ ਕੀਮਤ ਮਾਰਕ ਕਰਦੇ ਹਨ ਕਿਉਂਕਿ ਉਸ ਸਮੇਂ ਵੀ ਉਹ ਕੁਝ ਕਮਾ ਕੇ ਹੀ ਵੇਚ ਰਹੇ ਹੁੰਦੇ ਹਨ। ਇਸ ਲਈ ਐਮ. ਐਸ. ਪੀ. ਦੇ ਨਾਲ ਨਾਲ ਸਾਨੂੰ ਸਰਕਾਰ ਤੋਂ ਐਮ. ਆਰ. ਪੀ. ਨਿਰਧਾਰਿਤ ਕਰਨ ਦਾ ਵੀ ਕੋਈ ਪੈਮਾਨਾ ਬਣਾਉਣ ਦੀ ਮੰਗ ਕਰਨੀ ਚਾਹੀਦੀ ਹੈ।

**ਚਾਨਣ ਦੀਪ ਸਿੰਘ ਔਲਖ 9876888177**

# ਮਨੁੱਖ ਤੋਂ ਦੂਰ



ਪ੍ਰਿੰਸੀਪਲ ਪ੍ਰੇਮਲਤਾ
91-98143-41746

ਜੰਗਲ ਦੇ ਹਾਥੀਆਂ ਵਿੱਚ ਇੱਕ ਬੱਚਾ ਹਾਥੀ ਰਾਜੂ, ਪਿਆਰ ਅਤੇ ਮਨੋਰੰਜਨ ਦੇ ਇੱਕ ਖਿਡੌਣੇ ਵਾਂਗ ਸੀ। ਵੱਡੇ ਹਾਥੀ ਰਾਜੂ ਨੂੰ ਸਦਾ ਆਪਣੇ ਝੁੰਡ ਦੇ ਵਿਚਕਾਰ ਰੱਖਦੇ ਸਨ। ਇੱਕ ਦਿਨ ਜਦੋਂ ਰਾਜੂ ਇੱਕ ਵੱਡੇ ਟੋਏ ਵਿੱਚ ਡਿੱਗ ਗਿਆ ਤਾਂ ਝੁੰਡ ਦੇ ਹਾਥੀ ਘੇਰਾ ਬਣਾਕੇ ਉਸਨੂੰ ਬਾਹਰ ਕੱਢਣ ਦੀ ਵਿਉਂਤ ਬਣਾਉਣ ਲੱਗੇ। ਹਾਥੀਆਂ ਨੇ ਟੋਏ ਦਾ ਇੱਕ ਕਿਨਾਰਾ ਪੂਰੀ ਤਰਾਂ ਮਿੱਧ ਕੇ ਪੌੜੀ ਵਾਂਗ ਬਣਾ ਲਿਆ। ਇੱਕ ਵੱਡਾ ਹਾਥੀ ਥੱਲੇ ਉਤਰਿਆ, ਰਾਜੂ ਨੂੰ ਆਪਣੀ ਸੁੰਡ ਨਾ਼ਲ ਉੱਪਰ ਵੱਲ ਧੱਕਿਆ, ਉੱਪਰ ਖੜ੍ਹੇ ਇੱਕ ਹਾਥੀ ਨੇ ਰਾਜੂ ਦੀ ਸੁੰਡ ਵਿੱਚ ਸੁੰਡ ਫਸਾ ਕੇ, ਉੱਪਰ ਵੱਲ ਨੂੰ ਖਿੱਚਿਆ, ਰਾਜੂ ਦੇ ਉੱਪਰ ਆਉਣ ਤੇ ਹਾਥੀਆਂ ਦੇ ਸਾਂਹ ਵਿੱਚ ਸਾਂਹ ਆਏ। ਹੁਣ ਰਾਜੂ ਦੀ ਮਾਂ ਉਸਨੂੰ ਸਦਾ ਆਪਣੇ ਅੰਗ-ਸੰਗ ਰੱਖਦੀ ਸੀ।

ਸ਼ਿਕਾਰੀਆਂ ਦੀ ਭੈੜੀ ਨਜ਼ਰ ਰਾਜੂ ਉੱਪਰ ਪੈ ਚੁੱਕੀ ਸੀ। ਕਈ ਦਿਨਾਂ ਦੀ ਵਿਉਂਤਬੰਦੀ ਤੋਂ ਬਾਅਦ ਉਹ ਰਾਜੂ ਨੂੰ ਹਾਥੀਆਂ ਦੇ ਝੁੰਡ ਤੋਂ ਨਿਖੇੜਨ ਵਿੱਚ ਕਾਮਯਾਬ ਹੋ ਗਏ। ਰਾਜੂ ਨੂੰ ਵੱਡੇ ਟੈਂਪੂ ਵਿੱਚ ਲੱਦ ਕੇ ਆਪਣੇ ਟਿਕਾਣੇ ਤੇ ਲੈ ਗਏ। ਫੇਰ ਪੂਰੇ ਇੱਕ ਲੱਖ ਵਿੱਚ ਫੇਰੀ ਵਾਲੇ ਲੈ ਗਏ। ਉੱਧਰ ਹਾਥੀਆਂ ਦੇ ਝੁੰਡ ਨੇ, ਰਾਜੂ ਦੇ ਵਿਛੋੜੇ ਕਾਰਨ ਖਾਣਾ-ਪੀਣਾ ਛੱਡ ਰੱਖਿਆ ਸੀ। ਕਈ ਦਿਨਾਂ ਦੀ ਮਾਯੂਸੀ ਤੋਂ ਬਾਅਦ ਝੁੰਡ ਚੱਲਣ-ਫਿਰਨ ਲੱਗਿਆ।

ਰਾਜੂ ਦੀ ਸਿਖਲਾਈ ਸ਼ੁਰੂ ਹੋ ਚੁੱਕੀ ਸੀ। ਉਹ ਮੂਹਰਲੀਆਂ ਲੱਤਾਂ, ਉੱਪਰ ਵੱਲ ਚੁੱਕ ਕੇ ਖੜਾ ਹੋਣ ਲੱਗ ਪਿਆ। ਫੇਰ ਉਹ ਸੁੰਡ ਨਾ਼ਲ ਫੁੱਟਬਾਲ ਤੇ ਕਿੱਕ ਮਾਰਨ ਲੱਗ ਪਿਆ। ਉਹ ਮਾਲਕ ਲਈ ਚੰਗੀ ਕਮਾਈ ਕਰਨ ਲੱਗ ਪਿਆ ਸੀ। ਬੱਚਿਆਂ ਦੀ ਮਨਪਸੰਦ ਸਵਾਰੀ ਵੀ ਬਣ ਜਾਂਦਾ ਸੀ। ਉਸਨੂੰ ਤਮਾਸ਼ਾ ਦਿਖਾਉਂਦੇ ਕਈ ਸਾਲ ਲੰਘ ਗਏ। ਹੁਣ ਉਹ ਜੰਗਲ ਨੂੰ ਪੂਰੀ ਤਰ੍ਹਾਂ ਭੁੱਲ ਗਿਆ ਸੀ।

ਫੇਰੀਵਾਲਿਆਂ ਤੋਂ, ਰਾਜੂ ਨੂੰ ਇੱਕ ਸ਼ਰਾਬੀ ਦੁੱਗਣੇ ਪੈਸਿਆਂ ਚ ਖਰੀਦ ਕਰਕੇ ਲੈ ਗਿਆ। ਵਧੀਆ ਖੇਡ ਦਿਖਾਉਣ ਲਈ ਜਿੱਥੇ ਸ਼ਰਾਬੀ ਆਪ ਸ਼ਰਾਬ ਪੀਂਦਾ ਸੀ, ਉੱਥੇ ਰਾਜੂ ਨੂੰ ਵੀ ਪਿਲਾਉਣ ਲੱਗ ਪਿਆ। ਰਾਜੂ ਦੇ ਖੇਡ ਦਿਖਾਉਣ ਅਤੇ ਸਵਾਰੀ ਕਰਵਾਉਣ ਦੀ ਪ੍ਰਕ੍ਰਿਆ ਪੂਰੀ ਤਰ੍ਹਾਂ ਵਿਗੜ ਗਈ। ਸ਼ਰਾਬੀ ਨੂੰ ਰਾਜੂ ਦੀ ਗਲਤੀ ਕਾਰਨ ਕਈ ਵਾਰ ਹਰਜਾਨਾ ਭਰਨਾ ਪਿਆ।

ਜਦੋਂ ਸ਼ਰਾਬੀ ਨਸ਼ੇ ਵਿੱਚ ਟੁੱਨ ਹੋ ਜਾਂਦਾ ਸੀ ਤਾਂ ਰਾਜੂ ਨੇੜੇ ਦੇ ਇਲਾਕੇ ਵਿੱਚ ਇਕੱਲਾ ਹੀ ਨਿਕਲ ਜਾਂਦਾ ਸੀ। ਜਦੋਂ ਭੁੱਖਾ ਹੁੰਦਾ ਤਾਂ ਉਹ ਕੂੜੇ ਦੇ ਢੇਰ ਵਿੱਚੋਂ ਕੂੜਾ ਖਾ ਕੇ ਆਪਣਾ ਢਿੱਡ ਭਰ ਲੈਂਦਾ ਸੀ। ਇੱਕ ਦਿਨ ਜਦੋਂ ਭੁੱਖ ਨੇ ਉਸਨੂੰ ਸਤ-ਾਇਆ ਤਾਂ ਉਸਨੇ ਕੇਲਿਆਂ ਦੀ ਰੇਹੜੀ ਉੱਪਰ ਹਮਲਾ ਬੋਲ ਦਿੱਤਾ। ਗੱਲ ਥਾਣੇ ਤੱਕ ਪਹੁੰਚ ਗਈ। ਸ਼ਰਾਬੀ ਨੂੰ ਫੇਰ ਹਰਜਾਨਾ ਭਰਨਾ ਪਿਆ।

ਹੁਣ ਸ਼ਰਾਬੀ ਨੇ ਰਾਜੂ ਦੀ ਲੱਤ ਨੂੰ ਕਿੱਲਾਂ ਵਾਲੇ ਸੰਗਲ ਨਾ਼ਲ ਘਰ ਦੇ ਪਿਛਲੇ ਪਾਸੇ ਬੰਨ੍ਹ ਦਿੱਤਾ। ਦੁਨੀਆਂ ਚੱਲਦੀ-ਫਿਰਦੀ ਸੀ, ਪਰ ਰਾਜੂ ਉੱਥੇ ਦਾ ਉੱਥੇ ਬੰਨ੍ਹਿਆਂ ਖੜਾ ਰਹਿੰਦਾ। ਉਸਦੀ ਇੱਕੋ ਹੀ ਪੇਸ਼ ਚੱਲਦੀ ਸੀ, ਖੁੱਲ੍ਹ ਕੇ ਰੋ ਲੈਂਦਾ ਸੀ। ਗਰਮੀ, ਫੇਰ ਮੀਂਹ, ਫੇਰ ਅੱਤ ਦੀ ਸਰਦੀ ਸਭ ਉੱਪਰ ਦੀ ਲੰਘਦੇ ਜਾਂਦੇ। ਖਾਣ ਨੂੰ ਵੀ ਬਹੁਤ ਘੱਟ ਮਿਲਦਾ ਸੀ। ਮੂੰਹ ਉੱਪਰ ਮੱਖੀਆਂ ਨੇ ਡੇਰਾ ਜਮਾ ਰੱਖਿਆ ਸੀ। ਸਭ ਨੂੰ ਇੰਜ ਲੱਗਦਾ ਸੀ, ਪਸ਼ੂ ਹੈ, ਪਸ਼ੂਆਂ ਨੂੰ ਤਾਂ ਬੰਨ੍ਹ ਕੇ ਹੀ ਰੱਖਿਆ ਜਾਂਦਾ ਹੈ। ਆਂਢ-ਗੁਆਂਢ ਦੇ ਲੋਕ ਬਚੀਆਂ-ਖੁਚੀਆਂ ਸਬਜ਼ੀਆਂ ਉਸ ਅੱਗੇ ਪਾ ਜਾਂਦੇ ਸਨ। ਹੁਣ ਉਸਨੂੰ ਅਚੰਭੇ ਨਾ਼ਲ ਦੇਖਣ ਵਾਲਾ ਕੋਈ ਨਹੀਂ ਸੀ। ਜਦੋਂ ਕੋਈ ਵਿਅਕਤੀ ਰਾਜੂ ਦੇ ਨਜ਼ਦੀਕ ਆਉਂਦਾ ਤਾਂ ਅੱਖਾਂ ਦੇ ਅੱਥਰੂਆਂ ਨਾ਼ਲ ਹੀ ਆਪਣੀ ਗੱਲ ਸੁਣਾਉਣਾ ਚਾਹੁੰਦਾ ਹੁੰਦਾ ਸੀ। ਇੱਕੋ ਥਾਂ ਉੱਪਰ ਬੰਨ੍ਹੇ ਨੂੰ ਦਸ ਸਾਲ ਬੀਤ ਚੁੱਕੇ ਸਨ। ਹੁਣ ਤਾਂ ਖੜੇ ਹੋਣ ਦੀ ਵੀ ਹਿੰਮਤ ਖ਼ਤਮ ਹੋ ਚੁੱਕੀ ਸੀ।

ਅੱਤ ਦੇ ਨਸ਼ੇ ਕਾਰਨ ਸ਼ਰਾਬੀ ਦੀ ਆਤਮਾ ਮਰ ਚੁੱਕੀ ਸੀ, ਉਹ ਇੱਕ ਜਿੱਦੀ ਅਤੇ ਕਲੇਸ਼ੀ ਬਣ ਚੁੱਕਾ ਸੀ। ਕੋਈ ਉਸਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਕਰਦਾ ਸੀ।

ਇੱਕ ਦਿਨ ਇੱਕ ਜੰਗਲੀ ਜੀਵ ਪ੍ਰੇਮੀ ਦੀ ਨਜ਼ਰ ਇਸ ਹਾਥੀ ਉੱਪਰ ਪਈ ਤਾਂ ਉਸਨੇ ਹਾਥੀ ਨੂੰ ਅਜ਼ਾਦ ਕਰਵਾਉਣ ਦਾ ਬੀੜਾ ਚੁੱਕ ਲਿਆ। ਜਦੋਂ ਜੰਗਲੀ ਜੀਵ ਪ੍ਰੇਮੀ ਸੰਗਠਨ ਦੇ ਮੈਂਬਰਾਂ ਨੇ ਸ਼ਰਾਬੀ ਨਾ਼ਲ ਗੱਲ ਕੀਤੀ ਤਾਂ ਉਸਨੇ ਹਾਥੀ ਨੂੰ ਅਜ਼ਾਦ ਕਰਨ ਦੇ ਦੁੱਗਣੇ ਪੈਸੇ ਮੰਗ ਲਏ।

ਸੰਗਠਨ ਨੇ ਫ਼ੈਸਲਾ ਕੀਤਾ ਹਾਥੀ ਨੂੰ ਕੋਰਟ ਰਾਹੀਂ ਛੁਡਾਇਆ ਜਾਵੇ। ਕਿਸੇ ਨੇ ਸੱਚ ਹੀ ਕਿਹਾ ਹੈ: ਕਾਨੂੰਨ ਅੰਨ੍ਹਾ ਹੁੰਦਾ ਹੈ। ਇਹ ਤਰਸ ਨਹੀਂ ਕਰਦਾ। ਕਾਨੂੰਨੀ ਪ੍ਰਕ੍ਰਿਆ ਨੂੰ ਚੱਲਦਿਆਂ ਇੱਕ ਸਾਲ ਲੰਘ ਗਿਆ। ਆਖੀਰ ਵਿੱਚ ਰਾਜੂ ਨੂੰ ਅਜ਼ਾਦ ਕਰਨ ਦਾ ਫ਼ੈਸਲਾ ਹੋਇਆ।

ਸੰਗਠਨ ਦੇ ਮੈਂਬਰ ਆਪਣੇ ਨਾ਼ਲ ਪਸ਼ੂਆਂ ਦੇ ਡਾਕਟਰ ਨੂੰ ਲੈ ਕੇ, ਰਾਜੂ ਨੂੰ ਅਜ਼ਾਦ ਕਰਵਾਉਣ ਪਹੁੰਚ ਗਏ। ਬੇੜੀ ਦੀਆਂ ਕਿੱਲਾਂ, ਰਾਜੂ ਦੇ ਮਾਸ ਦੇ ਅੰਦਰ ਤੱਕ ਖੁੱਭੀਆਂ ਸਨ। ਕਿੱਲਾਂ ਨੂੰ ਆਪ੍ਰੇਸ਼ਨ ਨਾ਼ਲ ਕੱਢਿਆ ਗਿਆ।

ਕਈ ਦਿਨਾਂ ਦੀ ਪੌਸ਼ਟਿਕ ਖੁਰਾਕ ਤੋਂ ਬਾਅਦ ਰਾਜੂ ਖੜਾ ਹੋ ਸਕਿਆ। ਇੱਕਵਾਰ ਫੇਰ ਉਸਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ, ਲੱਗਦਾ ਸੀ ਕਹਿ ਰਿਹਾ ਹੋਵੇ, ਮੈਨੂੰ ਮਨੁੱਖਾਂ ਤੋਂ ਦੂਰ ਜੰਗਲ ਵਿੱਚ ਛੱਡ ਆਵੋ।

ਜਦੋਂ ਰਾਜੂ ਚੰਗੀ ਤਰਾਂ ਚੱਲਣ-ਫਿਰਨ ਲੱਗ ਪਿਆ ਤਾਂ ਸੰਗਠਨ ਦੇ ਮੈਂਬਰਾਂ ਨੇ ਉਸਨੂੰ ਜੰਗਲ ਦੇ ਵਿਚਕਾਰ ਛੱਡ ਦਿੱਤਾ। ਜਦੋਂ ਸੰਗਠਨ ਦੇ ਮੈਂਬਰਾਂ ਨੇ ਪਿੱਛੇ ਮੁੜਕੇ ਦੇਖਿਆ ਤਾਂ ਰਾਜੂ ਉੱਚੀ-ਉੱਚੀ ਚੀਕ ਰਿਹਾ ਸੀ, ਜਿਵੇਂ ਆਪਣੀ ਭਾਸ਼ਾ ਵਿੱਚ ਮਾਂ-ਮਾਂ-ਮਾਂ ਕਹਿ ਰਿਹਾ ਹੋਵੇ।

# 16 ਨਵੰਬਰ ਲਈ ਰਾਸ਼ਟਰੀ ਪ੍ਰੈਸ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ, ਐਡਵੋਕੇਟ
91-9417563054

16 ਨਵੰਬਰ ਨੂੰ ਭਾਰਤ ਵਿੱਚ ਰਾਸ਼ਟਰੀ ਪ੍ਰੈਸ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਅਤੇ ਇਸ
ਦਿਨ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਮੀਡੀਆ ਦੀ ਭੂਮਿਕਾ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਜਾਂਦਾ ਹੈ। ਰਾਸ਼ਟਰੀ ਪ੍ਰੈੱਸ ਦਿਵਸ ਜਨਤਾ ਪ੍ਰਤੀ ਮੀਡੀਆ ਦੀ ਜ਼ਿੰਮੇਵਾਰੀ ਅਤੇ ਲੋਕਤੰਤਰ ਵਿੱਚ ਇਸਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਨ ਦੀ ਯਾਦ ਦਿਵਾਉਂਦਾ ਹੈ। ਮੀਡੀਆ ਨੂੰ ਵਾਰ-ਵਾਰ ਆਪਣੇ ਪੇਸ਼ੇਵਰ ਫਰਜ਼ਾਂ ਨੂੰ ਸੱਚਾਈ ਅਤੇ ਨਿਰਪੱਖ ਢੰਗ ਨਾਲ ਨਿਭਾਉਣ ਦੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਪਿਆ ਹੈ। ਪੱਤਰਕਾਰਾਂ ਨੂੰ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ ਸਰੀਰਕ ਹਮਲੇ, ਝੂਠੇ ਦੋਸ਼, ਉਨ੍ਹਾਂ ਦੇ ਘਰਾਂ ਜਾਂ ਪ੍ਰੈਸ ਦਫਤਰਾਂ ਤੇ ਛਾਪੇ, ਅਗਵਾ, ਕਤਲ ਆਦਿ। ਪ੍ਰੈਸ ਦੀ ਆਜ਼ਾਦੀ ਇੱਕ ਮਹੱਤਵਪੂਰਨ ਮਨੁੱਖੀ ਅਧਿਕਾਰ ਹੈ ਜੋ ਹੋਰ ਆਜ਼ਾਦੀਆਂ ਦੀ ਗਰੰਟੀ ਦਿੰਦਾ ਹੈ। ਇਹ ਦਿਨ 16 ਨਵੰਬਰ 1966 ਨੂੰ ਪ੍ਰੈਸ ਕੌਂਸਲ ਆਫ਼ ਇੰਡੀਆ ਦੀ ਸਥਾਪਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਪ੍ਰੈਸ ਕੌਂਸਲ ਆਫ਼ ਇੰਡੀਆ ਇੱਕ ਰੈਗੂਲੇਟਰੀ ਸੰਸਥਾ ਹੈ ਜੋ ਪੱਤਰਕਾਰੀ ਨੈਤਿਕਤਾ ਨੂੰ ਕਾਇਮ ਰੱਖਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਹੈ। ਇਸ ਸਾਲ ਰਾਸ਼ਟਰੀ ਪ੍ਰੈਸ ਦਿਵਸ ਦਾ ਮੁੱਖ ਵਿਸ਼ਾ "ਭਾਰਤੀ ਪ੍ਰੈਸ ਦਾ ਭਵਿੱਖ" ਹੈ। ਪ੍ਰੈਸ ਨੂੰ ਅਕਸਰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ ਕਿਉਂਕਿ ਸੂਚਨਾ ਪ੍ਰਸਾਰਣ ਅਤੇ ਸਰਕਾਰ ਤੇ ਨਿਗਰਾਨੀ ਰੱਖਣ ਵਿੱਚ ਇਸਦੀ ਪ੍ਰਭਾਵਸ਼ਾਲੀ ਭੂਮਿਕਾ ਹੈ। ਭਾਰਤ ਵਿੱਚ ਮੀਡੀਆ ਦਾ ਇਤਿਹਾਸ ਬਸਤੀਵਾਦੀ ਯੁੱਗ ਦਾ ਹੈ ਜਦੋਂ ਪਹਿਲੀ ਅਖਬਾਰ ਦੀ ਸਥਾਪਨਾ ਕੀਤੀ ਗਈ ਸੀ। 19ਵੀਂ ਸਦੀ ਵਿੱਚ ਭਾਰਤੀ ਮੀਡੀਆ ਨੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਅਤੇ ਰਾਸ਼ਟਰਵਾਦੀ ਭਾਵਨਾ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹੋਏ ਮਹੱਤਵਪੂਰਨ ਤੌਰ ਤੇ ਵਿਕਸਿਤ ਅਤੇ ਵਿਸਥਾਰ ਕੀਤਾ ਹੈ। ਭਾਰਤੀ ਪ੍ਰੈੱਸ ਨੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਇੱਕ ਪ੍ਰਭਾਵਸ਼ਾਲੀ ਅਤੇ ਮੁੱਖ ਭੂਮਿਕਾ ਨਿਭਾਈ। ਇਹ ਬ੍ਰਿਟਿਸ਼ ਬਸਤੀਵਾਦ ਦੇ ਖਿਲਾਫ ਇੱਕ ਸ਼ਕਤੀਸ਼ਾਲੀ ਹਥਿਆਰ ਰਿਹਾ ਹੈ। ਭਾਰਤੀ ਮੀਡੀਆ ਨੇ ਦਮਨਕਾਰੀ ਬ੍ਰਿਟਿਸ਼ ਨੀਤੀਆਂ ਬਾਰੇ ਜਾਗਰੂਕਤਾ ਪੈਦਾ ਕੀਤੀ ਜਿਸ ਨੇ ਦੇਸ਼ ਭਗਤੀ ਨੂੰ ਜਗਾਇਆ ਅਤੇ ਜਨਤਾ ਨੂੰ ਆਜ਼ਾਦੀ ਲਈ ਲਾਮਬੰਦ ਕੀਤਾ। ਆਜ਼ਾਦੀ ਘੁਲਾਟੀਆਂ ਅਤੇ ਨੇਤਾਵਾਂ ਨੇ ਭਾਰਤੀਆਂ ਤੱਕ ਪਹੁੰਚਣ ਅਤੇ ਲਾਮਬੰਦ ਕਰਨ ਲਈ ਪ੍ਰੈਸ ਦੀ ਸ਼ਕਤੀ ਦੀ ਵਰਤੋਂ ਕੀਤੀ ਸੀ। ਇਹ ਇੱਕ ਆਜ਼ਾਦ ਅਤੇ ਜ਼ਿੰਮੇਵਾਰ ਮੀਡੀਆ ਦੀ ਭੂਮਿਕਾ  ਦਾ ਪ੍ਰਤੀਕ ਹੈ। ਇਸ ਦਿਨ ਪ੍ਰੈਸ ਕੌਂਸਲ ਆਫ਼ ਇੰਡੀਆ ਨੇ ਇੱਕ ਨੈਤਿਕ ਨਿਗਰਾਨ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ। ਇੱਕ ਸੁਤੰਤਰ ਅਤੇ ਆਜ਼ਾਦ ਪ੍ਰੈਸ ਮਜ਼ਬੂਤ? ਲੋਕਤੰਤਰ ਦੇ ਚਾਰ ਥੰਮਾਂ ਵਿੱਚੋਂ ਇੱਕ ਹੈ। ਮੀਡੀਆ ਦੀ ਰਾਸ਼ਟਰੀ ਏਕਤਾ ਅਤੇ ਏਕਤਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਭਾਰਤ ਇੱਕ ਵਿਸ਼ਾਲ ਦੇਸ਼ ਹੋਣ ਦੇ ਨਾਤੇ ਵਿਭਿੰਨ ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਵਾਲੇ, ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਅਤੇ ਵੱਖ-ਵੱਖ ਜਾਤਾਂ ਅਤੇ ਧਰਮਾਂ ਨਾਲ ਸਬੰਧਤ ਲੋਕਾਂ ਦਾ ਘਰ ਹੈ। ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਏਕਤਾ ਭਾਰਤ ਦਾ ਮਾਣ ਹੈ। ਹਾਲਾਂਕਿ ਵੰਡਵਾਦੀ ਤਾਕਤਾਂ ਫਿਰਕਾਪ੍ਰਸਤੀ, ਜਾਤੀਵਾਦ ਅਤੇ ਸਮਾਜਿਕ ਭੇਦ-ਭਾਵ ਦਾ ਪ੍ਰਚਾਰ ਕਰਕੇ ਇਸ ਏਕਤਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦੇ ਹਨ ਨਾਲ ਹੀ ਆਰਥਿਕ ਖੇਤਰ ਵਿੱਚ ਅਮੀਰ ਅਤੇ ਗਰੀਬ ਵਿਚਕਾਰ ਇੱਕ ਵਿਸ਼ਾਲ ਪਾੜਾ ਪੈਦਾ ਕਰਦੇ ਹਨ। ਮੀਡੀਆ ਅਜਿਹੀਆਂ ਫੁੱਟ ਪਾਊ ਤਾਕਤਾਂ ਨੂੰ ਨੱਥ ਪਾਉਣ ਅਤੇ ਰਾਸ਼ਟਰੀ ਏਕਤਾ ਨੂੰ ਬੜ੍ਹਾਵਾ ਦੇਣ ਲਈ ਅਹਿਮ ਭੂਮਿਕਾ ਨਿਭਾ ਸਕਦਾ ਹੈ। ਮੀਡੀਆ ਨੂੰ ਸਮਾਜ ਦਾ ਦਰਪਣ ਮੰਨਿਆ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ  ਕਿ ਦਰਪਣ ਦਾ ਕੰਮ ਸਮਤਲ ਦਰਪਣ ਦੀ ਤਰ੍ਹਾਂ ਕੰਮ ਕਰਨਾ ਹੈ ਤਾਂ ਕਿ ਸਮਾਜ ਦੀ  ਸਹੀ ਤਸਵੀਰ ਸਮਾਜ ਦੇ ਸਾਹਮਣੇ ਪੇਸ਼ ਕਰ ਸਕੇ ਪਰੰਤੂ ਕਦੀ-ਕਦੀ ਨਿੱਜੀ ਸਵਾਰਥਾਂ ਦੇ ਕਾਰਨ ਇਹ ਮੀਡੀਆ ਸਮਤਲ ਦਰਪਣ ਵਾਂਗ ਕੰਮ ਨਹੀਂ ਕਰਦਾ ਹੈ ਜਿਸ ਕਾਰਨ ਗੱਲਤ, ਝੂਠੀ, ਕਾਲਪਨਿਕ ਅਤੇ ਘਿਣੌਨੀ ਤਸਵੀਰ ਵੀ ਸਾਹਮਣੇ ਆ ਜਾਂਦੀ ਹੈ। ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਨੂੰ ਕਾਨੂੰਨੀ ਤੌਰ ਤੇ ਭਾਰਤ ਦੇ ਸੰਵਿਧਾਨ ਵਿੱਚ ਵੀ ਸੁਰੱਖਿਅਤ ਕੀਤਾ ਗਿਆ ਹੈ ਜਦੋਂ ਕਿ ਸੁਤੰਤਰ ਪੱਤਰਕਾਰੀ ਲਈ ਇੱਕ ਕਾਨੂੰਨੀ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਭਾਰਤ ਦੇ ਕਾਨੂੰਨ ਦੁਆਰਾ ਪ੍ਰਭੂਸੱਤਾ, ਰਾਸ਼ਟਰੀ ਅਖੰਡਤਾ ਅਤੇ ਨੈਤਿਕ ਸਿਧਾਂਤ ਆਮ ਤੌਰ ਤੇ ਸੁਰੱਖਿਅਤ ਕੀਤੇ ਜਾਂਦੇ ਹਨ। ਭਾਰਤ ਵਿੱਚ ਮੀਡੀਆ ਦੁਆਰਾ ਪੱਖਪਾਤ ਜਾਂ ਗੁੰਮਰਾਹਕੁੰਨ ਜਾਣਕਾਰੀ ਨੂੰ ਦੇਸ਼ ਦੇ ਸੰਵਿਧਾਨ ਦੁਆਰਾ ਪ੍ਰਤਿਬੰਧਿਤ ਕੀਤਾ ਗਿਆ ਹੈ। ਪ੍ਰਿੰਟ, ਟੈਲੀਵਿਜ਼ਨ, ਰੇਡੀਓ ਅਤੇ ਇੰਟਰਨੈਟ ਸਮੇਤ ਪ੍ਰੈਸ ਨੂੰ ਆਰਟੀਕਲ-19 ਜੋ 1950 ਤੋਂ ਲਾਗੂ ਹੋਇਆ ਵਰਗੀਆਂ ਚੁਣੀਆਂ ਗਈਆਂ ਵਿਵਸਥਾਵਾਂ ਅਧੀਨ ਆਪਣੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਨਾਮਾਤਰ ਤੌਰ ਤੇ ਸੋਧਿਆ ਗਿਆ ਹੈ। ਪੱਤਰਕਾਰੀ ਦਾ ਮੂਲ ਉਦੇਸ਼ ਸੇਵਾ ਕਰਨਾ ਹੈ। ਖਬਰਾਂ, ਵਿਚਾਰ, ਟਿੱਪਣੀਆਂ ਅਤੇ ਜਾਣਕਾਰੀ ਵਾਲੇ ਨਿਰਪੱਖ, ਸਹੀ, ਸੰਜੀਦਾ ਜਨਤਕ ਹਿੱਤ ਦੇ ਮਾਮਲੇ ਵਧੀਆ ਢੰਗ ਨਾਲ ਪੇਸ਼ਕਰਨ ਦੇ ਕੁੱਝ ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਆਪਕ ਤੌਰ ਤੇ ਮਾਨਤਾ ਪ੍ਰਾਪਤ ਦਰਸਾਏ ਗਏ ਮਾਪਦੰਡ ਅਤੇ ਹੋਰ ਖਾਸ ਦਿਸ਼ਾ-ਨਿਰਦੇਸ਼ ਸ਼ਾਮਲ ਕੀਤੇ ਗਏ। ਨਾਗਰਿਕਾਂ ਦੇ ਬੌਧਿਕ, ਨੈਤਿਕ ਅਤੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਸਰਕਾਰ ਨੇ ਕਈ ਪਲੇਟਫਾਰਮਾਂ ਤੇ ਜਾਅਲੀ ਖ਼ਬਰਾਂ ਨੂੰ ਪ੍ਰਸਾਰਿਤ ਕਰਨ ਅਤੇ ਇਤਰਾਜ਼ਯੋਗ ਸਮੱਗਰੀਆਂ ਤੇ ਪਾਬੰਦੀ ਲਗਾਉਣ ਲਈ ਠੋਸ ਉਪਾਅ ਕੀਤੇ ਹਨ। ਵਰਲਡ ਪ੍ਰੈਸ ਫਰੀਡਮ ਇੰਡੈਕਸ ਅਨੁਸਾਰ ਭਾਰਤ ਦੀ ਰੈਂਕਿੰਗ 180 ਵਿੱਚੋਂ 159ਵੇਂ ਨੰਬਰ ਤੇ ਹੋਣਾ ਚਿੰਤਾਜਨਕ ਹੈ। ਹਾਲਾਂਕਿ ਪਿਛਲੇ ਸਮੇਂ ਦੌਰਾਨ ਇਸ ਵਿੱਚ ਮਾਮੂਲੀ ਸੁਧਾਰ ਹੋਇਆ ਹੈ ਪਰੰਤੂ ਇਹ ਤਰੱਕੀ ਦੇ ਕਾਰਨ ਨਹੀਂ ਹੈ ਸਗੋਂ ਦੂਜੇ ਦੇਸ਼ਾਂ ਵਿੱਚ ਵੀ ਪ੍ਰੈਸ ਦੀ ਆਜ਼ਾਦੀ ਵਿੱਚ ਗਿਰਾਵਟ ਦੇ ਕਾਰਨ ਹੀ ਹੈ। ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਲਈ ਚੁਣੌਤੀ ਵਿੱਚ ਮੀਡੀਆ ਦਾ ਕੁਝ ਵਿਅਕਤੀਆਂ ਜਾਂ ਸੰਸਥਾਵਾਂ ਦੇ ਹੱਥਾਂ ਵਿੱਚ ਕੇਂਦਰਿਤ ਹੋਣਾ ਅਤੇ ਮੀਡੀਆ ਦੀ ਮਾਲਕੀ ਸ਼ਾਮਲ ਹੈ। ਭਾਰਤ ਦੀ ਗਲੋਬਲ ਇੰਡੈਕਸ ਰੈਂਕ ਕਈ ਮੁੱਦਿਆਂ ਜਿਵੇਂ ਕਿ ਪੱਤਰਕਾਰਾਂ ਦੀਆਂ ਹੱਤਿਆਵਾਂ, ਨਿਊਜ਼ ਮੀਡੀਆ ਤੇ ਲਗਾਈਆਂ ਪਾਬੰਦੀਆਂ, ਕਸ਼ਮੀਰ ਵਿੱਚ ਸੈਂਸਰਸ਼ਿਪ ਅਤੇ ਜੰਮੂ ਅਤੇ ਕਸ਼ਮੀਰ ਜੋ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਵਾਦ ਦਾ ਵਿਸ਼ਾ ਰਿਹਾ ਹੈ ਵੱਖ ਵੱਖ ਭਾਗਾਂ ਵਿੱਚ ਹੋ ਰਹੀਆਂ ਅੰਦਰੂਨੀ ਗੜਬੜੀਆਂ ਦੌਰਾਨ ਮੀਡੀਆ ਦੀ ਭੂਮਿਕਾ ਲਈ ਗਿਰਾਵਟ ਦਰਜ ਕੀਤੀ ਗਈ ਸੀ। ਕਈ ਵਾਰ ਸਿਰਫ਼ ਸਰਕਾਰ ਦਾ ਪੱਖ ਪੂਰਣ ਵਾਲੀਆਂ ਖ਼ਬਰਾਂ ਸਥਾਨਕ ਮੀਡੀਆ ਦੁਆਰਾ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ ਜਦਕਿ ਦੇਸ਼ ਦੀਆਂ ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਨੂੰ ਕਵਰ ਕਰਨ ਜਾਂ ਸਰਕਾਰ ਦੀ ਆਲੋਚਨਾ ਵਾਲੀਆਂ ਖ਼ਬਰਾਂ ਨੂੰ ਸਰਕਾਰ ਦੁਆਰਾ ਚਿਤਾਵਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੇਸ਼ੱਕ ਭਾਰਤ ਦਾ ਸੰਵਿਧਾਨ ਬੋਲਣ ਦੀ ਆਜ਼ਾਦੀ ਅਤੇ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ ਪਰੰਤੂ ਕਈ ਵਾਰ ਸਰਕਾਰਾਂ ਅਪਣੀ ਨੁਕਤਾਚੀਨੀ ਨੂੰ ਬਰਦਾਸ਼ਤ ਨਹੀਂ ਕਰਦੀਆਂ ਹਨ ਅਤੇ ਅਕਸਰ ਹੀ ਅਜਿਹੇ ਮੀਡੀਆ ਤੇ ਪਾਬੰਦੀ ਲਗਾ ਦਿੰਦੀਆਂ ਹਨ। ਇਹਨਾਂ ਪਾਬੰਦੀਆਂ ਦੇ ਬਾਵਜੂਦ ਭਾਰਤ ਵਿੱਚ ਲੋਕਤੰਤਰ ਨੂੰ ਕਾਇਮ ਰੱਖਣ ਲਈ ਪ੍ਰੈਸ ਦੀ ਆਜ਼ਾਦੀ ਜ਼ਰੂਰੀ ਹੈ। ਭਾਰਤ ਸਰਕਾਰ ਨੇ ਵਿਦੇਸ਼ੀ ਨਿਊਜ਼ ਆਉਟਲੈਟਾਂ ਜਿਨ੍ਹਾਂ ਵਿੱਚ ਦਾ ਨਿਊਯਾਰਕ ਟਾਈਮਜ਼, ਦਾ ਗਾਰਡੀਅਨ, ਅਲ ਜਜ਼ੀਰਾ, ਦਾ ਵਾਸ਼ਿੰਗਟਨ ਪੋਸਟ, ਟਾਈਮ, ਦਾ ਇਕਨਾਮਿਸਟ, ਬੀਬੀਸੀ, ਅਤੇ ਹਫਿੰਗਟਨ ਪੋਸਟ ਆਦਿ ਵਿਰੁੱਧ ਭਾਰਤ ਦੀ ਤਸਵੀਰ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕਰਨ ਲਈ ਚੇਤਾਵਨੀਆਂ ਜਾਰੀ ਕੀਤੀਆਂ ਸਨ। ਇੱਕ ਮਹੱਤਵਪੂਰਨ ਵਿਧਾਨਿਕ ਵਿਕਾਸ ਨੇ ਹਾਲ ਹੀ ਵਿੱਚ ਪ੍ਰੈਸ ਨੂੰ ਪ੍ਰਭਾਵਤ ਕੀਤਾ ਹੈ ਜਿਸਨੂੰ ਪ੍ਰੈਸ ਅਤੇ ਰਜਿਸਟਰੇਸ਼ਨ ਆਫ ਪੀਰੀਓਡੀਕਲ ਐਕਟ 2023 ਵਜੋਂ ਜਾਣਿਆ ਜਾਂਦਾ ਹੈ। ਇਸ ਨਵੇਂ ਐਕਟ ਦਾ ਉਦੇਸ਼ ਭਾਰਤ ਵਿੱਚ ਪ੍ਰਿੰਟ ਅਤੇ ਡਿਜੀਟਲ ਪ੍ਰਕਾਸ਼ਨਾਂ ਨੂੰ ਰਜਿਸਟਰ ਕਰਨ ਦੀ ਪ੍ਰਕਿਰਿਆ ਨੂੰ ਆਧੁਨਿਕ ਬਣਾਉਣਾ ਹੈ। ਇਸ ਐਕਟ ਨੇ ਪ੍ਰਕਾਸ਼ਨ ਰਜਿਸਟਰੇਸ਼ਨਾਂ ਨੂੰ ਸੁਚਾਰੂ ਬਣਾਉਣ, ਪਾਰਦਰਸ਼ਤਾ ਵਧਾਉਣ ਅਤੇ ਮੀਡੀਆ ਪ੍ਰਕਾਸ਼ਨਾਂ ਦੀ ਨਿਗਰਾਨੀ ਕਰਨ ਲਈ ਵਧੇਰੇ ਪ੍ਰਭਾਵੀ ਢੰਗ ਨਾਲ ਇੱਕ ਪ੍ਰਣਾਲੀ ਸਥਾਪਤ ਕਰਨ ਲਈ ਸੱਖਤ ਕਦਮ ਚੁੱਕੇ ਹਨ। ਇਸਨੇ ਪੁਰਾਣੇ ਨਿਯਮਾਂ ਦੀ ਥਾਂਤੇਮੀਡੀਆ ਵਿੱਚ ਡਿਜੀਟਲ ਪਰਿਵਰਤਨ ਨੂੰ ਮਾਨਤਾ ਦਿੱਤੀ ਹੈ ਜੋ ਇਸਨੂੰ ਸਮਕਾਲੀ ਪ੍ਰਕਾਸ਼ਨ ਅਭਿਆਸਾਂ ਲਈ ਢੁੱਕਵਾਂ ਬਣਾਉਂਦਾ ਹੈ। ਸੱਤਾਧਾਰੀ ਪਾਰਟੀਆਂ ਦਾ ਸਮੱਰਥਨ ਕਰਨ ਵਾਲੀਆਂ ਮੀਡੀਆ ਰਿਪੋਰਟਾਂ ਦੀ ਅਕਸਰ ਆਲੋਚਨਾ ਕੀਤੀ ਜਾਂਦੀ ਹੈਜੋ ਸੱਚੀ ਜਾਣਕਾਰੀ ਇਕੱਠੀ ਕਰਨ ਅਤੇ ਆਪਣੇ ਪਲੇਟਫਾਰਮਾਂ ਤੇ ਪ੍ਰਚਾਰ ਪ੍ਰਦਾਨ ਕਰਨ ਵਿੱਚ ਬਹੁਤ ਘੱਟ ਭੂਮਿਕਾ ਨਿਭਾਉਂਦੀਆਂ ਹਨ। ਪਹਿਲੇ ਪ੍ਰੈਸ ਆਯੋਗ ਨੇ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਅਤੇ ਪੱਤਰਕਾਰਿਤਾ ਵਿੱਚ ਉੱਚ ਆਦਰਸ਼ ਕਾਇਮ ਕਰਨ ਦੇ ਉਦੇਸ਼ ਨਾਲ ਇੱਕ ਪ੍ਰੈਸ ਪਰਿਸ਼ਦ ਦੀ ਕਲਪਨਾ ਕੀਤੀ ਸੀ। ਦੁਨੀਆਂ ਵਿੱਚ ਲਗਭੱਗ 50 ਦੇਸ਼ਾਂ ਵਿੱਚ ਪ੍ਰੈਸ ਪਰਿਸ਼ਦ ਜਾਂ ਮੀਡੀਆ ਪਰਿਸ਼ਦ ਹੈ। ਪਤਰਕਾਰਿਤਾ ਵਿੱਚ ਤੱਥਾਂ ਨੂੰ ਤੋੜ-ਮਰੋੜਕੇ ਸਨਸਨੀ ਬਣਾਉਣ ਦੀ ਪ੍ਰਵਿਰਤੀ ਵੱਧ ਰਹੀ ਹੈ। ਅਕਸਰ




ਹੀ ਖ਼ਬਰਾਂ ਵਿੱਚ ਪੱਖਪਾਤ ਅਤੇ ਅਸੰਤੁਲਨ ਦੇਖਣ ਨੂੰ ਮਿਲਦਾ ਹੈ ਅਤੇ ਖ਼ਬਰਾਂ ਵਿੱਚ ਨਿੱਜੀ ਸਵਾਰਥ ਸਾਫ ਝਲਕਣ ਲੱਗ ਜਾਂਦਾ ਹੈ। ਖ਼ਬਰਾਂ ਵਿੱਚ ਵਿਚਾਰਾਂ ਨੂੰ ਮਿਸ਼ਰਿਤ ਕੀਤਾ ਜਾ ਰਿਹਾ ਹੈ। ਖ਼ਬਰਾਂ ਤੇ ਆਧਾਰਿਤ ਵਿਚਾਰ ਤਾਂ ਸਵਾਗਤਯੋਗ ਹੋ ਸਕਦੇ ਹਨ ਪਰੰਤੂ ਨਿੱਜੀ ਵਿਚਾਰਾਂ ਤੇ ਆਧਾਰਿਤ ਖਬਰਾਂ ਸਮਾਜ ਲਈ ਖਤਰਨਾਕ ਹਨ। ਖੋਜੀ ਪੱਤਰਕਾਰਿਤਾ ਦੇ ਨਾਮ ਤੇ ਅੱਜ ਪੀਲੀ ਅਤੇ ਨੀਲੀ ਪੱਤਰਕਾਰਿਤਾ ਕੁਝ ਪੱਤਰਕਾਰਾਂ ਦੇ ਜੀਵਨ ਦਾ ਅਭਿੰਨ ਅੰਗ ਬਣਦੀ ਜਾ ਰਹੀ ਹੈ। ਪੱਤਰਕਾਰਿਤਾ ਆਜ਼ਾਦੀ ਤੋਂ ਪਹਿਲਾਂ ਇੱਕ ਮਿਸ਼ਨ ਸੀ ਜੋਕਿ ਆਜ਼ਾਦੀ ਤੋਂ ਬਾਅਦ ਇਹ ਇੱਕ ਪ੍ਰੋਡਕਸ਼ਨ ਬਣ ਗਈ। ਐਮਰਜੈਂਸੀ ਦੌਰਾਨ ਜਦੋਂ ਪ੍ਰੈਸ ਤੇ ਸੈਂਸਰ ਲੱਗਿਆ ਸੀ ਉਦੋਂ ਪੱਤਰਕਾਰਿਤਾ ਇੱਕ ਵਾਰ ਫਿਰ ਥੋੜ੍ਹੇ ਸਮੇਂ ਦੇ ਲਈ ਭ੍ਰਿਸ਼ਟਾਚਾਰ ਮਿਟਾਓ ਅਭਿਆਨ ਨੂੰ ਲੈ ਕੇ ਮਿਸ਼ਨ ਬਣ ਗਈ ਸੀ। ਹੌਲੀ-ਹੌਲੀ ਪੱਤਰਕਾਰਿਤਾ ਪ੍ਰੋਡਕਸ਼ਨ ਤੋਂ ਸੈਂਂਨਸੇਸ਼ਨ ਅਤੇ ਸੈਨਸੇਸ਼ਨ ਤੋਂ ਕਮਿਸ਼ਨ ਬਣ ਗਈ ਹੈ।

ਹੁਣ ਮੀਡੀਆ ਵਿੱਚ ਉਜਾਗਰ ਹੁੰਦੀਆਂ ਘਟਨਾਵਾਂ ਦਾ ਅਸਰ ਕੁਝ ਕੁ ਘੰਟੇ ਵੇਖਣ ਨੂੰ ਮਿਲਦਾ ਹੈ ਅਤੇ ਉਸਤੋਂ ਬਾਅਦ ਉਹ ਘਟਨਾ ਖਬਰ ਬਾਸੀ ਰੋਟੀ ਵਾਂਗ ਹੋ ਜਾਂਦੀ ਹੈ। ਸਮਾਜ ਅਤੇ ਦੇਸ਼ ਵਿੱਚ ਵੱਧ ਰਹੇ ਅਪਰਾਧ, ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਵੇਖਦੇ ਹੋਏ ਮੀਡੀਆ ਦੀ ਭੂਮਿਕਾ ਹੋਰ ਵੀ ਵੱਧ ਸਿਆਣਪ ਅਤੇ ਤਨਦੇਹੀ ਨਾਲ ਕੰਮ ਕਰਨ ਦੀ ਹੈ। ਮੀਡੀਆ ਵਿੱਚ ਪਹੁੰਚੇ ਕੁਝ ਗਲਤ ਕਿਸਮ ਦੇ ਵਿਅਕਤੀਆਂ ਕਾਰਨ ਲੋਕਾਂ ਦਾ ਹੌਲੀ-ਹੌਲੀ ਮੀਡੀਆ ਤੋਂ ਵੀ ਵਿਸ਼ਵਾਸ਼ ਉਠਦਾ ਜਾ ਰਿਹਾ ਹੈ।

ਬਦਲਦੇ ਹਾਲਤਾਂ ਕਾਰਨ ਕਈ ਵਾਰ ਮੀਡੀਆ ਨਾਲ ਜੁੜੇ ਵਿਅਕਤੀਆਂ ਨੂੰ ਹਾਲਤ ਨਾਲ ਸਮਝੌਤਾ ਕਰਕੇ ਕੰਮ ਕਰਨਾ ਪੈਂਦਾ ਹੈ ਅਤੇ ਕਈ ਵਾਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਇਸਦੀ ਸਜ਼ਾ ਵੀ ਭੁਗਤਣੀ ਪੈਂਦੀ ਹੈ। ਭਾਰਤ ਵਿੱਚ ਪ੍ਰੈਸ ਦੀ ਅਜ਼ਾਦੀ ਵਿੱਚ ਸਰਕਾਰਾਂ ਵੱਲੋਂ ਰੋੜੇ ਅਟਕਾਏ ਜਾ ਰਹੇ ਹਨ। ਪਿਛਲੇ ਸਮੇਂ ਦੋਰਾਨ ਮੀਡੀਆ ਵਿਸ਼ੇਸ ਤੋਰ ਤੇ ਅਖਬਾਰਾਂ ਵਿੱਚ ਕਈ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਹੈ ਜਿਸ ਕਾਰਨ ਬਹੁਤੀ ਵਾਰ ਇਹ ਸਰਕਾਰੀ ਕਰਮਚਾਰੀ ਬਣੇ ਪੱਤਰਕਾਰ ਅਪਣੇ ਅਖਬਾਰ ਲਈ ਨਿਰਪੱਖ ਹੋਕੇ ਕੰਮ ਨਹੀਂ ਕਰ ਪਾਂਦੇ ਹਨ। ਦੂਜੇ ਪਾਸੇ ਕਈ ਪੱਤਰਕਾਰ ਬਣੇ ਸਰਕਾਰੀ ਕਰਮਚਾਰੀ ਅਪਣੇ ਵਿਭਾਗ ਵਿੱਚ ਵੀ ਤਨਦੇਹੀ ਨਾਲ ਕੰਮ ਨਹੀਂ ਕਰਦੇ ਹਨ। ਇਸ ਸਬੰਧੀ ਸਰਕਾਰੀ ਕਰਮਚਾਰੀ ਕੰਡਕਟ ਐਕਟ 1966 ਦੇ ਨਿਯਮ ਬੜੇ ਸਪੱਸ਼ਟ ਹਨ ਜਿਨ੍ਹਾਂ ਅਨੁਸਾਰ ਕੋਈ ਵੀ ਸਰਕਾਰੀ ਮੁਲਾਜ਼ਮ ਸਰਕਾਰ ਦੀ ਪੂਰਵ-ਪ੍ਰਵਾਨਗੀ ਤੋਂ ਬਿਨਾਂ ਅਖਬਾਰਾਂ ਲਈ ਕੰਮ ਨਹੀਂ ਕਰਦੇ ਹਨ ਅਤੇ ਉਕਤ ਰੂਲਾਂ ਅਨੁਸਾਰ ਸਰਕਾਰ ਦਾ ਮੁਲਾਜ਼ਮ ਆਪ ਜਾਂ ਕਿਸੇ ਹੋਰ ਨਾਮ ਤੇ ਅਖਬਾਰ ਦੇ ਪੱਤਰਕਾਰ ਦੇ ਤੌਰ ਤੇ ਕੰਮ ਨਹੀਂ ਕਰ ਸਕਦਾ।

ਕਿਸੇ ਵੀ ਮੁਲਾਜ਼ਮ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਸਦੇ ਖਿਲਾਫ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਅੱਜ ਮੀਡੀਆ ਦੀ ਅਜਾਦੀ ਖਤਰੇ ਵਿੱਚ ਹੈ ਕਿਉਂਕਿ ਹੁਣ ਬਹੁਤੇ ਮੀਡੀਆ ਤੇ ਰਾਜਨੀਤਿਕ ਨਿਯੰਤਰਣ  ਹੈ। ਕਈ ਮੀਡੀਆ ਗਰੁੱਪ ਸਿੱਧੇ ਤੋਰ ਤੇ ਹੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੇ ਨਿਯੰਤਰਣ ਅਧੀਨ ਚੱਲ ਰਹੇ ਹਨ। ਬਹੁਤੇ ਮੀਡੀਆ ਕਰਮੀ ਅਜਿਹੇ ਆ ਗਏ ਹਨ ਜੋਕਿ ਸਿਰਫ ਪੈਸੇ ਦੇ ਅਧਾਰ ਤੇ ਹੀ ਪ੍ਰੈਸ ਦਾ ਨਾਮ ਵਰਤ ਰਹੇ ਹਨ। ਭਾਰਤੀ ਪ੍ਰੈਸ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਮਾਰਕੰਡੇ ਕਟਾਜੂ ਨੇ ਵੀ ਇੱਕ ਸੈਮੀਨਾਰ ਦੌਰਾਨ ਮੀਡੀਆ ਨੂੰ ਅਪਣੀ ਭੂਮਿਕਾ ਸਹੀ ਤਰੀਕੇ ਨਾਲ ਨਿਭਾਉਣ ਲਈ ਕਿਹਾ ਸੀ ਤਾਂ ਜੋ ਸਮਾਜ ਦੇ ਪੱਛੜੇ ਅਤੇ ਲਿਤਾੜੇ ਵਰਗਾਂ ਦੀਆਂ ਮੁਸ਼ਕਿਲਾਂ ਬਾਰੇ ਦੇਸ਼ ਅਤੇ ਆਮ ਲੋਕਾਂ ਨੂੰ ਪਤਾ ਚੱਲ ਸਕੇ। ਭਾਰਤ ਵਿੱਚ ਸਾਲ 2014 ਤੋਂ ਲੈ ਕੇ 2019 ਤੱਕ ਲੱਗਭੱਗ 80 ਪੱਤਰਕਾਰਾਂ ਦਾ ਕਤਲ ਕੀਤਾ ਗਿਆ। ਸਾਲ 2022-2023 ਦੌਰਾਨ ਭਾਰਤੀ ਪ੍ਰੈਸ ਪ੍ਰੀਸ਼ਦ ਕੋਲ ਕੁੱਲ 1138 ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਅਤੇ ਪਿਛਲੇ ਸਾਲਾਂ ਦੇ 1146 ਮਾਮਲੇ ਬਕਾਇਆ ਸਨ। ਇਹਨਾਂ ਵਿੱਚੋਂ 273 ਸ਼ਿਕਾਇਤਾਂ ਪ੍ਰੈਸ ਦੁਆਰਾ ਸਰਕਾਰ/ਪੁਲਿਸ/ਵਿਅਕਤੀਆਂ ਦੇ ਅਧਿਕਾਰੀਆਂ ਵਿਰੁੱਧ ਪ੍ਰੈੱਸ ਦੀ ਆਜ਼ਾਦੀ ਵਿੱਚ ਕਟੌਤੀ ਕਰਨ ਜਾਂ ਪ੍ਰੈਸ/ਪੱਤਰਕਾਰਾਂ/ਮੀਡੀਆ ਵਾਲਿਆਂ ਤੇ ਹਮਲੇ ਲਈ ਅਤੇ 865 ਸ਼ਿਕਾਇਤਾਂ ਪੱਤਰਕਾਰਤਾ ਦੀ ਨੈਤਿਕਤਾ ਦੀ ਉਲੰਘਣਾ ਲਈ ਪ੍ਰੈਸ ਵਿਰੁੱਧ ਨਿਰਦੇਸ਼ਿਤ ਕੀਤੀਆਂ ਗਈਆਂ ਸਨ।

ਸਾਲ ਦੌਰਾਨ ਕੁੱਲ 943 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਇਨ੍ਹਾਂ ਰਿਪੋਰਟਾਂ ਨੂੰ ਵੇਖਕੇ ਪਤਾ ਚੱਲਦਾ ਹੈ ਕਿ ਅੱਜ ਜਿੱਥੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਵਲੋਂ ਪ੍ਰੈਸ ਦੀ ਅਜਾਦੀ ਖਤਮ ਕਰਨ ਲਈ ਕੋਸਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਥੇ ਦੂਜੇ ਪਾਸੇ ਬਹੁਤੇ ਮੀਡੀਆ ਕਰਮੀ ਵੀ ਅਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾ ਰਹੇ ਹਨ। ਦੇਸ਼ ਵਿੱਚ ਚੋਣਾਂ ਦੌਰਾਨ ਸਾਹਮਣੇ ਆਏ ਪੇਡ ਨਿਊਜ਼ ਦੇ ਹਜ਼ਾਰਾਂ ਮਾਮਲਿਆਂ ਨੇ ਵੀ ਪ੍ਰੈਸ ਦੀ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਇਆ ਹੈ ਜੋਕਿ ਪ੍ਰੈਸ ਦੀ ਅਜ਼ਾਦੀ ਲਈ ਖਤਰਾ ਹੈ। ਪੇਡ ਨਿਊਜ਼ ਦਾ ਵਰਣਨ ਕਿਸੇ ਵੀ ਅਜਿਹੇ ਸ਼ਬਦ ਵਜੋਂ ਕੀਤਾ ਜਾਂਦਾ ਹੈ ਜੋ ਮੀਡੀਆ ਵਿੱਚ ਦਿਖਾਈ ਦਿੰਦੇ ਹਨ ਉਹਨਾਂ ਵਿੱਚ ਲਗਾਤਾਰ ਸਕਾਰਾਤਮਕ ਵਿਵਹਾਰ ਹੁੰਦਾ ਹੈ ਜਾਂ ਕਿਸੇ ਵੀ ਤਰੀਕੇ ਨਾਲ ਪ੍ਰਕਾਸ਼ਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਪ੍ਰਾਪਤ ਕੀਤੇ ਭੁਗਤਾਨ ਦੇ ਬਦਲੇ ਮੀਡੀਆ ਕਵਰੇਜ ਤੋਂ ਹਟਾ ਦਿੱਤਾ ਜਾਂਦਾ ਹੈ। ਇਸ ਵਿੱਤੀ ਲੈਣ-ਦੇਣ ਨੂੰ ਸਾਬਤ ਕਰਨ ਲਈ ਠੋਸ ਸਬੂਤ ਪ੍ਰਾਪਤ ਕਰਨਾ ਚੁਣੌਤੀਪੂਰਨ ਹੈ ਕਿਉਂਕਿ ਇਹ ਧੋਖੇ ਰਾਹੀਂ ਬਣਾਇਆ ਅਤੇ ਵੰਡਿਆ ਜਾਂਦਾ ਹੈ । ਭਾਰਤੀ ਪ੍ਰੈਸ ਪ੍ਰੀਸ਼ਦ ਦੇ ਨਿਰਦੇਸ਼ਾਂ ਅਨੁਸਾਰ 6 ਮੈਂਬਰੀ ਸਬ-ਕਮੇਟੀ ਦਾ ਐਲਾਨ ਕੀਤਾ ਗਿਆ। ਇਹ ਸਬ-ਕਮੇਟੀ ਦੇਸ਼ ਦੇ ਉਹਨਾਂ ਸੂਬਿਆਂ ਵਿੱਚ ਗਈ ਜਿੱਥੇ ਪੱਤਰਕਾਰਾਂ ਨਾਲ ਕਈ ਘਟਨਾਵਾਂ ਵਾਪਰੀਆਂ ਅਤੇ ਪੱਤਰਕਾਰੀ ਕਰਨਾ ਮੁਸ਼ਕਿਲ ਹੋ ਗਿਆ। ਇਸ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਭਾਰਤੀ ਪ੍ਰੈਸ ਪ੍ਰੀਸ਼ਦ  ਨੇ ਲੋਕਤੰਤਰ ਦੇ ਚੋਥੇ ਥੰਮ ਦੀ ਰੱਖਿਆ ਲਈ ਸਰਕਾਰ ਨੂੰ ਸੁਝਾਅ ਦਿਤੇ ਹਨ ਕਿ ਪੱਤਰਕਾਰਾਂ ਦੀ ਸੁਰੱਖਿਆ ਲਈ ਇੱਕ ਕਨੂੰਨ ਬਣਾਇਆ ਜਾਵੇ ਜਿਸ ਵਿੱਚ ਇਹ ਸ਼ਾਮਿਲ ਕੀਤਾ ਜਾਵੇ ਕਿ ਜੋ ਵਿਅਕਤੀ ਕਿਸੇ ਕੰਮ ਕਰਦੇ ਪੱਤਰਕਾਰ ਜਾਂ ਸੰਪਾਦਕ ਤੇ ਕੋਈ ਹਮਲਾ ਕਰਦਾ ਹੈ ਤਾਂ ਉਸਨੂੰ ਸੱਖਤ ਸਜ਼ਾ ਦਿਤੀ ਜਾਵੇ, ਪੱਤਰਕਾਰਾਂ ਤੇ ਹਮਲਿਆਂ ਸਬੰਧੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਵਿੱਚ ਸੁਣਵਾਈ ਕੀਤੀ ਜਾਵੇ ਜਿੱਥੇ ਚਾਰਜ਼ਸ਼ੀਟ ਦਾਇਰ ਹੋਣ ਤੋਂ ਬਾਦ ਇੱਕ ਸਾਲ ਦੇ ਅੰਦਰ ਸੁਣਵਾਈ ਮੁਕੰਮਲ ਕੀਤੀ ਜਾਵੇ, ਜਦੋਂ ਵੀ ਕਿਸੇ ਪੱਤਰਕਾਰ ਦਾ ਕਤਲ ਹੋਵੇ ਤਾਂ ਸਾਰੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ ਜੋਕਿ ਤਿੰਨ ਮਹੀਨੇ ਦੇ ਵਿੱਚ ਮੁਕੰਮਲ ਕੀਤੀ ਜਾਵੇ, ਪੱਤਰਕਾਰ ਖਿਲਾਫ ਕਿਸੇ ਵੀ ਤਰਾਂ ਦੇ ਮਾਮਲੇ ਵਿੱਚ ਕਾਰਵਾਈ ਡੀ ਜੀ ਪੀ ਦੀ ਜਾਂਚ ਰਿਪੋਰਟ ਤੋਂ ਬਾਦ ਹੀ ਕੀਤੀ ਜਾਵੇ, ਜੇਕਰ ਕੋਈ ਪੱਤਰਕਾਰ ਜਾਂ ਸੰਪਾਦਕ ਮਾਰਿਆ ਜਾਦਾ ਹੈ ਤਾਂ ਰਾਜ ਸਰਕਾਰ ਉਸਦੇ ਵਾਰਿਸਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇ। ਹਰ ਰਾਜ ਵਿੱਚ ਰਾਜ ਪੱਧਰ ਦੀਆਂ ਕਮੇਟੀਆਂ ਬਣਾਉਣ ਦਾ ਵੀ ਸੁਝਾਅ ਦਿਤਾ ਜਿਸ ਵਿੱਚ ਪੱਤਰਕਾਰਾਂ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ।

ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਹੱਕ ਅਤੇ ਸੱਚ ਦੀ ਆਵਾਜ਼ ਬੁਲੰਦ ਰਹਿ ਸਕੇ। ਰਾਸ਼ਟਰੀ ਪ੍ਰੈਸ ਦਿਵਸ ਭਾਰਤ ਵਿੱਚ ਇੱਕ ਆਜ਼ਾਦ ਅਤੇ ਜ਼ਿੰਮੇਵਾਰ ਪ੍ਰੈਸ ਦਾ ਪ੍ਰਤੀਕ ਹੈ। ਸਮੇਂ ਦੇ ਨਾਲਮੀਡੀਆ ਦੇ ਆਪਣੇ ਵਿਚਾਰਾਂ, ਦ੍ਰਿਸ਼ਟੀਕੋਣਾਂ, ਸਬੂਤਾਂ ਅਤੇ ਗਿਆਨ ਨੂੰ ਪ੍ਰਸਾਰਿਤ ਕਰਨ ਦੇ ਢੰਗਾਂ ਦਾ ਵਿਸਥਾਰ ਹੋਇਆ ਹੈ।

ਅੱਜਕੱਲ੍ਹ, ਬਲੌਗ, ਵਟਸਐਪ ਗਰੁੱਪ, ਯੂਟਿਊਬ ਚੈਨਲ, ਟੈਲੀਵਿਜ਼ਨ ਚੈਨਲ, ਅਖ਼ਬਾਰਾਂ, ਰਸਾਲੇ, ਸਮਾਰਟਫ਼ੋਨ ਅਤੇ ਡੈਸਕਟੌਪ ਐਪਸ ਸਮੇਤ ਕਈ ਤਰੀਕਿਆਂ ਨਾਲ ਗਿਆਨ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਮੀਡੀਆ ਦੇਸ਼ ਦੇ ਸ਼ਾਸਨ ਅਤੇ ਸਮੁੱਚੇ ਵਿਕਾਸ ਲਈ ਮਹੱਤਵਪੂਰਨ ਹੈ। ਕਈ ਮੌਕਿਆਂ ਚਾਹੇ ਉਹ 1975 ਦੀ ਐਮਰਜੈਂਸੀ ਦਾ ਦੌਰ ਹੋਵੇ ਜਾਂ ਅੱਜ ਦਾ ਯੁੱਗ, ਕਿਸਾਨਾਂ ਦੇ ਵਿਆਪਕ ਵਿਰੋਧ ਦਾ ਦੌਰ, ਸੀਏਏ ਐਨਆਰਸੀ, ਮਨੀਪੁਰ, ਅਸਾਮ, ਜੰਮੂ ਕਸ਼ਮੀਰ ਵਿੱਚ ਵਾਪਰੀਆਂ ਘਟਨਾਵਾਂਆਦਿ ਸਬੰਧੀ ਬਹੁਤ ਸਾਰੇ ਮੀਡੀਆ ਆਉਟਲੈਟ ਸੱਚੇ ਅਤੇ ਭਰੋਸੇਯੋਗ ਤੱਥਾਂ ਨੂੰ ਪ੍ਰਸਾਰਿਤ ਕਰਕੇ ਸ਼ਲਾਘਾਯੋਗ ਕੰਮ ਕਰ ਰਹੇ ਹਨ। ਬਹੁਤ ਸਾਰੇ ਮੀਡੀਆ ਆਉਟਲੈਟ ਪਹਿਲਾਂ ਜਾਣਕਾਰੀ ਦੀ ਤਸਦੀਕ ਕਰਨ ਨੂੰ ਤਰਜੀਹ ਨਹੀਂ ਦਿੰਦੇ ਹਨ ਅਤੇ ਇਸ ਦੀ ਬਜਾਏ ਟੀਆਰਪੀ ਹਾਸਲ ਕਰਨ ਲਈ ਆਪਣੀਆਂ 'ਬ੍ਰੇਕਿੰਗ ਨਿਊਜ਼' ਅਤੇ ਵਪਾਰਕ ਇਸ਼ਤਿਹਾਰਾਂ ਲਈ ਇਸ ਨੂੰ ਜਲਦੀ ਤੋਂ ਜਲਦੀ ਪਹੁੰਚਾਉਣ ਨੂੰ ਤਰਜੀਹ ਦਿੰਦੇ ਹਨ।

ਵੱਡੀਆਂ ਕਾਰਪੋਰੇਸ਼ਨਾਂ ਅਤੇ ਸਿਆਸਤਦਾਨਾਂ ਦੁਆਰਾ ਮੀਡੀਆ ਦੇ ਨੈਤਿਕ ਅਭਿਆਸਾਂ ਨੂੰ ਅਤੀਤ ਅਤੇ ਵਰਤਮਾਨ ਵਿੱਚ ਕਮਜ਼ੋਰ ਕੀਤਾ ਗਿਆ ਹੈ। ਮੀਡੀਆ ਨਿਗਰਾਨਾਂ ਦੁਆਰਾ ਸੰਪਾਦਕ ਨੂੰ ਚਿੱਠੀਆਂ ਅਤੇ ਕਾਲਮ ਵਰਗੀਆਂ ਵਿਧੀਆਂ ਮੀਡੀਆ ਦੀ ਪਾਰਦਰਸ਼ਤਾ ਨੂੰ ਕਾਇਮ ਰੱਖਦੀਆਂ ਹਨ। ਸੋਸ਼ਲ ਮੀਡੀਆ ਦੇ ਉਭਾਰ ਨੇ ਭਰੋਸੇਮੰਦ ਪੱਤਰਕਾਰੀ ਲਈ ਇੱਕ ਚੁਣੌਤੀ ਪੇਸ਼ ਕਰਦੇ ਹੋਏ ਗਲਤ ਜਾਣਕਾਰੀ ਵਿੱਚ ਵਾਧਾ ਕੀਤਾ ਹੈ।

ਮੀਡੀਆ ਸੰਸਥਾਵਾਂ ਦੀ ਆਰਥਿਕ ਵਿਹਾਰਕਤਾ ਸਮੱਗਰੀ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦੀ ਹੈ ਅਤੇ ਸੰਪਾਦਕੀ ਅਖੰਡਤਾ ਤੇ ਸਮਝੌਤਾ ਕਰਦੀ ਹੈ।ਇਹ ਬਹੁਤ ਜ਼ਰੂਰੀ ਹੈ ਕਿ ਜਨਤਾ ਅਤੇ ਸਰਕਾਰ ਦੋਵੇਂ ਇਸ ਨੂੰ ਸਮਝਣ ਅਤੇ ਅਜਿਹਾ ਮਾਹੌਲ ਬਣਾਉਣ ਜੋ ਪੱਤਰਕਾਰਾਂ ਅਤੇ ਪ੍ਰੈਸ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਭ ਤੋਂ ਵੱਧ ਨੈਤਿਕ ਢੰਗ ਨਾਲ ਨਿਭਾਉਣ ਲਈ ਉਤਸ਼ਾਹਿਤ ਕਰਨ। ਮੀਡੀਆ ਦੀ ਖਤਰਨਾਕ ਹੋ ਰਹੀ ਭੂਮਿਕਾ ਬਾਰੇ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਇਸਦੀ ਭੂਮਿਕਾ ਨੂੰ ਬਚਾਉਣ ਵਾਸਤੇ ਢੁੱਕਵੇਂ ਕਦਮ ਚੱਕਣੇ ਪੈਣਗੇ ਨਹੀਂ ਤਾਂ 16 ਨਵੰਬਰ ਦਾ ਦਿਹਾੜਾ ਜੋ ਕਿ ਰਾਸ਼ਟਰੀ ਪ੍ਰੈਸ ਦਿਵਸ ਵਜੋਂ ਮਨਾਇਆ ਜਾਂਦਾ ਹੈ ਸਿਰਫ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।

******

# ਜਿਥੇ ਬਾਬਾ ਪੈਰੁ ਧਰਿ (ਕਾਵਿ ਸੰਗ੍ਰਹਿ)

ਗੁਰਮੀਤ ਕੱਲਰਮਾਜਰੀ
91-94178-65377

### ਪ੍ਰਗਟਿਆ ਬਾਬਾ -1

ਕਿੰਨੇ ਚਿਰ ਤੋਂ
ਮਾਂ ਤ੍ਰਿਪਤਾ ਦੇ ਕੰਨਾਂ 'ਚ
ਅੰਗਮੀ ਸੰਗੀਤ
ਗੂੰਜਦਾ ਹੈ
ਉਸ ਨੂੰ ਸਵੇਰ ਤੋਂ ਸ਼ਾਮ ਤੱਕ
ਕੋਈ ਅਲੌਕਿਕ
ਗੀਤ ਸੁਣਦਾ ਹੈ
ਮਾਂ ਤ੍ਰਿਪਤਾ ਜਦੋਂ ਘਰ ਦੇ ਵਿਹੜੇ 'ਚ ਹੌਲ਼ੀ ਹੌਲ਼ੀ
ਕਦਮ ਪੁਟਦੀ
ਨਦੀ ਦਾ ਰੂਪ ਬਣ ਕੇ, ਧਰਤੀ ਨਾ਼ਲ ਨਾ਼ਲ
ਚਲਦੀ ਹੈ

ਮਾਂ ਦੇ ਆ਼ਲੇ ਦੁਆ਼ਲੇ ਜਦ ਕਦੇ ਵੀ
ਹੁੰਦੀ ਹੈ ਪਿਆਸ
ਅਸੰਖ ਸਮੁੰਦਰ
ਉਹਦੀ ਪਿਆਸ 'ਚ, ਕਰਦੇ ਨੇ
ਨਿਵਾਸ
ਪੌਣ ਪਲ ਪਲ ਰੂਪ ਵਟਾ ਕੇ
ਸੰਦਲੀ ਪੌਣ ਹੁੰਦੀ ਹੈ...
ਇਹ ਖੁਸ਼ਬੂ ਖੁਸ਼ਬੂ ਹੁੰਦੀ
ਪਲ ਵਿੱਚ ਮੌਨ ਹੁੰਦੀ ਹੈ

ਸੂਰਜ,
ਸਵੇਰ ਤੋਂ ਸ਼ਾਮ ਤੱਕ
ਆਪਣੀਆਂ ਕਿਰਨਾਂ ਸਮੇਤ
ਰੂਪ ਬਦਲ ਕੇ
ਮਾਂ ਤ੍ਰਿਪਤਾ ਦੇ ਕੋ਼ਲ
ਰਹਿੰਦਾ ਹੈ
ਕਦੇ ਕੋਸਾ ਕਦੇ ਨਿੱਘਾ,
ਬਣ ਕੇ ਦਰਿਆ ਚਾਨਣ ਦਾ
ਮਾਂ ਦੀਆਂ
ਅੱਖਾਂ 'ਚ ਵਹਿੰਦਾ ਹੈ।

ਹਰ ਰਾਤ ਦਾ ਨ੍ਹੇਰਾ
ਪੰਛੀਆਂ ਦੇ ਖੰਭਾਂ ਵੱਲ ਤੱਕਦਾ ਹੈ...
ਤਰਵਰ ਦੇ ਪੱਤਿਆਂ
ਦੀ ਖੜ ਖੜ ਦੀ
ਨਿਗਰਾਨੀ ਰਖਦਾ ਹੈ

ਪਹੁ-ਫਟਦਿਆਂ ਹੀ
ਹੌ਼ਲੀ ਹੌ਼ਲੀ ਕਿਰਨਾਂ ਨੂੰ ਕੋ਼ਲ
ਬੁਲਾਉਂਦਾ ਹੈ
ਪ੍ਰਗਟ ਹੋਣ ਵਾਲਾ ਹੈ
ਨਾਨਕ...
ਬ੍ਰਹਮੰਡ ਨੂੰ ਇਹ
ਗੀਤ ਸੁਣਾਉਂਦਾ ਹੈ

### ਪ੍ਰਗਟਿਆ ਬਾਬਾ -11

ਮਾਤਾ ਤ੍ਰਿਪਤਾ ਦਾ ਆਂਗਨ
ਚਾਨਣ ਚਾਨਣ
ਹੋ ਗਿਆ
ਮਹਿਤਾ ਕਾਲੂ ਦੀ ਵੰਸ਼ ਨੂੰ
ਭਾਗ ਲੱਗੇ
ਰਾਤ ਦੇ ਦੂਜੇ ਪਹਿਰ
ਹਨੇਰ
ਕਾਲੀ ਚਾਦਰ ਓੜ ਕੇ ਛੁਪ ਗਿਆ
ਬਾਬੇ ਨੇ ਤੱਕਿਆ
ਮਾਤਾ ਦਾ ਚਿਹਰਾ
ਮੂੰਹ 'ਚੋਂ 'ਤੇਰੋ ਨਾਉਂ ਨਾਉਂ ਉਚਾਰਿਆ
ਲੱਗਾ ਬਾਤਾਂ
ਅਗਮ ਨਿਗਮ ਦੀਆਂ ਕਰਨ
ਕ੍ਰਿਤਾਰਥ ਹੋ ਗਈ
ਮਾਂ ਤ੍ਰਿਪਤਾ
ਘੜੀ ਪਲ ਛਿਣ ਕਰਕੇ
ਗੁਜ਼ਰ ਗਏ ਤੇਰਾਂ ਦਿਨ
ਬੇਬੇ ਨਾਨਕੀ ਨੇ
ਪ੍ਰਗਟ ਹੋਏ ਬਾਬੇ ਦਾ
ਕੀਤਾ ਨਾਮ ਕਰਨ
ਨਾ ਰੱਖਿਆ
ਨਾਨਕ

### ਪ੍ਰਗਟਿਆ ਬਾਬਾ -111

ਮਾਲ ਪਸ਼ੂ ਚਾਰਦਾ
ਬਾਲ ਨਾਨਕ
ਘਾਹ ਨਾਲ ਗੱਲਾਂ ਕਰਦਾ
ਪ੍ਰਮੇਸ਼ਰ ਦੀ
ਗੋਦ 'ਚ ਖੇਡਣ ਲੱਗਾ
ਪਸ਼ੂਆਂ ਨੇ ਖੁਰਾਂ ਨਾ਼ਲ
ਮੂੰਹ ਨਾ਼ਲ
ਉਜਾੜੇ ਖੇਤਾਂ ਨੂੰ
ਉਲਾਂਭੇ 'ਚ ਬਦਲ ਦਿੱਤਾ
ਰਾਇ ਬੁਲਾਰ ਨੇ
ਉੱਜੜੇ ਖੇਤਾਂ ਦੀ
ਮਧੋਲੀ ਹਰਿਆਵਲ ਦੀ
ਅਵਾਜ਼ ਸੁਣੀ

ਤੱਕੇ ਖੇਤ
ਹਰੇ ਭਰੇ
ਪਹਿਲੀ ਵੇਰ
ਰਾਇ ਬੁਲਾਰ ਦੀ ਅੱਖ ਨੂੰ
ਕ੍ਰਿਸ਼ਮਾ ਨਜ਼ਰ ਆਇਆ
ਪਰਮੇਸ਼ਰ ਦਾ ਰੂਪ
ਬਾਬਾ ਨਾਨਕ ਨਜ਼ਰ ਆਇਆ।

### ਪਿਤਾ -1

ਭੋ਼ਲਾ ਕਲਿਆਣ ਦਾਸ ਪਿਤਾ ਸੀ-
ਤ੍ਰਿਪਤਾ ਮਾਂ ਸੀ
ਦੋਵੇਂ ਸਿਰਜਣਹਾਰ ਬਾਬੇ ਦੇ...
ਦੋਵੇਂ, ਦੁਨਿਆਵੀ ਮਾਤਾ ਪਿਤਾ ਵਾਂਗ ਸੋਚਦੇ
ਚਿੰਤਾ ਕਰਦੇ...
ਸ਼ਾਮ ਨੂੰ ਬਾਬੇ ਦੀ ਚਿੰਤਾ 'ਚ ਸੌਂ ਜਾਂਦੇ
ਸਵੇਰੇ ਚਿੰਤਾ 'ਚ ਉਠਦੇ...

ਬਾਬਾ ਕਦੇ ਕਦੇ
ਮੱਝਾਂ ਦਾ ਪਾ਼ਲੀ ਬਣ
ਖੇਤਾਂ ਨੂੰ ਉਜੜਨ ਦਾ ਵਰ ਦਿੰਦਾ

ਕਦੇ ਮਸਤੀ 'ਚ ਅਸੀਸ ਦੇ ਕੇ,
ਹਰਾ ਭਰਾ ਕਰ ਦਿੰਦਾ...
ਖੇਤਾਂ ਨੂੰ ਅਨਾਜ ਦੀ ਖੁਸਬੂ
ਨਾ਼ਲ ਭਰ ਦਿੰਦਾ
ਜਦ ਕਦੇ ਅਗੰਮੀ ਮੌਜ 'ਚ ਗੁਜ਼ਰਦਾ
ਜ਼ਹਿਰ ਨੂੰ ਅਮ੍ਰਿਤ ਹੋਣ ਦਾ ਵਰ ਦਿੰਦਾ

ਪਾਠਸ਼ਾਲਾ 'ਚ ਜਾਂਦਾ
ਹੌ਼ਲੀ ਹੌ਼ਲੀ ਫੱਟੀ ਤੇ ਅੱਖਰ ਉਘਾੜਦਾ
ਫੱਟੀ ਨੂੰ ਜਿਉਣ ਜੋਗੀ ਕਰ ਦਿੰਦਾ...

ਗੋਪਾਲ ਪੰਡਿਤ ਤੇ ਬ੍ਰਿਜ ਲਾਲ ਨਹੀਂ ਸੀ ਜਾਣਦਾ
ਬਾਬੇ ਦੀ ਵਿੱਦਿਆ
ਬਾਬੇ ਦੇ ਅੱਖਰ?

ਨਾ ਹਿੰਦੀ ਨਾ ਸੰਸਕ੍ਰਿਤ
ਨਾ ਹੀ ਬਾਬੇ ਨੂੰ ਪੜ੍ਹਾਅ
ਸਕਦਾ ਸੀ
ਅਲਿਫ, ਬੇ
ਮੌਲਵੀ ਕੁਤਬਦੀਨ

ਪਿਤਾ-ਪੁਰਖਿਆਂ ਵਾਂਗ ਹੀ ਸੋਚਦਾ...
ਅੱਖਾਂ 'ਚ ਸੁਪਨੇ ਸਿਰਜਦਾ ਸੀ-
ਕਦੇ ਕਦੇ ਖੇਤਾਂ ਦਾ ਮਾਲਕ ਹੁੰਦਾ
ਕਦੇ ਧਰਤੀ ਨਾਪਦਾ
ਕਦੇ ਰਾਏ ਬੁਲਾਰ ਵਾਂਗ ਧਰਤੀ ਦਾ ਮਾਲਕ ਹੋਣਾ
ਲੋਚਦਾ
ਪਿਤਾ ਸੀ ਉਹ
ਬਾਬੇ ਨਾਨਕ ਦਾ
ਕੁਝ ਵੀ ਸੋਚ ਸਕਦਾ ਸੀ

ਇੱਕ ਦਿਨ
ਉਸ ਨੇ ਸੁਪਨਾ ਲਿਆ
ਬਾਬੇ ਦੇ ਦਰਬਾਰੀ
ਕਾਰੋਬਾਰੀ-ਬਣਨ ਦਾ

ਸੋਨੇ ਦੇ ਕੁੱਝ ਸਿੱਕਿਆਂ ਨਾ਼ਲ
ਵਪਾਰੀ ਬਣਨ ਦਾ-
ਪਰ ਬਾਬੇ ਨੇ ਸੁਪਨਾ ਲਿਆ
ਕਰਤਾਰੀ ਬਣਨ ਦਾ
ਨਾਨਕ ਨਿਰੰਕਾਰੀ ਬਣਨ ਦਾ।

### ਬੇਬੇ ਨਾਨਕੀ -2

ਨਾਨਕ ਨੂੰ ਯਾਦ ਕਰਦੀ-
ਨਾਨਕ ਨਾਨਕ ਹੋ ਜਾਂਦੀ
ਚੁਲ੍ਹੇ 'ਚ ਅੱਗ ਭੁੜਕਦੀ
ਤਵੇ ਵੱਲ ਵੇਖਦੀ,
ਬੇਬੇ ਨਾਨਕੀ
ਚੁਲ੍ਹੇ 'ਚ ਬ਼ਲਦੀ ਅਗਨ ਨੂੰ ਸਵਾਲ ਕਰਦੀ
ਗੁੰਨੇ ਹੋਏ ਆਟੇ ਨੂੰ ਪੁੱਛਦੀ-
ਪਰਾਤ ਦੇ ਉਦਾਸੇ ਚਿਹਰੇ ਵੱਲ ਤੱਕਦੀ-
ਕੰਬਦੇ ਚਿਮਟੇ ਦੀ ਕੰਬਣੀ ਨੂੰ
ਸੁਣਦੀ-
ਸਾਮ੍ਹਣੇ ਰੁੱਖ 'ਤੇ ਬੈਠੀਆਂ ਚਿੜੀਆਂ
ਦੀ ਚੀਂ-ਚੀਂ ਨੂੰ ਨਿਹਾਰਦੀ
ਨਾਨਕ ਨੂੰ ਯਾਦ ਕਰਦੀ

ਧਰਤੀ ਨੂੰ ਗਾਹੁੰਦਾ ਗਾਹੁੰਦਾ, ਥੋੜ੍ਹਾ ਰੁਕਦਾ ਰੁਕਦਾ,
ਤਲਵੰਡੀ ਪਰਤਦਾ
ਬਾਬਾ ਮੁੜ ਉਦਾਸੀਆਂ ਤੇ ਤੁਰ ਪੈਂਦਾ
ਫੁਲਕਾ, ਉਡੀਕ 'ਚ ਸਹਿਜ ਹੋ ਜਾਂਦਾ
ਬੇਬੇ ਨਾਨਕੀ ਨੂੰ ਫ਼ੁਰਨਾ ਫ਼ੁਰਦਾ
ਨਾਨਕ ਹਾਜ਼ਰ ਹੋ ਜਾਂਦਾ
ਰੋਟੀ ਸਵਾਦ ਸਵਾਦ ਹੋ ਜਾਂਦੀ
ਨਾਨਕ ਮੁੜ ਰਬਾਬ ਰਬਾਬ ਹੋ ਜਾਂਦਾ
ਮਨ 'ਚ
ਕਰਤਾਰ ਦੀ ਆਗਿਆ
ਦਾ ਫੁੱਲ ਖਿੜ ਜਾਂਦਾ
ਬਾਬਾ ਇਲਹਾਮੀ
ਹੋ ਜਾਂਦਾ।

ਬੇਬੇ ਨਾਨਕੀ ਦੀ ਉਡੀਕ ਵਿੱਚ,
ਅੱਖਾਂ ਦੀ ਚਮਕ ਵਿੱਚ, ਕਿੱਥੇ ਕਿੱਥੇ
ਵਸਦਾ ਸੀ ਨਾਨਕ।
ਭੈਣ ਫੁਲਕੇ ਲਾਹੁੰਦੀ
ਚੁਲ੍ਹੇ ਦੀ ਅੱਗ ਨੂੰ ਪੁੱਛਦੀ
ਕਿਥੇ ਹੈ! ਮੇਰਾ ਨਾਨਕ ਫ਼ਕੀਰ

ਰੋਟੀ ਨੂੰ ਮੂੰਹ 'ਚ ਪਾਉਣ ਤੋਂ ਪਹਿਲਾਂ
ਪੁੱਛਦੀ...
ਕਿੱਥੇ ਹੈ ਮੇਰਾ ਨਾਨਕ
ਕਦੇ ਭੁੱਖ ਨਾ਼ਲ
ਕਦੇ ਪਿਆਸ ਨਾ਼ਲ
ਸੰਵਾਦ ਕਰਦੀ

ਬੇਬੇ ਨਾਨਕੀ ਜਾਣਦੀ ਸੀ
ਜਗਤ ਬਾਬਾ ਤੇ ਭੁੱਖ...ਨਹੀਂ ਨਹੀਂ...।
ਸੰਭਵ ਹੀ ਨਹੀਂ।

ਘਰ ਨੂੰ ਸੁਆਰਦੀ
ਬਹੁਕਰ ਬੁਹਾਰੀ ਕਰਦੀ...
ਮਾਂ ਤ੍ਰਿਪਤਾ ਕੋਲ ਬਹਿ ਗੱਲਾਂ ਕਰਦੀ

ਕਦੋਂ ਖ਼ਤਮ ਹੋਵੇਗੀ ਮੇਰੀ ਉਡੀਕ...
ਕਦੋਂ ਖੁਲ੍ਹੇਗਾ ਮੇਰੇ ਵੀਰ ਦਾ
ਦਰ...

ਪਿਤਾ ਦੀਆਂ ਅੱਖਾਂ
'ਚ ਬਾਬੇ ਦੇ ਆਉਣ ਦੀ
ਉਡੀਕ ਨੂੰ ਵੇਖਦੀ
ਚੁੱਪ ਹੋ ਜਾਂਦੀ


ਜਾਣਦੀ ਸੀ...ਬੇਬੇ ਨਾਨਕੀ
ਇਹ ਚਮਕਦੇ ਤਾਰੇ
ਪ੍ਰਿਥਵੀ 'ਤੇ ਉਸਰੇ ਅਨੰਤ ਪਹਾੜ
ਇਹ ਜੰਗਲ ਤੇ ਵਗਦੀਆਂ ਨਦੀਆਂ
ਮੁੱਚਾ ਸੰਸਾਰ

ਅਨੰਤ
ਦਿਸ਼ਾਵਾਂ 'ਚ
ਸਿਮਟਿਆ ਇਹ ਸੰਸਾਰ
ਹੋਰ ਪਰੇ ਹੋਰ
ਲੱਖਾਂ ਅਕਾਸ਼ਾਂ ਪਤਾਲਾਂ ਤੋਂ ਦੂਰ
ਬ੍ਰਹਮ ਦਾ ਇਹ ਪਾਸਾਰ
ਜਿਸਦੇ ਕਣ ਕਣ 'ਚ
ਵੱਸਦਾ ਹੈ
ਨਾਨਕ।

### ਖਰਾ ਸੌਦਾ -1

ਪਿਤਾ ਬੋਲਿਆ,
ਨਾਨਕ...
ਤੂੰ ਸੰਸਾਰੀ ਬਣ-ਫੇਰ ਪੜ੍ਹ ਲਿਖ ਕੇ ਸਰਕਾਰੀ
ਤੇ ਇੱਕ ਵਾਰ ਦਰਬਾਰੀ ਬਣ....
ਆਹ ਲੈ, ਕੁਝ ਸੋਨੇ ਦੇ ਸਿੱਕੇ...
ਹੋਰ ਕੁਝ ਨਹੀਂ ਤਾਂ
ਵਪਾਰੀ ਬਣ

ਬਾਬੇ ਨੇ ਸਿੱਕਿਆਂ ਨੂੰ...
ਆਪਣੀ ਮੁੱਠੀ 'ਚ ਛੁਪਾਅ
ਮਾਂ ਤ੍ਰਿਪਤਾ ਦੇ ਚਰਨੀ ਮੱਥਾ ਟੇਕ
ਬੇਬੇ ਨਾਨਕੀ ਵੱਲ ਵੇਖ...
ਪਿਤਾ ਦੇ ਹੁਕਮ ਦੇ ਨਾ਼ਲ ਨਾ਼ਲ,
ਕਦਮ ਕਦਮ
ਚੱਲ ਪਿਆ...।




ਮੁੱਠੀ 'ਚ ਬੰਦ ਸਿੱਕੇ
ਨਾਨਕ ਦੇ ਹੱਥ ਦੀਆਂ ਲਕੀਰਾਂ ਦੀ ਛੁਹ ਪ੍ਰਾਪਤ ਕਰ...
ਬੋਲਣ ਲੱਗ ਪਏ...
ਬਾਬਾ- ਕਿੱਥੇ ਲੈ ਚਲਿਆ ਹੈਂ... ਸਾਨੂੰ
ਹੁਣ ਅਸੀਂ ਬਜ਼ਾਰ ਜੋਗੇ ਨਹੀਂ
ਸੰਸਾਰ ਜੋਗੇ ਨਹੀਂ
ਨਾ ਹੀ ਵਪਾਰ ਜੋਗੇ ਹਾਂ...
ਅਸੀਂ ਨਾਨਕ ਫਕੀਰ ਦੇ ਹੱਥ ਦੀ
ਅਮਾਨਤ ਹਾਂ,
ਉਸ ਦੇ ਦਰਬਾਰ ਜੋਗੇ ਹਾਂ।

ਸਿੱਕੇ
ਆਪਣੇ ਪਿੰਡੇ ਤੇ ਉੱਕਰੀ
ਬਾਦਸ਼ਾਹ ਦੀ ਤਸਵੀਰ
ਕੈਲੰਡਰ ਤੇ ਉੱਕਰੇ ਇਤਹਾਸ
ਤੇ ਆਪਣੇ ਗੋ਼ਲ ਗੋ਼ਲ ਆਕਾਰ ਚੋਂ
ਆਪਣੇ ਦਿਲ ਦੀ ਘੁੰਢੀ
ਖੋਲ੍ਹਣ ਲੱਗ ਪਏ

ਸਿੱਕੇ ਹੌ਼ਲੀ ਹੌ਼ਲੀ
ਬੋਲਣ ਲੱਗ ਪਏ।

### ਖਰਾ ਸੌਦਾ -11

ਬਾਬਾ ਮੁਸਕਰਾਇਆ
ਚਲੋ ਫ਼ਕੀਰਾਂ ਦੀ
ਮਜਲਸ ਵਿੱਚ ਚਲਦੇ ਹਾਂ
ਥੋੜ੍ਹਾ ਥੋੜ੍ਹਾ ਇਸ
ਸੰਸਾਰ ਵਿੱਚ ਵੀ ਢ਼ਲਦੇ ਹਾਂ...

ਵੇਖੋ ਬੈਠੇ ਹਨ
ਫਕੀਰ!
ਦਰਵੇਸ਼...ਬਣ ਕੇ ਕਤਾਰ...
ਵੇਖੋ ਤਾਂ ਇਹਨਾਂ ਦੇ ਚਿਹਰੇ ਦੀ ਨੁਹਾਰ-
ਇਹਨਾਂ ਤੋਂ ਮੁਕਤ ਹੈ
ਇਹਨਾਂ ਦੇ ਹੱਥਾਂ 'ਚ ਸੰਸਾਰ...

ਅਸਾਂ ਤੇ ਸੱਚਮੁੱਚ ਦਾ
ਇੱਕ ਵਪਾਰ ਕਰਨਾ ਹੈ -
ਇਹ ਜੋ ਕਾਜ਼ੀ ਮੁਲਾਣੇ...
ਤਿਜੌਰੀਆਂ ਦੇ ਰਾਹੀ
ਇਨ੍ਹਾਂ ਲਈ
ਸੱਚ ਦਾ, ਮਾਰਗ ਤਿਆਰ
ਕਰਨਾ ਹੈ...
ਇਸ ਕੂੜ ਦੀ ਨਗਰੀ 'ਚ
ਕੂੜ ਦੇ ਜ਼ਲਜ਼ਲੇ ਨੂੰ
ਹੌ਼ਲੀ ਹੌ਼ਲੀ
ਪਾਰ ਕਰਨਾ ਹੈ।

### ਗੁੜ੍ਹਤੀ

ਉਦਾਸ ਰੁੱਖਾਂ ਦੇ ਪੱਤਿਆਂ, ਟਹਿਣੀਆਂ ਤੇ
ਪੰਛੀਆਂ ਦੇ ਖੰਭਾਂ ਨੂੰ
ਸੰਗੀਤ ਦੀ ਗੁੜ੍ਹਤੀ ਦੇ ਕੇ
ਬਾਬਾ ਆਖ਼ਰ
ਵੱਸ ਹੀ ਗਿਆ
ਮਿੱਟੀ ਦੇ ਕਣ ਕਣ 'ਚ

ਪਾਣੀ,
ਤੁਪਕੇ ਤੁਪਕੇ 'ਚ ਬਾਬੇ ਦਾ ਰੂਪ
ਤੱਕਣ ਲਗਾ
ਬੋਲ ਬੋਲ 'ਚ ਅਗੰਮੀ ਬਾਣੀ-
ਸੂਰਜ ਦੀ ਪਹਿਲੀ ਕਿਰਨ 'ਚ ਅਭੇਦ ਹੋ...
ਸਵੇਰ ਦੀ ਪਹਿਲੀ ਝਲਕ 'ਚ
ਬਦਲ ਗਿਆ
ਬਾਬਾ
ਪੌਣਾਂ ਦੇ ਨੂਰਾਨੀ ਰੂਪ 'ਚ
ਵਗਣ ਲੱਗਾ...
ਰੁੱਖਾਂ, ਪੱਤਿਆਂ, ਫੁੱਲਾਂ ਤੇ ਤਿਤਲੀਆਂ ਦੇ
ਖੰਭਾਂ 'ਚ ਵੱਸਣ ਲੱਗਾ...।
ਪਹਿਲੀ ਬਰਸਾਤ ਦਾ ਤੁਪਕਾ ਤੁਪਕਾ ਹੋਕੇ-
ਧਰਤੀ ਦੀ ਕੁੱਖ 'ਚ
ਰਸਣ ਲੱਗਾ...
ਆਖਰ ਬ੍ਰਹਿਮੰਡ ਬਣ ਗਿਆ
ਬਾਬਾ

ਵਣ-ਚੰਦਨ...

ਸਮੁੰਦਰ ਦੇ ਅਨੇਕਾਂ ਰੰਗਾਂ 'ਚ,
ਅਨੇਕਾਂ ਤਹਿਆਂ 'ਚ
ਲਹਿ ਲਹਾਉਂਦੀ ਬਨਸਪਤੀ 'ਚ
ਸਮੁੰਦਰ ਦੇ ਭੇਸ ਵਿੱਚ
ਰਚਣ ਲੱਗਾ
ਬਾਬਾ ਆਖਰ ਬਣ ਗਿਆ
ਗਿਆਨ ਦਾ ਅਥਾਹ ਸਮੁੰਦਰ...

### ਇਲਹਾਮ

ਜਦੋਂ ਪਹੁ-ਫਟਦੀ ਹੈ
ਹਨੇਰਾ ਅਸਤ ਹੁੰਦਾ ਹੈ
ਪੂਰਬ 'ਚੋਂ ਹੌ਼ਲੀ-ਹੌ਼ਲੀ ਪ੍ਰਗਟ ਹੁੰਦਾ ਹੈ..
ਸੂਰਜ

ਕਿਰਨਾਂ ਦੀ ਰੌਸ਼ਨੀ 'ਚੋਂ
ਬਾਬਾ, ਤੇਰਾ ਦਰ ਖੁੱਲ੍ਹਦਾ ਹੈ

ਸੂਰਜ ਦੀਆਂ ਕਿਰਨਾਂ
ਹੌ਼ਲੀ ਹੌ਼ਲੀ...
ਧੁੱਪ 'ਚ ਬਦਲਦੀਆਂ...
ਰੁੱਖਾਂ-
ਪੰਛੀਆਂ-
ਪਹਾੜਾਂ-
ਜੰਗਲਾਂ ਦਰਿਆਵਾਂ ਨੂੰ
ਬਖ਼ਸ਼ਦੀਆਂ ਹਨ ਜ਼ਿੰਦਗੀ

ਦਰਿਆਵਾਂ ਦੀ ਸ਼ੂਕਦੀ ਆਵਾਜ਼
'ਚ ਤੇਰਾ ਸੰਗੀਤ ਗੂੰਜਦਾ ਹੈ
ਤੇਰੀ ਰਬਾਬ ਸੁਣਦੀ ਹੈ
ਮਰਦਾਨਾ ਚੁੱਪ ਦੀ ਆਵਾਜ਼
'ਚ ਬੋਲਦਾ ਹੈ

ਜਦੋਂ ਸ਼ਾਮ ਢਲੇ...
ਪੰਛੀ ਆਲ੍ਹਣਿਆਂ 'ਚ
ਪਰਤਦੇ ਹਨ...

ਚਰਾਦਾਂ 'ਚੋਂ ਹੌ਼ਲੀ ਹੌ਼ਲੀ
ਪਸ਼ੂ ਜਦੋਂ ਘਰ ਮੁੜ ਆਉਂਦੇ ਹਨ
ਖੁਰ਼ਲੀਆਂ ਵੱਲ...
ਅਸਤ ਹੋ ਰਿਹਾ ਸੂਰਜ
ਰਾਤ ਨੂੰ ਅਵਾਜ਼
ਮਾਰਦਾ ਹੈ...
ਚੁਲ੍ਹੇ ਦੀ ਰਾਖ ਜਦੋਂ
ਠੰਢੀ ਹੁੰਦੀ ਹੈ...
ਤੇਰੀ ਕਾਇਨਾਤ ਉੱਪਰ
ਜਦੋਂ ਰਾਤ ਅਪਣਾ
ਜਾਦੂ ਚਲਾਉਂਦੀ ਹੈ
ਉਦੋਂ ਪ੍ਰਕਿਰਤੀ-ਚੁੱਪ
ਦੀ ਇਬਾਰਤ 'ਚ ਚਾਨਣ ਦਾ ਇਤਹਾਸ ਲਿਖਦੀ ਹੈ
ਬਾਬੇ ਨੂੰ ਉਦੋਂ ਇਲਹਾਮ ਹੁੰਦਾ ਹੈ
ਉਦੋਂ ਬਾਣੀ ਉੱਤਰਦੀ ਹੈ

ਚਹੁੰ ਦਿਸ਼ਾਵਾਂ 'ਚ
ਚਾਰ ਉਦਾਸੀਆਂ 'ਚੋਂ
ਬਾਬਾ!
ਤੇਰਾ ਦਰ ਖੁੱਲ੍ਹਦਾ ਹੈ।

# ‘ਵੈਟਰਨਜ਼ ਡੇ’ ਬਨਾਮ ਅਮਰੀਕਾ ਦੇ ਸਾਬਕਾ ਫੌਜੀਆਂ ਦਾ ਸਨਮਾਨ ਦਿਵਸ

ਵੈਟਰਨਜ਼ ਡੇ ਸੰਯੁਕਤ ਰਾਜ ਅਮਰੀਕਾ ਦੀ ਇਕ ਅਧਿਕਾਰਿਤ ਛੁੱਟੀ ਹੈ ਜੋ ਹਥਿਆਰਬੰਦ ਸੇਵਾ ਵਿਚ, ਸੇਵਾ ਕਰਨ ਵਾਲੇ ਲੋਕਾਂ ਦਾ ਸਨਮਾਨ ਕਰਦੀ ਹੈ, ਜਿਨ੍ਹਾਂ ਨੂੰ ਵੈਟਰਨਜ਼ ਜਾਂ ਸਾਬਕਾ ਫੌਜੀ ਵੀ ਕਿਹਾ ਜਾਂਦਾ ਹੈ। ਇਹ ਇਕ ਸੰਘੀ ਛੁੱਟੀ ਹੈ ਜੋ 11 ਨਵੰਬਰ ਨੂੰ ਮਨਾਈ ਜਾਂਦੀ ਹੈ। ਇਹ ਹੋਰ ਛੁੱਟੀਆਂ ਜਿਵੇਂ ਕਿ ’ਆਰਮਿਸਟਿਸ ਡੇ’ ਅਤੇ ’ਰੀਮੇਮਬਰੈਂਸ ਡੇ’ ਦੇ ਨਾਲ ਮੇਲ ਖਾਂਦੀ ਹੈ, ਜੋ ਕਿ ਵਿਸ਼ਵ ਦੇ ਦੂਸਰੇ ਹਿੱਸਿਆਂ ਵਿਚ ਮਨਾਈ ਜਾਂਦੀ ਹੈ ਅਤੇ ਵਿਸ਼ਵ ਯੁੱਧ 1 ਦੇ ਅੰਤ ਦੀ ਵਰ੍ਹੇਗੰਢ ਨੂੰ ਵੀ ਚਿੰਨ੍ਹਿਤ ਕਰਦੀ ਹੈ। 1918 ਦੇ 11ਵੇਂ ਮਹੀਨੇ ਦੇ 11ਵੇਂ ਦਿਨ ਦੇ 11ਵੇਂ ਘੰਟੇ ’ਤੇ ਪਹਿਲੇ ਵਿਸ਼ਵ ਯੁੱਧ ਦੀਆਂ ਵੱਡੀਆਂ ਦੁਸ਼ਮਣੀਆਂ ਰਸਮੀ ਤੌਰ ’ਤੇ ਖਤਮ ਹੋ ਗਈਆਂ ਸਨ, ਜਦੋਂ ਜਰਮਨੀ ਨਾਲ ਆਰਮਿਸਟਿਸ ਲਾਗੂ ਹੋ ਗਿਆ ਸੀ।

ਵੈਟਰਨਜ਼ ਡੇ ਇਕ ਮਹੱਤਵਪੂਰਨ ਦਿਨ ਹੈ ਜੋ ਉਨ੍ਹਾਂ ਸਾਰਿਆਂ ਲਈ ਸਨਮਾਨ ਅਤੇ ਪ੍ਰਸ਼ੰਸਾ ਦਿਖਾਉਣ ਲਈ ਰੱਖਿਆ ਗਿਆ ਹੈ ਜਿਨ੍ਹਾਂ ਨੇ ਸੰਯੁਕਤ ਰਾਜ ਦੀ ਫੌਜ ਵਿਚ ਸੇਵਾ ਕੀਤੀ ਹੈ- ਯੁੱਧ ਦੇ ਸਮੇਂ ਜਾਂ ਸ਼ਾਂਤੀ ਦੇ ਸਮੇਂ ਜਿਊਂਦੇ ਜਾਂ ਮਰੇ ਹੋਏ। ਵੈਟਰਨਜ਼ ਡੇ ਨੂੰ ਮੈਮੋਰੀਅਲ ਡੇ ਨਾਲ ਉਲਝਣ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ; ਵੈਟਰਨਜ਼ ਡੇ ਸਾਰੇ ਅਮਰੀਕੀ ਫੌਜੀ ਸਾਬਕਾ ਸੈਨਿਕਾਂ ਦੀ ਸੇਵਾ ਦਾ ਜਸ਼ਨ ਮਨਾਉਂਦਾ ਹੈ, ਜਦੋਂ ਕਿ ਮੈਮੋਰੀਅਲ ਡੇ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਯਾਦ ਕਰਨ ਦਾ ਦਿਨ ਹੈ ਜੋ ਸੇਵਾ ਕਰਦੇ ਹੋਏ ਮਰ ਗਏ ਸਨ।

’’ਅਸੀਂ ਸਾਰੇ ਹੀਰੋ ਨਹੀਂ ਹੋ ਸਕਦੇ, ਕਿਸੇ ਨੂੰ ਕਰਬ ’ਤੇ ਬੈਠਣਾ ਪੈਂਦਾ ਹੈ ਅਤੇ ਜਦੋਂ ਉਹ ਜਾਂਦੇ ਹਨ ਤਾੜੀਆਂ ਵਜਾਉਂਦੇ ਹਨ’’।-ਰਾਏ ਰੋਜਰਸ।

ਕੈਨੇਡਾ ਵਿਚ, 11 ਨਵੰਬਰ ਨੂੰ ’ਯਾਦ ਦਿਵਸ’ ਕਿਹਾ ਜਾਂਦਾ ਹੈ। ਇਹ ਦਿਨ, ਜੋ ਕਿ ’ਵੈਟਰਨਜ਼ ਡੇ’ ਨਾਲੋਂ ’ਮੈਮੋਰੀਅਲ ਦਿਵਸ’ ਨਾਲ ਮਿਲਦਾ-ਜੁਲਦਾ ਹੈ, ਆਪਣੇ ਦੇਸ਼ ਦੀ ਸੇਵਾ ਵਿਚ ਸ਼ਹੀਦ ਹੋਏ ਸਾਬਕਾ ਸੈਨਿਕਾਂ ਦਾ ਸਨਮਾਨ ਕਰਦਾ ਹੈ।

’ਵੈਟਰਨਜ਼ ਡੇ’ ਅਤੇ ’ਮੈਮੋਰੀਅਲ ਡੇ’ ਵਿਚ ਕੀ ਫਰਕ ਹੈ? ਵੈਟਰਨਜ਼ ਡੇ ਅਤੇ ਮੈਮੋਰੀਅਲ ਡੇ ਦੋਵਾਂ ’ਤੇ ਦੇਸ਼ ਦੇ ਇਤਿਹਾਸ ਦੌਰਾਨ ਸੰਯੁਕਤ ਰਾਜ ਅਮਰੀਕਾ ਦੀ ਸੇਵਾ ਕਰਨ ਵਾਲੇ ਅਣਗਿਣਤ ਸਾਬਕਾ ਸੈਨਿਕਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦਾ ਸਨਮਾਨ ਕਰਨ ਲਈ ਸਮਾਂ ਬਿਤਾਉਣ ਦਾ ਰਿਵਾਜ਼ ਹੈ। ਹਾਲਾਂਕਿ, ਦੋ ਛੁੱਟੀਆਂ ਵਿਚ ਅੰਤਰ ਹੈ।

ਵੈਟਰਨਜ਼ ਡੇ ਉਹ ਦਿਨ ਹੁੰਦਾ ਹੈ ਜੋ ਉਹਨਾਂ ਸਾਰਿਆਂ ਦਾ ਧੰਨਵਾਦ ਅਤੇ ਸਨਮਾਨ ਕਰਨ ਲਈ ਰੱਖਿਆ ਜਾਂਦਾ ਹੈ, ਜਿਨ੍ਹਾਂ ਨੇ ਸੇਵਾ ਕੀਤੀ ਹੈ, ਜਿਊਂਦੇ ਜਾਂ ਮਰੇ ਹਨ, ਪਰ ਖਾਸ ਤੌਰ ’ਤੇ ਸਾਡੇ ਵਿਚਕਾਰ ਜੀਵਿਤ ਬਜ਼ੁਰਗਾਂ ਦਾ। ਯਾਦਗਾਰੀ ਦਿਵਸ ਵਿਸ਼ੇਸ਼ ਤੌਰ ’ਤੇ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਯਾਦ ਕਰਦਾ ਹੈ ਜੋ ਆਪਣੇ ਦੇਸ਼ ਦੀ ਸੇਵਾ ਦੌਰਾਨ ਸ਼ਹੀਦ ਹੋਏ ਅਤੇ ਆਪਣੇ ਦੇਸ਼ ਲਈ ਆਖਰੀ ਕੁਰਬਾਨੀ ਦਿੱਤੀ।

ਵੈਟਰਨਜ ਡੇ ਦਾ ਇਕ ਛੋਟਾ ਇਤਿਹਾਸ ਵੀ ਹੈ। ਅਮਰੀਕੀ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਸਭ ਤੋਂ ਪਹਿਲਾਂ 11 ਨਵੰਬਰ, 1919 ਨੂੰ ਆਰਮਿਸਟਿਸ ਡੇ ਦੀ ਘੋਸ਼ਣਾ ਕੀਤੀ। ਛੁੱਟੀ ਦਾ ਐਲਾਨ ਕਰਦੇ ਹੋਏ, ਉਨ੍ਹਾਂ ਨੇ ਕਿਹਾ: “ਅਮਰੀਕਾ ਵਿਚ ਸਾਡੇ ਲਈ, ਆਰਮਿਸਟਿਸ ਦਿਵਸ ਦੇ ਪ੍ਰਤੀਬਿੰਬ ਦੇਸ਼ ਦੀ ਸੇਵਾ ਵਿਚ ਮਰਨ ਵਾਲਿਆਂ ਦੀ ਬਹਾਦਰੀ ਵਿਚ ਅਤੇ ਜਿੱਤ ਲਈ ਧੰਨਵਾਦ ਦੇ ਨਾਲ, ਉਸ ਚੀਜ਼ ਦੇ ਕਾਰਨ, ਜਿਸ ਤੋਂ ਇਸ ਨੇ ਸਾਨੂੰ ਮੁਕਤ ਕੀਤਾ ਹੈ ਅਤੇ ਇਸ ਕਾਰਨ ਕਰਕੇ, ਮਾਣ ਨਾਲ ਭਰਿਆ ਹੋਵੇਗਾ। ਇਸ ਨੇ ਅਮਰੀਕਾ ਨੂੰ ਰਾਸ਼ਟਰਾਂ ਦੀਆਂ ਕੌਂਸਲਾਂ ਵਿਚ ਸ਼ਾਂਤੀ ਅਤੇ ਨਿਆਂ ਪ੍ਰਤੀ ਆਪਣੀ ਹਮਦਰਦੀ ਦਿਖਾਉਣ ਦਾ ਮੌਕਾ ਦਿੱਤਾ ਹੈ।’’

ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਨੇ ਸੱਤ ਸਾਲ ਬਾਅਦ 4 ਜੂਨ, 1926 ਨੂੰ ਇਕ ਸਮਕਾਲੀ ਮਤਾ ਪਾਸ ਕੀਤਾ, ਜਿਸ ਵਿਚ ਬੇਨਤੀ ਕੀਤੀ ਗਈ ਕਿ ਰਾਸ਼ਟਰਪਤੀ ਕੈਲਵਿਨ ਕੂਲਿਜ 11 ਨਵੰਬਰ ਨੂੰ ਢੁਕਵੇਂ ਰਸਮਾਂ ਨਾਲ ਮਨਾਉਣ ਲਈ ਇਕ ਹੋਰ ਘੋਸ਼ਣਾ ਜਾਰੀ ਕਰਨ। ਇਕ ਕਾਂਗਰੇਸ਼ਨਲ ਐਕਟ (52 ਸਟੇਟ 351; 5 ਯੂ. ਐਸ. ਕੋਡ, ਸੈਕਸ਼ਨ 87ਏ) ਨੇ 13 ਮਈ, 1938 ਨੂੰ ਮਨਜ਼ੂਰੀ ਦਿੱਤੀ, ਹਰ ਸਾਲ 11 ਨਵੰਬਰ ਨੂੰ ਇਕ ਕਾਨੂੰਨੀ ਛੁੱਟੀ ਬਣਾ ਦਿੱਤੀ: ’’ਵਿਸ਼ਵ ਸ਼ਾਂਤੀ ਦੇ ਕਾਰਨਾਂ ਨੂੰ ਸਮਰਪਿਤ ਇਕ ਦਿਨ ਅਤੇ ਇਸ ਤੋਂ ਬਾਅਦ ਮਨਾਇਆ ਜਾਵੇਗਾ ਅਤੇ ’ਆਰਮਿਸਟਿਸ ਡੇ’ ਵਜੋਂ ਜਾਣਿਆ ਜਾਵੇਗਾ।’’




1945 ਵਿਚ, ਬਰਮਿੰਘਮ, ਅਲਾਬਾਮਾ ਤੋਂ ਦੂਜੇ ਵਿਸ਼ਵ ਯੁੱਧ ਦੇ ਅਨੁਭਵੀ ਰੇਮੰਡ ਵੀਕਸ ਨੇ ਸਾਰੇ ਸਾਬਕਾ ਸੈਨਿਕਾਂ ਨੂੰ ਮਨਾਉਣ ਲਈ ਆਰਮਿਸਟਿਸ ਦਿਵਸ ਦਾ ਵਿਸਤਾਰ ਕਰਨ ਦਾ ਵਿਚਾਰ ਰੱਖਿਆ ਸੀ, ਨਾ ਕਿ ਸਿਰਫ਼ ਉਨ੍ਹਾਂ ਲੋਕਾਂ ਨੂੰ ਜੋ ਪਹਿਲੇ ਵਿਸ਼ਵ ਯੁੱਧ ਵਿਚ ਮਾਰੇ ਗਏ ਸਨ। ਹਫਤਿਆਂ ਨੇ ਇਕ ਵਫ਼ਦ ਦੀ ਅਗਵਾਈ ਜਨਰਲ ਡਵਾਈਟ ਆਈਜ਼ਨਹਾਵਰ ਕੋਲ ਕੀਤੀ, ਜਿਸ ਨੇ ਰਾਸ਼ਟਰੀ ਵੈਟਰਨਜ਼ ਡੇ ਦੇ ਵਿਚਾਰ ਦਾ ਸਮਰਥਨ ਕੀਤਾ। ਵੀਕਸ ਨੇ 1947 ਵਿਚ ਅਲਾਬਾਮਾ ਵਿਚ ਪਹਿਲੇ ਰਾਸ਼ਟਰੀ ਜਸ਼ਨ ਦੀ ਅਗਵਾਈ ਕੀਤੀ ਅਤੇ 1985 ਵਿਚ ਆਪਣੀ ਮੌਤ ਤੱਕ ਹਰ ਸਾਲ। ਰਾਸ਼ਟਰਪਤੀ ਰੀਗਨ ਨੇ 1982 ਵਿਚ ਵਾਈਟ ਹਾਊਸ ਵਿਚ ਵੀਕਸ ਨੂੰ ਰਾਸ਼ਟਰੀ ਛੁੱਟੀਆਂ ਲਈ ਪ੍ਰੇਰਕ ਸ਼ਕਤੀ ਵਜੋਂ ਪ੍ਰੈਜ਼ੀਡੈਂਸ਼ੀਅਲ ਸਿਟੀਜ਼ਨਸ਼ਿਪ ਮੈਡਲ ਨਾਲ ਸਨਮਾਨਿਤ ਕੀਤਾ। ਐਲਿਜ਼ਾਬੈਥ ਡੋਲ, ਜਿਸ ਨੇ ਰਾਸ਼ਟਰਪਤੀ ਰੀਗਨ ਲਈ ਬ੍ਰੀਫਿੰਗ ਤਿਆਰ ਕੀਤੀ, ਨੇ ਹਫਤਿਆਂ ਨੂੰ ’’ਵੈਟਰਨਜ਼ ਡੇ ਦਾ ਪਿਤਾ’’ ਵਜੋਂ ਨਿਸ਼ਚਿਤ ਕੀਤਾ।

ਐਂਪੋਰੀਆ, ਕੰਸਾਸ ਤੋਂ ਯੂ. ਐਸ. ਦੇ ਪ੍ਰਤੀਨਿਧੀ ਐਡ ਰੀਸ ਨੇ ਕਾਂਗਰਸ ਦੁਆਰਾ ਛੁੱਟੀ ਸਥਾਪਤ ਕਰਨ ਵਾਲਾ ਇਕ ਬਿਲ ਪੇਸ਼ ਕੀਤਾ। ਰਾਸ਼ਟਰਪਤੀ ਡਵਾਈਟ ਡੀ. ਆਈਜ਼ਨਹਾਵਰ, ਜੋ ਕਿ ਕੰਸਾਸ ਤੋਂ ਵੀ ਸੀ, ਨੇ 26 ਮਈ, 1954 ਨੂੰ ਬਿਲ ’ਤੇ ਦਸਤਖ਼ਤ ਕੀਤੇ। ਕਾਂਗਰਸ ਨੇ 1 ਜੂਨ, 1954 ਨੂੰ ਇਸ ਐਕਟ ਵਿਚ ਸੋਧ ਕੀਤੀ, ਜਿਸ ਵਿਚ ’’ਆਰਮਿਸਟਿਸ’’ ਨੂੰ ’’ਵੈਟਰਨਜ਼’’ ਨਾਲ ਬਦਲਿਆ ਗਿਆ, ਅਤੇ ਇਸ ਨੂੰ ਵੈਟਰਨਜ਼ ਡੇ ਵਜੋਂ ਜਾਣਿਆ ਜਾਂਦਾ ਹੈ।

1954 ਵਿਚ ਬਣੇ ਨੈਸ਼ਨਲ ਵੈਟਰਨਜ਼ ਅਵਾਰਡ ਦੀ ਸ਼ੁਰੂਆਤ ਵੀ ਬਰਮਿੰਘਮ ਵਿਚ ਹੋਈ। ਕੰਸਾਸ ਦੇ ਕਾਂਗਰਸਮੈਨ ਰੀਸ ਨੂੰ ਅਲਬਾਮਾ ਵਿਚ ਵੈਟਰਨਜ਼ ਡੇ ਨੂੰ ਸੰਘੀ ਛੁੱਟੀ ਬਣਾਉਣ ਲਈ ਸਮਰਥਨ ਦੀ ਪੇਸ਼ਕਸ਼ ਕਰਨ ਵਾਲੇ ਕਾਨੂੰਨ ਲਈ ਪੁਰਸਕਾਰ ਦੇ ਪਹਿਲੇ ਪ੍ਰਾਪਤਕਰਤਾ ਵਜੋਂ ਸਨਮਾਨਿਤ ਕੀਤਾ ਗਿਆ ਸੀ, ਜਿਸ ਵਿਚ ਰੇਮੰਡ ਵੀਕਸ ਦੁ-ਆਰਾ ਨੌਂ ਸਾਲਾਂ ਦੀ ਕੋਸ਼ਿਸ਼ ਕੀਤੀ ਗਈ ਸੀ। ਹਫਤਿਆਂ ਨੇ 1945 ਵਿਚ ਇਸ ਵਿਚਾਰ ਦੀ ਕਲਪਨਾ ਕੀਤੀ, 1946 ਵਿਚ ਜਨਰਲ ਆਈਜ਼ਨਹਾਵਰ ਨੂੰ ਪਟੀਸ਼ਨ ਦਿੱਤੀ, ਅਤੇ 1947 ਵਿਚ ਪਹਿਲੇ ਵੈਟਰਨਜ਼ ਡੇ ਜਸ਼ਨ ਦੀ ਅਗਵਾਈ ਕੀਤੀ (1954 ਵਿਚ ਵੈਟਰਨਜ਼ ਡੇ ਨੂੰ ਕਾਨੂੰਨੀ ਹੋਣ ਤੱਕ ਅਧਿਕਾਰਿਤ ਨਾਮ ਆਰਮਿਸਟਿਸ ਡੇ ਰੱਖਣਾ)।


ਪ੍ਰੋ. ਐਚ. ਐਲ. ਕਪੂਰ

ਹਾਲਾਂਕਿ ਅਸਲ ਵਿਚ ਹਰ ਸਾਲ 11 ਨਵੰਬਰ ਨੂੰ ਜਸ਼ਨ ਮਨਾਉਣ ਲਈ ਤਹਿ ਕੀਤਾ ਗਿਆ ਸੀ, ਯੂਨੀਫਾਰਮ ਸੋਮਵਾਰ ਛੁੱਟੀ ਐਕਟ ਦੇ ਅਨੁਸਾਰ 1971 ਵਿਚ ਸ਼ੁਰੂ ਕਰਕੇ, ਵੈਟਰਨਜ਼ ਡੇ ਨੂੰ ਅਕਤੂਬਰ ਦੇ ਚੌਥੇ ਸੋਮਵਾਰ ਵਿਚ ਤਬਦੀਲ ਕਰ ਦਿੱਤਾ ਗਿਆ ਸੀ। 1978 ਵਿਚ, ਇਸ ਨੂੰ 11 ਨਵੰਬਰ ਨੂੰ ਇਸ ਦੇ ਅਸਲ ਜਸ਼ਨ ਵਿਚ ਵਾਪਸ ਭੇਜ ਦਿੱਤਾ ਗਿਆ ਸੀ। ਜਦੋਂ ਕਿ ਕਾਨੂੰਨੀ ਛੁੱਟੀ 11 ਨਵੰਬਰ ਨੂੰ ਰਹਿੰਦੀ ਹੈ, ਜੇਕਰ ਉਹ ਮਿਤੀ ਸ਼ਨੀਵਾਰ ਜਾਂ ਐਤਵਾਰ ਨੂੰ ਹੁੰਦੀ ਹੈ, ਤਾਂ ਰਸਮੀ ਤੌਰ ’ਤੇ ਛੁੱਟੀ ਮਨਾਉਣ ਵਾਲੀਆਂ ਸੰਸਥਾਵਾਂ ਆਮ ਤੌਰ ’ਤੇ ਨੇੜੇ ਦੇ ਦਿਨ ਬੰਦ ਹੋ ਜਾਣਗੀਆਂ। ਕ੍ਰਮਵਾਰ ਸ਼ੁੱਕਰਵਾਰ ਜਾਂ ਸੋਮਵਾਰ।

ਕਿਉਂਕਿ ਵੈਟਰਨਜ਼ ਡੇ ਇਕ ਸੰਘੀ ਛੁੱਟੀ ਹੈ, ਕੁਝ ਅਮਰੀਕੀ ਕਾਮਿਆਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਕੋਲ ਕੰਮ ਜਾਂ ਸਕਲ ਤੋਂ ਵੈਟਰਨਜ਼ ਡੇ ਦੀ ਛੁੱਟੀ ਹੈ। ਜਦੋਂ ਵੈਟਰਨਜ਼ ਡੇ ਸ਼ਨੀਵਾਰ ਨੂੰ ਆਉਂਦਾ ਹੈ ਤਾਂ ਸ਼ਨੀਵਾਰ ਜਾਂ ਪਿਛਲੇ ਸ਼ੁੱਕਰਵਾਰ ਨੂੰ ਛੁੱਟੀ ਵਜੋਂ ਮਨੋਨੀਤ ਕੀਤਾ ਜਾ ਸਕਦਾ ਹੈ, ਜਦੋਂ ਕਿ ਜੇਕਰ ਇਹ ਐਤਵਾਰ ਨੂੰ ਆਉਂਦਾ ਹੈ ਤਾਂ ਇਹ ਆਮ ਤੌਰ ’ਤੇ ਅਗਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। 2010 ਵਿਚ ਇਕ ’ਸੋਸਾਇਟੀ ਫਾਰ ਹਿਊਮਨ ਰਿਸੋਰਸ ਮੈਨੇਜਮੈਂਟ ਪੋਲ’ ਵਿਚ ਪਾਇਆ ਗਿਆ ਕਿ 21 ਪ੍ਰਤੀਸ਼ਤ ਮਾਲਕਾਂ ਨੇ 2011 ਵਿਚ ਛੁੱਟੀ ਮਨਾਉਣ ਦੀ ਯੋਜਨਾ ਬਣਾਈ ਸੀ।

ਗੈਰ-ਜ਼ਰੂਰੀ ਫੈਡਰਲ ਸਰਕਾਰੀ ਦਫ਼ਤਰ ਬੰਦ ਹਨ। ਕੋਈ ਮੇਲ ਨਹੀਂ ਡਿਲੀਵਰ ਕੀਤਾ ਗਿਆ ਹੈ। ਸਾਰੇ ਸੰਘੀ ਕਰਮਚਾਰੀਆਂ ਨੂੰ ਛੁੱਟੀ ਲਈ ਭੁਗਤਾਨ ਕੀਤਾ ਜਾਂਦਾ ਹੈ; ਜਿਨ੍ਹਾਂ ਨੂੰ ਛੁੱਟੀ ਵਾਲੇ ਦਿਨ ਕੰਮ ਕਰਨ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਕਈ ਵਾਰੀ ਉਨ੍ਹਾਂ ਦੀ ਤਨਖਾਹ ਤੋਂ ਇਲਾਵਾ ਉਸ ਦਿਨ ਲਈ ਛੁੱਟੀਆਂ ਦੀ ਤਨਖਾਹ ਮਿਲਦੀ ਹੈ।

ਵੈਟਰਨਜ਼ ਲਈ ਮੁਫ਼ਤ ਭੋਜਨ ਬਹੁਤ ਸਾਰੇ ਫਾਸਟ ਫੂਡ ਅਤੇ ਕੈਜ਼ੂਅਲ ਡਿਨਰ ਰੈਸਟੋਰੈਂਟ ਚੇਨਾਂ ਵਿਚ ਪੇਸ਼ ਕੀਤੇ ਜਾਂਦੇ ਹਨ। ਕਾਂਗਰਸ ਨੂੰ ਆਪਣੇ ਆਰਮਿਸਟਿਸ ਡੇ ਦੇ ਸੰਬੋਧਨ ਵਿਚ, ਵਿਲਸਨ ਕਮਜ਼ੋਰ ਯੁੱਧ ਦੇ ਸਾਲਾਂ ਦੇ ਮਨੋਵਿਗਿਆਨਕ ਟੋਲ ਪ੍ਰਤੀ ਸੰਵੇਦਨਸ਼ੀਲ ਸੀ: ’’ਭੁੱਖ ਸੁਧਾਰ ਨੂੰ ਜਨਮ ਨਹੀਂ ਦਿੰਦੀ; ਇਹ ਪਾਗਲਪਣ ਪੈਦਾ ਕਰਦੀ ਹੈ,’’ ਉਸ ਨੇ ਟਿੱਪਣੀ ਕੀਤੀ।

ਵੈਟਰਨਜ਼ ਡੇ ਅਤੇ ਯੂਨਾਈਟਿਡ ਸਟੇਟਸ ਮਰੀਨ ਕੋਰ (10 ਨਵੰਬਰ, 1775) ਦਾ ਜਨਮ ਦਿਨ ਸਿਰਫ਼ ਇਕ ਦਿਨ ਦਾ ਫਾਸਲਾ ਹੋਣ ਕਰਕੇ, ਆਰਮਡ ਫੋਰਸਿਸ ਦੀ ਉਹ ਸ਼ਾਖਾ ਰਵਾਇਤੀ ਤੌਰ ’ਤੇ ਦੋਵਾਂ ਮੌਕਿਆਂ ਨੂੰ 96 ਘੰਟੇ ਦੀ ਆਜ਼ਾਦੀ ਦੀ ਮਿਆਦ ਵਜੋਂ ਮਨਾਉਂਦੀ ਹੈ।

# ਬੁਢਾਪੇ ਵਿੱਚ ਮੁਕਤੀ ਦਾ ਮਾਰਗ ਕਿਤਾਬਾਂ ਰਾਹੀਂ ਮਿਲਦਾ ਹੈ


ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜਦੋਂ ਵੀ ਅਸੀਂ ਕੋਈ ਚੰਗੀ ਕਿਤਾਬ ਪੜ੍ਹਦੇ ਹਾਂ ਇਹ ਨਵੇਂ ਵਿਚਾਰਾਂ, ਸੰਭਾਵਨਾਵਾਂ ਅਤੇ ਸਭਿਆਚਾਰਾਂ ਦਾ ਗਿਆਨ ਪ੍ਰਾਪਤ ਕਰਨ ਦਾ ਰਾਹ ਖੋਲ੍ਹਦਾ ਹੈ। ਇਹ ਹਵਾਲਾ ਵੇਰਾ ਨਾਜ਼ਰੀਅਨ ਦਾ ਹੈ। ਬਚਪਨ ਤੋਂ ਹੀ ਅਸੀਂ ਸੁਣਦੇ ਆ ਰਹੇ ਹਾਂ ਕਿ ਕਿਤਾਬਾਂ ਸਾਡੀਆਂ ਸਭ ਤੋਂ ਚੰਗੀਆਂ ਦੋਸਤ ਹਨ ਜੋ ਸਾਨੂੰ ਸਾਰੀ ਉਮਰ ਇੱਕ ਅਧਿਆਪਕ ਵਾਂਗ ਸਿਖਾਉਂਦੀਆਂ ਹਨ। ਮਾਂ ਵਾਂਗ ਉਹ ਹਰ ਮੁਸ਼ਕਲ ਵਿੱਚ ਸਾਡਾ ਸਾਥ ਦਿੰਦੀ ਹੈ ਅਤੇ ਪਿਤਾ ਵਾਂਗ ਹਰ ਹਾਲਤ ਵਿੱਚ ਸਾਨੂੰ ਸਹੀ ਰਾਹ ਦਿਖਾਉਣ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ। ਅਸਲ ਵਿੱਚ, ਇਹ ਉਹਨਾਂ ਤੋਂ ਪ੍ਰਾਪਤ ਗਿਆਨ ਹੈ ਜੋ ਸਾਡੀ ਸ਼ਖਸੀਅਤ ਦਾ ਨਿਰਮਾਣ ਕਰਦਾ ਹੈ ਅਤੇ ਸਾਨੂੰ ਬਿਹਤਰ ਬਣਾਉਂਦਾ ਹੈ।ਜ਼ਿੰਦਗੀ ਜਿਉਣ ਦੀ ਕਲਾ ਸਿਖਾਉਂਦੀ ਹੈ। ਕਈ ਵਾਰ ਕਈ ਰਿਸ਼ਤੇ ਸਾਨੂੰ ਵਹਿਣ ਵਿੱਚ ਡੁੱਬ ਕੇ ਛੱਡ ਜਾਂਦੇ ਹਨ, ਪਰ ਕਿਤਾਬਾਂ ਦਾ ਰਿਸ਼ਤਾ ਹੀ ਹੁੰਦਾ ਹੈ ਜੋ ਸਾਨੂੰ ਸਹੀ ਰਾਹ ਦਿਖਾ ਕੇ ਔਖੇ ਸਮੇਂ ਵਿੱਚੋਂ ਲੰਘਣ ਵਿੱਚ ਸਹਾਈ ਹੁੰਦਾ ਹੈ। ਕਿਤਾਬਾਂ ਸਾਡੇ ਦੁੱਖ, ਦਰਦ, ਸੁੱਖ ਅਤੇ ਇਕੱਲਤਾ ਦੀਆਂ ਸਾਥੀ ਹਨ।

ਇੰਨਾ ਹੀ ਨਹੀਂ, ਇਹ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਗਿਆਨ ਨੂੰ ਤਬਦੀਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਅਸੀਂ ਮਹਾਨ ਸ਼ਖਸੀਅਤਾਂ ਬਾਰੇ ਆਸਾਨੀ ਨਾਲ ਜਾਣ ਸਕਦੇ ਹਾਂ, ਜਿਨ੍ਹਾਂ ਨੂੰ ਅਸੀਂ ਆਪਣਾ ਬੁੱਤ ਮੰਨਦੇ ਹਾਂ। ਕਈ ਵਾਰ ਜ਼ਿੰਦਗੀ ਇੰਨੀ ਇਕਸਾਰ ਹੋ ਜਾਂਦੀ ਹੈ ਕਿ ਅਸੀਂ ਮਹਿਸੂਸ ਕਰਦੇ ਹਾਂਮੈਨੂੰ ਇਹ ਵੀ ਨਹੀਂ ਪਤਾ ਕਿ ਅਸੀਂ ਕੀ ਕਰਨਾ ਹੈ। ਅਜਿਹੀ ਸਥਿਤੀ ਵਿਚ ਅਸੀਂ ਉਨ੍ਹਾਂ ਲੋਕਾਂ ਨਾਲ ਜਾਣ-ਪਛਾਣ ਕਰਦੇ ਹਾਂ ਅਤੇ ਇਨ੍ਹਾਂ ਪੁਸਤਕਾਂ ਤੋਂ ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦੀ ਪ੍ਰੇਰਨਾ ਲੈਂਦੇ ਹਾਂ। ਕਿਤਾਬਾਂ ਨਾ ਸਿਰਫ਼ ਸਾਡੀ ਸ਼ਖ਼ਸੀਅਤ ਨੂੰ ਆਕਾਰ ਦਿੰਦੀਆਂ ਹਨ ਸਗੋਂ ਸਾਨੂੰ ਮਾਨਸਿਕ ਸਮੱਸਿਆਵਾਂ ਤੋਂ ਵੀ ਬਚਾਉਂਦੀਆਂ ਹਨ। ਪੜ੍ਹਨਾ ਦਿਮਾਗ ਲਈ ਚੰਗੀ ਕਸਰਤ ਹੈ। ਪੜ੍ਹਦੇ ਸਮੇਂ ਸਾਡੀ ਇਕਾਗਰਤਾ ਵਧਦੀ ਹੈ, ਜਿਸ ਕਾਰਨ ਅਸੀਂ ਕਿਸੇ ਵੀ ਸਥਿਤੀ ਵਿਚ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਸਿੱਖਦੇ ਹਾਂ। ਇਹ ਸਾਡੇ ਦਿਮਾਗ ਨੂੰ ਕਿਰਿਆਸ਼ੀਲ ਰੱਖਦੇ ਹਨ। ਜੇਕਰ ਅਸੀਂ ਆਪਣੇ ਦਿਮਾਗ ਨੂੰ ਕਿਰਿਆਸ਼ੀਲ ਰੱਖਦੇ ਹਾਂ ਤਾਂ ਕੁਝ ਹੱਦ ਤੱਕ ਅਸੀਂ ਆਪਣੀ ਯਾਦਦਾਸ਼ਤ ਨੂੰ ਸੁਧਾਰ ਸਕਦੇ ਹਾਂ।ਇਹ ਕਮਜ਼ੋਰੀ ਜਾਂ ਡਿਪਰੈਸ਼ਨ ਨੂੰ ਰੋਕਣ ਲਈ ਇਲਾਜ ਵਜੋਂ ਕਾਰਗਰ ਸਾਬਤ ਹੁੰਦਾ ਹੈ। ਇਸ ਤੋਂ ਇਲਾਵਾ ਜੇਕਰ ਚੰਗੀਆਂ ਕਿਤਾਬਾਂ ਪੜ੍ਹਨ ਦੇ ਨਾਲ-ਨਾਲ ਅਸੀਂ ਆਪਣੇ ਅੰਦਰ ਲਿਖਣ ਦੀ ਆਦਤ ਨੂੰ ਅਪਣਾਈਏ ਤਾਂ ਇਹ ਹੋਰ ਵੀ ਵਧੀਆ ਨਤੀਜੇ ਦਿੰਦੀ ਹੈ। ਅੱਜ-ਕੱਲ੍ਹ ਡਾਕਟਰ ਵੀ ਕਿਸੇ ਵੀ ਵੱਡੀ ਬਿਮਾਰੀ ਦਾ ਇਲਾਜ ਕਰਦੇ ਸਮੇਂ ਲਿਖਣ-ਪੜ੍ਹਨ ਦੀ ਸਲਾਹ ਨੂੰ ਇਲਾਜ ਦੇ ਢੰਗ ਵਜੋਂ ਵਰਤਦੇ ਹਨ, ਕਿਉਂਕਿ ਕਈ ਦਵਾਈਆਂ ਦਾ ਅਕਸਰ ਅਜਿਹਾ ਮਾੜਾ ਪ੍ਰਭਾਵ ਹੁੰਦਾ ਹੈ ਕਿ ਉਹ ਦਿਮਾਗੀ ਪ੍ਰਣਾਲੀ ਨੂੰ ਪ੍ਰਭਾਵਤ ਕਰਦੀਆਂ ਹਨ। ਇਸ ਕਾਰਨ ਯਾਦਦਾਸ਼ਤ ਕਮਜ਼ੋਰ ਹੋਣ ਦਾ ਡਰ ਰਹਿੰਦਾ ਹੈ।

ਅਜਿਹੀ ਸਥਿਤੀ ਵਿੱਚ, ਮਰੀਜ਼ ਨੂੰ ਲਿਖਣ ਅਤੇ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।, ਤਾਂ ਜੋ ਦਿਮਾਗ ਸਰਗਰਮੀ ਨਾਲ ਕੰਮ ਕਰ ਸਕੇ। ਅੱਜ, ਬਦਲਦੇ ਸਮੇਂ ਦੇ ਨਾਲ, ਸਾਡੇ ਦੋਸਤ ਅਰਥਾਤ ਕਿਤਾਬਾਂ ਦੀ ਸ਼ੈਲੀ ਅਤੇ ਰੂਪ ਬਦਲਣਾ ਸ਼ੁਰੂ ਹੋ ਗਿਆ ਹੈ। ਜਿੱਥੇ ਪਹਿਲਾਂ ਵੀ ਕਿਤਾਬਾਂ ਦੀ ਮਿੱਠੀ ਮਹਿਕ ਉਨ੍ਹਾਂ ਨੂੰ ਪੜ੍ਹਦਿਆਂ ਸਾਡੇ ਮਨਾਂ 'ਤੇ ਛਾਪ ਛੱਡਦੀ ਸੀ, ਅੱਜ ਕਿਤਾਬਾਂ ਡਿਜੀਟਲ ਹੋ ਗਈਆਂ ਹਨ ਅਤੇ ਇੱਕ ਛੋਟੇ ਯੰਤਰ ਵਿੱਚ ਸਾਡੀਆਂ ਜੇਬਾਂ ਵਿੱਚ ਫਿੱਟ ਹੋ ਗਈਆਂ ਹਨ।

ਫਿਰ ਵੀ ਜੇਕਰ ਕੋਈ ਸਰੀਰਕ ਤੌਰ 'ਤੇ ਅਪਾਹਜ ਹੈ ਤਾਂ ਇਹ ਉਨ੍ਹਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ ਕਿਉਂਕਿ ਉਹ ਇਕ ਥਾਂ 'ਤੇ ਬੈਠ ਕੇ ਪੜ੍ਹ-ਸੁਣ ਸਕਦੇ ਹਨ। ਇਸ ਤੋਂ ਇਲਾਵਾ ਇਹ ਵਾਤਾਵਰਣ ਅਨੁਕੂਲ ਵੀ ਹਨ, ਕਿਉਂਕਿ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਲਈ ਲੱਖਾਂ ਰੁਪਏ ਲੱਗਦੇ ਹਨ।ਰੁੱਖਾਂ ਨੂੰ ਕੱਟਣ ਦੀ ਲੋੜ ਨਹੀਂ ਹੈ। ਛਪੀਆਂ ਕਿਤਾਬਾਂ ਸਾਂਝੀਆਂ ਕਰਕੇ ਅਸੀਂ ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰ ਸਕਦੇ ਹਾਂ।

ਕਿਤਾਬਾਂ ਇਸ ਗੱਲ ਦਾ ਵੀ ਸਬੂਤ ਹਨ ਕਿ ਕਿਤਾਬਾਂ ਇੱਕ ਦੂਜੇ ਨਾਲ ਸਾਂਝੀਆਂ ਕਰਦੇ ਹੋਏ ਕਈ ਪ੍ਰੇਮੀ ਜੋੜਿਆਂ ਨੇ ਇਨ੍ਹਾਂ ਕਿਤਾਬਾਂ ਰਾਹੀਂ ਆਪਣੇ ਦਿਲ ਦੀ ਗੱਲ ਸਾਂਝੀ ਕੀਤੀ ਹੈ। ਅੱਜ, ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਦੀ ਮਦਦ ਨਾਲ, ਕੁਝ ਲੋਕ ਸਿਰਫ ਇੱਕ ਕਲਿੱਕ ਨਾਲ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ। ਇਹ ਹੋਰ ਗੱਲ ਹੈ ਕਿ ਵਰਚੁਅਲ ਦੁਨੀਆਂ ਵਿੱਚ ਸਿਰਫ਼ ਦਸ ਫ਼ੀਸਦੀ ਲੋਕ ਹੀ ਸੱਚੇ ਦਿਲ ਵਾਲੇ ਹਨ ਅਤੇ ਸੱਚਾ ਪਿਆਰ ਪਾ ਸਕਦੇ ਹਨ। ਇਹ ਵੀ ਵੇਖੋਇਹ ਜਾਣਿਆ ਜਾਂਦਾ ਹੈ ਕਿ ਇਹਨਾਂ ਪਲੇਟਫਾਰਮਾਂ 'ਤੇ ਕੋਈ ਲਾਭ ਪ੍ਰਾਪਤ ਕਰਨ ਦੇ ਨਾਲ ਹੀ ਹਾਰਦਾ ਹੈ। ਜਦੋਂ ਕਿਤਾਬਾਂ 'ਤੇ ਆਧਾਰਿਤ ਪਿਆਰ ਹੁੰਦਾ ਸੀ, ਉਦੋਂ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਪ੍ਰੇਮੀ ਆਪਣੇ ਸਾਥੀ ਤੱਕ ਆਪਣੀਆਂ ਭਾਵਨਾਵਾਂ ਪਹੁੰਚਾ ਸਕਦੇ ਸਨ। ਇਸ ਵਿਧੀ ਵਿਚ ਇਹ ਡਰ ਸੀ ਕਿ ਕਿਤਾਬ ਪ੍ਰੀਤਮ ਦੇ ਹੱਥਾਂ ਵਿਚ ਪਵੇਗੀ ਜਾਂ ਨਹੀਂ ਅਤੇ ਪੜ੍ਹ ਕੇ ਉਸ ਦਾ ਕੀ ਪ੍ਰਤੀਕਰਮ ਹੋਵੇਗਾ। ਕਦੇ ਕਿਤਾਬ ਵਿੱਚ ਗੁਲਾਬ ਰੱਖੋ ਤੇ ਕਦੇ ਮੋਰ ਦਾ ਖੰਭ। ਅਜਿਹੀਆਂ ਬਹੁਤ ਸਾਰੀਆਂ ਭਾਵਨਾਵਾਂ ਸਾਡੀਆਂ ਪੁਸਤਕਾਂ ਨਾਲ ਜੁੜੀਆਂ ਹੋਈਆਂ ਹਨ। ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਵੀ ਜੇ ਅਸੀਂ ਆਪਣੀਆਂ ਕਿਤਾਬਾਂ ਨੂੰ ਆਪਣੇ ਸੀਨੇ ਦੇ ਨੇੜੇ ਰੱਖਦੇ ਹਾਂ, ਤਾਂ ਕੌਣ ਜਾਣਦਾ ਹੈ ਕਿ ਕਿੰਨੇਨਾ ਕਹੀਆਂ ਗੱਲਾਂ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਕਿਤਾਬਾਂ ਦੇ ਅਰਥ ਹਰ ਉਮਰ ਦੇ ਨਾਲ ਬਦਲਦੇ ਰਹਿੰਦੇ ਹਨ। ਬਚਪਨ ਵਿੱਚ ਜਦੋਂ ਕੋਈ ਬੱਚਾ ਪੜ੍ਹਨਾ ਸ਼ੁਰੂ ਕਰਦਾ ਹੈ ਤਾਂ ਰੰਗੀਨ ਤਸਵੀਰਾਂ ਉਸ ਦੀ ਨਵੀਂ ਦੁਨੀਆਂ ਵਜੋਂ ਸਾਹਮਣੇ ਆਉਣ ਲੱਗਦੀਆਂ ਹਨ। ਜਦੋਂ ਉਹ ਜਵਾਨੀ ਵਿੱਚ ਪਹੁੰਚਦਾ ਹੈ, ਉਹ ਗਿਆਨ ਦੇ ਭੰਡਾਰ ਦੀ ਖੋਜ ਕਰਨਾ ਸ਼ੁਰੂ ਕਰ ਦਿੰਦਾ ਹੈ।

ਫਿਰ ਪਾਠ ਪੁਸਤਕਾਂ ਦੇ ਨਾਲ-ਨਾਲ ਸਹਾਇਕ ਪੁਸਤਕਾਂ ਉਸ ਨੂੰ ਚੰਗੇ ਅੰਕ ਪ੍ਰਾਪਤ ਕਰਨ ਵਿੱਚ ਮਦਦ ਕਰਦੀਆਂ ਹਨ। ਜਵਾਨੀ ਵਿੱਚ ਪਹੁੰਚਣ ਤੱਕ, ਗਿਆਨ ਦਾ ਭੰਡਾਰ ਵਿਅਕਤੀ ਦੀ ਸ਼ਖਸੀਅਤ ਨੂੰ ਆਕਾਰ ਦੇਣਾ ਸ਼ੁਰੂ ਕਰ ਦਿੰਦਾ ਹੈ। ਬਾਲਗ ਹੋਣ ਤੱਕ ਕਿਤਾਬਾਂ ਦਿਲ ਅਤੇ ਦੁਨੀਆ ਦੀ ਤਸਵੀਰ ਬਣ ਜਾਂਦੀਆਂ ਹਨ। ਬੁਢਾਪੇ ਵਿੱਚ ਮੁਕਤੀ ਦਾ ਮਾਰਗ ਕਿਤਾਬਾਂ ਰਾਹੀਂ ਮਿਲਦਾ ਹੈ। ਅਸਲ ਵਿੱਚ ਕਿਤਾਬਾਂ ਸਾਨੂੰ ਹਰ ਰੋਜ਼, ਕਦਮ-ਦਰ-ਕਦਮ, ਸ਼ੁਰੂ ਤੋਂ ਅੰਤ ਤੱਕ ਤੁਰਨਾ ਸਿਖਾਉਂਦੀਆਂ ਹਨ। ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਾਹਿਤਕ ਵਰਗੇ ਵੱਖ-ਵੱਖ ਖੇਤਰਾਂ ਦਾ ਗਿਆਨ ਸਾਨੂੰ ਕਿਤਾਬਾਂ ਵਿੱਚੋਂ ਹੀ ਮਿਲਦਾ ਹੈ। ਪਰ ਅੱਜ ਵਪਾਰੀਕਰਨ ਕਾਰਨ ਕਿਤਾਬਾਂ ਵਿੱਚ ਅਸ਼ਲੀਲਤਾ ਫੈਲ ਗਈ ਹੈ। ਜਿਸ ਕਾਰਨ ਨੌਜਵਾਨ ਪੀੜ੍ਹੀ ਟੀਚੇ ਤੋਂ ਭਟਕਦੀ ਜਾ ਰਹੀ ਹੈ। ਚੰਗੀਆਂ ਪੁਸਤਕਾਂ ਤੋਂ ਵਧਦੀ ਦੂਰੀ ਸਾਨੂੰ ਨੈਤਿਕ ਨਿਘਾਰ, ਪਦਾਰਥਵਾਦ ਅਤੇ ਨਸ਼ਈ ਆਧੁਨਿਕਤਾ ਦਾ ਸ਼ਿਕਾਰ ਬਣਾ ਰਹੀ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਹਰ ਬੱਚਾ ਨਿਯਮਿਤ ਤੌਰ 'ਤੇ ਅਤੇ ਆਪਣੇ ਆਪ ਪੜ੍ਹਨ ਅਤੇ ਸਿੱਖਣ ਦੀ ਆਦਤ ਪੈਦਾ ਕਰੇ।ਉਤਸੁਕਤਾ ਪੈਦਾ ਕਰੋ। ਪੜ੍ਹਾਈ ਕਰਦੇ ਹੋਏ ਆਪਣੇ ਜੀਵਨ ਦੇ ਟੀਚਿਆਂ ਵੱਲ ਅੱਗੇ ਵਧੋ।

# ਆਲ੍ਹਣਿਆਂ ਦਾ ਕਾਰੀਗਰ : ਬਿਜੜਾ



ਮਾਸਟਰ ਸੰਜੀਵ ਧਰਮਾਣੀ.
91-94785-61356.

ਪਿਆਰੇ ਬੱਚਿਓ ! ਤੁਸੀਂ ਆਪਣੇ ਆਲੇ – ਦੁਆਲੇ, ਰੁੱਖਾਂ 'ਤੇ, ਸਕੂਲ ਵਿੱਚ , ਪਿੰਡ ਵਿੱਚ , ਖੇਤਾਂ ਵਿੱਚ ਅਤੇ ਆਪਣੇ ਨਾਨਕੇ- ਘਰ ਅਨੇਕਾਂ ਖ਼ੂਬਸੂਰਤ ਤੇ ਰੰਗ – ਬਿਰੰਗੇ ਪੰਛੀ ਜ਼ਰੂਰ ਦੇਖੇ ਹੋਣਗੇ। ਬੱਚਿਓ ! ਪੰਛੀ ਹਰ ਇੱਕ ਦੇ ਮਨ ਨੂੰ ਭਾਉਂਦੇ ਹਨ ਅਤੇ ਪੰਛੀਆਂ ਦੀਆਂ ਪਿਆਰੀਆਂ, ਸੁਰੀਲੀਆਂ ਤੇ ਮਨਮੋਹਕ ਆਵਾਜ਼ਾਂ ਸਾਨੂੰ ਬਹੁਤ ਚੰਗੀਆਂ ਲਗਦੀਆਂ ਹਨ। ਸੱਚਮੁੱਚ ਸਾਡੇ ਵਾਤਾਵਰਨ ਵਿੱਚ ਪੰਛੀਆਂ ਦੀ ਹੋਂਦ ਕੁਦਰਤ ਦੀ ਵਿਚਿੱਤਰਤਾ ਤੇ ਅਖੰਡਤਾ ਦੀ ਅਣਮੋਲ ਕ੍ਰਿਤੀ ਹੈ। ਬੱਚਿਓ ! ਅੱਜ ਅਸੀਂ ਤੁਹਾਨੂੰ ਆਲ੍ਹਣਿਆਂ ਦੇ ਕਾਰੀਗਰ ਪੰਛੀ ਬਿਜੜਾ ਬਾਰੇ ਜਾਣਕਾਰੀ ਦੇਵਾਂਗੇ। ਬਿਜੜੇ ਪੰਛੀ ਨੂੰ ਸੋਨ – ਚਿੜੀ, ਬਿਆ, ਵੀਵਰ ਬਰਡ ਆਦਿ ਕਈ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ। ਬਿਜੜੇ ਪੰਛੀ ਦਾ ਕੱਦ – ਕਾਠ ਘਰੇਲੂ ਚਿੜੀ ਜਿੰਨਾਂ ਹੁੰਦਾ ਹੈ। ਇਹ ਇੱਕ ਸਿਆਣਾ ਤੇ ਆਲ੍ਹਣੇ ਬਣਾਉਣ ਦਾ ਮਾਹਿਰ ਪੰਛੀ ਹੈ। ਬਿਜੜੇ ਦੀ ਲੰਬਾਈ ਲਗਪਗ ਪੰਦਰਾਂ ਸੈਂਟੀਮੀਟਰ ਤੇ ਭਾਰ ਘੱਟ ਹੁੰਦਾ ਹੈ। ਇਹ ਪੰਛੀ ਅਕਸਰ "ਚਿੱਟ – ਚਿੱਟ, ਚਿੱਟ – ਚਿੱਟ " ਦੀਆਂ ਆਵਾਜ਼ਾਂ ਕੱਢਦਾ ਹੈ। ਇਸ ਦੀ ਚੁੰਝ ਤਿਕੋਣੀ ਤੇ ਪੂੰਛ ਛੋਟੀ ਚੌੜੀ ਹੁੰਦੀ ਹੈ। ਰੰਗ – ਰੂਪ ਚਿੜੀ ਵਰਗਾ ਤੇ ਕਈ ਵਾਰ ਪੀਲਾ – ਚਾਕਲੇਟੀ ਵੀ ਹੁੰਦਾ ਹੈ। ਬੱਚਿਓ ! ਬਿਜੜਾ ਪੰਛੀ ਕੀਟ – ਪਤੰਗੇ , ਕੀੜੇ ਤੇ ਫ਼ਸਲਾਂ ਦੇ ਦਾਣੇ ਆਦਿ ਖਾਂਦਾ ਹੈ। ਇਹ ਪੰਛੀ ਆਪਣਾ ਆਲ੍ਹਣਾ ਕਿੱਕਰਾਂ, ਬੇਰੀਆਂ, ਨਾਰੀਅਲਾਂ , ਖਜੂਰਾਂ ਦੇ ਰੁੱਖਾਂ, ਕਾਨਿਆਂ ਅਤੇ ਪਾਣੀ ਕਿਨਾਰੇ ਲਮਕਦੇ ਰੁੱਖਾਂ 'ਤੇ ਬਣਾਉਂਦਾ ਹੈ। ਇਸ ਦਾ ਆਲ੍ਹਣਾ ਅਜਿਹੀ ਥਾਂ 'ਤੇ ਹੁੰਦਾ ਹੈ, ਜਿੱਥੇ ਦਾਣਾ – ਪਾਣੀ ਮਿਲਣ ਵਿੱਚ ਸੌਖ ਹੋਵੇ। ਬਿਜੜਾ ਆਪਣਾ ਆਲ੍ਹਣਾ ਲੰਬੇ ਘਾਹ , ਨਾਰੀਅਲ ਦੇ ਪੱਤਿਆਂ, ਝੋਨੇ ਦੇ ਪੱਤਿਆਂ ਦੀਆਂ ਸਿਲਤਾਂ ਆਦਿ ਤੋਂ ਬਣਾਉਂਦਾ ਹੈ। ਇਸਦੇ ਆਲ੍ਹਣੇ ਸਪੇਰੇ ਦੀ ਬੀਨ ਵਰਗੇ ਹੁੰਦੇ ਹਨ। ਆਲ੍ਹਣੇ ਬਣਾਉਣ ਦਾ ਕੰਮ ਨਰ ਬਿਜੜਾ ਪੰਛੀ ਹੀ ਕਰਦਾ ਹੈ। ਉਹ ਪਹਿਲਾਂ ਹੈਲਮਟ ਦੇ ਆਕਾਰ ਜਿਹੇ ਚਾਰ – ਪੰਜ ਅੱਧੇ – ਅਧੂਰੇ ਆਲ੍ਹਣੇ ਬਣਾ ਕੇ ਛੱਡ ਦਿੰਦਾ ਹੈ। ਫਿਰ ਬਾਅਦ ਵਿੱਚ ਮਾਦਾ – ਬਿਜੜਾ



ਪੰਛੀ ਨੂੰ ਜਿਹੜਾ ਆਲ੍ਹਣਾ ਪਸੰਦ ਆ ਜਾਵੇ, ਨਰ – ਬਿਜੜਾ ਉਸੇ ਆਲ੍ਹਣੇ ਨੂੰ ਪੂਰਾ ਕਰਦਾ ਹੈ। ਇਸ ਨੇ ਆਪਣੇ ਆਲ੍ਹਣੇ ਵਿੱਚ ਗਿੱਲੀ ਮਿੱਟੀ ਦੀ ਢੇਲੀ (ਡਲੀ ) ਰੱਖੀ ਹੋਈ ਹੁੰਦੀ ਹੈ ਤਾਂ ਜੋ ਤੇਜ਼ ਹਨ੍ਹੇਰੀ ਆਉਣ 'ਤੇ ਆਲ੍ਹਣਾ ਸਥਿਰ ਅਵਸਥਾ ਵਿੱਚ ਰਹਿ ਸਕੇ। ਇਸ ਦਾ ਆਲ੍ਹਣਾ ਬਹੁਤ ਮਜ਼ਬੂਤ ਹੁੰਦਾ ਹੈ। ਵਰਖਾ ਦੀ ਇੱਕ ਬੂੰਦ ਵੀ ਬਿਜੜੇ ਦੇ ਆਲ੍ਹਣੇ ਵਿੱਚ ਦਾਖ਼ਲ ਨਹੀਂ ਹੋ ਸਕਦੀ। ਇਸ ਦੇ ਆਲ੍ਹਣੇ ਵਿੱਚ ਘਾਹ ਆਦਿ ਦੀਆਂ ਲਗਪਗ ਤਿੰਨ ਹਜ਼ਾਰ ਤਿੜਾਂ ਲੱਗੀਆਂ ਹੁੰਦੀਆਂ ਹਨ। ਮਾਦਾ ਬਿਜੜਾ ਲਗਪਗ ਤਿੰਨ – ਚਾਰ ਅੰਡੇ ਦਿੰਦੀ ਹੈ। ਬੱਚਿਓ ! ਬਿਜੜਾ ਪੰਛੀ ਜ਼ਿਆਦਾਤਰ ਨਹਿਰਾਂ – ਨਦੀਆਂ ਦੇ ਕਿਨਾਰੇ, ਘਾਹ ਦੇ ਮੈਦਾਨਾਂ, ਖੇਤਾਂ, ਚਰੀ ਦੀ ਫ਼ਸਲ ਨਜ਼ਦੀਕ, ਸਰਕੜਿਆਂ, ਚਰਾਂਦਾਂ, ਕੰਡੇਦਾਰ ਤੇ ਉੱਚੇ ਦਰੱਖਤਾਂ ਆਦਿ ਦੇ ਕੋਲ ਦੇਖਿਆ ਜਾ ਸਕਦਾ ਹੈ। ਇਹ ਪੰਛੀ ਸਮੂਹ ਵਿੱਚ ਰਹਿਣਾ ਪਸੰਦ ਕਰਦਾ ਹੈ। ਇਸ ਪੰਛੀ ਦਾ ਆਲ੍ਹਣੇ ਬੁਣਨ ਦਾ ਢੰਗ ਤੇ ਸਲੀਕਾ ਦੂਜੇ ਪੰਛੀਆਂ ਨਾਲੋਂ ਬਹੁਤ ਹੀ ਵਧੀਆ ਤੇ ਉੱਤਮ ਦਰਜੇ ਦਾ ਹੁੰਦਾ ਹੈ। ਸਾਡੇ ਸੱਭਿਆਚਾਰ ਤੇ ਸਾਹਿਤ ਵਿੱਚ ਵੀ ਬਿਜੜੇ ਪੰਛੀ ਦਾ ਜ਼ਿਕਰ ਮਿਲ਼ਦਾ ਹੈ। ਕਹਿੰਦੇ ਹਨ ਕਿ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਮਦਾਰੀ ਲੋਕ ਬਿਜੜੇ ਪੰਛੀ ਨੂੰ ਮੁਹਾਰਤ ਦੇ ਕੇ ਕਈ ਤਰ੍ਹਾਂ ਦੇ ਰੰਗ – ਤਮਾਸ਼ੇ ਕਰਕੇ ਆਮ – ਜਨ ਦਾ ਮਨੋਰੰਜਨ ਕਰਦੇ ਹੁੰਦੇ ਸੀ। ਪਿਆਰੇ ਬੱਚਿਓ ! ਪੰਛੀ ਆਪਣੇ ਮਨਮੋਹਕ ਰੰਗ – ਰੂਪ ਤੇ ਸੁਰੀਲੀਆਂ ਆਵਾਜ਼ਾਂ ਸਦਕਾ ਸਾਡਾ ਮਨਪ੍ਰਚਾਵਾ ਤਾਂ ਕਰਦੇ ਹੀ ਹਨ, ਸਗੋਂ ਇਹ ਸਾਡੀਆਂ ਫ਼ਸਲਾਂ ਅਤੇ ਸਾਨੂੰ ਵੀ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਉਣ ਵਾਲੇ ਕੀੜੇ – ਮਕੌੜਿਆਂ ਤੋਂ ਬਚਾਉਂਦੇ ਹਨ ਅਤੇ ਕੁਦਰਤ ਦਾ ਸਮਤੋਲ ਬਣਾਈ ਰੱਖਦੇ ਹਨ। ਇਸ ਲਈ ਸਾਨੂੰ ਪੰਛੀਆਂ ਨੂੰ ਸਮੇਂ – ਸਮੇਂ 'ਤੇ ਦਾਣਾ – ਪਾਣੀ ਚੋਗਾ ਆਦਿ ਪਾਉਂਦੇ ਰਹਿਣਾ ਚਾਹੀਦਾ ਹੈ। ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਪੰਛੀ ਆਲ੍ਹਣੇ ਪਾ ਸਕਣ ਅਤੇ ਪੰਛੀਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਹਮੇਸ਼ਾਂ ਬਚਣਾ ਚਾਹੀਦਾ ਹੈ। ਬੱਚਿਓ ! ਪੰਛੀਆਂ ਦਾ ਸ਼ਿਕਾਰ ਆਦਿ ਵੀ ਕਦੇ ਨਹੀਂ ਕਰਨਾ ਚਾਹੀਦਾ। ਸਾਨੂੰ ਚਾਈਨਾ – ਡੋਰ ਆਦਿ ਨਾਲ ਪਤੰਗ ਵੀ ਨਹੀਂ ਉਡਾਉਣੇ ਚਾਹੀਦੇ ; ਕਿਉਂਕਿ ਇਹ ਡੋਰ ਸਾਡਾ ਅਤੇ ਪੰਛੀਆਂ ਦਾ ਵੀ ਨੁਕਸਾਨ ਕਰਦੀ ਹੈ।

ਸਾਨੂੰ ਆਪਣੇ ਖੇਤਾਂ ਵਿੱਚ ਵੱਧ ਅਤੇ ਬੇਲੋੜੀਆਂ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਤੇ ਫ਼ਸਲਾਂ ਅਤੇ ਪਰਾਲੀ ਦੀ ਨਾੜ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਾਗਜ਼ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ , ਤਾਂ ਜੋ ਰੁੱਖਾਂ ਦੀ ਕਟਾਈ ਘਟ ਸਕੇ।

ਬੱਚਿਓ ! ਸਾਨੂੰ ਕੁਦਰਤੀ ਮਾਹੌਲ ਭਰਿਆ ਤੇ ਸਾਦਗੀ ਭਰਪੂਰ ਜੀਵਨ ਜੀਅ ਕੇ ਅਤੇ ਕੁਦਰਤ – ਪ੍ਰੇਮੀ ਬਣਕੇ ਆਪਣੇ ਵਾਤਾਵਰਨ ਤੇ ਪੰਛੀ – ਪਰਿੰਦਿਆਂ ਦੇ ਹਿਤੈਸ਼ੀ ਬਣਨਾ ਚਾਹੀਦਾ ਹੈ। ਉਮੀਦ ਹੈ , ਤੁਹਾਨੂੰ ਅੱਜ ਦੀ ਜਾਣਕਾਰੀ ਜ਼ਰੂਰ ਪਸੰਦ ਆਈ ਹੋਵੇਗੀ ।

# ਕੰਮ ਹੀ ਜੀਵਨ ਹੈ



ਹਰਕੀਰਤ ਕੌਰ ਸਭਰਾ

ਕਿਹਾ ਜਾਂਦਾ ਹੈ ਕਿ ਨਿਆਮਤ ਤੇ ਵਿਹਲ ਕਿਆਮਤ ਜਾਂ ਇਹ ਕਹਿ ਲਓ ਕਿ ਕੰਮ ਕਰਨਾ ਹੀ ਸੌ ਦੁੱਖਾਂ ਦਾ ਦਾਰੂ ਹੈ। ਵਿਹਲ ਰੋਗ ਦੇ ਤੁਲ ਹੋ ਨਿਬੜਦਾ ਹੈ। ਕੰਮ ਕਰਨਾ ਕੁਦਰਤ ਵੱਲੋਂ ਸਾਡੇ ਤੇ ਪਾਈ ਗਈ ਇੱਕ ਵੱਡੀ ਜਿੰਮੇਵਾਰੀ ਹੈ ਕਿਉਂਕਿ ਮਨੁੱਖ ਨੂੰ ਉਸਨੇ ਦੋ ਹੱਥ ਦੇ ਕੇ ਪੈਦਾ ਕੀਤਾ ਹੈ। ਕੰਮ ਬੁਲੰਦੀ, ਹੌਂਸਲਾ, ਸਰੀਰਕ ਤੇ ਮਾਨਸਿਕ ਅਰੋਗਤਾ ਦੀ ਨਿਸ਼ਾਨੀ ਮੰਨਿਆ ਗਿਆ ਹੈ। ਇਸ ਕਰਕੇ ਬਹਾਦੁਰ ਤੇ ਯੋਧੇ ਹਮੇਸ਼ਾ ਕਾਮਾ ਜਮਾਤ ਵਿਚੋਂ ਹੀ ਪੈਦਾ ਹੋਏ। ਸਾਰੇ ਬੰਦੇ ਵਿਹਲੇ ਨਹੀਂ, ਕੰਮ ਵੀ ਸਾਰੇ ਨਹੀਂ ਕਰਦੇ। ਜੇਕਰ ਅਜਿਹਾ ਹੁੰਦਾ ਤਾਂ ਹਿੰਸਾ, ਲੜਾਈ – ਝਗੜੇ, ਈਰਖਾ ਆਦਿ ਨਾਂ ਦੀ ਕੋਈ ਚੀਜ਼ ਸ਼ਾਇਦ ਨਾ ਹੁੰਦੀ। ਬਹੁਤਾ ਕਰਕੇ ਇਹ ਵਿਹਲ ਦੀ ਹੀ ਦੇਣ ਹੈ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਸਾਡੀ ਭਟਕਣਾ, ਸ਼ਾਂਤੀ ਵਧੇਰੇ ਕਰਕੇ ਕੰਮ ਨਾ ਮਿਲਣ ਜਾਂ ਨਾ ਕਰਨ ਕਰਕੇ ਹੁੰਦੀ ਹੈ। ਅਸਲ ਵਿੱਚ ਅਸੀਂ ਸਭ ਕੁਝ ਜਾਣਦੇ ਹੋਏ ਵੀ ਹੱਥੀ ਕੰਮ ਕਰਨ ਲਈ ਤਿਆਰ ਨਹੀਂ ਹਾਂ। ਸਾਡੀ ਕਾਮਾ ਜਾਮਾਤ ਦੇ ਰਾਜਸੀ ਤੇ ਸੰਘ ਦੇ ਨੁਮਾਇੰਦੇ ਕੰਮ ਦੀਆਂ ਗੱਲਾਂ ਕਰਕੇ ਵੀ ਕੰਮ ਨਹੀਂ ਕਰਦੇ। ਉਹਨਾਂ ਨੂੰ ਦੇਖਕੇ ਮੈਨੂੰ ਲੱਗਦਾ ਹੁੰਦਾ ਹੈ ਕਿ ਉਨ੍ਹਾਂ ਕਾਮੇ ਨੂੰ ਹੀ ਅਪਣਾਇਆ ਹੈ, ਕੰਮ ਨੂੰ ਨਹੀਂ।

ਕੰਮ ਕੋਈ ਵੀ ਮਾੜਾ ਨਹੀਂ। ਮਾੜਾ ਤਾਂ ਸਾਡਾ ਮਨ ਹੀ ਹੋ ਬਹਿੰਦਾ ਹੈ। ' ਮਨ ਹਰਾਮੀ ਹੁੱਜਤਾ ਢੇਰ ' ਹਰਾਮੀ ਮਨ ਜਾਂ ਤਾਂ ਢੇਰੀ ਢਾਹ ਬਹਿੰਦਾ ਜਾਂ ਫਿਰ ਗਲਤ ਕੰਮ, ਧੰਦਾ ਜਾਂ ਗੱਲਾਂ ਨੂੰ ਹੱਥ ਪਾਉਂਦਾ ਹੈ। ਇਹ ਇੱਕ ਕੰਮ ਤੇ ਟਿਕ ਕੇ ਨਹੀਂ ਬਹਿੰਦਾ।

ਭਾਈ ਗੁਰਦਾਸ ਜੀ ਕੰਮ ਦੀ ਮਹਾਨਤਾ ਤੇ ਢੰਗ ਤਰੀਕੇ ਦਾ ਸੰਦੇਸ਼ਾ ਦਿੰਦੇ ਹੋਏ ਫੁਰਮਾਉਂਦੇ ਹਨ ਕਿ

" ਕਿਰਤ ਵਿਰਤ ਕਰ ਧਰਮ ਦੀ "


ਕੰਮ ਅਨੁਸਾਰ ਫਲ ਮਿਲਣਾ ਹੀ ਨਿਆਂ ਹੁੰਦਾ ਹੈ। ਪਰ ਸਾਡੇ ਇੱਥੇ ਉਲਟ ਹੈ। ਜੇਕਰ ਮਜਦੂਰ ਵਰਗ ਵੱਲ ਝਾਤ ਮਾਰੀ ਜਾਵੇ ਤਾਂ ਕੰਮ ਵੱਧ ਅਤੇ ਖਾਣ ਨੂੰ ਘੱਟ ਹੈ। ਜਾਂ ' ਕੋਹਲੂ ਦੇ ਬੈਲ ' ਵਾਲੀ ਗੱਲ ਹੋ ਨਿਬੜਦੀ ਹੈ। ਇਹੋ ਹੀ ਮਨੁੱਖ ਦੁਆਰਾ ਲੁੱਟ ਤੇ ਅਸਮਾਨਤਾ ਹੁੰਦੀ ਹੈ। ਕੰਮ ਵਿੱਚ ਮਾਹਿਰ ਹੋ ਕੇ ਕੰਮ ਕਰਨਾ ਹੀ ਕਾਰੀਗਰੀ ਅਖਵਾਉਂਦਾ ਹੈ। ਇਸ ਤੋਂ ਬਿਨਾ ਤਾਂ ਕੰਮ ਸਿਰਫ਼ ਡੰਗ ਟਪਾਉਣਾ ਜਾਂ ਖਾਨਾ ਪੂਰਤੀ ਵਾਲੀ ਗੱਲ ਬਣ ਬਹਿੰਦੀ ਹੈ।

ਕੰਮ ਪੂਜਾ ਵੀ ਹੈ, ਕਿਉਂਕਿ ਇਹ ਮਨ ਨੂੰ ਕਾਬੂ ਵਿੱਚ ਰੱਖਦਾ ਹੈ। ਚੰਗਾ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਦੀ ਬਹੁਤੀ ਕਾਮਨਾ ਜਾਂ ਸਾਧਾਂ ਸੰਤਾਂ ਪਿੱਛੇ ਭੱਜਣ ਦੀ ਚਾਲ ਮੱਠੀ ਪੈ ਜਾਂਦੀ ਹੈ।ਜੇਕਰ ਕੰਮ ਨੂੰ ਸੋਚ ਸਮਝ ਕੇ ਕੀਤਾ ਜਾਵੇ ਤਾਂ ਕੰਮ ਇੱਕ ਕਲਾ ਵੀ ਹੈ। ਜੇਕਰ ਇਸਨੂੰ ਇੱਕ ਤਰਤੀਬ ਤਹਿਤ ਨਾ ਕੀਤਾ ਜਾਵੇ ਤਾਂ ਗਲ ਪਏ ਢੋਲ ਵਜਾਉਣ ਵਾਲੀ ਗੱਲ ਹੁੰਦੀ ਹੈ। ਇਸ ਲਈ ਕਈ ਸੋਚ ਕੇ ਕਰਦੇ ਹਨ ਅਤੇ ਕਈ ਬਿਨਾ ਸੋਚੇ। ਇਹ ਮੇਰਾ ਨਿੱਜੀ ਤਜੁਰਬਾ ਵੀ ਹੈ ਕਿ ਸੋਚਣ ਤੋਂ ਬਿਨਾ ਕੀਤਾ ਜਾਣ ਵਾਲੇ ਕੰਮ ਨਾਲ ਹਮੇਸ਼ਾ ਭਟਕਣ, ਘੁੰਮਣਘੇਰੀ, ਅਸਫਲਤਾ ਤੇ ਵਕਤ ਦੀ ਖਰਾਬੀ ਹੀ ਪੱਲੇ ਪੈਂਦੀ ਹੈ। ਅਜਿਹੀ ਅਵਸਥਾ ਵਿੱਚ ਤਾਂ ਕਲਮ ਵੀ ਲਿਖਣ ਦੀ ਬਜਾਇ ਝਰੀਟਣ ਲੱਗ ਪੈਂਦੀ ਹੈ। ਕੰਮ ਕਰਨ ਨਾਲ ਅਸੀਂ ਬਹੁਤ ਕੁਝ ਸਿਖਦੇ ਹਾਂ, ਪਰ ਗਵਾਉਂਦੇਂ ਕੁਝ ਵੀ ਨਹੀਂ। ਕੰਮ ਵਿੱਚ ਰੁੱਝੇ ਰਹਿਣਾ ਕਿਰਿਆਸ਼ੀਲਤਾ ਅਤੇ ਵਿਕਾਸ ਦੀ ਨਿਸ਼ਾਨੀ ਹੈ। ਜਦੋਂ ਕਿ ਵਿਹਲ ਨਕਾਰਾ ਹੋਣ ਅਤੇ ਵਿਨਾਸ਼ ਹੋਣ ਦੀ ਨਿਸ਼ਾਨੀ ਹੈ। ਮਨ ਦਾ ਵਿਕਾਸ ਕੁਝ ਕਰਨ ਅਤੇ ਕਰਾਉਣ ਦੇ ਨਾਲ ਵੀ ਜੁੜਿਆ ਹੁੰਦਾ ਹੈ।

ਕੰਮ ਚਾਅ ਨਾਲ ਹੁੰਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਜਿੰਨੇ ਚਾਅ ਨਾਲ ਅਸੀਂ ਖਾਣ ਤੇ ਵਹਿਲ ਦਾ ਆਨੰਦ ਲੈਂਦੇ ਹਾਂ ਉਨੇ ਚਾਅ ਨਾਲ ਕੰਮ ਨਹੀਂ ਕਰਦੇ। ਜੇ ਅਜਿਹਾ ਹੋਵੇ ਤਾਂ ਸਾਡਾ ਚੁਫੇਰਾ ਹੀ ਬਦਲ ਜਾਵੇਂ। ਹਰ ਕੰਮ ਸਮੇਂ ਸਿਰ ਹੀ ਸੋਭਦਾ ਹੈ ਨਹੀਂ ਤਾਂ ਤਾਲੋਂ ਖੁੰਝੀ ਡੂੰਮਣੀ ਵਾਲੀ ਗੱਲ ਹੋ ਨਿਬੜਦੀ ਹੈ। ਕੰਮ ਕਦੇ ਵੀ ਮੁੱਕਦਾ ਨਹੀਂ ਹੈ। ਇੱਕ ਕੰਮ ਦੂਸਰੇ ਕੰਮ ਦਾ ਜਨਮਦਾਤਾ ਹੈ । ਕੰਮ ਕਰਨ ਨਾਲ ਕਈ ਵਾਰ ਸਰੀਰਕ ਕਸ਼ਟ ਤਾਂ ਮਿਲਦਾ ਹੈ ਪਰ ਵਿਹਲੇ ਰਹਿਣ ਨਾਲ ਮਾਨਸਿਕ ਰੋਗ ਮਿਲਦੇ ਹਨ। ਜਿੱਥੋਂ ਤੱਕ ਮੇਰਾ ਅਨੁਭਵ ਹੈ ਕਿ ਸਰੀਰਕ ਰੋਗ ਦੀ ਸੌ ਦਵਾ ਹੈ ਪਰ ਮਾਨਸਿਕ ਰੋਗ ਦਾ ਕੋਈ ਇਲਾਜ ਨਹੀਂ ਹੈ। ਉੱਚ ਕੋਟੀ ਦੇ ਡਾਕਟਰ ਵੀ ਅੱਜ ਵੱਡੀਆਂ ਵੱਡੀਆਂ ਬਿਮਾਰੀਆਂ ਦਾ ਕਾਰਣ ਮਾਨਸਿਕ ਤਨਾਵ ਨੂੰ ਦੱਸਦੇ ਹਨ। ਚਾਹੁਣ ਤੋਂ ਬਿਨਾ ਕੰਮ ਦਾ ਮਿਲਣਾ ਜਾਂ ਕਰਨਾ ਤੇ ਚਾਹੁੰਦਿਆ ਹੋਇਆ ਵੀ ਕੰਮ ਦਾ ਨਾ ਮਿਲਣਾ ਦੋਵੇਂ ਹੀ ਮਾੜੇ ਹਨ

ਅਸਲ ਵਿੱਚ ਕੰਮ ਹੀ ਜੀਵਨ ਹੈ, ਕੰਮ ਤੋਂ ਅਵੇਸਲੇ ਬਣ ਬੈਠਣਾ ਆਪਣੀ ਕਬਰ ਪੁੱਟਣ ਦੇ ਤੁੱਲ ਹੁੰਦਾ ਹੈ। ਕਹਿੰਦੇ ਹਨ ਕਿ ਮਾਇਆ ਵੀ ਉਦਮ ਦੀ ਦਾਸੀ ਹੈ। ਉੱਦਮ ਅੱਗੇ ਲਛਮੀ ਪੱਖੇ ਅੱਗੇ ਪੌਣ। ਪਰ ਅੱਜ ਕੱਲ ਮੈਨੂੰ ਇਹ ਬੋਲ ਦਰੁੱਸਤ ਨਹੀਂ ਲੱਗਦੇ। ਚੁਫੇਰਾ ਦੱਸ ਰਿਹਾ ਹੈ ਕਿ ਮਾਇਆ ਤਾਂ ਵਿਹਲੜਾਂ ਕੋਲ ਇਕੱਠੀ ਹੁੰਦੀ ਜਾਂ ਰਹੀ ਹੈ ਤੇ ਉੱਦਮ ਕਰਨ ਵਾਲੇ ਜਾਂ ਤਾਂ ਭੁੱਖੇ ਮਰ ਰਹੇ ਨੇ ਜਾਂ ਫਿਰ ਸੜਕਾਂ ਤੇ ਆਪਣੇ ਹੱਕਾਂ ਲਈ ਧੱਕੇ ਖਾ ਰਹੇ ਹਨ। ਜਰੂਰਤ ਹੈ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਿਰੜੀ ਤੇ ਉੱਦਮੀ ਬਣਾਉਣ ਦੀ। ਜਰੂਰਤ ਹੈ ਬਹਾਨੇ ਬਣਾਉਣ ਦੀ ਬਜਾਇ ਕੰਮ ਦੇ ਮੌਕੇ ਲੱਭਣ ਦੀ। ਕਿਉਂਕਿ ਕੰਮ ਹੀ ਜੀਵਨ ਹੈ ਅਤੇ ਜੇਕਰ ਅਸੀਂ ਜੀਵਨ ਵਿੱਚੋਂ ਕੰਮ ਕੱਡ ਦਿੱਤਾ ਤਾਂ ਸਾਡੇ ਹਿੱਸੇ ਕੇਵਲ ਦੁਖਾਂਤ ਰਹਿ ਜਾਵੇਗਾ। ਮੈਨੂੰ ਲੱਗਦਾ ਹੈ ਕਿ ਇਹਨਾਂ ਸਾਰੀਆਂ ਗੱਲਾਂ ਤੋਂ ਇਲਾਵਾ ਸਭ ਤੋਂ ਅਹਿਮ ਅਤੇ ਮਹੱਤਵਪੂਰਣ ਗੱਲ ਕਿ ਸਾਡੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਵੀ ਸਾਨੂੰ ਹੱਥੀ ਕਿਰਤ ਕਰਨ ਦਾ ਸੰਦੇਸ਼ ਦਿੱਤਾ ਹੈ। ਸੋ ਜਰੂਰਤ ਹੈ ਅਵੇਸਲੇਪਣ ਨੂੰ ਛੱਡ ਕੇ ਕਿਰਤੀ ਬਨਣ ਦੀ।

# ਵੱਖੋ ਵੱਖਰੀਆਂ ਡਫ਼ਲੀਆਂ ਤੇ ਵੱਖੋ ਵੱਖਰੇ ਰਾਗ ਛੱਡ ਕੇ ਸੰਘਰਸ਼ 'ਚ ਸਾਥ ਦੇਣ ਦੀ ਲੋੜ





ਵਰਿੰਦਰ ਸਿੰਘ ਖੁਰਮੀ
91-9779-339121

ਜਦੋਂ ਕਿਸੇ ਸਾਂਝੇ ਪਰਿਵਾਰ ਵਿੱਚ ਬਿਖੇੜੇ ਖੜ੍ਹੇ ਹੁੰਦੇ ਹਨ ਤਾਂ ਉਸ ਪਰਿਵਾਰ ਨੂੰ ਖਿਲਾਰਨ ਲਈ ਪਰਿਵਾਰ ਤੋਂ ਬਿਨਾਂ ਕੋਈ ਬਾਹਰਲੀ ਤਾਕਤ ਵੀ ਲੱਗੀ ਹੁੰਦੀ ਹੈ। ਜਦੋਂ ਅਸੀਂ ਖੁਦ ਕਿਸੇ ਅੱਗੇ ਵਿਰਲ ਬਣਾ ਕੇ ਪੇਸ਼ ਕਰਦੇ ਹਾਂ ਤਾਂ ਲੋਕ ਉਸ ਵਿਰਲ ਨੂੰ ਗੰਧਾਲੇ, ਸੱਬਲਾਂ ਪਾ ਕੇ ਭਰਿਆੜ ਕਾਰਨ ਤਕ ਆਪਣਾ ਯੋਗਦਾਨ ਪਾ ਜਾਂਦੇ ਹਨ। ਹੁਣ ਤੱਕ ਦੇ ਹੋਏ ਲੋਕ ਸੰਘਰਸ਼ਾਂ 'ਤੇ ਨਜ਼ਰ ਮਾਰ ਕੇ ਵੇਖ ਲਓ, ਸਫਲ ਜਾਂ ਅਸਫਲ ਹੋਏ ਸੰਘਰਸ਼ਾਂ ਵਿੱਚੋਂ ਸੈਂਕੜੇ ਉਦਾਹਰਨਾਂ ਅਜਿਹੀਆਂ ਮਿਲ ਜਾਣਗੀਆਂ ਕਿ ਉਨ੍ਹਾਂ ਸੰਘਰਸ਼ਾਂ ਨੂੰ ਫੇਲ੍ਹ ਕਰਨ ਲਈ ਜਾਂ ਲੀਹੋਂ ਲਾਹੁਣ ਲਈ ਕਿਵੇ ਸਰਕਾਰੀ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ ਹਨ। ਅਜੋਕਾ ਕਿਸਾਨੀ ਸੰਘਰਸ਼ ਅੱਜ ਪੂਰੇ ਦੇਸ਼ ਦਾ ਧਿਆਨ ਖਿੱਚ ਰਿਹਾ ਹੈ। ਸ਼ੋਸ਼ਲ ਮੀਡੀਆ ਕ੍ਰਾਂਤੀ ਦਾ ਇਹ ਫਾਇਦਾ ਹੋਇਆ ਕਿ ਜਿੱਥੇ ਪਹਿਲੇ ਸੰਘਰਸ਼ਾਂ ਦੌਰਾਨ ਚਿੱਟੀਆਂ ਦਾਹੜੀਆਂ ਵਾਲੇ ਬਜ਼ੁਰਗ ਹੀ ਧਿਆਨ ਖਿੱਚਦੇ ਸਨ, ਹੁਣ ਇਸ ਸੰਘਰਸ਼ ਦੌਰਾਨ ਨੌਜਵਾਨ ਤਬਕਾ ਤੇ ਘਰੇਲੂ ਸੁਆਣੀਆਂ ਦੀ ਰੋਸ ਪ੍ਰਦਰਸ਼ਨਾਂ ਵਿੱਚ ਬਹੁਤਾਤ ਇਸ ਗੱਲ ਦੀ ਗਵਾਹ ਹੈ ਕਿ ਹਰ ਕਿਸੇ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਹੈ ਕਿ ਕਿਸਾਨੀ ਦੇ ਹੱਕਾਂ 'ਤੇ ਡਾਕਾ ਸਮਾਜ ਦੇ ਹਰ ਵਰਗ ਨੂੰ ਪ੍ਰਭਾਵਿਤ ਕਰੇਗਾ। ਪੰਜਾਬ ਦੀ ਗੱਲ ਕਰੀਏ ਤਾਂ ਅਜੋਕੇ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਸਮੂਹ ਸਿਆਸੀ ਧਿਰਾਂ ਇਸ ਕਿਸਾਨੀ ਸੰਘਰਸ਼ ਵਿੱਚੋਂ 2022 ਦੀਆਂ ਚੋਣਾਂ ਦਾ ਪਿੜ ਸੁੰਘਦੀਆਂ ਨਜ਼ਰ ਆ ਰਹੀਆਂ ਹਨ। ਦੂਜੇ ਪਾਸੇ ਪੰਜਾਬ ਦੀਆਂ ਲਗਪਗ ਸਾਰੀਆਂ ਡੱਡਾਂ ਦੀ ਪੰਸੇਰ ਵਾਂਗ ਹੁਣ ਤੱਕ ਖਿੱਲਰੀਆਂ ਰਹੀਆਂ ਕਿਸਾਨ ਜਥੇਬੰਦੀਆਂ ਇਕ ਤੱਕੜੀ ਦੇ ਪੱਲੜੇ ਵਿੱਚ ਇਕੱਠੀਆਂ ਹੋਈਆਂ ਪ੍ਰਤੀਤ ਹੋ ਰਹੀਆਂ ਹਨ। ਕਿਸਾਨ ਧਿਰਾਂ ਦਾ ਹੋਇਆ ਇਹ ਏਕਾ ਸਕੂਨ ਭਰਿਆ ਹੈ, ਪਰ ਜੇਕਰ ਕੋਈ ਜੁਗਾੜਲਾਊ ਜਥੇਬੰਦੀ ਆਪਣੇ ਪੱਧਰ 'ਤੇ ਪਿੱਠ ਦਿਖਾਉਂਦੀ ਹੈ ਜਾਂ ਆਪਣੇ ਵਿੰਗੇ ਉੱਲੂ ਨੂੰ ਇਸ ਸੰਘਰਸ਼ ਸਿਰੋਂ ਸਿੱਧਾ ਕਰਨ ਦਾ ਝੂਠਾ ਸੁਪਨਾ ਦੇਖਦੀ ਵੀ ਹੈ ਤਾਂ ਸ਼ਰੇਆਮ ਜਨਤਕ ਪਿੜ ਵਿੱਚ ਆਪਣੇ ਆਪ ਨੰਗੀ ਹੋ ਜਾਵੇਗੀ। ਹਾਲ ਦੀ ਘੜੀ ਕਿਸਾਨੀ ਜੱਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਲੜੀ ਜਾ ਰਹੀ ਲੜਾਈ ਅਤੇ ਸ਼ੰਭੂ ਮੋਰਚਾ ਪੰਜਾਬ ਹਿਤੈਸ਼ੀ ਲੋਕਾਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਕਰ ਰਿਹਾ ਹੈ। ਜਦੋਂ ਇਕ ਪਾਸੇ ਸਰਕਾਰ ਆਪਣਾ ਜਿੱਦੀ ਰਵੱਈਆ ਤਿਆਗਣ ਨਾਲੋਂ ਪੰਜਾਬ ਦੀ ਹਿੱਕ 'ਤੇ ਦੀਵਾ ਬਾਲਣ ਦੇ ਰੌਅ ਵਿੱਚ ਹੈ ਤਾਂ ਵੇਲਾ ਵੱਖੋ ਵੱਖ ਮੋਰਚੇ ਨਹੀਂ, ਸਗੋਂ ਸਾਂਝੇ ਕਿਸਾਨੀ ਮੁੱਦੇ 'ਤੇ ਸ਼ੇਧਤ ਹੋ ਕੇ ਸੰਘਰਸ਼ ਕਰਨ ਦੀ ਮੰਗ ਕਰਦਾ ਹੈ। ਸੰਘਰਸ਼ਾਂ ਨੂੰ ਲੀਹੋਂ ਲਾਹੁਣ ਲਈ ਸਰਕਾਰੀ ਪੱਧਰ 'ਤੇ ਬਹੁਤ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ ਹਨ ਅਤੇ ਸਰਕਾਰ ਦੀ ਅੱਖ ਵਿੱਚ ਕਣ ਵਾਂਗ ਰੜਕ ਰਹੇ ਇਸ ਸੰਘਰਸ਼ ਨੂੰ ਖੱਖਰ ਭੱਖਰ ਕਰਨ ਲਈ ਵੀ ਸਰਕਾਰ ਕੋਈ ਚਾਲ ਨਾ ਚੱਲੇ, ਇਹ ਹੋ ਹੀ ਨਹੀਂ ਸਕਦਾ। ਇਹ ਵੀ ਕੰਧ 'ਤੇ ਲਿਖਿਆ ਸੱਚ ਹੈ ਕਿ ਇਸ ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਲਈ ਪੰਜਾਬੀ ਬੋਲਦੇ ਸ਼ਾਤਿਰ ਚਿਹਰੇ ਹੀ ਮੋਹਰਿਆਂ ਦੇ ਤੌਰ 'ਤੇ ਵਰਤੇ ਜਾਣਗੇ।

ਜਿੱਥੇ ਵਫ਼ਾਦਾਰੀਆਂ ਇਤਿਹਾਸ ਦਾ ਹਿੱਸਾ ਬਣਨਗੀਆਂ ਉੱਥੇ ਦਾਗੇਬਾਜਾਂ ਦੇ ਨਾਮ ਵੀ ਇਤਿਹਾਸ ਦੀ ਹਿੱਕ 'ਤੇ ਉੱਕਰੇ ਜਾਣਗੇ। ਸੋ ਪੰਜਾਬ ਦਾ ਅੰਨ ਪਾਣੀ ਖਾ ਕੇ ਬੋਲਣ ਜੋਗਰੇ ਹੋਏ, ਆਗੂ ਅਖਵਾਉਣ ਜੋਗਰੇ ਹੋਏ ਹਰ ਸਖ਼ਸ ਦੀ ਮਰਜ਼ੀ ਹੈ ਕਿ ਉਸ ਨੇ ਆਪਣਾ ਨਾਮ ਪੰਜਾਬ ਦੇ ਪੁੱਤਾਂ 'ਚ ਦਰਜ ਕਰਵਾਉਣਾ ਹੈ ਜਾਂ ਅੰਨ ਖਾ ਕੇ ਹਰਾਮ ਕਾਰਨ ਵਾਲਿਆਂ 'ਚ। ਸਮਾਂ ਇੱਕਜੁੱਟਤਾ ਤੇ ਵਫ਼ਾਦਾਰੀਆਂ ਦੀ ਮੰਗ ਕਰਦਾ ਹੈ। ਜੇ ਅਸੀਂ ਵਾਕਿਆ ਹੀ ਪੰਜਾਬ ਦੀ ਹੋਂਦ, ਪੰਜਾਬ ਦੀ ਕਿਰਸਾਨੀ, ਪੰਜਾਬ ਦੇ ਉੱਜਲੇ ਭਵਿੱਖ ਤੇ ਪੰਜਾਬ ਦੀ ਅਣਖ ਆਬਰੂ ਲਈ ਸੰਘਰਸ਼ ਕਰਨ ਦੇ ਰਾਹ 'ਤੇ ਹਾਂ ਤਾਂ ਸਭ ਤੋਂ ਪਹਿਲਾਂ ਵੱਖੋ ਵੱਖਰੀਆਂ ਡਫ਼ਲੀਆਂ ਤੇ ਵੱਖੋ ਵੱਖਰੇ ਰਾਗ ਅਲਾਪਣ ਦੀ ਹੋੜ ਤੋਂ ਸੰਕੋਚ ਕਰਨ ਦੀ ਲੋੜ ਹੈ ।

# ਬੇ-ਏਰੀਆ ਵਲੇਹੋ ਦੀਆਂ ਸੰਗਤਾਂ ਵਲੋਂ ਗੁਰੂ ਵਾਲਮੀਕਿ ਜੀ ਦਾ ਪਵਿਤਰ ਪ੍ਰਕਾਸ਼ ਪੂਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ

27 ਅਕਤੂਬਰ 2024, ਦਿਨ ਐਤਵਾਰ ਨੂੰ, ਬੇ-ਏਰੀਆ ਵਲੇਹੋ ਦੀਆਂ ਸੰਗਤਾਂ ਵਲੋਂ ਗੁਰੂ ਵਾਲਮੀਕਿ ਜੀ ਦਾ ਪਵਿਤਰ ਪ੍ਰਕਾਸ਼ ਪਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਬਾਣੀ ਦੇ ਪਾਠ ਦੀ ਸੇਵਾ ਭਾਈ ਸੋਢੀ ਨਾਹਰ ਨੇ ਸ਼ਰਧਾ ਨਾਲ ਨਿਭਾਈ। ਸਟੇਜ ਸਕੱਤਰ ਦੀ ਸੇਵਾ ਮਦਨ ਲਾਲ ਕੰਡਿਆਲ ਅਤੇ ਭੁਪਿੰਦਰ ਭਿੰਦਾ ਨੇ ਬਹੁਤ ਸੁਚੱਜੇ ਤਰੀਕੇ ਨਾਲ ਨਿਭਾਈ। ਗੁਰੂ ਵਾਲਮੀਕਿ ਜੀ ਦੇ ਇਤਿਹਾਸ ਅਤੇ ਉਨ੍ਹਾਂ ਦੀ ਬਾਣੀ ਚੋਂ ਜੋ ਸਿੱਖਿਆ ਸਾਨੂੰ ਗ੍ਰਹਿਣ ਕਰਨੀ ਚਾਹੀਦੀ ਹੈ, ਉਸ ਬਾਰੇ ਕੇਵਲ ਸਿੰਘ ਸਿੱਧੂ ਅਤੇ ਦੀਪ ਸਿੰਘ ਸਹੋਤਾ ਅਤੇ ਡਾਕਟਰ ਗੁਰਜੀਤ ਸਿੰਘ ਹੁਰਾਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਮਦਨ ਲਾਲ ਕੰਡਿਆਲ, ਬਲਵੀਰ ਸੋਨੀ, ਅਮਰਜੀਤ ਲਾਲੀ, ਭੁਪਿੰਦਰ ਭਿੰਦਾ, ਜਸਵਿੰਦਰ, ਰੋਧੀ ਤੰਗੜ, ਅੰਮ੍ਰਿਤ, ਸਿਮਰਨ ਭਗਾਣੀਆਂ ਅਤੇ ਰਾਹਲ ਕੁਮਾਰ ਸਭਨਾਂ ਨੇ ਭਜਨ ਬੰਦਗੀ ਅਤੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਮਹਾਰਾਜ ਇਨ੍ਹਾਂ ਸਭਨਾਂ ਦੀ ਹਾਜ਼ਰੀ ਦਰ ਪ੍ਰਵਾਨ ਕਰਨ ਅਤੇ ਆਸ਼ੀਰਵਾਦ ਦੇਣ। ਗੁਰੂ ਵਾਲਮੀਕਿ ਜੀ ਦੇ ਪਵਿੱਤਰ ਪ੍ਰਕਾਸ਼ ਉਤਸਵ ਦੀਆਂ ਬਹੁਤ-ਬਹੁਤ ਵਧਾਈਆਂ। ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਚੋਂ ਪ੍ਰਭੂ ਵਾਲਮੀਕਿ ਜੀ ਦੇ ਪ੍ਰਕਾਸ਼ ਉਤਸਵ ਦਾ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ।

ਪਿਛਲੇ 24 ਸਾਲਾਂ ਤੋਂ ਵਲੇਹੋ ਦੀਆਂ ਸੰਗਤਾਂ ਵੀ, ਬੇ-ਏਰੀਆ ਅਤੇ ਕੈਲੀਫੋਰਨੀਆ ਦੀਆਂ ਸੰਗਤਾਂ ਦੇ ਸਹਿਯੋਗ ਨਾਲ , ਗੁਰੂ ਵਾਲਮੀਕਿ ਜੀ ਦਾ ਪ੍ਰਕਾਸ਼ ਦਿਹਾੜਾ ਮਨਾ ਰਹੀਆਂ ਹਨ। ਸ਼ੁਰੂ ਸ਼ੁਰੂ ਚੋਂ ਸੰਗਤ ਬਹੁਤ ਥੋੜ੍ਹੀ ਹੋਇਆ ਕਰਦੀ ਸੀ। ਆਸ ਨਹੀਂ ਸੀ ਕਿ ਸਾਡਾ ਇਹ ਛੋਟਾ ਜਿਹਾ ਉਪਰਾਲਾ ਇਕ ਦਿਨ ਸੈਂਕੜੇ ਵੀ ਪਾਰ ਕਰ ਜਾਵੇਗਾ, ਪਰ ਸੰਗਤਾਂ ਤੋਂ ਮਿਲੇ ਪਿਆਰ ਤੇ ਸਹਿਯੋਗ ਨੇ ਸਾਡੇ ਹੌਸਲੇ ਬੁਲੰਦ ਕਰ ਦਿੱਤੇ ਹਨ। ਗੁਰੂ ਵਾਲਮੀਕਿ ਜੀ ਦੇ ਦਰ ਤੇ ਸੰਗਤਾਂ ਨੇ ਸ਼ਰਧਾ ਪੂਰਵਕ ਹਾਜਰੀ ਭਰੀ।

ਸਾਰੇ ਸਮਾਗਮ ਦੇ Onilne live ਦਿਖਾਣ ਦੀ ਸੇਵਾ ਦੇਸ਼ ਦੁਆਬਾ ਅਖਬਾਰ ਦੇ ਮੁਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਜੀ ਕਰ ਰਹੇ ਸਨ।

ਗੁਰੂ ਚਰਨਾਂ ਚੋਂ ਅਰਦਾਸ ਹੈ ਕਿ ਆਉਣ ਵਾਲੇ ਸਮੇਂ ਚੋਂ ਸਾਨੂੰ ਹੌਸਲਾ ਅਤੇ ਅਸ਼ੀਰਵਾਦ ਦੇਣ ਤਾਂ ਕੇ ਅਸੀਂ ਹੋਰ ਸੰਗਤਾਂ ਨੂੰ ਵੀ ਵੱਧ ਤੋਂ ਵੱਧ ਆਪਣੇ ਨਾਲ ਜੋੜ ਸਕੀਏ:

**ਗੁਰੂ ਜੀ ਅਤੇ ਸੰਗਤ ਦਾ ਸੇਵਾਦਾਰ,**
**ਕੇਵਲ ਸਿੰਘ ਸਿੱਧੂ**











Pictures by Prem Kumar Chumber # Desh Doaba















# ਬੇ-ਏਰੀਆ ਵਲੇਹੋ ਦੀਆਂ ਸੰਗਤਾਂ ਵਲੋਂ ਗੁਰੂ ਵਾਲਮੀਕਿ ਜੀ ਦਾ ਪਵਿਤਰ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ


















Pictures by Prem Kumar Chumber # Desh Doaba













# ਬੇ-ਏਰੀਆ ਵਲੇਹੋ ਦੀਆਂ ਸੰਗਤਾਂ ਵਲੋਂ ਗੁਰੂ ਵਾਲਮੀਕਿ ਜੀ ਦਾ ਪਵਿਤਰ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ











Pictures by Prem Kumar Chumber # Desh Doaba













ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ ਹਿੱਟ ਫਿਲਮਾਂ



ਸਾਡੀ ਸਮਝ ਤੋਂ ਪਰੇ ਇਹ ਗੱਲ ਕਿ ਹਿੰਦੀ ਫ਼ਿਲਮਾਂ ਵਾਲੇ ਸਾਹਿਤ ਤੇ ਗੁਲਸ਼ਨ ਨੰਦਾ ਦੇ ਨਾਵਲਾਂ ਤੇ ਫ਼ਿਲਮਾਂ ਬਣਾ ਸਕਦੇ ਨੇ ਪਰ ਪੰਜਾਬੀ ਫ਼ਿਲਮਾਂ ਵਾਲੇ ਘਿਸੀ ਪਿਟੀ ਨਕਲ, ਫੂਹੜ ਕਮੇਡੀ ਤੇ ਲੱਚਰ ਚੁਟਕਲੇ ਵਰਤੀ ਜਾਂਦੇ ਹਨ। ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ ਕਥਾ ਕਹਾਣੀ ਹੁੰਦੀ ਹੈ। ਜਜ਼ਬਾਤ, ਪਿਆਰ, ਬਦਲਾ ਤੇ ਜਨ ਜੀਵਨ ਪਰ ਅਸੀਂ ਕਦੇ ਜੱਗੀ ਕੁੱਸਾ ਵੱਲ ਕੇਂਦਰਿਤ ਹੀ ਨਹੀਂ। ਜੱਗੀ ਕੁੱਸਾ ਦੇ ਨਾਵਲ ਮੈਗਜ਼ੀਨ, ਅਖ਼ਬਾਰਾਂ ਛਾਪ ਕਿ ਪ੍ਰਸੰਨ ਹਨ ਪਰ ਪਾਲੀਵੁੱਡ ਵਾਲਿ ਕਰੋ ਫ਼ਿਲਮਾਂ ਦੇਖੋ ਜੱਗੀ ਕੁੱਸਾ ਦੇ ਨਾਵਲ। ਗਰੰਟੀ ਹੈ ਕਿ ਫਿਲਮੀ ਰੂਪ ਨਾਵਲ ਨੂੰ ਦਿਉਗੇ ਹਿੱਟ ਫ਼ਿਲਮ ਬਣੇਗੀ। ਆਪਾਂ ਤੇ ਆਪਣੀ ਕਹਤੀ ਬਾਕੀ ਛੱਡੀਆਂ ਤੇਰੇ ਤੇ ਪਾਲੀਵੁੱਡ।

### ਅਮਰਪਾਲ ਦੀ ਦੀਕਸ਼ਾ ਹੈ "ਲੁਟੇਰੀ ਹਸੀਨਾ"



ਅਮਰਪਾਲ ਲਈ ਵਕਤ ਸੁਨਹਿਰੀ ਟਿਕ ਟਿਕ ਕਰ ਰਿਹਾ ਹੈ। ਵੀਡਿਓ ਨਿਰਦੇਸ਼ਕ ਉਹ ਚਰਚਿਤ ਨੇ ਤੇ ਤਿੰਨ ਫ਼ਿਲਮਾਂ ਉਹਨਾਂ ਦੀਆਂ ਆਉਣ ਨੂੰ ਤਿਆਰ ਹਨ। ਹੁਣ ਉਹਨਾਂ ਨੇ ਅੱਜ ਕਲ ਜੀਉਂਦਾ ਜਾਗਦਾ ਹਨੀ ਟ੍ਰੈਪ ਲੋਕਾਂ ਨੂੰ ਚੁੰਗਲ ਵਿੱਚ ਲੈਂਦਾ ਹੈ ਤੇ ਫ਼ਿਲਮ ਸ਼ੁਰੂ ਕੀਤੀ ਹੈ। ਇਸ ਦਾ ਨਾਂ "ਲੁਟੇਰੀ ਹਸੀਨਾ" ਰੱਖਿਆ ਗਿਆ ਹੈ। ਫ਼ਿਲਮ ਢਿੱਲਵਾਂ ਦੇ ਆਸ ਪਾਸ ਹੋਈ ਹੈ ਤੇ ਗੁਰਦੀਪ ਸੰਧੂ ਇਸ ਦੇ ਨਾਇਕ ਹਨ। ਅਮਰਪਾਲ ਨੇ ਟਾਈਟਲ ਭੂਮਿਕਾ ਦੀਕਸ਼ਾ ਨੂੰ ਦਿੱਤੀ ਹੈ ਤੇ ਸੰਧੂ ਸ਼ੁਰੂ ਤੋਂ ਉਹਨਾਂ ਦੇ ਚਹੇਤੇ ਨਾਇਕ ਹਨ। "ਲੁਟੇਰੀ ਹਸੀਨਾ" ਬਣੀ ਦੀਕਸ਼ਾ ਨੇ ਕਿਹਾ ਕਿ ਜਦ ਫ਼ਿਲਮ ਲਫਜ਼ ਤੁਹਾਡੇ ਨਾਲ ਜੁੜ ਜਾਂਦਾ ਹੈ ਤਦ ਖੁਸ਼ੀ ਦੀ ਊਰਜਾ ਨਾਲ ਤੁਸੀਂ ਬਲਵਾਨ ਬਣ ਜਾਂਦੇ ਹੋ ਤੇ ਗੁਰਦੀਪ ਸੰਧੂ ਹਮੇਸ਼ਾਂ ਤੋਂ ਅਮਰਪਾਲ ਦੇ ਖਾਸ ਨਾਇਕ ਨੇ ਤੇ "ਲੁਟੇਰੀ ਹਸੀਨਾ" ਕਰ ਕਿ ਹ ਕਾਫ਼ੀ ਖੁਸ਼ ਹਨ ਫ਼ਿਲਮ ਦੀ ਕਹਾਣੀ ਟਵਿਸਟ ਵਾਲੀ ਹੈ।

### ਕਨਵਰ ਸਿੰਘ ਨੇ ਕਿਹਾ "ਜਾਗੋ ਆਈ ਆ"



ਅਮਰੀਕਾ ਰਹਿਣਾ ਤੇ ਢਿੱਡੋਂ ਆਪਣੀ ਬੋਲੀ ਪੰਜਾਬੀ ਦੇ ਮਨੋਰੰਜਨ ਖੇਤਰ ਲਈ ਰੀਝ ਕਨਵਰ ਸਿੰਘ ਕੋਲ ਇਹ ਸਭ ਕੁਝ ਹੈ। ਸਿਆਟਲ ਦੇ ਕਨਵਰ ਦੀ ਫ਼ਿਲਮ "ਜਾਗੋ ਆਈ ਆ" ਆ ਰਹੀ ਹੈ ਜਿਸ ਦਾ ਨਿਰਦੇਸ਼ਕ ਸੰਨੀ ਬਿਨਿੰਗ ਹੈ ਤੇ ਡੀ ਉ ਪੀ ਸੋਨੀ ਸਿੰਘ ਹਨ। ਕਾਇਮ ਹੋ ਜਾਓ ਕਨਵਰ ਦਾ ਪ੍ਰਵੇਸ਼ ਗੁੱਗੂ ਗਿੱਲ, ਪੂਨਮ ਢਿੱਲੋਂ, ਰਾਜ ਸੰਧੂ ਤੇ ਸਰਦਾਰ ਸੋਹੀ ਜਿਹੇ ਸਟਾਰ ਕਲਾਕਾਰਾਂ ਨਾਲ ਹੋ ਰਿਹਾ ਹੈ। ਫ਼ਿਲਮ ਵਿੱਚ ਸਰਬਜੀਤ ਚੀਮਾ ਤੇ ਰਵਨੀਤ ਕੌਰ ਵੀ ਹਨ। ਸ਼ੁੱਭ ਕਾਮਨਾਵਾਂ ਕਨਵਰ ਸਿੰਘ "ਜਾਗੋ ਆਈ ਆ" ਲਈ।


### ਸਾਬਾਸ਼ ਦੇਵੀ ਸ਼ਰਮਾ ਐਂਡ ਕੰਪਨੀ, ਸਾਬਾਸ਼ ਬਠਿੰਡੇ ਵਾਲੇ

ਦੇਵੀ ਸ਼ਰਮਾ ਡੀ ਓ ਪੀ ਨੰਬਰ ਵੰਨ ਤੇ ਪੰਜਾਬੀ ਫ਼ਿਲਮਾਂ ਦੇ ਮੇਕਰ, ਨਿਰਦੇਸ਼ਕ ਹਨ ਨੇ ਆਪਣੇ ਮਨੋਰੰਜਨ ਪ੍ਰੇਮੀਆਂ ਨਾਲ ਮਿਲ ਬਠਿੰਡਾ ਵਿੱਚ ਪੰਜਾਬੀ ਫ਼ਿਲਮਾਂ ਦਾ ਸਨਮਾਨ ਸਮਾਰੋਹ ਰੱਖਿਆ। ਸਿਨੇ ਲਵਰ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਕਰਵਾਉਣਾ ਸੌਖੀ ਗੱਲ ਨਹੀਂ ਪਰ ਦੇਵੀ ਨੇ ਡੇਵੀ ਸਿੰਘ, ਹਰਜੀਤ ਵਾਲੀਆ, ਦਲਜੀਤ ਅਰੋੜਾ ਜਿਹੇ ਨਾਮਵਰ ਫਿਲਮੀ ਲੋਕ ਬੁਲਾ ਪੰਜਾਬੀ ਫ਼ਿਲਮਾਂ ਨੂੰ ਉਤਸ਼ਾਹਿਤ ਕੀਤਾ।




ਦੇਵੀ ਸ਼ਰਮਾ ਦੀ ਜਾਨਮ ਖੁਸ਼ਬੂ ਸ਼ਰਮਾ ਅੱਤੀ ਉੱਤਮ ਲੇਖਿਕਾ ਹੈ ਤੇ ਹੁਣ ਨਿਰਦੇਸ਼ਕਾ ਵੀ ਹੈ ਨੂੰ ਵੀ ਸਨਮਾਨਿਤ ਹੋਣ ਤੇ ਮੁਬਾਰਕਾਂ।

### ਰੁਪਾਲੀ ਸੰਧੂ ਰੂਪ ਦੀ ਰਾਣੀ, ਅਭਿਨੈ ਦੀ ਕਹਾਣੀ



ਜੀ ਪੰਜਾਬੀ ਦੇ ਸੀਰੀਅਲ ਤੇ ਉਹਨਾਂ ਵਿੱਚ ਐਕਟਿੰਗ ਕਰ ਕਿ ਰੁਪਾਲੀ ਸੰਧੂ ਹਰ ਘਰ ਦੀ ਪਛਾਣ ਵਾਲੀ ਐਕਟਰੈਸ ਹੈ। ਹ ਸੁਰੀਲੀ ਅਵਾਜ਼ ਦੀ ਮਾਲਿਕ ਵੀ ਹੈ ਤੇ ਗੋਗੀ ਟਿਵਾਣਾ ਨਾਲ ਸਟੇਜ ਵੀ ਕਰਦੀ ਹੈ।ਮਾਡਲ ਰੁਪਾਲੀ ਨੰਬਰ ਵੰਨ ਹੈ ਤੇ ਬਲਵਿੰਦਰ ਸੇਖੋਂ ਦੇ ਗੀਤ ਨਾਲ ਅੱਜ ਕਲ ਹ ਚਰਚਾ ਵਿੱਚ ਹੈ। ਰੁਪਾਲੀ ਨੇ "ਰੰਗਲਾ ਪੰਜਾਬ" ਫ਼ਿਲਮ ਵੀ ਕੀਤੀ ਹੈ। ਰੁਪਾਲੀ ਸੰਧੂ ਨਿਰੀ ਜਯਾ ਪ੍ਰਦਾ ਲੱਗਦੀ ਹੈ। ਰੁਪਾਲੀ ਰੂਪ ਦੀ ਰਾਣੀ ਹੈ ਤੇ ਇਸ ਰਾਣੀ ਗਲੇ ਸੋਨੇ ਦਾ ਹਾਰ ਪਾਉਣ ਲਈ ਲੱਖਾਂ ਦੀਵਾਨੇ ਆਵਾਜ਼ ਤੇ ਅੰਦਾਜ਼ ਦੇ ਤਿਆਰ ਹਨ , ਜੈ ਹੋ। ਰੁਪਾਲੀ ਸੰਧੂ ਨੇ ਐਡ ਫ਼ਿਲਮਾਂ ਦੇ ਨਾਲ ਪੰਜਾਬੀ ਵੀਡਿਓ ਗੀਤਾਂ ਤੇ ਲਾਈਵ ਸ਼ੋ ਵਿੱਚ ਵੀ ਬਿਹਤਰ ਕੰਮ ਕਰ ਦਿਖਾਇਆ ਹੈ ਤੇ ਜਲਦੀ ਉਹ ਵੱਡੇ ਪੱਧਰ ਤੇ ਵੱਡੀਆਂ ਫ਼ਿਲਮਾਂ ਵਿੱਚ ਦਿਖਾਈ ਦੇਵੇਗੀ।

### ਗੁਰਦੀਪ ਸੰਧੂ ਪੰਜਾਬ ਸਰਕਾਰ ਕਰੂ ਸਨਮਾਨਿਤ?



ਹਰਫਨ ਮੌਲਾ ਕਲਾਕਾਰ ਗੁਰਦੀਪ ਸੰਧੂ ਹੈ, ਲਿਖਦਾ, ਗਾਂਵਦਾ ਤੇ ਡਾਇਰੈਕਟ ਕਰਦਾ ਸੰਧੂ ਵਕਤ ਦੀ ਨਬਜ਼ ਨਾਲ ਗੀਤਕਾਰੀ ਕਰਦਾ ਹੈ ਤੇ ਲੋਕਾਂ ਨਾਲ ਗਾ ਕਿ ਜੁੜਦਾ ਹੈ। ਟੀਵੀ ਤੇ ਫਿਲਮੀ ਅਦਾਕਾਰ ਗੁਰਦੀਪ ਸੰਧੂ ਨੇ ਪਰਾਲੀ ਸਾੜਨ ਦੀ ਗੰਭੀਰ ਸਮੱਸਿਆ ਤੇ ਗੀਤ ਗਾ ਕਿ ਬਹੁਤ ਵਧੀਆ ਉਪਰਾਲਾ ਕੀਤਾ ਹੈ। "ਹਾਸੇ ਦਾ ਮੜਾਸਾ" ਦਾ ਹੀਰੋ ਗੁਰਦੀਪ ਸੰਧੂ ਅਜਿਹਾ ਗੀਤ ਗਾ ਕਿ ਵਧਾਈ ਦੇ ਨਾਲ ਐਵਾਰਡ ਦਾ ਵੀ ਹੱਕਦਾਰ ਹੈ।

ਪੰਜਾਬ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਤੇ ਸਥਾਨਕ ਪ੍ਰਸ਼ਾਸ਼ਨ ਵੱਲੋਂ ਉਸ ਨੂੰ ਸਨਮਾਨ ਦੇ ਕਿ ਲੋਕ ਮੁੱਦਿਆਂ ਲਈ ਕਲਾਕਾਰ ਕੰਮ ਕਰਨ ਦੀ ਰੀਤ ਬਰਕਰਾਰ ਰੱਖਣੀ ਚਾਹੀਦੀ ਹੈ। ਇਸ ਵੇਲੇ ਗੁਰਦੀਪ ਸੰਧੂ ਦੀਆਂ ਤਿੰਨ ਫ਼ਿਲਮਾਂ ਤੇਜ਼ੀ ਨਾਲ ਤਿਆਰ ਹੋ ਰਹੀਆਂ ਹਨ।

## "ਸਰਸਾ ਜੇ ਛੱਲਾਂ ਨਾ ਤੂੰ ਮਾਰਦੀ ਪੈਂਦਾ ਨਾਂ ਵਿਛੋੜਾ ਪਰਿਵਾਰ ਦਾ" ਗੀਤ ਗਾ ਕਿ ਇਤਿਹਾਸ ਯਾਦ ਕਰਵਾਉਂਦੀ ਹੈ- ਬਬਲੀ ਬਰਾੜ

ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਰਿਵਾਰ ਵਿਛੋੜੇ ਵਕਤ ਸਰਸਾ ਨਦੀ ਦਾ ਇਤਿਹਾਸ ਤੇ ਫਿਰ ਪਰਿਵਾਰ ਵਿਛੋੜਾ ,ਪੰਜਾਬ ਦੀ ਕੋਇਲ ਅਖਵਾਉਂਦੀ ਗਾਇਕਾ ਬਬਲੀ ਬਰਾੜ ਜਦ ਸਟੇਜ ਤੇ ਆਪਣੇ ਪਹਿਲੇ ਇਸ ਭਾਵੁਕ ਧਾਰਮਿਕ ਗੀਤ ਨਾਲ ਹਾਜ਼ਿਰ ਹੁੰਦੀ ਹੈ ਤੇ ਸਰੋਤੇ ਤੇ ਦਰਸ਼ਕ ਬਲਿਹਾਰ ਜਾਂਦੇ ਨੇ ਉਸ ਦੀ ਗਾਇਕੀ ਦੇ। ਬਬਲੀ ਬਰਾੜ ਪੰਜਾਬੀ ਔਰਤ ਗਾਇਕੀ ਦਾ ਸਤਿਕਾਰਤ ਨਾਮ ਹੈ ਜਿਸ ਨੇ ਮਾਝੇ ਤੋ ਸ਼ੁਰੂਆਤ ਕਰ ਕਿ ਵਿਦੇਸ਼ਾਂ ਵਿੱਚ ਸ਼ੋਅ ਲਾਏ ਨੇ ਤੇ ਹਰਿੰਦਰ ਸੋਹਲ ਦੇ ਸੰਗੀਤ ਵਿੱਚ ਪੰਜਾਬੀ ਫ਼ਿਲਮ ਲਈ ਵੀ ਗਾਇਆ ਹੈ। ਆਪਣੇ ਨਾਮ ਜਿਹੀ ਇਹ ਬਬਲੀ ਮੁਟਿਆਰ ਬਬਲੀ ਬਰਾੜ ਓਹ ਗਾਇਕਾ ਹੈ ਜਿਸ ਨੂੰ ਪਹਿਲੀ ਵਾਰ ਸਾਬਰਕੋਟੀ ਤੇ ਸੁਖਵਿੰਦਰ ਸੁੱਖੀ ਨਾਲ ਯੂ ਐਸ ਏ ਤਿੰਨ ਮਹੀਨੇ ਸ਼ੋਅ ਲਾਓਣ ਤੇ ਆਪਣੀ ਗਾਇਕੀ ਦਾ ਜੌਹਰ ਦਿ-ਖਾਉਣ ਦਾ ਮੌਕਾ ਮਿਲਿਆ ਸੀ।"ਯਾਦ ਸਤਾਉਂਦੀ ਆ" ਕੈਸਟ ਨੇ ਉਸ ਦਾ ਨਾਮ ਬਣਾ ਦਿੱਤਾ ਤੇ ਆਈ ਐਲਬਮ "ਮੋਰਨੀ" ਨੇ ਸਟੇਜਾਂ ਤੇ ਉਸ ਦਾ ਨਾਂ ਹੀ "ਮੋਰਨੀ ਗਾਇਕਾ " ਬਣਾ ਦਿੱਤਾ ਸੀ। ਇਸ ਤੋਂ ਬਾਅਦ ਬਬਲੀ ਬਰਾੜ ਚਲ ਸੋ ਚਲ ਤੇ ਹਰ ਗੀਤ ਹਿੱਟ। ਬੌਬੀ ਬਾਜਵਾ ਜਿਹੇ ਫ਼ਿਲਮ ਨਿਰਦੇਸ਼ਕਾਂ ਨੇ ਬਬਲੀ ਬਰਾੜ ਦੇ ਗੀਤਾਂ ਦੇ ਵੀਡਿਓ ਬਣਾਏ।"ਤੇਰੀ ਯਾਦ" ਦਿਲ ਕੱਚ ਦਾ" ਉਸ ਦੇ ਟਰੈਕ ਖ਼ੂਬ ਚਰਚਿਤ ਹੋਏ ਤੇ ਧਾਰਮਿਕ ਗੀਤ "ਸਤਿਗੁਰ ਦਾ ਲੰਗਰ" ਨਾਲ ਉਸ ਨੂੰ ਮਾਣ ਸਤਿਕਾਰ ਮਿਲਿਆ।" "ਸ਼ੀਸ਼ਾ" "ਬੇਈਮਾਨਾਂ" ਗੀਤਾਂ ਵਾਲੀ ਬਬਲੀ ਬਰਾੜ ਦਾ ਕੰਗ ਜਗਰੂਪ ਨਾਲ ਆਇਆ ਦੋਗਾਣਾ "ਚਾਂਦੀ ਦੀ ਡੱਬੀ" ਖ਼ੂਬ ਹਿੱਟ ਇਸ ਸਾਲ ਰਿਹਾ ਹੈ। ਕਨੇਡਾ ,ਅਮਰੀਕਾ ਤੇ ਮਲੇਸ਼ੀਆ ਵਿਖੇ ਗਾਇਕੀ ਪ੍ਰੋਗਰਾਮ ਕਰ ਚੁੱਕੀ ਬਬਲੀ ਬਰਾੜ ਆਖਦੀ ਹੈ ਕਿ ਜੱਟ ਪਰਿਵਾਰ ਦੀ ਓਹ ਧੀ ਹੈ ਤੇ ਜਲਦੀ ਹੀ ਕਿਸਾਨੀ ਤੇ ਇੱਕ ਸ਼ਾਨਦਾਰ ਗੀਤ ਲਿਆ ਰਹੀ ਹੈ ਜਿਸ ਦਾ ਵੀਡਿਓ ਮੁੰਬਈ ਇੰਡਸਟਰੀ ਦੇ ਇੱਕ ਨਾਮਵਰ ਫ਼ਿਲਮ ਨਿਰਦੇਸ਼ਕ ਤਿਆਰ ਕਰਨਗੇ। ਸਰਦਾਰ ਅਨੋਖ ਸਿੰਘ ਤੇ ਸੁਰਜੀਤ ਕੌਰ ਦੀ ਧੀ ਬਬਲੀ ਬਰਾੜ ਨੇ ਹੁਣ ਬਲਬੀਰ ਟਾਂਡਾ ਦੀ ਅਗਲੀ ਫ਼ਿਲਮ ਵਿੱਚ ਕਿਰਦਾਰ ਕਰ ਕਿ ਫਿਲਮੀ ਪਰਦੇ ਤੇ ਦਸਤਕ ਦੇਣੀ ਹੈ। ਜਿਲ੍ਹਾ ਤਰਨ ਤਾਰਨ ਦੇ ਪਿੰਡ ਮਾਹਣੇ ਮਲ੍ਹੀਆਂ ਦੀ ਜੰਮਪਲ ਬਬਲੀ ਬਰਾੜ ਦੀ ਸੰਗੀਤ ਪ੍ਰਬੰਧ ਦੀ ਵਾਗਡੋਰ ਜਗਰੂਪ ਕੰਗ ਕੋਲ ਹੈ ਤੇ ਕੰਗ ਦੱਸਦੇ ਹਨ ਕਿ ਬਬਲੀ ਬਰਾੜ ਜਲਦੀ ਹੀ ਨੂਰ ਨਾਲ ਇੱਕ ਕਾਲੇਬ ਗੀਤ ਗਾਏਗੀ। ਜਿੱਥੇ ਮਨੋਰੰਜਕ ਗਾਇਕੀ ਤੇ ਧਾਰਮਿਕ ਗਾਇਕੀ ਵਿੱਚ ਓਹ ਨਵੇਂ ਰਿਕਾਰਡ ਬਣਾ ਰਹੀ ਹੈ ਓਥੇ ਬਬਲੀ ਬਰਾੜ ਜਾਗਰਣ ਗਾਇਕੀ ਵਿੱਚ ਵੀ ਖ਼ੂਬ ਚਰਚਿਤ ਹੈ ਤੇ ਲੇਡੀਜ਼ ਸੰਗੀਤ ਵਿੱਚ ਦਿਨ ਪ੍ਰਤੀ ਦਿਨ ਉਸ ਦੀ ਮੰਗ ਵਧਦੀ ਜਾ ਰਹੀ ਹੈ। ਬਬਲੀ ਬਰਾੜ ਨੇ ਆਪਣੀ ਕਾਮਯਾਬੀ ਤੇ ਕਿਹਾ ਇਹ ਸਭ ਮੇਰੀ ਮਿਹਨਤ, ਆਵਾਜ਼ ਤੇ ਕੰਗ ਜਗਰੂਪ ਦੇ ਨਾਲ ਮਾਝੇ ਦੇ ਕਲਾਕਾਰਾਂ ਦਾ ਪਿਆਰ ਤੇ ਸਹਿਯੋਗ ਹੈ ਕਿ ਸੱਭਿਆਚਾਰਕ ਮੇਲਿਆਂ ਵਿੱਚ ਵੀ ਉਸ ਦਾ ਸੀਜ਼ਨ ਖ਼ੂਬ ਲੱਗਦਾ ਹੈ ਤੇ ਹੁਣ ਬਬਲੀ ਬਰਾੜ ਪੰਜਾਬੀ ਫ਼ਿਲਮਾਂ ਵਿੱਚ ਗਾਇਕੀ ਤੇ ਨਾਇਕਾ ਦੇ ਤੌਰ ਤੇ ਵਿਚਰਨ ਲਈ ਸਰਗਰਮ ਹੈ।



**ਪੇਸ਼ਕਸ਼- ਅੰਮ੍ਰਿਤ ਪਵਾਰ**

# ਸਰਬਜੀਤ ਜੱਸ ਦੀ ਨਸ਼ਿਆਂ ਵਿਰੁੱਧ ਕਵਿਤਾ 'ਪੰਜਾਬੋ-ਮਾਂ ਦਾ ਵੈਣ' ਬਾਰੇ ਗੁਰਦੀਪ ਭੁੱਲਰ ਵੱਲੋਂ ਬਣਾਈ ਲਘੂ ਫ਼ਿਲਮ ਨੂੰ ਸਿਰਕੱਢ 17 ਫਿਲਮਾਂ ਵਿੱਚ ਆਉਣ ਦਾ ਮਾਣ ਮਿਲਿਆ



ਗੁਰਭਜਨ ਗਿੱਲ

ਸਰਬਜੀਤ ਕੌਰ ਜੱਸ ਦੀ ਕਵਿਤਾ ਪੰਜਾਬੋ— ਮਾਂ ਦਾ ਵੈਣ ਬਾਰੇ ਗੁਰਦੀਪ ਭੁੱਲਰ ਵੱਲੋਂ ਬਣਾਈ ਲਘੂ ਫ਼ਿਲਮ "ਬਲ਼ਦੇ ਸਿਵੇ" ਬਠਿੰਡਾ ਫ਼ਿਲਮ ਫੈਸਟੀਵਲ ਵਿੱਚ ਪੇਸ਼ ਹੋਣ ਵਾਲੀਆਂ 1700ਫਿਲਮਾਂ ਵਿੱਚੋਂ ਫਾਈਨਲ ਚ ਪੁੱਜੀਆਂ 17 ਫਿਲਮਾਂ ਵਿੱਚ ਚੁਣੀ ਗਈ ਹੈ। ਇਹ ਪੰਜਾਬੀ ਕਵਿੱਤਰੀ ਸਰਬਜੀਤ ਜੱਸ ਤੇ ਸੁਚੇਤ ਰੰਗ ਕਰਮੀ ਤੇ ਫ਼ਿਲਮਸਾਜ਼ ਗੁਰਦੀਪ ਭੁੱਲਰ ਲਈ ਮੁਬਾਰਕ ਯੋਗ ਵਕਤ ਹੈ। ਮੈ ਆਪਣੇ ਵੱਲੋਂ ਕਵਿਤਾ ਦੀ ਸਿਰਜਕ ਤੇ ਫ਼ਿਲਮਸਾਜ਼ ਟੀਮ ਨੂੰ ਮੁਬਾਰਕ ਦਿੰਦਾ ਹਾਂ।

ਨਸ਼ਿਆਂ ਵਿਰੁੱਧ ਲਿਖੀ ਇਸ ਮਾਰਮਿਕ ਕਵਿਤਾ ਵਿਚਲਾ ਰੁਦਨ ਤੇ ਚੀਖ਼ ਪੁਕਾਰ ਦਿਲ ਚੀਰਵੀਂ ਹੈ। ਪੰਜਾਬ ਦੀ ਧੀ ਵੱਲੋਂ ਪੰਜਾਬੋ ਮਾਂ ਦੇ ਦਰਦ ਨੂੰ ਸਮਝ ਕੇ ਜ਼ਬਾਨ ਦੇਣਾ ਬਹੁਤ ਮਹੱਤਵਪੂਰਨ ਕਦਮ ਹੈ। ਇਹ ਕਵਿਤਾ ਮੈਂ ਪਿਛਲੇ ਕੁਝ ਸਾਲਾਂ ਕੋਂ ਬਾਰ ਬਾਰ ਪੜ੍ਹ ਤੇ ਹੋਰ ਦੋਸਤਾਂ ਨੂੰ ਪੜ੍ਹਾ ਰਿਹਾਂ। ਇਸ ਕਵਿਤਾ ਦੀ ਸਿਰਜਕ ਸਰਬਜੀਤ ਕੌਰ ਜੱਸ 20 ਨਵੰਬਰ 1977 ਨੂੰ ਪੈਦਾ ਹੋਈ ਹੋਣ ਕਰਕੇ ਮੇਰੇ ਪੁੱਤਰ ਤੋਂ ਸਿਰਫ਼ ਤਿੰਨ ਸਾਲ ਵੱਡੀ ਹੈ। ਸੁਲੱਗ ਧੀਆਂ ਜਹੀ। ਉਸ ਦੇ ਪਿਤਾ ਸ। ਹਰਦਿੱਤ ਸਿੰਘ ਅਤੇ ਮਾਤਾ ਕੁਲਵਿੰਦਰ ਕੌਰ ਪਿੰਡ ਸ਼ਹਿਜ਼ਾਦਾ ਸੰਤ ਸਿੰਘ, ਤਹਿ। ਜ਼ੀਰਾ, ਜ਼ਿਲ੍ਹਾ-ਫ਼ਿਰੋਜ਼ਪੁਰ ਵਿੱਚ ਰਹਿੰਦੇ ਹਨ। ਉਹ ਲਾਹੌਰ ਜ਼ਿਲ੍ਹੇ ਤੋਂ ਆਏ ਸੰਧੂਆਂ ਦੀ ਧੀ ਹੈ। ਵਿਆਹ ਉਪਰੰਤ ਹੁਣ ਉਹ ਘੁੰਮਣ ਨਗਰ, ਸਰਹਿੰਦ ਰੋਡ, ਪਟਿਆਲਾ ਵਿਖੇ ਰਹਿੰਦੀ ਹੈ। ਐਮ.ਏ. ਪੰਜਾਬੀ ਉਪਰੰਤ ਬੀ.ਐਡ ਕਰਕੇ ਕਿੱਤੇ ਵਜੋਂ ਅਧਿਆਪਕਾ ਹੈ। ਉਸ ਦੀਆਂ ਛਪ ਚੁੱਕੀਆਂ ਪੁਸਤਕਾਂ "ਬਲਦੀਆਂ ਛਾਵਾਂ (2007)" "ਰਾਹਾਂ ਦੀ ਤਪਸ਼ (2012) ਅਤੇ "ਸ਼ਬਦਾਂ ਦੀ ਨਾਟ ਮੰਡਲੀ"(2016) ਤੋਂ ਬਾਦ ਤਾਮ(2022) ਛਪ ਚੁਕੀਆਂ ਹਨ।

ਉਸ ਦੀ ਕਾਵਿ ਪੁਸਤਕ "ਰਾਹਾਂ ਦੀ ਤਪਸ਼"ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵੋਤਮ ਪੁਸਤਕ ਪੁਰਸਕਾਰ (2013) ਦਿੱਤਾ ਗਿਆ ਸੀ। ਤਾਮ ਨੂੰ ਵੀ ਕਾਵਿ ਲੋਕ ਪੁਰਸਕਾਰ ਮਿਲ ਚੁਕਾ ਹੈ।

ਉਨ੍ਹਾਂ ਦੀਆਂ ਕਈ ਕਵਿਤਾਵਾਂ ਦੇ ਸ਼ਾਹਮੁਖੀ ਤੇ ਹਿੰਦੀ ਤੋਂ ਇਲਾਵਾ ਕੁਝ ਹੋਰ ਭਾਸ਼ਾਵਾਂ ਵਿਚ ਵੀ ਅਨੁ-ਵਾਦ ਹੋ ਚੁਕੇ ਹਨ। ਭਾਰਤੀ ਸਾਹਿੱਤ ਅਕਾਡਮੀ ਵੱਲੋਂ ਸਰ-ਬਜੀਤ ਜੱਸ ਨੂੰ ਕੌਮੀ ਪੱਧਰ ਦੇ ਸਾਹਿੱਤ ਸਮਾਗਮਾਂ ਲਈ ਇਸੇ ਸਾਲ ਚੁਣਿਆ ਗਿਆ ਸੀ।

ਲਾਹੌਰ (ਪਾਕਿਸਤਾਨ) ਵਿਖੇ ਮਾਰਚ 2024 ਨੂੰ ਹੋਈ ਵਿਸ਼ਵ ਪੰਜਾਬੀ ਕਾਂਗਰਸ ਦੀ ਕਾਨਫਰੰਸ ਵਿੱਚ ਉਸ ਨੂੰ ਡੈਲੀਗੇਟ ਵਜੋਂ ਸ਼ਾਮਿਲ ਕੀਤਾ ਗਿਆ ਸੀ।

ਇਕ ਕਵਿਤਾ ਬਾਰੇ ਫ਼ਿਲਮ ਬਣਨਾ ਤੇ ਕੌਮਾਂਤਰੀ ਪੱਧਰ ਤੇ ਆਈਆਂ ਏਨੀਆਂ ਐਂਟਰੀਆਂ ਵਿੱਚੋਂ 17 ਫਾਈਨਲਿਸਟ ਫਿਲਮਾਂ ਵਿੱਚ ਚੁਣੇ ਜਾਣਾ ਮੁਬਾਰਕ ਯੋਗ ਹੈ। ਫਿਰ ਮੁਬਾਰਕ।

ਪੇਸ਼ ਹੈ ਮੌਲਿਕ ਕਵਿਤਾ ਦਾ ਮੂਲ ਪਾਠ। ਤੁਸੀਂ ਵੀ ਪੜ੍ਹੋ ਤੇ ਪੜ੍ਹਾਉ।

### ਪੰਜਾਬੋ-ਮਾਂ ਦਾ ਵੈਣ

ਕਮਲਿਆ ਪੁੱਤਾ!
ਸਾਡੀ ਕੁੱਲੀ 'ਚ ਤਾਂ
ਯੁਗਾਂ-ਯੁਗਾਂਤਰਾਂ ਤੋਂ
ਪੁੱਠੇ ਤਵੇ ਵਰਗਾ ਕਾਲ਼ਾ ਹਨ੍ਹੇਰਾ
ਤੈਨੂੰ ਚਿੱਟਾ ਕਿਹੜੀ ਗੁੱਠੋਂ ਲੱਭ ਗਿਆ
ਵੇ ਮੇਰੇ ਚੋਰ ਪੁੱਤਾ....
ਕਮਲਿਆ ਪੁੱਤਾ!
ਮੈਂ ਆਟਾ ਛਾਣਿਆ
ਸਾਰੀ ਪਰਾਤ ਚਿੱਟੀ-ਚਿੱਟੀ ਹੋ ਗਈ
ਛਾਣਨੀ.... ਫਿਰ ਖਾਲੀ ਦੀ ਖਾਲੀ
ਮੈਂ ਤੇਰੇ ਛਾਣਨੀ ਹੋਏ ਸਰੀਰ 'ਚੋਂ
ਚਿੱਟਾ ਕਿੰਝ ਛਾਣਾਂ
ਵੇ ਮੇਰੇ ਗੋਰਿਆ ਪੁੱਤਾ....






ਕਮਲਿਆ ਪੁੱਤਾ!
ਤੂੰ ਟੀਕੇ ਤੋਂ ਡਰਦਿਆਂ
ਏਡੀ ਚੀਕ ਮਾਰੀ ਸੀ
ਬਾਲ-ਉਮਰੇ
ਹਸਪਤਾਲ ਦੀ ਕੰਧ ਪਾਟ ਗਈ
ਏਨੇ ਹੰਝੂ ਕੇਰੇ
ਮੈਨੂੰ ਦੋ ਵਾਰ ਚੁੰਨੀ ਨਚੋੜਨੀ ਪਈ ਸੀ
ਤੇ ਹੁਣ।।ਤੂੰ ਹੱਸ ਕੇ ਗੱਡ ਲੈਨਾ
ਜੁੱਸੇ ਦੀ ਕੰਧ 'ਚ ਟੀਕੇ ਦੀ ਮੇਖ
ਤੇਰੀ ਕੁੰਦਨ ਦੇਹ ਦੀ ਕੰਧ
ਪਾਟਦੀ ਏ
ਖ਼ੂਨ ਨਾਲ ਮੇਰੀ ਚੁੰਨੀ
ਭਿੱਜਦੀ ਏ
ਪਰ ਤੂੰ ਚੀਕ ਨਹੀਂ ਮਾਰਦਾ
ਵੇ ਮੇਰੇ ਬਹਾਦਰ ਪੁੱਤਾ....

ਕਮਲਿਆ ਪੁੱਤਾ!
ਚਿੱਟ-ਕੱਪੜੀਏ ਦੇ ਬੋਝੇ 'ਚੋਂ
ਚਿੱਟੀ ਮੌਤ ਕਿਰੀ ਸੀ
ਤੇ ਤੂੰ।।ਮਿਸ਼ਰੀ ਸਮਝ ਕੇ ਖਾ ਗਿਓਂ
ਵੇ ਮੇਰੇ ਸਿੱਧਰਿਆ ਪੁੱਤਾ....

ਕਮਲਿਆ ਪੁੱਤਾ!
ਤੂੰ ਸਿਵਿਆਂ ਵਾਲੇ ਰਾਹ ਤੋਂ ਡਰਦਾ
ਸਕੂਲ 'ਨੀਂ ਜਾਂਦਾ ਸੈਂ
ਹੁਣ ਤੈਨੂੰ
ਸਿਵਿਆਂ ਵਾਲੇ ਰਾਹ 'ਤੇ
ਬੇਖ਼ੌਫ ਤੁਰਨ ਦੀ
ਕਿਹੜੇ ਮਾਸਟਰਾਂ ਨੇ
ਪੱਟੀ ਪੜ੍ਹਾ ਦਿੱਤੀ
ਵੇ ਮੇਰੇ ਪੜ੍ਹਾਕੂਆ ਪੁੱਤਾ....

ਕਮਲਿਆ ਪੁੱਤਾ!
ਜਦ ਤੂੰ ਜੰਮਿਆਂ ਸੈਂ
ਤਾਂ ਮੈਂ ਮਿੱਠੀ ਗੁੜ੍ਹਤੀ
ਨਾਲ
ਕਢਾਈ ਸੀ ਤੇਰੀ ਸਾਹੇ
ਚਿੱਠੀ
ਤੂੰ ਕੁੜੱਤਣ ਨਾਲ ਲਾਵਾਂ
ਕਦੋਂ ਲੈ ਲਈਆਂ
ਵੇ ਮੇਰੇ ਆਸ਼ਕਾ
ਪੁੱਤਾ....

ਕਮਲਿਆ ਪੁੱਤਾ!
ਜਦੋਂ ਤੇਰੇ ਪਾਲਤੂ
'ਮੋਤੀ' ਨੂੰ
ਕਿਸੇ ਨੇ ਕੁਝ ਦੇ ਦਿੱਤਾ ਸੀ
ਤੂੰ ਇੰਜ ਰੋਇਆ ਸੀ
ਜਿਵੇਂ ਗੁਆਚੇ ਕੋਹੇਨੂਰ ਨੂੰ
ਵਪਾਰੀ ਰੋਂਦਾ ਏ
ਤੇ ਤੂੰ ਮੌਤ ਦੇ ਸੌਦਾਗਰਾਂ ਹੱਥ
ਮੋਤੀ ਤੋਂ ਵੀ ਸਸਤਾ ਵਿਕ ਗਿਓਂ
ਵੇ ਮੇਰੇ ਹੀਰਿਆ ਪੁੱਤਾ...
ਕਮਲਿਆ ਪੁੱਤਾ!
ਸਾਰੇ ਦਾ ਸਾਰਾ ਚਿੱਟਾ ਖਾ ਗਿਓਂ
ਹੁਣ ਮੈਂ ਤੇਰੇ 'ਤੇ
ਖੱਫ਼ਣ ਕਿਹੜੇ ਰੰਗ ਦਾ ਪਾਵਾਂ?
ਵੇ ਮੇਰੇ ਰਾਂਗਲਿਆ ਪੁੱਤਾ
ਦੱਸ?
ਹੁਣ ਮੈਂ ਤੇਰੇ 'ਤੇ
ਖੱਫ਼ਣ ਕਿਹੜੇ ਰੰਗ ਦਾ ਪਾਵਾਂ?


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928


RE/MAX
RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਢ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138